PANJAB TIMES
£2
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
31st July - 7th August 2025 • Issue No. 3091
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਕੀ ਜ਼ਮੀਨ ਪੂਲਿੰਗ ਨੀਤੀ ਦੇ ਪ੍ਰਤੀਕਰਮ ਵਿੱਚ ਕਿਸਾਨ ਅੰਦੋਲਨ ਫਿਰ ਭੜਕੇਗਾ?

### ਆਪ ਸਰਕਾਰ ਦਾ ਸਿਆਸੀ ਸੰਕਟ ਹੋਇਆ ਡੂੰਘਾ:

### * ਪੇਂਡੂ ਵੋਟ ਬੈਂਕ 'ਤੇ ਪੈ ਸਕਦਾ ਏ ਅਸਰ - ਕਿਸਾਨ ਸਰਕਾਰੀ ਨੀਤੀ ਨੂੰ ਖੇਤੀ ਤੇ ਆਰਥਿਕ ਉਜਾੜੇ ਦੀ ਸਾਜ਼ਿਸ਼ ਮੰਨ ਰਹੇ ਹਨ

ਸੰਯੁਕਤ ਕਿਸਾਨ ਮੋਰਚਾ ਨੇ 30 ਜੁਲਾਈ, 2025 ਨੂੰ ਸੂਬੇ ਭਰ ਵਿੱਚ ਟਰੈਕਟਰ ਮਾਰਚ ਦਾ ਐਲਾਨ ਕੀਤਾ ਹੈ, ਜੋ ਦਰਸਾਉਂਦਾ ਹੈ ਕਿ ਅੰਦੋਲਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਕਿਸਾਨ ਸੰਗਠਨਾਂ ਨੇ ਸਰਕਾਰ ਦੀ ਸੋਧੀ ਹੋਈ ਨੀਤੀ, ਜਿਸ ਵਿੱਚ ਜ਼ਮੀਨ ਦੇ ਬਦਲੇ ਪਲਾਟ, ਸਾਲਾਨਾ 1 ਲੱਖ ਰੁਪਏ, ਅਤੇ 50,000 ਰੁਪਏ ਦਾ ਚੈੱਕ ਦੇਣ ਦੀ ਗੱਲ ਕੀਤੀ ਗਈ ਹੈ, ਨੂੰ ਵੀ ਨਕਾਰ ਦਿੱਤਾ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਇਹ ਸਾਰਾ ਢਾਂਚਾ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਬਣਾਇਆ ਗਿਆ ਹੈ, ਜਿਸ ਵਿੱਚ ਜਰਖੇਜ਼ ਜ਼ਮੀਨਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਿਆ ਜਾਵੇਗਾ। – *ਪੂਰੀ ਖ਼ਬਰ ਅੰਦਰ ਦੇਖੋ:*



ਰਾਮਗੜ੍ਹੀਆ ਗੁਰਦੁਆਰਾ ਡਰਬੀ ਵਿਖੇ ਪ੍ਰਸਿੱਧ ਲੇਖਕ ਵਿਦਵਾਨ ਸ: ਭਗਵਾਨ ਸਿੰਘ ਜੌਹਲ ਦਾ ਮਾਣ ਸਨਮਾਨ ਕਰਦੇ ਹੋਏ ਖੱਬੇ ਤੋਂ ਰਣਜੀਤ ਸਿੰਘ ਸੀਹਰਾ, ਰਾਜਿੰਦਰ ਸਿੰਘ ਪੁਰੇਵਾਲ, ਪ੍ਰੋਫੈਸਰ ਦਲਜੀਤ ਸਿੰਘ ਵਿਰਕ, ਮਨਜੀਤ ਸਿੰਘ ਖੰਬਾ ਅਤੇ ਹੋਰ ਪਤਵੰਤੇ– *ਖ਼ਬਰ ਅੰਦਰ ਦੇਖੋ:*

## ਡੰਗ ਮਨਚੰਦੇ ਦੇ

rajinder.pardesi7@gmail.com

ਤੇਜਿੰਦਰ ਮਨਚੰਦਾ ਪ੍ਰਦੇਸੀ

ਆ ਜਾਓ ਯਾਰ !
ਵਿਹਲਿਆਂ ਦਾ ਵੀ ਟਾਈਮ ਪਾਸ ਨਹੀਂ ਹੁੰਦਾ ! ਸੋਸ਼ਲ ਮੀਡੀਆ ਤੇ ਲਾਇਵ ਹੁੰਦੇ ਹਾਂ, ਜਨਤਾ ਨੂੰ ਵੀ ਪਤਾ ਲੱਗੇ ਕਿ ਪੁਲਿਸ ਸੋਸ਼ਲ ਮੀਡੀਆ ਤੇ ਵੀ ਕਰੜੀ ਨਜ਼ਰ ਰੱਖ ਰਹੀ ਹੈ।



## ਬ੍ਰਮਿੰਘਮ ਕਬੱਡੀ ਟੂਰਨਾਮੈਂਟ 2025: ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਦੀ ਟੀਮ ਨੇ ਜਿੱਤਿਆ ਕੱਪ ਅਤੇ ਸੰਦੀਪ ਨੰਗਲ ਅੰਬੀਆਂ ਟੈਲਫੋਰਡ ਟੀਮ ਰਨਰ ਅੱਪ ਰਹੀ







ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ
## ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ

ਹਲਾਲ

# ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:–

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:–

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

# ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# ਕਿਸਾਨਾਂ ਦਾ ਟਰੈਕਟਰ ਮਾਰਚ: ਲੈਂਡ ਪੂਲਿੰਗ ਨੀਤੀ ਵਿਰੁੱਧ ਪੰਜਾਬ ਵਿਚ ਹੱਲਾ ਬੋਲ

# ਸਰਕਾਰ ਨੂੰ ਅਲਟੀਮੇਟਮ: ਜ਼ਮੀਨ ਹੜੱਪਣ ਦੀ ਨੀਤੀ ਵਾਪਸ ਲਓ ਨਹੀਂ ਤਾਂ ਅੰਦੋਲਨ ਲਈ ਤਿਆਰ

## *ਭਾਰੀ ਮੀਂਹ 'ਚ ਵੀ ਕਿਸਾਨ ਅਡੋਲ: ਅੰਮ੍ਰਿਤਸਰ ਤੋਂ ਲੁਧਿਆਣਾ ਤੱਕ ਟਰੈਕਟਰ ਰੈਲੀਆਂ

## * ਆਪ ਸਰਕਾਰ ਦੀ ਸਿਆਸੀ ਚੁਣੌਤੀ: ਕਿਸਾਨ ਵਿਰੋਧ ਨਾਲ ਸਾਖ 'ਤੇ ਸੰਕਟ









ਅੰਮ੍ਰਿਤਸਰ - ਪੰਜਾਬ ਸਰਕਾਰ ਦੀ ਵਿਵਾਦਤ ਲੈਂਡ ਪੂਲਿੰਗ ਨੀਤੀ ਵਿਰੁੱਧ ਕਿਸਾਨਾਂ ਦਾ ਗੁੱਸਾ ਹੁਣ ਸੜਕਾਂ 'ਤੇ ਉਤਰ ਆਇਆ ਹੈ। ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਟਰੈਕਟਰਾਂ ਨਾਲ ਰੈਲੀਆਂ ਕੱਢੀਆਂ ਗਈਆਂ। ਭਾਰੀ ਮੀਂਹ ਦੇ ਬਾਵਜੂਦ ਕਿਸਾਨਾਂ ਨੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਮਾਨਸਾ, ਬਠਿੰਡਾ ਅਤੇ ਸੰਗਰੂਰ ਵਿੱਚ ਟਰੈਕਟਰ ਮਾਰਚ ਕੱਢ ਕੇ ਸਰਕਾਰ ਨੂੰ ਸਪੱਸ਼ਟ ਸੁਨੇਹਾ ਦਿੱਤਾ: "ਅਸੀਂ ਆਪਣੀ ਜ਼ਮੀਨ ਨਹੀਂ ਦੇਵਾਂਗੇ!"

ਇਸ ਮੁਹਿੰਮ ਦੀ ਅਗਵਾਈ ਸੀਨੀਅਰ ਕਿਸਾਨ ਆਗੂਆਂ ਜਿਵੇਂ ਸਰਵਣ ਸਿੰਘ ਪੰਧੇਰ, ਬਲਬੀਰ ਸਿੰਘ ਰਾਜੇਵਾਲ ਅਤੇ ਮਨਜੀਤ ਸਿੰਘ ਰਾਏ ਨੇ ਕੀਤੀ। ਕਿਸਾਨ ਜਥੇਬੰਦੀਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਜ਼ਮੀਨ ਹੜੱਪਣ ਅਤੇ ਕਾਰ-ਪੋਰੇਟ ਹਿੱਤਾਂ ਨੂੰ ਉਤਸ਼ਾਹਿਤ ਕਰਨ ਦੇ ਇਲਜ਼ਾਮ ਲਾਏ। ਇਸ ਮਸਲੇ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ ਅਤੇ ਪੰਜਾਬ ਸਰਕਾਰ ਲਈ ਵੱਡੀ ਚੁਣੌਤੀ ਬਣ ਗਈ ਹੈ।

### ਟਰੈਕਟਰ ਮਾਰਚ ਦੀ ਲਹਿਰ : ਪੰਜਾਬ ਦੇ ਪਿੰਡਾਂ ਵਿੱਚ ਗੂੰਜ

ਪੰਜਾਬ ਦੇ 116 ਪਿੰਡਾਂ ਵਿੱਚ ਟਰੈਕਟਰ ਮਾਰਚ ਕੱਢੇ ਗਏ, ਜਿਨ੍ਹਾਂ ਵਿੱਚੋਂ ਲੁਧਿਆਣਾ ਜ਼ਿਲ੍ਹਾ ਮੁੱਖ ਕੇਂਦਰ ਸੀ। ਲੁਧਿਆਣਾ ਵਿੱਚ ਸਰਕਾਰ ਨੇ 45,861 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਰੱਖੀ ਹੈ, ਜਿਸ ਵਿੱਚ 24,311 ਏਕੜ ਰਿਹਾਇਸ਼ੀ ਮਕਸਦ ਅਤੇ 21,550 ਏਕੜ ਸਨਅਤੀ ਜ਼ੋਨ ਲਈ ਵਰਤਣ ਦੀ ਯੋਜਨਾ ਹੈ। ਇਸ ਨੀਤੀ ਦੇ ਵਿਰੁੱਧ ਕਿਸਾਨਾਂ ਨੇ ਪਿੰਡ ਬਲਿਓਂ ਤੋਂ ਸਮਰਾਲਾ ਦੇ ਐਸਡੀਐਮ ਦਫਤਰ ਤੱਕ ਟਰੈਕਟਰ ਮਾਰਚ ਕੱਢਿਆ।

ਅੰਮ੍ਰਿਤਸਰ ਵਿੱਚ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿੱਚ ਸ਼ੁਰੂ ਹੋਇਆ ਮਾਰਚ ਪਿੰਡਾਂ ਵਿੱਚੋਂ ਲੰਘਦਾ ਹੋਇਆ ਸਰਕਾਰ ਨੂੰ ਸਿੱਧਾ ਸੁਨੇਹਾ ਦੇ ਰਿਹਾ ਸੀ। ਲੁਧਿਆਣਾ ਦੇ ਕੂਮਕਲਾਂ, ਬਲੀਓਂ, ਦਾਖਾ, ਜੋਧਾਂ ਅਤੇ ਜਗਰਾਉਂ ਵਰਗੇ ਖੇਤਰਾਂ ਵਿੱਚ ਵੀ ਟਰੈਕਟਰ ਰੈਲੀਆਂ ਨੇ ਜੋਸ਼ ਭਰਿਆ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ, "ਇਹ ਸਿਰਫ਼ ਮਾਰਚ ਨਹੀਂ, ਸਾਡੀ ਜ਼ਮੀਨ ਅਤੇ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਲੜਾਈ ਹੈ। ਸਰਕਾਰ ਨੇ ਬਿਨਾਂ ਸਰਵੇਖਣ, ਬਿਨਾਂ ਮਾਹਰਾਂ ਦੀ ਸਲਾਹ ਅਤੇ ਬਿਨਾਂ ਕਿਸਾਨਾਂ ਨਾਲ ਸਲਾਹ-ਮਸ਼ਵਰੇ ਦੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਇਹ ਜ਼ਮੀਨ ਹੜੱਪਣ ਦੀ ਸਾਜ਼ਿਸ਼ ਹੈ।"

### ਕਿਹੜੀਆਂ ਜਥੇਬੰਦੀਆਂ ਸ਼ਾਮਲ ਸਨ?

ਇਸ ਟਰੈਕਟਰ ਮਾਰਚ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਨਾਲ-ਨਾਲ ਕਈ ਹੋਰ ਕਿਸਾਨ ਜਥੇਬੰਦੀਆਂ ਸ਼ਾਮਲ ਸਨ। ਇਨ੍ਹਾਂ ਵਿੱਚ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ), ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਤੇ ਹੋਰ ਸਥਾਨਕ ਜਥੇਬੰਦੀਆਂ ਸ਼ਾਮਲ ਸਨ। ਮਾਰਚ ਵਿੱਚ ਕਿਸਾਨਾਂ ਦੇ ਨਾਲ-ਨਾਲ ਮਜ਼ਦੂਰ, ਨੌਜਵਾਨ ਅਤੇ ਔਰਤਾਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ, ਜਿਸ ਨੇ ਇਸ ਨੂੰ ਇੱਕ ਵਿਸ਼ਾਲ ਜਨ-ਅੰਦੋਲਨ ਦਾ ਰੂਪ ਦਿੱਤਾ।

ਸਰਵਣ ਸਿੰਘ ਪੰਧੇਰ ਨੇ ਕਿਹਾ, "ਜੇ ਸਰਕਾਰ ਨੇ ਇਹ ਨੀਤੀ ਵਾਪਸ ਨਾ ਲਈ, ਤਾਂ ਅਸੀਂ ਵੱਡੇ ਪੱਧਰ 'ਤੇ ਅੰਦੋਲਨ ਸ਼ੁਰੂ ਕਰਾਂਗੇ। ਕਿਸਾਨ ਆਗੂ ਮਨਜੀਤ ਸਿੰਘ ਰਾਏ ਨੇ ਪੁਲਿਸ ਦੀ ਜ਼ਬਰਦਸਤੀ 'ਤੇ ਸਵਾਲ ਉਠਾਉਂਦਿਆਂ ਕਿਹਾ, "ਸਰਕਾਰ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਦੇ ਫੈਸਲਿਆਂ ਵਿੱਚ ਦਖਲ ਦੇ ਰਹੀ ਹੈ। ਅਸੀਂ ਇਸ ਜ਼ਬਰ ਨੂੰ ਬਰਦਾਸ਼ਤ ਨਹੀਂ ਕਰਾਂਗੇ।"

### ਮਾਰਚ ਦਾ ਅਕਾਰ ਅਤੇ ਪ੍ਰਭਾਵ

ਇਹ ਟਰੈਕਟਰ ਮਾਰਚ ਪੰਜਾਬ ਦੇ ਹਾਲ ਹੀ ਦੇ ਸਮੇਂ ਦੇ ਸਭ ਤੋਂ ਵੱਡੇ ਪ੍ਰਦਰਸ਼ਨਾਂ ਵਿੱਚੋਂ ਇੱਕ ਸੀ। ਹਜ਼ਾਰਾਂ ਟਰੈਕਟਰ ਸੜਕਾਂ 'ਤੇ ਉਤਰੇ, ਜਿਨ੍ਹਾਂ ਵਿੱਚ ਨੌਜਵਾਨਾਂ, ਔਰਤਾਂ ਅਤੇ ਮਜ਼ਦੂਰਾਂ ਨੇ ਵੀ ਸਰਗਰਮੀ ਨਾਲ ਹਿੱਸਾ ਲਿਆ। ਲੁਧਿਆਣਾ, ਅੰਮ੍ਰਿਤਸਰ ਅਤੇ ਸੰਗਰੂਰ ਵਰਗੇ ਜ਼ਿਲ੍ਹਿਆਂ ਵਿੱਚ ਟਰੈਕਟਰਾਂ ਦੀਆਂ ਲੰਮੀਆਂ ਕਤਾਰਾਂ ਅਤੇ "ਜ਼ਮੀਨ ਨਹੀਂ ਦੇਵਾਂਗੇ" ਦੇ ਨਾਅਰਿਆਂ ਨੇ ਪੂਰੇ ਸੂਬੇ ਵਿੱਚ ਗੂੰਜ ਪੈਦਾ ਕਰ ਦਿੱਤੀ। ਮਾਰਚ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ, ਜਿਨ੍ਹਾਂ ਨੇ ਕਿਸਾਨਾਂ ਦੀ ਇਕਜੁਟਤਾ ਨੂੰ ਦੁਨੀਆ ਸਾਹਮਣੇ ਲਿਆਂਦਾ।

### ਸਰਕਾਰ ਦੀਆਂ ਹਦਾਇਤਾਂ ਅਤੇ ਪੁਲਿਸ ਦੀ ਭੂਮਿਕਾ

ਕਿਸਾਨ ਅੰਦੋਲਨ ਤੋਂ ਡਰੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਵਿਰੋਧ ਦੇ ਮੱਦੇਨਜ਼ਰ ਪੁਲਿਸ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ। ਕਈ ਪਿੰਡਾਂ ਵਿੱਚ, ਜਿੱਥੇ ਕਿਸਾਨਾਂ ਨੇ ਆਪ ਦੇ ਆਗੂਆਂ ਦੇ ਪਿੰਡ ਵਿੱਚ ਦਾਖਲ ਹੋਣ 'ਤੇ ਪਾਬੰਦੀ ਦੇ ਬੈਨਰ ਅਤੇ ਹੋਰਡਿੰਗ ਲਗਾਏ ਸਨ, ਪੁਲਿਸ ਨੇ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ। ਹੋਸ਼ਿਆਰਪੁਰ ਵਿੱਚ ਇੱਕ ਘਟਨਾ ਸਾਹਮਣੇ ਆਈ, ਜਿੱਥੇ ਪੁਲਿਸ ਅਧਿਕਾਰੀਆਂ ਨੇ ਕਿਸਾਨਾਂ ਨੂੰ ਜ਼ਬਰਦਸਤੀ ਹੋਰਡਿੰਗ ਹਟਾਉਣ ਲਈ ਮਜਬੂਰ ਕੀਤਾ।

ਇਸ ਦੀ ਸਖ਼ਤ ਨਿਖੇਧੀ ਕਰਦਿਆਂ ਕੇਐਮਐਮ ਦੇ ਆਗੂ ਮਨਜੀਤ ਸਿੰਘ ਰਾਏ ਨੇ ਕਿਹਾ, "ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਦੇ ਫੈਸਲਿਆਂ ਵਿੱਚ ਪੁਲਿਸ ਦਾ ਦਖਲ ਸਹੀ ਨਹੀਂ। ਸਰਕਾਰ ਜ਼ਬਰਦਸਤੀ ਨਾਲ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅਸੀਂ ਪਿੱਛੇ ਨਹੀਂ ਹਟਾਂਗੇ।" ਪੁਲਿਸ ਨੇ ਮਾਰਚ ਦੌਰਾਨ ਸੁਰੱਖਿਆ ਪ੍ਰਬੰਧ ਵੀ ਕੀਤੇ, ਪਰ ਕਿਸਾਨਾਂ ਨੇ ਸ਼ਾਂਤਮਈ ਢੰਗ ਨਾਲ ਆਪਣਾ ਵਿਰੋਧ ਜਾਰੀ ਰੱਖਿਆ।

### ਸਰਕਾਰ ਦਾ ਡਰ ਅਤੇ ਸਿਆਸੀ ਨੁਕਸਾਨ

ਆਮ ਆਦਮੀ ਪਾਰਟੀ ਦੀ ਸਰਕਾਰ ਇਸ ਵਿਰੋਧ ਕਾਰਨ ਬੈਕਫੁੱਟ 'ਤੇ ਨਜ਼ਰ ਆ ਰਹੀ ਹੈ। ਪੰਜਾਬ ਦਾ ਕਿਸਾਨ ਵਰਗ, ਜੋ ਸੂਬੇ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ, ਨੇ ਸਰਕਾਰ ਦੀ ਨੀਤੀ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਵਿਰੋਧ ਨੇ ਆਪ ਦੀ ਸਰਕਾਰ ਨੂੰ ਸਿਆਸੀ ਤੌਰ 'ਤੇ ਕਮਜ਼ੋਰ ਕੀਤਾ ਹੈ।

ਪੰਜਾਬ ਵਿੱਚ ਆਪ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਿਸਾਨਾਂ ਦੇ ਸਮਰਥਨ ਨਾਲ ਵੱਡੀ ਜਿੱਤ ਹਾਸਲ ਕੀਤੀ ਸੀ, ਪਰ ਲੈਂਡ ਪੂਲਿੰਗ ਨੀਤੀ ਨੇ ਉਸ ਦੀ ਇਸ ਸਮਰਥਨ ਬੇਸ ਨੂੰ ਹਿਲਾ ਦਿੱਤਾ ਹੈ। ਜੇਕਰ ਸਰਕਾਰ ਨੇ ਇਸ ਨੀਤੀ ਨੂੰ ਵਾਪਸ ਨਾ ਲਿਆ, ਤਾਂ ਅਗਾਮੀ ਚੋਣਾਂ ਵਿੱਚ ਆਪ ਨੂੰ ਵੱਡਾ ਸਿਆਸੀ ਨੁਕਸਾਨ ਹੋ ਸਕਦਾ ਹੈ। ਕਿਸਾਨ ਜਥੇਬੰਦੀਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਇਸ ਨੀਤੀ ਨੂੰ ਜਾਰੀ ਰੱਖਦੀ ਹੈ, ਤਾਂ ਵੱਡੇ ਪੱਧਰ 'ਤੇ ਅੰਦੋਲਨ ਸ਼ੁਰੂ ਹੋਵੇਗਾ, ਜਿਸ ਦੀ ਅਗਵਾਈ ਪੰਜਾਬ ਦੇ ਪਿੰਡਾਂ ਤੋਂ ਦਿੱਲੀ ਤੱਕ ਜਾਵੇਗੀ। ਵਿਸ਼ਲੇਸ਼ਕ ਮੰਨਦੇ ਹਨ ਕਿ ਇਹ ਮੁੱਦਾ ਆਪ ਦੀ ਸਰਕਾਰ ਲਈ 2020-21 ਦੇ ਕਿਸਾਨ ਅੰਦੋਲਨ ਵਰਗੀ ਸਥਿਤੀ ਪੈਦਾ ਕਰ ਸਕਦਾ ਹੈ, ਜਿਸ ਨੇ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ ਸੀ।

**ਪੰਜਾਬ ਟਾਈਮਜ ਅਨੁਸਾਰ ਪੰਜਾਬ ਦੇ ਕਿਸਾਨਾਂ ਦਾ ਇਹ ਟਰੈਕਟਰ ਮਾਰਚ ਸਿਰਫ਼ ਜ਼ਮੀਨ ਦੀ ਰਾਖੀ ਦੀ ਲੜਾਈ ਨਹੀਂ, ਸਗੋਂ ਪੰਜਾਬ ਦੀ ਪਛਾਣ ਅਤੇ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਜੰਗ ਹੈ। ਸਰਕਾਰ ਦੀ ਜ਼ਬਰਦਸਤੀ ਅਤੇ ਪੁਲਿਸ ਦੇ ਦਖਲ ਨੇ ਕਿਸਾਨਾਂ ਦੇ ਹੌਸਲੇ ਨੂੰ ਹੋਰ ਮਜ਼ਬੂਤ ਕੀਤਾ ਹੈ। ਇਹ ਵਿਰੋਧ ਆਪ ਸਰਕਾਰ ਲਈ ਵੱਡੀ ਸਿਆਸੀ ਚੁਣੌਤੀ ਬਣ ਗਿਆ ਹੈ, ਅਤੇ ਅਗਲੇ ਕੁਝ ਦਿਨਾਂ ਵਿੱਚ ਸਰਕਾਰ ਦੀ ਪ੍ਰਤੀਕਿਰਿਆ ਇਸ ਅੰਦੋਲਨ ਦੀ ਦਿਸ਼ਾ ਨਿਰਧਾਰਤ ਕਰੇਗੀ।**

# ਕੀ ਜ਼ਮੀਨ ਪੂਲਿੰਗ ਨੀਤੀ ਦੇ ਪ੍ਰਤੀਕਰਮ ਵਿੱਚ ਕਿਸਾਨ ਅੰਦੋਲਨ ਫਿਰ ਭੜਕੇਗਾ ?

**ਆਪ ਸਰਕਾਰ ਦਾ ਸਿਆਸੀ ਸੰਕਟ ਹੋਇਆ ਡੂੰਘਾ: ਪੇਂਡੂ ਵੋਟ ਬੈਂਕ 'ਤੇ ਪੈ ਸਕਦਾ ਏ ਅਸਰ ✪ ਕਿਸਾਨ ਸਰਕਾਰੀ ਨੀਤੀ ਨੂੰ ਖੇਤੀ ਤੇ ਆਰਥਿਕ ਉਜਾੜੇ ਦੀ ਸਾਜ਼ਿਸ਼ ਮੰਨ ਰਹੇ ਹਨ ✪ ਆਪ ਦੀ ਨੀਤੀ ਬਾਰੇ ਕੇਡਰ ਦੀ ਅਸਹਿਮਤੀ, ਵਿਰੋਧੀ ਪਾਰਟੀਆਂ ਸਰਕਾਰ ਖਿਲਾਫ**

**ਕਵਰ ਸਟੋਰੀ**

ਜ਼ਮੀਨ ਪੂਲਿੰਗ ਨੀਤੀ ਨੂੰ ਲੈ ਕੇ ਪੰਜਾਬ ਦੇ ਕਿਸਾਨਾਂ ਵਿੱਚ ਗੁੱਸਾ ਸਿਖਰਾਂ 'ਤੇ ਹੈ। ਸੰਯੁਕਤ ਕਿਸਾਨ ਮੋਰਚਾ ਨੇ 30 ਜੁਲਾਈ, 2025 ਨੂੰ ਸੂਬੇ ਭਰ ਵਿੱਚ ਟਰੈਕਟਰ ਮਾਰਚ ਦਾ ਐਲਾਨ ਕੀਤਾ ਹੈ, ਜੋ ਦਰਸਾਉਂਦਾ ਹੈ ਕਿ ਅੰਦੋਲਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਕਿਸਾਨ ਸੰਗਠਨਾਂ ਨੇ ਸਰਕਾਰ ਦੀ ਸੋਧੀ ਹੋਈ ਨੀਤੀ, ਜਿਸ ਵਿੱਚ ਜ਼ਮੀਨ ਦੇ ਬਦਲੇ ਪਲਾਟ, ਸਾਲਾਨਾ 1 ਲੱਖ ਰੁਪਏ, ਅਤੇ 50,000 ਰੁਪਏ ਦਾ ਚੈੱਕ ਦੇਣ ਦੀ ਗੱਲ ਕੀਤੀ ਗਈ ਹੈ, ਨੂੰ ਵੀ ਨਕਾਰ ਦਿੱਤਾ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਇਹ ਸਾਰਾ ਢਾਂਚਾ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਬਣਾਇਆ ਗਿਆ ਹੈ, ਜਿਸ ਵਿੱਚ ਜਰਖੇਜ਼ ਜ਼ਮੀਨਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਿਆ ਜਾਵੇਗਾ।

ਪੰਜਾਬ ਦੇ 107 ਪਿੰਡਾਂ ਦੀਆਂ ਪੰਚਾਇਤਾਂ ਨੇ ਇਸ ਨੀਤੀ ਵਿਰੁੱਧ ਮਤੇ ਪਾਸ ਕਰਕੇ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਉਹ ਆਪਣੀਆਂ ਜ਼ਮੀਨਾਂ ਨਹੀਂ ਛੱਡਣਗੇ। ਸੋਸ਼ਲ ਮੀਡੀਆ 'ਤੇ ਵੀ ਵੀਡੀਓਜ਼ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਕਿਸਾਨ ਸਰਕਾਰੀ ਅਧਿਕਾਰੀਆਂ ਜਾਂ ਆਪ ਸਮਰਥਕਾਂ ਨੂੰ ਪਿੰਡਾਂ ਵਿੱਚ ਦਾਖਲ ਹੋਣ 'ਤੇ ਸਖ਼ਤ ਨਤੀਜਿਆਂ ਦੀਆਂ ਧਮਕੀਆਂ ਦੇ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਪ੍ਰਧਾਨ ਮਨਜੀਤ ਸਿੰਘ ਰਾਏ ਵਰਗੇ ਆਗੂਆਂ ਨੇ ਖੁੱਲ੍ਹ ਕੇ ਕਿਹਾ ਹੈ ਕਿ ਉਹ ਜ਼ਮੀਨ 'ਤੇ ਦਾਖਲ ਹੋਣ ਵਾਲਿਆਂ ਨੂੰ ਨਹੀਂ ਬਖ਼ਸ਼ਣਗੇ।

ਇਹ ਸਾਰੇ ਸੰਕੇਤ ਦਰਸਾਉਂਦੇ ਹਨ ਕਿ ਜ਼ਮੀਨ ਪੂਲਿੰਗ ਨੀਤੀ ਦੇ ਵਿਰੁੱਧ ਅੰਦੋਲਨ ਨਾ ਸਿਰਫ਼ ਭੜਕੇਗਾ, ਸਗੋਂ ਸ਼ੰਭੂ ਬਾਰਡਰ ਵਰਗੇ ਪਿਛਲੇ ਅੰਦੋਲਨਾਂ ਵਾਂਗ ਤਿੱਖਾ ਅਤੇ ਲੰਮਾ ਵੀ ਹੋ ਸਕਦਾ ਹੈ। ਜ਼ਮੀਨ ਪੂਲਿੰਗ ਨੀਤੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਸਿਆਸੀ ਸੰਕਟ ਪੈਦਾ ਕਰ ਦਿੱਤਾ ਹੈ। ਪੰਜਾਬ ਦੇ ਪੇਂਡੂ ਖੇਤਰਾਂ ਨੇ 2014 ਅਤੇ 2022 ਦੀਆਂ ਚੋਣਾਂ ਵਿੱਚ ਆਪ ਨੂੰ ਮਜ਼ਬੂਤ ਸਮਰਥਨ ਦਿੱਤਾ ਸੀ, ਪਰ ਹੁਣ ਇਹ ਨੀਤੀ ਪੇਂਡੂ ਵੋਟਰਾਂ ਵਿੱਚ ਆਪ ਦੀ ਸਾਖ ਨੂੰ ਡੋਬਣ ਦਾ ਕਾਰਨ ਬਣ ਰਹੀ ਹੈ। ਕਿਸਾਨ ਸੰਗਠਨਾਂ ਦੇ ਵਿਰੋਧ ਅਤੇ ਵਿਰੋਧੀ ਪਾਰਟੀਆਂ ਦੀ ਆਲੋਚਨਾ ਨੇ ਆਪ ਸਰਕਾਰ ਨੂੰ ਬਚਾਅ ਦੀ ਸਥਿਤੀ ਵਿੱਚ ਲਿਆ ਖੜ੍ਹਾ ਕਰ ਦਿੱਤਾ ਹੈ।

ਆਪ ਨੇਤਾ ਤੇ ਕੇਡਰ ਸਰਕਾਰ ਦੀ ਪਾਲਿਸੀ ਵਿਰੁਧ-ਸਿਆਸੀ ਵਿਰੋਧੀਆਂ, ਕਿਸਾਨਾਂ ਤੋਂ ਬਾਅਦ ਹੁਣ ਆਪ ਆਗੂ ਵੀ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿਚ ਨਿੱਤਰਣ ਲੱਗੇ ਹਨ। ਪਾਰਟੀ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਜਿੱਥੇ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿਚ ਐਕਸ ਅਤੇ ਫੇਸਬੁੱਕ ਪੇਜ਼ 'ਤੇ ਪੋਸਟ ਸਾਂਝੀ ਕਰਦਿਆਂ ਪਾਰਟੀ ਸੁਪਰੀਮੋ ਕੇਜ਼ਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਸਲਾਹ ਦਿੱਤੀ ਸੀ। ਉਥੇ ਪਾਰਟੀ ਦੇ ਇਕ ਬਲਾਕ ਪ੍ਰਧਾਨ ਤਪਿੰਦਰ ਸਿੰਘ ਗਰੇਵਾਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਪਾਰਟੀ ਦੇ ਐੱਮਪੀ ਵਲੋਂ ਕਿਸਾਨਾਂ ਦੇ ਹੱਕ ਵਿਚ ਖੜ੍ਹੇ ਹੋਣ ਨਾਲ ਪਾਰਟੀ ਲਈ ਮੁਸੀਬਤ ਖੜੀ ਹੋ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਕੰਗ ਦੀ ਪੋਸਟ ਐਕਸ 'ਤੇ ਡਲੀਟ ਹੋ ਗਈ ਹੈ, ਪਰ ਫੇਸਬੁਕ ਪੇਜ 'ਤੇ ਅਜੇ ਤੱਕ ਬਣੀ ਹੋਈ ਹੈ। ਸੱਤਾ ਦੇ ਗਲਿਆਰਿਆ ਵਿਚ ਚਰਚਾ ਹੈ ਕਿ ਕੰਗ ਦੀ ਪੋਸਟ ਨਾਲ ਸਰਕਾਰ ਦੀ ਕਿਰਕਰੀ ਹੋਈ, ਜਿਸ ਕਰਕੇ ਇਹ ਪੋਸਟ ਹਟਾ ਦਿੱਤੀ ਗਈ ਸੀ।

ਕਿਸਾਨਾਂ ਵਲੋਂ ਤਿੱਖਾ ਵਿਰੋਧ-ਹਾਲਾਂਕਿ ਪਿੰਡਾਂ ਵਿਚ ਕਿਸਾਨਾਂ ਵਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਕਈ ਪਿੰਡਾਂ ਨੇ ਆਪ ਆਗੂਆਂ ਦੀ ਪਿੰਡਾਂ ਵਿਚ ਪ੍ਰਵੇਸ਼ ਨੂੰ ਲੈ ਕੇ ਪੋਸਟਰ ਵੀ ਲਗਾ ਦਿੱਤੇ ਹਨ, ਇਸਦੇ ਬਾਵਜੂਦ ਸਰਕਾਰ ਇਸ ਨੀਤੀ ਨੂੰ ਹਰ ਹਾਲਤ ਵਿਚ ਲਾਗੂ ਕਰਨਾ ਚਾਹੁੰਦੀ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਸਤੇਂਦਰ ਜੈਨ ਪਾਰਟੀ ਵਿਧਾਇਕਾਂ, ਵਖ ਵੱਖ ਵਿੰਗਾਂ ਦੇ ਅਹੁਦੇਦਾਰਾਂ , ਅਤੇ ਪਾਰਟੀ ਆਗੂਆਂ ਨਾਲ ਤਿੰਨ ਮੀਟਿੰਗਾਂ ਕਰ ਚੁੱਕੇ ਹਨ। ਉਨ੍ਹਾਂ ਨੂੰ ਲੈਂਡ ਪੂਲਿੰਗ ਸੰਬੰਧੀ ਪੈਂਫਲੇਟ ਵੀ ਦਿੱਤੇ ਗਏ ਹਨ ਤਾਂ ਜੋ ਉਹ ਉਨ੍ਹਾਂ ਨੂੰ ਕਿਸਾਨਾਂ ਦੇ ਇਤਰਾਜ਼ਾਂ ਤੋਂ ਜਾਣੂ ਕਰਵਾ ਸਕਣ। ਪੰਜਾਬ ਕੈਬਨਿਟ ਪਾਲਸੀ ਵਿਚ ਸੋਧ ਵੀ ਕਰ ਚੁੱਕੀ ਹੈ। ਇਸਦੇ ਬਾਵਜੂਦ ਕਿਸਾਨਾਂ ਦਾ ਗੁੱਸਾ ਠੰਡਾ ਨਹੀ ਹੋ ਰਿਹਾ। ਸੰਯੁਕਤ ਕਿਸਾਨ ਮੋਰਚਾ ਇਸ ਮਾਮਲੇ ਨੂੰ ਲੈ ਕੇ 30 ਜੁਲਾਈ ਨੂੰ ਲੁਧਿਆਣਾ ਦੇ ਉਨ੍ਹਾਂ ਸਾਰੇ ਪਿੰਡਾਂ ਅਤੇ ਇਲਾਕਿਆਂ ਵਿਚ ਟਰੈਕਟਰ ਮਾਰਚ ਕੱਢਣਾ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਵਲੋਂ ਲਗਾਤਾਰ ਰੋਸ ਧਰਨੇ ਦਿੱਤੇ ਜਾ ਰਹੇ ਹਨ।

ਜੇਕਰ ਅੰਦੋਲਨ ਤਿੱਖਾ ਹੋਇਆ, ਤਾਂ ਆਪ ਨੂੰ ਪੇਂਡੂ ਖੇਤਰਾਂ ਵਿੱਚ ਵੱਡਾ ਸਿਆਸੀ ਨੁਕਸਾਨ ਹੋ ਸਕਦਾ ਹੈ, ਜੋ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਪੱਸ਼ਟ ਨਜ਼ਰ ਆਵੇਗਾ। ਆਪ ਦੇ ਜ਼ਮੀਨੀ ਕੇਡਰ, ਖਾਸ ਤੌਰ 'ਤੇ ਪੇਂਡੂ ਖੇਤਰਾਂ ਵਿੱਚ, ਨੀਤੀ ਦੇ ਵਿਰੁੱਧ ਖੜ੍ਹੇ ਕਿਸਾਨਾਂ ਦੇ ਦਬਾਅ ਹੇਠ ਹਨ। ਕਈ ਵਿਧਾਇਕ ਅਤੇ ਸਥਾਨਕ ਆਗੂ ਪਿੰਡਾਂ ਵਿੱਚ ਜਾਣ ਤੋਂ ਝਿਜਕ ਰਹੇ ਹਨ।

ਬੀਤੇ ਦਿਨੀਂ ਸੰਯੁਕਤ ਕਿਸਾਨ ਮੋਰਚਾ ਨੇ ਸਰਬ-ਪਾਰਟੀ ਮੀਟਿੰਗ ਵਿੱਚ ਵਿਰੋਧੀ ਧਿਰਾਂ ਨੂੰ ਸੱਦਿਆ ਸੀ, ਅਤੇ ਇਨ੍ਹਾਂ ਪਾਰਟੀਆਂ ਨੇ ਕਿਸਾਨਾਂ ਦੇ ਵਿਰੋਧ ਦੀ ਪੂਰੀ ਹਮਾਇਤ ਕੀਤੀ ਹੈ। ਖਾਸ ਤੌਰ 'ਤੇ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ, ਜਿਨ੍ਹਾਂ ਦਾ ਪੇਂਡੂ ਖੇਤਰਾਂ ਵਿੱਚ ਮਜ਼ਬੂਤ ਅਧਾਰ ਹੈ, ਇਸ ਮੁੱਦੇ ਨੂੰ ਆਪ ਦੀ ਸਰਕਾਰ ਵਿਰੁੱਧ ਵੱਡੇ ਹਥਿਆਰ ਵਜੋਂ ਵਰਤ ਸਕਦੀਆਂ ਹਨ। ਇਥੋਂ ਤਕ ਬਸਪਾ ਵੀ ਕਿਸਾਨਾਂ ਦੇ ਹੱਕ ਵਿਚ ਨਿਤਰ ਆਈ ਹੈ।

ਸ਼ਹਿਰੀ ਖੇਤਰਾਂ ਵਿੱਚ ਵੀ ਇਸ ਨੀਤੀ ਦੇ ਹੱਕ ਵਿੱਚ ਕੋਈ ਮਜ਼ਬੂਤ ਸਮਰਥਨ ਨਹੀਂ ਉੱਠਿਆ। ਕਿਸਾਨਾਂ ਦਾ ਮੰਨਣਾ ਹੈ ਕਿ ਇਹ ਨੀਤੀ ਉਨ੍ਹਾਂ ਦੀ ਜ਼ਮੀਨ ਖੋਹ ਕੇ ਕਲੋਨੀਆਂ ਅਤੇ ਉਦਯੋਗਿਕ ਜ਼ੋਨ ਬਣਾਉਣ ਦੀ ਯੋਜਨਾ ਹੈ, ਜਿਸ ਨਾਲ ਪੰਜਾਬ ਦੀ ਖੇਤੀ ਅਰਥਚਾਰਾ, ਜੋ ਸੂਬੇ ਦੀ ਰੀੜ੍ਹ ਦੀ ਹੱਡੀ ਹੈ, ਨੂੰ ਨੁਕਸਾਨ ਪਹੁੰਚੇਗਾ।

ਪੰਜਾਬ ਦੀਆਂ ਜ਼ਮੀਨਾਂ 'ਤੇ ਨਿਰਭਰ ਨਾ ਸਿਰਫ਼ ਕਿਸਾਨ, ਸਗੋਂ ਮਜ਼ਦੂਰ, ਛੋਟੇ ਦੁਕਾਨਦਾਰ, ਅਤੇ ਹੋਰ ਕਈ ਵਰਗ ਵੀ ਹਨ। ਜ਼ਮੀਨਾਂ ਦੇ ਖੇਤੀ ਵਿੱਚੋਂ ਬਾਹਰ ਜਾਣ ਨਾਲ ਇਨ੍ਹਾਂ ਸਾਰਿਆਂ ਦੀ ਰੋਜ਼ੀ-ਰੋਟੀ 'ਤੇ ਅਸਰ ਪਵੇਗਾ। ਕਿਸਾਨ ਆਗੂ, ਜਿਵੇਂ ਕਿ ਬਲਬੀਰ ਸਿੰਘ ਰਾਜੇਵਾਲ ਅਤੇ ਹਰਿੰਦਰ ਸਿੰਘ ਲੱਖੋਵਾਲ, ਨੇ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਇਹ ਨੀਤੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਲਈ ਬਣਾਈ ਗਈ ਹੈ।

ਇਸ ਤੋਂ ਇਲਾਵਾ, ਪੰਜਾਬ ਦੀਆਂ ਜਰਖੇਜ਼ ਜ਼ਮੀਨਾਂ ਨੂੰ ਕਲੋਨੀਆਂ ਵਿੱਚ ਬਦਲਣ ਨਾਲ ਵਾਤਾਵਰਨ ਨੂੰ ਵੀ ਭਾਰੀ ਨੁਕਸਾਨ ਹੋਵੇਗਾ। ਜ਼ਮੀਨਾਂ ਦੀ ਖੇਤੀ ਹਟਾਏ ਜਾਣ ਨਾਲ ਉਤਪਾਦਨ ਘਟੇਗਾ, ਜਿਸ ਨਾਲ ਖੁਰਾਕੀ ਸੁਰੱਖਿਆ 'ਤੇ ਵੀ ਸੰਕਟ ਆ ਸਕਦਾ ਹੈ।

## ਕੀ ਪਹਿਲਾਂ ਵਾਲੀਆਂ ਕਲੋਨੀਆਂ ਵਿਕਸਤ ਹੋਈਆਂ ਹਨ ?

ਪੰਜਾਬ ਦੇ ਸ਼ਹਿਰਾਂ ਦੇ ਆਸ-ਪਾਸ ਪਹਿਲਾਂ ਤੋਂ ਹੀ ਲੱਖਾਂ ਏਕੜ ਜ਼ਮੀਨ 'ਤੇ ਕਲੋਨੀਆਂ ਬਣਾਉਣ ਦੀਆਂ ਯੋਜਨਾਵਾਂ ਬਣੀਆਂ ਸਨ, ਪਰ ਇਹ ਕਲੋਨੀਆਂ ਜ਼ਿਆਦਾਤਰ ਬੇਆਬਾਦ ਪਈਆਂ ਹਨ। ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਪਟਿਆਲਾ ਵਰਗੇ ਸ਼ਹਿਰਾਂ ਦੇ ਬਾਹਰ 10-15 ਕਿਲੋਮੀਟਰ ਦੇ ਖੇਤਰ ਵਿੱਚ ਸੜਕਾਂ, ਬਿਜਲੀ ਦੇ ਖੰਭੇ, ਅਤੇ ਕਲੋਨੀਆਂ ਦੇ ਨਾਵਾਂ ਦੇ ਬੋਰਡ ਲੱਗੇ ਹੋਏ ਹਨ, ਪਰ ਪਿਛਲੇ 10-12 ਸਾਲਾਂ ਤੋਂ ਇਹ ਪਲਾਟ ਵਿਕ ਨਹੀਂ ਰਹੇ। ਇਸ ਦਾ ਮੁੱਖ ਕਾਰਨ ਹੈ ਕਿ ਇਹ ਪਲਾਟ ਜ਼ਿਆਦਾਤਰ ਵਪਾਰੀਆਂ ਤੇ ਵਿਦੇਸ਼ੀ ਪੰਜਾਬੀਆਂ ਨੇ ਨਿਵੇਸ਼ ਦੇ ਤੌਰ 'ਤੇ ਖਰੀਦੇ ਹੋਏ ਹਨ। ਇਸ ਨਾਲ ਨਾ ਸਿਰਫ਼ ਜਰਖੇਜ਼ ਜ਼ਮੀਨ ਵਿਹਲੀ ਪਈ ਹੈ, ਸਗੋਂ ਲੱਖਾਂ ਟਨ ਖੇਤੀ ਉਤਪਾਦਨ ਦਾ ਨੁਕਸਾਨ ਹੋਇਆ ਹੈ।

### ਕੀ ਜ਼ਮੀਨ ਉਦਯੋਗਿਕ ਘਰਾਣਿਆਂ ਜਾਂ ਕਾਰਪੋਰੇਟ ਨੂੰ ਦਿੱਤੀ ਜਾਵੇਗੀ ?

ਸਰਕਾਰ ਦਾ ਦਾਅਵਾ ਹੈ ਕਿ ਜ਼ਮੀਨ ਪੂਲਿੰਗ ਨੀਤੀ ਵਿਕਾਸ ਲਈ ਹੈ, ਅਤੇ ਕਿਸਾਨਾਂ ਦੀ ਜ਼ਮੀਨ ਜਬਰੀ ਨਹੀਂ ਲਈ ਜਾਵੇਗੀ। ਪਰ ਕਿਸਾਨ ਸੰਗਠਨਾਂ ਦਾ ਮੰਨਣਾ ਹੈ ਕਿ ਇਹ ਨੀਤੀ ਕਾਰਪੋਰੇਟ ਘਰਾਣਿਆਂ ਅਤੇ ਉਦਯੋਗਿਕ ਗਰੁੱਪਾਂ ਨੂੰ ਲਾਭ ਪਹੁੰਚਾਉਣ ਲਈ ਬਣਾਈ ਗਈ ਹੈ। ਸਰਕਾਰ ਨੇ 65,533 ਏਕੜ ਜ਼ਮੀਨ ਐਕੁਆਇਰ ਕਰਨ ਦਾ ਟੀਚਾ ਰੱਖਿਆ ਹੈ, ਜਿਸ ਵਿੱਚ 21,550 ਏਕੜ ਉਦਯੋਗਿਕ ਜ਼ੋਨ ਲਈ ਵਰਤੀ ਜਾਵੇਗੀ। ਕਿਸਾਨਾਂ ਦਾ ਡਰ ਹੈ ਕਿ ਇਹ ਜ਼ਮੀਨ ਵੱਡੀਆਂ ਕੰਪਨੀਆਂ ਨੂੰ ਸੌਂਪੀ ਜਾਵੇਗੀ, ਜਿਸ ਨਾਲ ਉਨ੍ਹਾਂ ਦੀ ਖੇਤੀ ਅਤੇ ਰੋਜ਼ੀ-ਰੋਟੀ ਖਤਮ ਹੋ ਜਾਵੇਗੀ।

ਜ਼ਮੀਨ ਪੂਲਿੰਗ ਨੀਤੀ ਨੇ ਪੰਜਾਬ ਵਿੱਚ ਸਿਆਸੀ ਅਤੇ ਸਮਾਜਿਕ ਸੰਕਟ ਪੈਦਾ ਕਰ ਦਿੱਤਾ ਹੈ। ਕਿਸਾਨ ਸੰਗਠਨਾਂ ਦਾ ਵਿਰੋਧ ਅਤੇ ਸੰਗਠਿਤ ਅੰਦੋਲਨ ਸਰਕਾਰ ਲਈ ਵੱਡੀ ਚੁਣੌਤੀ ਬਣ ਰਿਹਾ ਹੈ। ਆਪ ਨੂੰ ਪੇਂਡੂ ਵੋਟ ਬੈਂਕ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦਕਿ ਵਿਰੋਧੀ ਪਾਰਟੀਆਂ ਇਸ ਮੁੱਦੇ ਦਾ ਸਿਆਸੀ ਲਾਭ ਲੈਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹਾਲਾਤ ਸਾਰੇ ਖੇਤਰ ਨੂੰ ਰਾਜਸੀ ਅਸਥਿਰਤਾ ਵਲ ਲੈ ਜਾਣ ਵਾਲੇ ਬਣ ਗਏ ਹਨ। ਮੈਨੂੰ ਸ਼ੁਰੂ ਤੋਂ ਸ਼ੱਕ ਰਿਹਾ ਹੈ ਕਿ ਇਸ ਗੇਮ ਪਿਛੇ ਝਾੜੂ ਦਲ ਇਕਲਾ ਨਹੀਂ। ਪੰਜਾਬ ਨੂੰ "ਭਈਆਸਤਾਨ" ਬਨਾਉਣ ਵਾਲੀ ਸਾਜ਼ਸ਼ ਦੇ ਰੋਡ- ਮੈਪ ਉਪਰ ਅਮਲ ਨੂੰ ਤਿਆਗਣ ਵਾਲੀ ਕੋਈ ਗਲ ਨਹੀਂ ਪਰ ਇਸ ਦੀ ਗਤੀ ਥੋੜੀ ਕੁ ਘਟਾਈ ਜਾਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਤਜਰਬਾਕਾਰ ਪਾਲਿਟੀਸ਼ਨ ਵੀ ਹੁਣ ਖੁਲ ਕੇ ਇਸ ਸੋਚ ਦੀ ਪੁਸ਼ਟੀ ਕਰ ਰਹੇ ਹਨ।

ਸੀਨੀਅਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਦਾ ਵਿਸ਼ਵਾਸ ਹੈ ਕਿ ਲੈਂਡ ਪੂਲਿੰਗ ਹੋਰ ਕੁਛ ਨਹੀਂ, ਬਲਕਿ ਝਾੜੂ ਦਲ ਅਤੇ ਬੀਜੇਪੀ ਦੀ ਪੰਜਾਬ ਵਿਚ ਭਈਆ ਆਬਾਦੀ ਨੂੰ ਵਸਾ ਕੇ ਇਸ ਦੀ ਵਸੋਂ ਨੂੰ ਘਟਗਿਣਤੀ ਵਿਚ ਬਦਲਣ ਦੀ ਸਾਂਝੀ ਸਾਜ਼ਸ਼ ਹੈ। ਇੰਜ ਲੈਂਡ ਪੂਲਿੰਗ ਮਹਿਜ਼ ਆਰਥਕ ਗੇਮ ਨਹੀਂ, ਇਹ ਕਿਤੇ ਵਧ ਰਾਜਸੀ ਉਥਲ ਪੁਥਲ ਦੀ ਵਿਉਂਤਬੰਦੀ ਹੈ। ਇਹ ਵਿਉਂਤ ਇਕ ਦਿਨ ਪੰਜਾਬ ਲਈ ਦੂਜੀ ਹਿੰਸਕ ਵੰਡ ਦਾ ਰਖਿਆ ਨੀਂਹ ਪੱਥਰ ਸਾਬਤ ਹੋ ਸਕਦੀ ਹੈ।

# ਰਾਜਸਥਾਨ ਸਰਕਾਰ ਦਾ ਇਤਿਹਾਸਕ ਫੈਸਲਾ: ਸਿੱਖ ਪੰਥ ਦੀ ਵੱਡੀ ਜਿੱਤ

## ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਪੰਜ ਕਕਾਰਾਂ ਨਾਲ ਸ਼ਾਮਲ ਹੋਣ ਦੀ ਮਿਲੀ ਮਨਜ਼ੂਰੀ

### * ਫੈਸਲੇ ਦੇ ਪਿੱਛੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਲਾਲਪੁਰਾ ਦੀਆਂ ਅਣਥੱਕ ਕੋਸ਼ਿਸ਼ਾਂ ਸ਼ਾਮਲ

ਰਾਜਸਥਾਨ ਸਰਕਾਰ ਨੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਸਨਮਾਨ ਦਿੰਦਿਆਂ ਇੱਕ ਅਹਿਮ ਅਤੇ ਇਤਿਹਾਸਕ ਫੈਸਲਾ ਲਿਆ ਹੈ। ਸਰਕਾਰ ਨੇ ਸਿੱਖ ਵਿਦਿਆਰਥੀਆਂ ਨੂੰ ਸਰਕਾਰੀ ਅਤੇ ਗੈਰ-ਸਰਕਾਰੀ ਪ੍ਰੀਖਿਆਵਾਂ ਵਿੱਚ ਪੰਜ ਕਕਾਰਾਂ—ਕੇਸ, ਕੰਘਾ, ਕੜਾ, ਕਿਰਪਾਨ ਅਤੇ ਕੱਛ—ਨਾਲ ਸ਼ਾਮਲ ਹੋਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਫੈਸਲੇ ਨੇ ਸਿੱਖ ਕੌਮ ਦੇ ਮਾਣ-ਸਤਿਕਾਰ ਨੂੰ ਹੋਰ ਉੱਚਾ ਕੀਤਾ ਹੈ ਅਤੇ ਸਿੱਖ ਪਛਾਣ ਨੂੰ ਸੰਵਿਧਾਨਕ ਅਧਿਕਾਰਾਂ ਦੇ ਦਾਇਰੇ ਵਿੱਚ ਮੁੜ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਮਹੱਤਵਪੂਰਨ ਫੈਸਲੇ ਦੇ ਪਿੱਛੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਦੀਆਂ ਅਣਥੱਕ ਕੋਸ਼ਿਸ਼ਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਅਪੀਲ ਨੇ ਵੱਡਾ ਰੋਲ ਅਦਾ ਕੀਤਾ।

**ਘਟਨਾ ਦਾ ਪਿਛੋਕੜ: ਸਿੱਖ ਵਿਦਿਆਰਥਣ ਨਾਲ ਵਿਤਕਰਾ**

ਇਹ ਸਾਰਾ ਮਸਲਾ ਉਸ ਸਮੇਂ ਸਾਹ-ਮਣੇ ਆਇਆ ਜਦੋਂ ਜੈਪੁਰ ਦੀ ਪੂਰਨੀਮਾ ਯੂਨੀਵਰਸਿਟੀ ਵਿੱਚ ਇੱਕ ਅੰਮ੍ਰਿਤਧਾਰੀ ਸਿੱਖ ਵਿਦਿਆਰਥਣ, ਗੁਰਪ੍ਰੀਤ ਕੌਰ, ਨੂੰ ਰਾਜਸਥਾਨ ਹਾਈ ਕੋਰਟ (ਜੋਧਪੁਰ) ਦੀ ਸਿਵਲ ਜੱਜ ਭਰਤੀ ਪ੍ਰੀਖਿਆ ਵਿੱਚ ਕਿਰ-ਪਾਨ ਅਤੇ ਕੜਾ ਪਹਿਨਣ ਕਾਰਨ ਰੋਕ ਦਿੱਤਾ ਗਿਆ। ਇਹ ਘਟਨਾ ਸਿੱਖ ਭਾਈਚਾਰੇ ਲਈ ਇੱਕ ਵੱਡਾ ਝਟਕਾ ਸੀ, ਕਿਉਂਕਿ ਸਿੱਖਾਂ ਦੇ ਪੰਜ ਕਕਾਰ ਉਨ੍ਹਾਂ ਦੇ ਧਾਰਮਿਕ ਅਕੀਦੇ ਅਤੇ ਪਛਾਣ ਦਾ ਅਟੁੱਟ ਹਿੱਸਾ ਹਨ। ਗੁਰਪ੍ਰੀਤ ਕੌਰ ਨੂੰ ਪ੍ਰੀਖਿਆ ਵਿੱਚ ਸ਼ਾਮਲ ਹੋਣ ਤੋਂ ਵਾਂਝੇ ਰੱਖਣ ਦੀ ਘਟਨਾ ਨੇ ਸਿੱਖ ਸੰਗਤ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਇਸ ਵਿਤਕਰੇ ਦੀ ਸਖ਼ਤ ਨਿਖੇਧੀ ਕੀਤੀ ਸੀ।

ਇਸ ਤੋਂ ਪਹਿਲਾਂ ਵੀ, 2024 ਵਿੱਚ ਸਮਾਨ ਮੁੱਦੇ ਸਾਹਮਣੇ ਆਏ ਸਨ, ਜਦੋਂ ਅੰਮ੍ਰਿਤਧਾਰੀ ਸਿੱਖ ਔਰਤਾਂ, ਅਰਮਨਜੋਤ ਕੌਰ ਅਤੇ ਲਖਵਿੰਦਰ ਕੌਰ, ਨੂੰ ਰਾਜਸਥਾਨ ਜੁਡੀਸ਼ੀਅਲ ਸੇਵਾਵਾਂ ਦੀ ਪ੍ਰੀਖਿਆ ਵਿੱਚ ਕਿਰਪਾਨ ਪਹਿਨਣ ਕਾਰਨ ਰੋਕਿਆ ਗਿਆ ਸੀ। ਇਨ੍ਹਾਂ ਘਟਨਾਵਾਂ ਨੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਗੰਭੀਰ ਠੇਸ ਪਹੁੰਚਾਈ ਅਤੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਦਾ ਮੁੱਦਾ ਉਠਾਇਆ ਸੀ।

ਹਾਲਾਂਕਿ ਕਿਰਪਾਨ, ਜੋ ਸਿੱਖਾਂ ਦੀ ਸੁਰੱਖਿਆ ਅਤੇ ਨਿਆਂ ਦਾ ਪ੍ਰਤੀਕ ਹੈ, ਨੂੰ ਭਾਰਤੀ ਸੰਵਿਧਾਨ ਦੀ ਧਾਰਾ 25 ਅਧੀਨ ਪਹਿਨਣ ਦਾ ਪੂਰਾ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ।ਇਸ ਦੇ ਬਾਵਜੂਦ, ਸਿੱਖ ਵਿਦਿਆਰਥੀਆਂ ਨੂੰ ਵਾਰ-ਵਾਰ ਪ੍ਰੀਖਿਆ ਕੇਂਦਰਾਂ ਵਿੱਚ ਕਿਰਪਾਨ ਅਤੇ ਕੜੇ ਵਰਗੇ ਕਕਾਰਾਂ ਕਾਰਨ ਰੋਕਿਆ ਜਾਣਾ ਸਿੱਖ ਭਾਈਚਾਰੇ ਲਈ ਅਪਮਾਨਜਨਕ ਸੀ। ਇਹ ਮੁੱਦਾ ਸਿਰਫ਼ ਧਾਰਮਿਕ ਅਧਿਕਾਰਾਂ ਦਾ ਹੀ ਨਹੀਂ, ਸਗੋਂ ਸਮਾਜਿਕ ਨਿਆਂ ਅਤੇ ਸੰਵਿਧਾਨਕ ਸੁਰੱਖਿਆ ਦਾ ਵੀ ਸਵਾਲ ਸੀ।

**ਇਕਬਾਲ ਸਿੰਘ ਲਾਲਪੁਰਾ ਦੀ ਅਹਿਮ ਭੂਮਿਕਾ**

ਇਸ ਮੁੱਦੇ ਨੂੰ ਹੱਲ ਕਰਨ ਵਿੱਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਦੀ ਭੂਮਿਕਾ ਸਭ ਤੋਂ ਅਹਿਮ ਰਹੀ। ਸ. ਲਾਲਪੁਰਾ ਨੇ ਸਿੱਖ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਲਈ ਸਰਕਾਰ ਨਾਲ ਸਿੱਧੀ ਗੱਲਬਾਤ ਕੀਤੀ ਅਤੇ ਕੇਂਦਰ ਸਰਕਾਰ ਦੀਆਂ ਗਾਈਡਲਾਈਨਜ਼ ਦੇ ਅਧਾਰ 'ਤੇ ਰਾਜਸਥਾਨ ਸਰਕਾਰ ਨੂੰ ਇਹ ਨੋਟੀਫਿਕੇਸ਼ਨ ਜਾਰੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੀਆਂ ਕੋਸ਼ਿਸ਼ਾਂ ਨੇ ਪਹਿਲਾਂ ਜੇਈਈ ਪ੍ਰੀਖਿਆਵਾਂ ਵਿੱਚ ਸਿੱਖ ਵਿਦਿਆਰਥੀਆਂ ਨੂੰ ਕਕਾਰਾਂ ਨਾਲ ਸ਼ਾਮਲ ਹੋਣ ਦੀ ਮਨਜ਼ੂਰੀ ਦਿਵਾਈ ਸੀ, ਅਤੇ ਹੁਣ ਇਸ ਨੂੰ ਰਾਜਸਥਾਨ ਦੀਆਂ ਸਾਰੀਆਂ ਪ੍ਰੀਖਿਆਵਾਂ 'ਤੇ ਲਾਗੂ ਕਰਵਾਇਆ ਗਿਆ ਸੀ।

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਲਾਲਪੁਰਾ ਨੂੰ ਇਸ ਮਸਲੇ ਵਿੱਚ ਦਖ਼ਲਅੰਦਾਜ਼ੀ ਕਰਨ ਦੀ ਅਪੀਲ ਕੀਤੀ ਸੀ। ਜਥੇਦਾਰ ਨੇ ਇਸ ਘਟਨਾ ਨੂੰ ਸੰਵਿਧਾਨ ਦੀ ਧਾਰਾ 25 ਦੀ ਉਲੰਘਣਾ ਅਤੇ ਸਿੱਖਾਂ ਵਿਰੁੱਧ ਧਾਰਮਿਕ ਵਿਤਕਰਾ ਕਰਾਰ ਦਿੱਤਾ ਸੀ। ਉਨ੍ਹਾਂ ਦੀ ਅਪੀਲ ਅਤੇ ਸ. ਲਾਲਪੁਰਾ ਦੀਆਂ ਕੋਸ਼ਿਸ਼ਾਂ ਨੇ ਮਿਲ ਕੇ ਸਰਕਾਰ 'ਤੇ ਦਬਾਅ ਪਾਇਆ ਸੀ, ਜਿਸ ਦੇ ਨਤੀਜੇ ਵਜੋਂ ਇਹ ਫੈਸਲਾ ਸੰਭਵ ਹੋਇਆ।

**ਸਿੱਖ ਜਥੇਬੰਦੀਆਂ ਦਾ ਸੰਘਰਸ਼**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਲਿਆ। ਸ਼੍ਰੋਮਣੀ ਕਮੇਟੂ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਵਿਤਕਰੇ ਨੂੰ ਸੰਵਿਧਾਨ ਦੀ ਉਲੰਘਣਾ ਦੱਸਦਿਆਂ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਿੱਖ ਵਿਦਿਆਰਥੀਆਂ ਦੇ ਹੱਕਾਂ ਦੀ ਸੁਰੱਖਿਆ ਲਈ ਦਖ਼ਲ ਦੇਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਨੇ ਰਾਜਸਥਾਨ ਦੇ ਸਿੱਖ ਆਗੂਆਂ ਨੂੰ ਵੀ ਸਰਗਰਮ ਕੀਤਾ, ਜਿਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਨਾਲ ਮੁਲਾਕਾਤਾਂ ਕਰਕੇ ਰੋਸ ਪ੍ਰਗਟ ਕੀਤਾ।



**ਰਾਜਸਥਾਨ ਸਰਕਾਰ ਦਾ ਨੋਟੀਫਿਕੇਸ਼ਨ**

ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਰਾਜਸਥਾਨ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਮੰਗਾਂ ਨੂੰ ਸਵੀਕਾਰ ਕਰਦਿਆਂ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਵਿੱਚ ਸਿੱਖ ਵਿਦਿਆਰਥੀਆਂ ਨੂੰ ਪੰਜ ਕਕਾਰਾਂ ਨਾਲ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਦੀ ਮਨਜ਼ੂਰੀ ਦਿੱਤੀ ਗਈ। ਇਹ ਨੋਟੀਫਿਕੇਸ਼ਨ ਕੇਂਦਰ ਸਰਕਾਰ ਦੀਆਂ ਗਾਈਡਲਾਈਨਜ਼ ਦੇ ਅਧਾਰ 'ਤੇ ਜਾਰੀ ਕੀਤਾ ਗਿਆ, ਜੋ ਪਹਿਲਾਂ ਜੇਈਈ ਅਤੇ ਹੋਰ ਰਾਸ਼ਟਰੀ ਪੱਧਰ ਦੀਆਂ ਪ੍ਰੀਖਿਆਵਾਂ ਲਈ ਲਾਗੂ ਕੀਤੀਆਂ ਗਈਆਂ ਸਨ। ਇਸ ਫੈਸਲੇ ਨੇ ਸਿੱਖ ਵਿਦਿਆਰਥੀਆਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਅਤੇ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕੀਤੀ।

# ਕੀ ਪੰਜਾਬ ਵਿਚ ਭਈਆਵਾਦ ਵਸਾਉਣ ਦੀ ਤਿਆਰੀ ਹੈ ?

### ✪ ਰਾਣਾ ਗੁਰਜੀਤ ਦੇ ਤਰਕ ਪਿਛੇ ਕੀ ਸਚਾਈ ਹੈ ? ✪ ਬਹੁਜਨ ਪਾਰਟੀ ਕਿਸਾਨ ਦੇ ਹਕ ਵਿਚ ਖੜ ਗਈ ਹੈ ਦਲਿਤ ਕਿਸ ਦੇ ਹਕ ਵਿਚ ਖਲੋਣਗੇ ?

ਚੰਡੀਗੜ੍ਹ-ਲੈਂਡ ਪੂਲਿੰਗ ਪਾਲਸੀ ਬਾਰੇ ਰਾਣਾ ਗੁਰਜੀਤ ਸਿੰਘ, ਕਪੂਰਥਲਾ ਤੋਂ ਕਾਂਗਰਸ ਵਿਧਾਇਕ, ਦੇ ਦਾਅਵਿਆਂ ਵਿੱਚ ਸੱਚਾਈ ਹੋ ਸਕਦੀ ਹੈ ਕਿ ਇਹ ਪਾਲਸੀ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਬਦਲ ਸਕਦੀ ਹੈ ਅਤੇ ਦੂਜੇ ਰਾਜਾਂ ਦੇ ਲੋਕਾਂ ਨੂੰ ਆਕਰਸ਼ਿਤ ਕਰ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਐਨੇ ਵੱਡੇ ਰਿਹਾਇਸ਼ੀ ਖੇਤਰ ਦੀ ਲੋੜ ਨਹੀਂ ਹੈ ਅਤੇ ਇਹ ਦੂਜੇ ਰਾਜਾਂ ਦੇ ਲੋਕਾਂ ਨੂੰ ਆਕਰਸ਼ਿਤ ਕਰ ਸਕਦੀ ਹੈ, ਜਿਸ ਨਾਲ ਭੂਗੋਲਿਕ ਅਤੇ ਲੋਕ-ਗਿਣਤੀ ਵਿੱਚ ਬਦਲਾਅ ਆ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ 40,000 ਏਕੜ ਜ਼ਮੀਨ ਵਿਕਸਤ ਕਰਨ ਦੀ ਲੋੜ ਬਾਰੇ ਬਲੂਪ੍ਰਿੰਟ ਜਾਰੀ ਕਰਨਾ ਚਾਹੀਦਾ ਹੈ ਅਤੇ ਸਮਾਜਿਕ ਪ੍ਰਭਾਵਾਂ ਬਾਰੇ ਸਰਵੇਖਣ ਨਹੀਂ ਕੀਤਾ ਗਿਆ ਹੈ।

ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਲੁਧਿਆਣਾ ਵਿੱਚ 24,000 ਏਕੜ ਜ਼ਮੀਨ ਲੈਣ ਦੀ ਯੋਜਨਾ ਹੈ, ਜੋ ਕਿ 100 ਸਾਲਾਂ ਵਿੱਚ ਸ਼ਹਿਰ ਦੇ ਵਿਕਾਸ ਤੋਂ ਵੀ ਵੱਧ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਰਕਾਰ 5 ਲੱਖ ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਯੋਜਨਾ ਬਣਾ ਰਹੀ ਹੈ, ਜੋ ਪਹਿਲਾਂ ਹੀ 4 ਲੱਖ ਕਰੋੜ ਰੁਪਏ ਦੇ ਕਰਜ਼ੇ ਤੋਂ ਵਧ ਕੇ 9 ਲੱਖ ਕਰੋੜ ਰੁਪਏ ਹੋ ਜਾਵੇਗਾ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸਰਕਾਰ ਨੂੰ ਛੋਟੇ ਸ਼ਹਿਰਾਂ ਜਿਵੇਂ ਆਦਮਪੁਰ ਅਤੇ ਅਜਨਾਲਾ ਦਾ ਵਿਕਾਸ ਕਰਨਾ ਚਾਹੀਦਾ ਹੈ, ਨਾ ਕਿ ਵੱਡੇ ਸ਼ਹਿਰਾਂ ਦੇ ਆਲੇ-ਦੁਆਲੇ ਨਵੇਂ ਟਾਊਨਸ਼ਿਪ ਵਿਕਸਤ ਕਰਨਾ। ਪੰਜਾਬੀਆਂ ਦੀ ਬਹੁਗਿਣਤੀ ਇਸ ਮਾਮਲੇ ਵਿਚ ਕਿਸਾਨਾਂ ਦੇ ਅੰਦੋਲਨ ਦੇ ਹੱਕ ਵਿਚ ਖੜ੍ਹੇ ਸਕਦੇ ਹਨ।

ਬਹੁਜਨ ਸਮਾਜ ਪਾਰਟੀ (ਬੀਐਸਪੀ) ਕਿਸਾਨਾਂ ਦੇ ਹੱਕ ਵਿੱਚ ਖੜੀ ਹੈ, ਅਤੇ ਦਲਿਤ ਭਾਈਚਾਰੇ ਵੀ ਕਿਸਾਨਾਂ ਦੇ ਸਮਰਥਨ ਵਿੱਚ ਆ ਸਕਦੇ ਹਨ।


ਪੰਜਾਬੀ ਹਿੰਦੂ ਭਾਈਚਾਰੇ ਦੀ ਸਥਿਤੀ ਸਪੱਸ਼ਟ ਨਹੀਂ ਹੈ, ਪਰ ਉਹ ਵੀ ਕਿਸਾਨਾਂ ਦੇ ਮੁੱਦਿਆਂ ਬਾਰੇ ਵੱਖ-ਵੱਖ ਰਾਏ ਰੱਖ ਸਕਦੇ ਹਨ। ਇਥੇ ਵਰਣਨਯੋਗ ਹੈ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਸੀ, 2025, ਨੂੰ ਸ਼ਹਿਰੀ ਵਿਕਾਸ ਨੂੰ ਉਤਸਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਤਹਿਤ,



ਕਿਸਾਨ ਆਪਣੀ ਜ਼ਮੀਨ ਸਰਕਾਰ ਨੂੰ ਦੇ ਸਕਦੇ ਹਨ, ਅਤੇ ਬਦਲੇ ਵਿੱਚ ਉਨ੍ਹਾਂ ਨੂੰ ਵਿਕਸਿਤ ਰਿਹਾਇਸ਼ੀ ਅਤੇ ਵਪਾਰਕ ਪਲਾਟ ਮਿਲਦੇ ਹਨ। ਸਰਕਾਰ ਦਾ ਦਾਅਵਾ ਹੈ ਕਿ ਇਹ ਕਿਸਾਨਾਂ ਲਈ ਲਾਭਦਾਇਕ ਹੈ, ਪਰ ਕਿਸਾਨ ਅਤੇ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਇਹ ਖੇਤੀ ਜ਼ਮੀਨ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

# ਪਾਕਿਸਤਾਨ ਨੂੰ ਹਰਾਉਣ ਵਿਚ ਭਾਰਤ ਕਾਮਯਾਬ ਹੋਇਆ

**○ ਕਿਸੇ ਦੇ ਕਹਿਣ 'ਤੇ ਨਹੀਂ ਰੋਕਿਆ ਅਪਰੇਸ਼ਨ ਸਿੰਧੂਰ ਮੋਦੀ ਦਾ ਸਪੱਸ਼ਟੀਕਰਨ ○ ਕਾਂਗਰਸ ਨੇ ਸੈਨਿਕਾਂ ਦੀ ਹਮਾਇਤ ਨਹੀਂ ਕੀਤੀ-ਮੋਦੀ**




ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਵਿਚ 'ਅਪਰੇਸ਼ਨ ਸਿੰਧੂਰ' 'ਤੇ ਚੱਲ ਰਹੀ ਚਰਚਾ ਦੌਰਾਨ ਸਪੱਸ਼ਟ ਕੀਤਾ ਕਿ ਕਿਸੇ ਵੀ ਕੌਮਾਂਤਰੀ ਆਗੂ ਨੇ ਭਾਰਤ ਨੂੰ ਇਹ ਕਾਰਵਾਈ ਰੋਕਣ ਲਈ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਦੁਨੀਆਂ ਨੇ ਭਾਰਤੀ ਸੈਨਿਕਾਂ ਦੀ ਬਹਾਦਰੀ ਦੀ ਸਰਾਹਨਾ ਕੀਤੀ, ਪਰ ਕਾਂਗਰਸ ਅਤੇ ਉਸ ਦੇ ਸਹਿਯੋਗੀਆਂ ਨੇ ਸੈਨਿਕਾਂ ਦਾ ਸਾਥ ਨਹੀਂ ਦਿੱਤਾ। ਮੋਦੀ ਨੇ ਕਿਹਾ, "9 ਮਈ ਦੀ ਰਾਤ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਮੇਰੇ ਨਾਲ ਸੰਪਰਕ ਕਰਕੇ ਪਾਕਿਸਤਾਨ ਵੱਲੋਂ ਹਮਲੇ ਦੀ ਚਿਤਾਵਨੀ ਦਿੱਤੀ, ਪਰ ਮੈਂ ਸਪੱਸ਼ਟ ਕੀਤਾ ਕਿ ਜੇ ਪਾਕਿਸਤਾਨ ਹਮਲਾ ਕਰਦਾ ਹੈ, ਤਾਂ ਸਾਡਾ ਜਵਾਬ ਕਈ ਗੁਣਾ ਵੱਡਾ ਹੋਵੇਗਾ।"

ਉਨ੍ਹਾਂ ਨੇ ਪਾਕਿਸਤਾਨ ਦੀ ਪ੍ਰਮਾਣੂ ਧਮਕੀ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਭਾਰਤ ਅਜਿਹੇ ਬਲੈਕਮੇਲ ਅੱਗੇ ਨਹੀਂ ਝੁਕੇਗਾ। ਮੋਦੀ ਨੇ ਦੱਸਿਆ ਕਿ 22 ਅਪਰੈਲ ਦੇ ਪਹਿਲਗਾਮ ਹਮਲੇ ਦਾ ਜਵਾਬ ਦੇਣ ਲਈ ਭਾਰਤ ਨੇ 22 ਮਿੰਟਾਂ 'ਚ ਪਾਕਿਸਤਾਨ 'ਚ ਦਾਖਲ ਹੋ ਕੇ ਅਤਿਵਾਦੀ ਟਿਕਾਣੇ ਤਬਾਹ ਕਰ ਦਿੱਤੇ।

ਕਾਂਗਰਸ 'ਤੇ ਹਮਲਾ ਕਰਦਿਆਂ ਮੋਦੀ ਨੇ ਕਿਹਾ ਕਿ ਉਸ ਨੇ ਹਮੇਸ਼ਾ ਕੌਮੀ ਸੁਰੱਖਿਆ ਨਾਲ ਸਮਝੌਤਾ ਕੀਤਾ। ਉਨ੍ਹਾਂ ਨੇ 2008 ਦੇ ਮੁੰਬਈ ਹਮਲਿਆਂ ਅਤੇ ਸਿੰਧੂ ਜਲ ਸੰਧੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਂਗਰਸ ਨੇ ਪੀਓਕੇ 'ਤੇ ਪਾਕਿਸਤਾਨ ਦੇ ਕਬਜ਼ੇ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਜਵਾਬ 'ਚ ਮੋਦੀ 'ਤੇ ਫੌਜ ਨੂੰ ਸਿਆਸੀ ਲਾਹੇ ਲਈ ਵਰਤਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ, "ਜੇ ਮੋਦੀ 'ਚ ਹਿੰਮਤ ਹੈ, ਤਾਂ ਉਹ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਜੰਗਬੰਦੀ ਵਾਲੇ ਬਿਆਨ ਨੂੰ ਝੂਠਾ ਕਹਿਣ।" ਗਾਂਧੀ ਨੇ ਦਾਅਵਾ ਕੀਤਾ ਕਿ ਸਰਕਾਰ ਦੀਆਂ ਨੀਤੀਆਂ ਕਾਰਨ ਚੀਨ ਅਤੇ ਪਾਕਿਸਤਾਨ ਇਕਜੁੱਟ ਹੋਏ, ਜਿਸ ਨਾਲ ਅਪਰੇਸ਼ਨ ਸਿੰਧੂਰ 'ਚ ਪੰਜ ਜਹਾਜ਼ ਗੁਆਏ

## ਸਿੱਖ ਮਸਲਿਆਂ 'ਤੇ ਬੀਬੀ ਬਾਦਲ ਕੇਂਦਰ ਉਪਰ ਵਰੀ



ਲੋਕ ਸਭਾ ਵਿਚ ਬੋਲਦੇ ਹੋਏ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਵਿਰੋਧੀ ਧਿਰਾਂ ਨੂੰ ਸਵਾਲਾਂ ਦੇ ਘੇਰੇ ਵਿਚ ਲਿਆ। ਸਦਨ ਵਿਚ ਬੋਲਦੇ ਹੋਏ ਕਿਹਾ ਕਿ ਵਿਰੋਧੀ ਧਿਰ ਦੇ ਮੈਂਬਰ ਇਹ ਕਿਉਂ ਪੁੱਛ ਰਹੇ ਹਨ ਕਿ ਜੰਗ ਕਿਉਂ ਰੁਕ ਗਈ? ਉਹਨਾਂ ਨੇ ਅਪੀਲ ਕਰਦੇ ਹੋਏ ਕਿਹਾ ਕਿ ਇਹ ਗੱਲ ਸਰਹੱਦਾਂ 'ਤੇ ਰਹਿਣ ਵਾਲੇ, ਖ਼ਾਸ ਕਰਕੇ ਪੰਜਾਬ ਅਤੇ ਕਸ਼ਮੀਰ ਤੋਂ ਪੁੱਛਣੀ ਚਾਹੀਦੀ ਹੈ, ਜੋ ਜੰਗਾਂ ਦੌਰਾਨ ਦੁੱਖ ਝੱਲਦੇ ਹਨ। ਸਰਹੱਦਾਂ 'ਤੇ ਚੱਲਣ ਵਾਲੀ ਜੰਗ ਵਿਚ ਸਾਡੇ ਜਾਂ ਤੁਹਾਡੇ ਪੁੱਤਰ ਨਹੀਂ ਹਨ, ਜੋ ਰੋਜ਼ਾਨਾ ਮਰ ਰਹੇ ਹਨ। ਉਕਤ ਸਥਾਨਾਂ 'ਤੇ ਸਾਡੇ ਘਰ ਨਹੀਂ ਹਨ, ਜਿਥੇ ਰੋਜ਼ਾਨਾ ਗੋਲੀਆਂ ਚੱਲਦੀਆਂ ਹਨ।

ਸੰਸਦ ਮੈਂਬਰ ਹਰਸਿਮਰਤ ਬਾਦਲ ਨੇ ਲੋਕ ਸਭਾ ਵਿਚ ਜੰਗਾਂ ਦੇ ਸਮੇਂ ਸਰਹੱਦੀ ਵਸਨੀਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਕੀਤੇ ਜਾਣ ਅਤੇ ਕੋਈ ਮੁਆਵਜ਼ਾ ਨਾ ਮਿਲਣ ਦਾ ਮੁੱਦਾ ਉਠਾਇਆ। ਜੰਗ ਲੱਗਣ ਦੇ ਕਾਰਨ ਸਰਹੱਦਾਂ ਵਿਚ ਕਦੇ ਕੋਈ ਵਿਕਾਸ ਨਹੀਂ ਹੋਇਆ। ਜੰਗ ਜਦੋਂ ਵੀ ਹੁੰਦੀ ਹੈ, ਤਾਂ ਇਸ ਵਿਚ ਨੁਕਸਾਨ ਹਮੇਸ਼ਾ ਪੰਜਾਬੀਆਂ ਦਾ ਹੁੰਦਾ ਹੈ। ਹਰਸਿਮਰਤ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਜਦੋਂ ਇਨ੍ਹਾਂ ਦਿਨਾਂ ਦਾ ਸਾਹਮਣਾ ਕਰਨਾ ਪਿਆ ਤਾਂ ਉਹਨਾਂ ਨੂੰ 1947, 65, 75 ਦੀ ਜੰਗ ਦੇ ਕਾਲੇ ਦਿਨ ਯਾਦ ਆ ਗਏ, ਜਿਹਨਾਂ ਨੂੰ ਸੋਚ ਉਹ ਕਹਿਣ ਲੱਗੇ ਕਿ ਹੁਣ ਉਹਨਾਂ ਦਾ ਕੀ ਹੋਵੇਗਾ। ਇਨੀਂ ਦਿੱਲੀ ਸਾਰੇ ਛੋਟੇ-ਵੱਡੇ ਵਪਾਰੀਆਂ ਦਾ ਕੰਮ ਠੱਪ ਹੋ ਗਿਆ, ਸਾਰੇ ਮਜ਼ਬੂਰ ਆਪਣੇ ਸ਼ਹਿਰ ਚੱਲੇ ਗਏ।

ਹਰਸਿਮਰਤ ਨੇ ਕਿਹਾ ਕਿ ਜਦੋਂ ਵੀ ਕੋਈ ਅਜਿਹੀ ਘਟਨਾ ਵਾਪਰਦੀ ਹੈ ਤਾਂ ਸਰਕਾਰਾਂ ਵਲੋਂ ਕਿਹਾ ਜਾਂਦਾ ਹੈ ਕਿ ਅਟਾਰੀ ਸਰਹੱਦ ਬੰਦ ਕਰ ਦਿਓ। ਅਟਾਰੀ ਸਰਹੱਦ ਬੰਦ ਕਰਨ ਨਾਲ ਛੋਟੇ ਵਪਾਰੀ, ਛੋਟੇ ਕਾਰੋਬਾਰੀ ਅਤੇ ਛੋਟੇ ਟਰਾਂਸਪੋਰਟਰ ਦਾ ਨੁਕਸਾਨ ਹੋ ਜਾਂਦਾ ਹੈ। ਹਰਸਿਮਰਤ ਬਾਦਲ ਨੇ ਕਿਹਾ ਕਿ ਪੰਜਾਬ ਦੇ ਸਭ ਤੋਂ ਪਵਿੱਤਰ ਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਬੰਬ ਨਾਲ ਉਡਾਉਣ ਦੀਆਂ 10 ਵਾਰ ਧਮਕੀਆਂ ਮਿਲੀਆਂ ਹਨ। ਜੇ ਉਥੋਂ ਦੀ ਸਰਕਾਰ ਦੀ ਥਾਂ ਤੁਸੀਂ ਕੁਝ ਕਰ ਦਿਓ, ਜੇ ਕੁਝ ਕਰ ਸਕਦੇ ਹੋ। ਇਸ ਦੌਰਾਨ ਉਹਨਾਂ ਨੇ ਸੰਸਦ ਵਿਚ ਸਵਾਲ ਖੜ੍ਹੇ ਕਰਦੇ ਹੋਏ ਕਿਹਾ ਕਿ ਜੇਕਰ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਹੋ ਸਕਦੀ ਹੈ, ਤਾਂ ਸਿੱਖਾਂ ਦਾ ਕਰਤਾਰਪੁਰ ਲਾਂਘਾ ਕਿਉਂ ਨਹੀਂ ਸ਼ੁਰੂ ਹੋ ਸਕਦਾ? ਜੇਕਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਕ੍ਰਿਕਟ ਮੈਚ ਖੇਡਿਆ ਜਾ ਸਕਦਾ ਹੈ, ਤਾਂ ਦਿਲਜੀਤ ਦੋਸਾਂਝ ਦੀ ਫ਼ਿਲਮ ਕਿਉਂ ਨਹੀਂ ਰਿਲੀਜ਼ ਹੋ ਸਕਦੀ।

## ਲੈਂਡ ਪੂਲਿੰਗ ਸਕੀਮ ਖਿਲਾਫ਼ ਸੰਘਰਸ਼ ਜਾਰੀ ਰੱਖੇਗਾ ਸ਼੍ਰੋਮਣੀ ਅਕਾਲੀ ਦਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਵਲੋਂ ਪਾਰਟੀ ਮੁੱਖ ਦਫ਼ਤਰ ਵਿਖੇ ਜ਼ਿਲ੍ਹਾ ਪ੍ਰਧਾਨਾਂ, ਵਰਕਰ ਕਮੇਟੀ ਤੇ ਕੋਰ ਕਮੇਟੀ ਦੀਆਂ ਵੱਖ-ਵੱਖ ਮੀਟਿੰਗਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈਆਂ। ਜਿਸ ਵਿਚ ਰਾਜ ਸਰਕਾਰ ਵਲੋਂ ਜ਼ਮੀਨ ਦੀ ਲੁੱਟ 'ਤੇ ਵਿਸਥਾਰ ਨਾਲ ਚਰਚਾ ਕੀਤੀ ਤੇ ਇਸ ਦੇ ਵਿਰੋਧ ਦੀ ਰੂਪ-ਰੇਖਾ ਤੈਅ ਕੀਤੀ ਗਈ। ਮੀਟਿੰਗਾਂ ਉਪਰੰਤ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਜਦੋਂ ਤਕ ਪੰਜਾਬ ਸਰਕਾਰ ਵਲੋਂ ਨਵੀਂ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਨਹੀਂ ਲਿਆ ਜਾਂਦਾ ਉਦੋਂ ਤਕ ਸ਼੍ਰੋਮਣੀ ਅਕਾਲੀ ਦਲ ਧਰਨੇ ਤੇ ਰੋਸ ਮੁਜ਼ਾਹਰੇ ਜਾਰੀ ਰੱਖੇਗਾ।ਉਨ੍ਹਾਂ ਕਿਹਾ ਕਿ 22 ਜੁਲਾਈ ਤੋਂ ਸ਼ੁਰੂ ਕੀਤੇ ਧਰਨਿਆਂ ਦੀ ਲੜੀ ਤਹਿਤ ਅਕਾਲੀ ਦਲ ਵਲੋਂ ਹੁਣ ਅੱਗੋਂ 4 ਅਗਸਤ ਨੂੰ ਬਠਿੰਡਾ, 11 ਅਗਸਤ ਨੂੰ ਪਟਿਆਲਾ, 21 ਅਗਸਤ ਨੂੰ ਫਿਰੋਜ਼ਪੁਰ ਤੇ 30 ਅਗਸਤ ਨੂੰ ਮੋਗਾ ਵਿਖੇ ਰੋਸ ਧਰਨੇ ਤੇ ਮੁਜ਼ਾਹਰੇ ਕੀਤੇ ਜਾਣਗੇ ।



ਕੋਰ ਕਮੇਟੀ ਦੀ ਮੀਟਿੰਗ ਦੇ ਮਤੇ ਵਿਚ ਕਿਹਾ ਗਿਆ ਕਿ ਭਾਰਤ ਦੇ ਸੰਵਿਧਾਨ ਤਹਿਤ ਸਿੱਖਾਂ ਨੂੰ ਮਿਲੇ ਕਿਰਪਾਨ ਦੇ ਅਧਿਕਾਰਾਂ ਦੀ ਸ਼ਰ੍ਹੇਆਮ ਉਲੰਘਣਾ ਹੋ ਰਹੀ ਹੈ ਜੋ ਤੁਰੰਤ ਬੰਦ ਹੋਣੀ ਚਾਹੀਦੀ ਹੈ ਝ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਖਾਸ ਤੌਰ 'ਤੇ ਮੁੱਖ ਮੰਤਰੀ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀਨਗਰ ਵਿਚ ਹੋਏ ਪ੍ਰੋਗਰਾਮ ਵਿਚ ਹੋਈ ਬੇਅਦਬੀ ਲਈ ਮੁਆਫੀ ਮੰਗਣੀ ਚਾਹੀਦੀ ਹੈ ਝ ਕੋਰ ਕਮੇਟੀ ਦੀ ਮੀਟਿੰਗ ਵਿਚ ਜਨਮੇਜਾ ਸਿੰਘ ਸੇਖੋਂ, ਗੁਰਬਚਨ ਸਿੰਘ ਬੱਬੇਹਾਲੀ, ਸ਼ਰਨਜੀਤ ਸਿੰਘ ਢਿੱਲੋਂ, ਐਨ.ਕੇ. ਸ਼ਰਮਾ, ਹੀਰਾ ਸਿੰਘ ਗਾਬੜੀਆ, ਹਰਚਰਨ ਬੈਂਸ ਆਦਿ ਹਾਜ਼ਰ ਸਨ।

## ਆਰਡੀਐਕਸ ਨਾਲ ਉਡਾਉਣ ਦੀ ਸ੍ਰੀ ਦਰਬਾਰ ਸਾਹਿਬ ਨੂੰ ਮੁੜ ਮਿਲੀ ਧਮਕੀ

**○ ਦੋਸ਼ੀ ਨੇ14ਵੀਂ ਵਾਰ ਈ-ਮੇਲ ਰਾਹੀਂ ਭੇਜਿਆ ਸੰਦੇਸ਼, ਡਾਰਕ ਵੈੱਬ ਦੀ ਵਰਤੋਂ ਕਰ ਰਿਹੈ ਨੇ ਦੋਸ਼ੀ**

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਨੂੰ ਆਰਡੀਐਕਸ ਨਾਲ ਉਡਾਉਣ ਦੀ ਧਮਕੀ ਬੀਤੇ ਸੋਮਵਾਰ ਨੂੰ ਇਕ ਵਾਰ ਫਿਰ ਐੱਸਜੀਪੀਸੀ ਦੇ ਈ-ਮੇਲ 'ਤੇ ਭੇਜੀ ਗਈ। ਈ-ਮੇਲ ਵਿਚ ਲਿਖੇ ਸੁਨੇਹੇ ਦਾ ਅੰਦਾਜ਼ ਉਹੀ ਹੈ, ਜੋ ਪਹਿਲਾਂ ਦਿੱਤੀਆਂ ਗਈਆਂ 13 ਧਮਕੀਆਂ ਵਿਚ ਲਿਖਿਆ ਗਿਆ ਸੀ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਹੁਣ ਤੱਕ ਪੁਲਿਸ ਈ-ਮੇਲ ਭੇਜਣ ਵਾਲੇ ਮੁਲਜ਼ਮ ਦਾ ਪਤਾ ਨਹੀਂ ਲਗਾ ਸਕੀ।

ਇਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਈ-ਮੇਲ ਭੇਜਣ ਵਾਲੇ ਵਿਅਕਤੀ ਦੀ ਲੋਕੇਸ਼ਨ ਵਾਰ-ਵਾਰ ਬਦਲੀ ਜਾ ਰਹੀ ਹੈ। ਉਸ ਦਾ ਆਈਪੀ ਅਡਰੈੱਸ ਕਈ ਵਾਰ ਭਾਰਤ ਦੇ ਸੂਬਿਆਂ ਵਿਚ ਅਤੇ ਕਈ ਵਾਰ ਵਿਦੇਸ਼ਾਂ ਵਿਚ ਮਿਲਦਾ ਹੈ। ਇਨ੍ਹਾਂ ਹਾਲਾਤ ਵਿਚ ਪੁਲਿਸ ਲਈ ਮੁਲਜ਼ਮ ਤੱਕ ਪਹੁੰਚਣਾ ਬਹੁਤ ਔਖਾ ਹੁੰਦਾ ਜਾ ਰਿਹਾ ਹੈ। ਇਸ ਸਬੰਧ 'ਚ ਪੰਜਾਬ ਪੁਲਿਸ ਦਾ ਸਟੇਟ ਸਾਈਬਰ ਸੈੱਲ ਡਾਟਾ ਦੇਣ ਵਾਲੀ ਕੰਪਨੀ ਦੇ ਸੰਪਰਕ 'ਚ ਹੈ ਪਰ ਈ-ਮੇਲ ਨਾਲ ਸਬੰਧਤ ਡਾਟਾ ਪੁਲਿਸ ਤੱਕ ਪਹੁੰਚਣ 'ਚ ਇਕ ਤੋਂ ਡੇਢ ਮਹੀਨਾ ਲੱਗ ਸਕਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਸੀ ਕਿ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਨੂੰ 14 ਧਮਕੀਆਂ ਮਿਲੀਆਂ ਹਨ ਅਤੇ ਇਹ ਸਿਲਸਿਲਾ ਜਾਰੀ ਹੈ। ਹੁਣ ਤੱਕ ਪੁਲਿਸ ਅਧਿਕਾਰੀ ਉਨ੍ਹਾਂ ਨੂੰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਬਾਰੇ ਕੁਝ ਨਹੀਂ ਦੱਸ ਰਹੇ।

ਇੰਟਰਨੈੱਟ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਸਰਗਰਮੀਆਂ ਕਰਨ ਵਾਲੇ ਅਪਰਾਧੀ ਡਾਰਕ ਵੈੱਬ ਦੀ ਵਰਤੋਂ ਕਰਦੇ ਹਨ। ਇਸ ਨੂੰ ਡਾਰਕ ਨੈੱਟ ਵੀ ਕਿਹਾ ਜਾਂਦਾ ਹੈ ਤੇ ਇਹ ਇੰਟਰਨੈੱਟ ਦਾ ਇਕ ਲੁਕਿਆ ਹੋਇਆ ਹਿੱਸਾ ਹੈ। ਡਾਰਕ ਵੈੱਬ ਦੀ ਵਰਤੋਂ ਅਕਸਰ ਚੋਰੀ ਕੀਤੇ ਡਾਟਾ ਨੂੰ ਵੇਚਣ, ਸਾਈਬਰ ਹਮਲੇ, ਗੁਮਨਾਮ ਧਮਕੀ ਭਰੇ ਸੁਨੇਹੇ ਭੇਜਣ ਆਦਿ ਵਰਗੀਆਂ ਗ਼ੈਰ-ਕਾਨੂੰਨੀ ਸਰਗਰਮੀਆਂ ਲਈ ਕੀਤੀ ਜਾਂਦੀ ਹੈ। ਇਹ ਸਾਈਬਰ ਅਪਰਾਧੀਆਂ ਲਈ ਇਕ ਸੁਰੱਖਿਅਤ ਜਗ੍ਹਾ ਵੀ ਪ੍ਰਦਾਨ ਕਰਦਾ ਹੈ।

# ਬੀਬੀਐੱਮਬੀ ਤੇ ਪੰਜਾਬ ਵਿਚਾਲੇ ਛਿੜੀ ਜੰਗ: ਸਕੱਤਰ ਦੀ ਨਿਯੁਕਤੀ ਨੇ ਭਖਾਇਆ ਵਿਵਾਦ

## ✪ ਪੰਜਾਬ ਦੇ ਹੱਕਾਂ ’ਤੇ ਕੇਂਦਰੀ ਸਾਜਿਸ਼ ਦਾ ਪਰਛਾਵਾਂ ✪ ਸੀਆਈਐੱਸਐੱਫ ਦੀ ਤਾਇਨਾਤੀ: ਬੀਬੀਐੱਮਬੀ ਦੀ ਜ਼ਿੱਦ ਨੇ ਭਖਾਇਆ ਵਿਵਾਦ ✪ ਪਾਣੀ ਦੀ ਵੰਡ: ਸੁਪਰੀਮ ਕੋਰਟ ਦੀ ਨਾਂਹ ਨੇ ਪੰਜਾਬ ਦੇ ਜਖਮਾਂ ’ਤੇ ਭੂਕਿਆ ਨਮਕ



ਪੰਜਾਬ ਦੀ ਧਰਤੀ, ਜਿਥੇ ਪਾਣੀਆਂ ਦੀਆਂ ਨਦੀਆਂ ਨੇ ਸਦੀਆਂ ਤੋਂ ਜ਼ਮੀਨ ਨੂੰ ਸਿੰਜਿਆ ਹੈ, ਅੱਜ ਫਿਰ ਇਕ ਵਾਰ ਸਿਆਸੀ ਅਤੇ ਪ੍ਰਸ਼ਾਸਨਿਕ ਵਿਵਾਦ ਦੀ ਅੱਗ ’ਚ ਝੁਲਸ ਰਹੀ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਅਤੇ ਪੰਜਾਬ ਸਰਕਾਰ ਵਿਚਾਲੇ ਸਕੱਤਰ ਦੀ ਨਿਯੁਕਤੀ ਨੂੰ ਲੈ ਕੇ ਨਵਾਂ ਰੇੜਕਾ ਪੈ ਗਿਆ ਹੈ। ਇਹ ਝਗੜਾ ਸਿਰਫ ਅਹੁਦੇ ਦੀ ਗੱਲ ਨਹੀਂ, ਸਗੋਂ ਪੰਜਾਬ ਦੇ ਹੱਕਾਂ ’ਤੇ ਡਾਕਾ ਮਾਰਨ ਦੀ ਦਾਸਤਾਨ ਹੈ। ਇਸ ਦੇ ਨਾਲ ਹੀ, ਬੀਬੀਐੱਮਬੀ ਦੀ ਸੀਆਈਐੱਸਐੱਫ ਦੀ ਤਾਇਨਾਤੀ ਅਤੇ ਪਾਣੀ ਦੇ ਮੁੱਦੇ ’ਤੇ ਸੁਪਰੀਮ ਕੋਰਟ ਦੀ ਨਾਂਹ ਨੇ ਪੰਜਾਬ ਦੇ ਜਖਮਾਂ ’ਤੇ ਲੂਣ ਭੂਕਿਆ ਹੈ। ਬੀਬੀਐੱਮਬੀ ’ਚ ਸਕੱਤਰ ਦੀ ਅਸਾਮੀ ਖਾਲੀ ਹੋਣ ਮਗਰੋਂ ਨਵੇਂ ਮਾਪਦੰਡਾਂ ਦਾ ਡਰਾਮਾ ਸ਼ੁਰੂ ਹੋਇਆ ਹੈ। ਬੀਬੀਐੱਮਬੀ ਨੇ 20 ਸਾਲ ਦੇ ਤਜਰਬੇ ਅਤੇ ਨਿਗਰਾਨ ਜਾਂ ਕਾਰਜਕਾਰੀ ਇੰਜਨੀਅਰ ਦੀ ਸ਼ਰਤ ਨੂੰ ਅੱਗੇ ਲਿਆਂਦਾ ਹੈ, ਜਿਸ ਨਾਲ ਪੰਜਾਬ ਦੀਆਂ ਉਮੀਦਾਂ ’ਤੇ ਪਾਣੀ ਫਿਰ ਗਿਆ। ਪੰਜਾਬ ਸਰਕਾਰ ਦਾ ਇਤਰਾਜ਼ ਸਾਫ ਹੈ-ਇਹ ਮਾਪਦੰਡ ਇਕ ਖਾਸ ਅਧਿਕਾਰੀ ਨੂੰ ਅਹੁਦੇ ’ਤੇ ਬਿਠਾਉਣ ਦੀ ਸਾਜਿਸ਼ ਹਨ, ਜਿਸ ਦੀ ਕੇਂਦਰੀ ਬਿਜਲੀ ਮੰਤਰੀ ਤੱਕ ਪਹੁੰਚ ਹੈ। ਪੰਜਾਬ ਦਾ ਦਰਦ ਇਹ ਹੈ ਕਿ ਸਕੱਤਰ ਦੀ ਕੁਰਸੀ ’ਤੇ ਦਹਾਕਿਆਂ ਤੋਂ ਹਰਿਆਣਾ ਦਾ ਕਬਜ਼ਾ ਹੈ, ਜਦਕਿ ਪੰਜਾਬ, ਜੋ ਬੀਬੀਐੱਮਬੀ ਵਿਚ ਵੱਡਾ ਹਿੱਸੇਦਾਰ ਹੈ, ਹਰ ਵਾਰ ਮੂੰਹ ਦੇਖਦਾ ਰਹਿ ਜਾਂਦਾ ਹੈ। ਪੰਜਾਬ ਨੇ ਮੰਗ ਕੀਤੀ ਹੈ ਕਿ ਮਾਪਦੰਡਾਂ ਨੂੰ ਬੋਰਡ ਦੀ ਮਨਜ਼ੂਰੀ ਨਾਲ ਹੀ ਤੈਅ ਕੀਤਾ ਜਾਵੇ ਅਤੇ 20 ਸਾਲ ਦੀ ਸ਼ਰਤ ਨੂੰ ਘਟਾ ਕੇ 5 ਸਾਲ ਕੀਤਾ ਜਾਵੇ, ਤਾਂ ਜੋ ਪੰਜਾਬ ਦੇ ਨੌਜਵਾਨ ਅਫਸਰਾਂ ਨੂੰ ਮੌਕਾ ਮਿਲ ਸਕੇ।

## ਹੱਲ ਕੀ ਹੈ: ਪੰਜਾਬ ਦੇ ਹੱਕਾਂ ਦੀ ਰਾਖੀ

ਇਹ ਸਾਰਾ ਵਿਵਾਦ ਪੰਜਾਬ ਦੇ ਹੱਕਾਂ ’ਤੇ ਡਾਕਾ ਮਾਰਨ ਦੀ ਨੈਰਟਿਵ ਹੈ। ਬੀਬੀਐੱਮਬੀ ਦੇ ਮਾਪਦੰਡ, ਸੀਆਈਐੱਸਐੱਫ ਦੀ ਤਾਇਨਾਤੀ ਅਤੇ ਪਾਣੀ ਦੀ ਵੰਡ ਦੇ ਮੁੱਦੇ ਨੇ ਪੰਜਾਬ ਨੂੰ ਚਾਰੇ ਪਾਸਿਓਂ ਘੇਰਿਆ ਹੈ। ਹੱਲ ਇਹ ਹੈ ਕਿ ਬੀਬੀਐੱਮਬੀ ਨੂੰ ਸਾਰੇ ਹਿੱਸੇਦਾਰ ਸੂਬਿਆਂ ਨੂੰ ਬਰਾਬਰੀ ਦਾ ਮੌਕਾ ਦੇਣਾ ਚਾਹੀਦਾ। ਸਕੱਤਰ ਦੀ ਨਿਯੁਕਤੀ ਲਈ ਮਾਪਦੰਡ ਬੋਰਡ ਦੀ ਸਹਿਮਤੀ ਨਾਲ ਤੈਅ ਹੋਣ ਅਤੇ 20 ਸਾਲ ਦੀ ਸ਼ਰਤ ਘਟਾਈ ਜਾਵੇ। ਸੀਆਈਐੱਸਐੱਫ ਦੀ ਤਾਇਨਾਤੀ ’ਤੇ ਪੰਜਾਬ ਦੀ ਰਾਇ ਨੂੰ ਅਣਦੇਖਾ ਨਾ ਕੀਤਾ ਜਾਵੇ। ਪਾਣੀ ਦੇ ਮੁੱਦੇ ’ਤੇ ਸੁਪਰੀਮ ਕੋਰਟ ਨੂੰ ਪੰਜਾਬ ਦੀ ਗੱਲ ਸੁਣਨੀ ਚਾਹੀਦੀ ਹੈ, ਤਾਂ ਜੋ ਸੂਬੇ ਦੀਆਂ ਭਾਵਨਾਵਾਂ ਅਤੇ ਜ਼ਰੂਰਤਾਂ ਨੂੰ ਸਤਿਕਾਰ ਮਿਲੇ। ਜੇ ਇਹ ਨਾ ਹੋਇਆ, ਤਾਂ ਪੰਜਾਬ ਦੀ ਧਰਤੀ ਦਾ ਸੱਚ ਅਤੇ ਹੱਕ ਸਿਆਸੀ ਖੇਡਾਂ ਵਿਚ ਦਬਦਾ ਰਹੇਗਾ। ਪੰਜਾਬ ਵਿਚ ਲੋਕ ਲਹਿਰਾਂ ਸੰਘਰਸ਼ ਲਈ ਉਠਦੀਆਂ ਰਹਿਣਗੀਆਂ।

### ਸੀਆਈਐੱਸਐੱਫ ਦੀ ਤਾਇਨਾਤੀ: ਪੰਜਾਬ ਦੇ ਹੱਕਾਂ ’ਤੇ ਸੱਟ

ਬੀਬੀਐੱਮਬੀ ਨੇ ਭਾਖੜਾ ਡੈਮ ’ਤੇ ਸੀਆਈਐੱਸਐੱਫ ਦੀ ਤਾਇਨਾਤੀ ਲਈ 8.5 ਕਰੋੜ ਰੁਪਏ ਕੇਂਦਰੀ ਗ੍ਰਹਿ ਮੰਤਰਾਲੇ ’ਚ ਜਮ੍ਹਾ ਕਰਵਾ ਕੇ ਪੰਜਾਬ ਦੇ ਵਿਰੋਧ ਨੂੰ ਹਵਾ ਵਿਚ ਉਡਾ ਦਿੱਤਾ ਹੈ। ਪੰਜਾਬ ਨੇ 4 ਜੁਲਾਈ ਦੀ ਬੋਰਡ ਮੀਟਿੰਗ ਵਿਚ ਅਤੇ ਵਿਧਾਨ ਸਭਾ ਵਿਚ ਮਤੇ ਰਾਹੀਂ ਸੀਆਈਐੱਸਐੱਫ ਦੀ ਤਾਇਨਾਤੀ ਦਾ ਸਖ਼ਤ ਵਿਰੋਧ ਕੀਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਸੂਬੇ ਦੇ ਅਧਿਕਾਰਾਂ ’ਤੇ ਹਮਲਾ ਕਰਾਰ ਦਿੱਤਾ। ਪਰ ਬੀਬੀਐੱਮਬੀ ਨੇ ਮੀਟਿੰਗ ਦੇ ਚਾਰ ਦਿਨਾਂ ਬਾਅਦ ਹੀ ਪੈਸੇ ਜਮ੍ਹਾ ਕਰਕੇ ਪੰਜਾਬ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ। ਇਹ ਅਜਿਹਾ ਹੈ ਜਿਵੇਂ ਕਿਸੇ ਦੇ ਘਰ ’ਚ ਬਿਨ੍ਹਾਂ ਪੁੱਛੇ ਮਹਿਮਾਨ ਬਿਠਾ ਦਿੱਤੇ ਜਾਣ। ਪੰਜਾਬ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਖਰਚ ਦੀ ਅਦਾਇਗੀ ਨਹੀਂ ਕਰੇਗਾ, ਪਰ ਬੀਬੀਐੱਮਬੀ ਦੀ ਜ਼ਿੱਦ ਨੇ ਮਸਲੇ ਨੂੰ ਹੋਰ ਉਲਝਾ ਦਿੱਤਾ ਹੈ।

### ਪਾਣੀ ਦਾ ਮੁੱਦਾ: ਸੁਪਰੀਮ ਕੋਰਟ ਦੀ ਨਾਂਹ ਨੇ ਭਖਾਇਆ ਰੋਹ

ਪਾਣੀ ਦੀ ਵੰਡ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਵਿਚਾਲੇ ਪੁਰਾਣੀ ਖੜੋਤ ਹੈ। ਪੰਜਾਬ ਨੇ ਹਰਿਆਣਾ ਨੂੰ 4,500 ਕਿਊਸਿਕ ਵਾਧੂ ਪਾਣੀ ਦੇਣ ਦੇ ਹਾਈ ਕੋਰਟ ਦੇ ਹੁਕਮਾਂ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ, ਪਰ ਸੁਪਰੀਮ ਕੋਰਟ ਨੇ ਸੁਣਵਾਈ ਤੋਂ ਇਨਕਾਰ ਕਰਕੇ ਪੰਜਾਬ ਦੇ ਜਖਮਾਂ ’ਤੇ ਮਿਰਚ ਲਾਈ। ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਅਦਾਲਤ ’ਚ ਆਖਿਆ ਕਿ ਹਰਿਆਣਾ ਪਹਿਲਾਂ ਹੀ 100 ਫੀਸਦੀ ਤੋਂ ਵੱਧ ਪਾਣੀ ਲੈ ਰਿਹਾ ਹੈ ਤੇ ਪੰਜਾਬ ਨੇ ਮਨੁੱਖੀ ਆਧਾਰ ’ਤੇ 4,000 ਕਿਊਸਿਕ ਪਾਣੀ ਵੀ ਦਿੱਤਾ। ਪਰ ਸੁਪਰੀਮ ਕੋਰਟ ਦੀ ਨਾਂਹ ਨੇ ਪੰਜਾਬ ਦੀਆਂ ਉਮੀਦਾਂ ’ਤੇ ਪਾਣੀ ਫੇਰ ਦਿੱਤਾ। ਇਹ ਅਜਿਹਾ ਹੈ ਜਿਵੇਂ ਕਿਸੇ ਦੀ ਫਸਲ ਨੂੰ ਸਿੰਜਣ ਵਾਲਾ ਪਾਣੀ ਖੋਹ ਕੇ ਗੁਆਂਢੀ ਨੂੰ ਸੌਂਪ ਦਿੱਤਾ ਜਾਵੇ।

# 1993 ਦੇ ਫਰਜ਼ੀ ਮੁਕਾਬਲੇ ਦਾ ਮਾਮਲਾ: ਸਾਬਕਾ ਥਾਣੇਦਾਰ ਨੂੰ 10 ਸਾਲ ਕੈਦ, ਤਿੰਨ ਬਰੀ

## ✪ ਪਰਿਵਾਰ ਅਦਾਲਤੀ ਫੈਸਲੇ ਤੋਂ ਅਸੰਤੁਸ਼ਟ, ਜਾਏਗਾ ਹਾਈਕੋਰਟ



ਮੁਹਾਲੀ ਦੀ ਸੀਬੀਆਈ ਅਦਾਲਤ ਨੇ 1993 ਦੇ ਇੱਕ ਫਰਜ਼ੀ ਮੁਕਾਬਲੇ ਦੇ ਮਾਮਲੇ ਵਿੱਚ ਫੈਸਲਾ ਸੁਣਾਉਂਦਿਆਂ ਸਾਬਕਾ ਥਾਣੇਦਾਰ ਪਰਮਜੀਤ ਸਿੰਘ ਨੂੰ 10 ਸਾਲ ਦੀ ਕੈਦ ਅਤੇ 50,000 ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਹੈ। ਇਸ ਮਾਮਲੇ ਵਿੱਚ ਦੋ ਪੁਲਿਸ ਮੁਲਾਜ਼ਮਾਂ, ਸੁਰਮੁਖ ਸਿੰਘ ਅਤੇ ਸੁਖਵਿੰਦਰ ਸਿੰਘ, ਨੂੰ ਖਾੜਕੂ ਦੱਸ ਕੇ ਅਗਵਾ ਕਰਕੇ ਮਾਰ ਦਿੱਤਾ ਗਿਆ ਸੀ। ਅਦਾਲਤ ਨੇ ਤਿੰਨ ਹੋਰ ਮੁਲਜ਼ਮਾਂ-ਲੋਪੋਕੇ ਪੁਲਿਸ ਸਟੇਸ਼ਨ ਦੇ ਸਾਬਕਾ ਐਸਐਚਓ ਧਰਮ ਸਿੰਘ, ਏਐਸਆਈ ਕਸ਼ਮੀਰ ਸਿੰਘ ਅਤੇ ਏਐਸਆਈ ਦਰਬਾਰਾ ਸਿੰਘ-ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਇਸ ਫੈਸਲੇ ਤੋਂ ਅਸੰਤੁਸ਼ਟ ਪੀੜਤ ਪਰਿਵਾਰ ਨੇ ਹਾਈਕੋਰਟ ਜਾਣ ਦਾ ਐਲਾਨ ਕੀਤਾ ਹੈ।

18 ਅਪ੍ਰੈਲ, 1993 ਨੂੰ ਬਾਬਾ ਬਕਾਲਾ ਦੇ ਮੁੱਛਲ ਪਿੰਡ ਦੇ ਕਾਂਸਟੇਬਲ ਸੁਰਮੁਖ ਸਿੰਘ ਅਤੇ ਅੰਮ੍ਰਿਤਸਰ ਦੇ ਖਿਆਲਾ ਪਿੰਡ ਦੇ ਸੁਖਵਿੰਦਰ ਸਿੰਘ ਨੂੰ ਪੁਲਿਸ ਨੇ ਉਨ੍ਹਾਂ ਦੇ ਘਰੋਂ ਚੁੱਕਿਆ ਸੀ। ਇਨ੍ਹਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ ਅਤੇ 22 ਅਪ੍ਰੈਲ ਨੂੰ ਮਜੀਠਾ ਪੁਲਿਸ ਨੇ ਇੱਕ ਫਰਜ਼ੀ ਮੁਕਾਬਲੇ ਵਿੱਚ ਅਣਪਛਾਤੇ ਖਾੜਕੂਆਂ ਵਜੋਂ ਮਾਰ ਦਿੱਤਾ ਸੀ। ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਸਸਕਾਰ ਕਰ ਦਿੱਤਾ ਗਿਆ ਸੀ। ਸੀਬੀਆਈ ਜਾਂਚ ਵਿੱਚ ਸਾਫ਼ ਹੋਇਆ ਕਿ ਇਹ ਦੋਵੇਂ ਨੌਜਵਾਨ ਪੁਲਿਸ ਮੁਲਾਜ਼ਮ ਸਨ ਅਤੇ ਉਨ੍ਹਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ।

ਪੀੜਤ ਪਰਿਵਾਰ ਦੀ ਲੜਾਈ: ਹਾਈਕੋਰਟ ਵਿਚ ਜਾਣ ਦਾ ਫੈਸਲਾ-ਸੁਰਮੁਖ ਸਿੰਘ ਦੇ ਪੁੱਤਰ ਚਰਨਜੀਤ ਸਿੰਘ ਨੇ ਕਿਹਾ, “ਪਿਤਾ ਜੀ ਨੂੰ 32 ਸਾਲ ਬਾਅਦ ਨਿਰਦੋਸ਼ ਸਾਬਤ ਕੀਤਾ ਗਿਆ, ਪਰ ਸਜ਼ਾ ਸਿਰਫ਼ ਇੱਕ ਨੂੰ ਮਿਲੀ, ਜਦਕਿ ਤਿੰਨ ਮੁੱਖ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ। ਅਸੀਂ ਇਸ ਫੈਸਲੇ ਨਾਲ ਸੰਤੁਸ਼ਟ ਨਹੀਂ।” ਚਰਨਜੀਤ ਨੇ ਦੱਸਿਆ ਕਿ ਉਸ ਦਾ ਪਾਲਣ-ਪੋਸ਼ਣ ਨਾਨਕਿਆਂ ਨੇ ਕੀਤਾ ਅਤੇ ਉਸ ਨੂੰ ਬਚਪਨ ਤੋਂ ਲੈ ਕੇ ਜਵਾਨੀ ਤੱਕ ਅਦਾਲਤਾਂ ਦੇ ਗੇੜੇ ਮਾਰਨੇ ਪਏ। ਉਸ ਨੇ ਪੈਸੇ ਅਤੇ ਲਾਲਚ ਦੀਆਂ ਪੇਸ਼ਕਸ਼ਾਂ ਨੂੰ ਠੁਕਰਾ ਕੇ ਨਿਆਂ ਦੀ ਲੜਾਈ ਜਾਰੀ ਰੱਖੀ ਸੀ। ਉਹ ਹੁਣ ਹਾਈਕੋਰਟ ਜਾ ਕੇ ਬਰੀ ਹੋਏ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਦੀ ਕੋਸ਼ਿਸ਼ ਕਰਨਗੇ।

ਸੁਰਮੁਖ ਸਿੰਘ ਦੀ ਪਤਨੀ ਸ਼ਰਨਜੀਤ ਕੌਰ ਨੇ ਦੱਸਿਆ, ”ਪੁਲਿਸ ਨੇ ਸਵੇਰੇ ਤੜਕੇ ਮੇਰੇ ਪਤੀ ਨੂੰ ਚੁੱਕਿਆ, ਜਦੋਂ ਉਹ ਬਿਮਾਰ ਸਨ। ਸਾਨੂੰ ਉਨ੍ਹਾਂ ਦੀ ਲਾਸ਼ ਵੀ ਨਹੀਂ ਮਿਲੀ। ਸਜ਼ਾ ਘੱਟ ਹੈ, ਸਾਰਿਆਂ ਨੂੰ ਬਰਾਬਰ ਸਜ਼ਾ ਮਿਲਣੀ ਚਾਹੀਦੀ ਸੀ।” ਪਰਿਵਾਰ ਨੇ ਮੰਗ ਕੀਤੀ ਕਿ ਚਰਨਜੀਤ ਨੂੰ ਪੁਲਿਸ ਵਿੱਚ ਨੌਕਰੀ ਦਿੱਤੀ ਜਾਵੇ, ਕਿਉਂਕਿ ਪਿਤਾ ’ਤੇ ਲੱਗੇ ਝੂਠੇ ਇਲਜ਼ਾਮਾਂ ਕਾਰਨ ਉਸ ਦੀ ਨੌਕਰੀ ਰੁਕ ਗਈ ਸੀ।

ਸੀਬੀਆਈ ਨੇ 1997 ਵਿੱਚ ਕੇਸ ਦਰਜ ਕੀਤਾ ਅਤੇ 1999 ਵਿੱਚ ਮੁਲਜ਼ਮਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ। ਮੁਕੱਦਮਾ 2001 ਤੋਂ 2022 ਤੱਕ ਉੱਚ ਅਦਾਲਤਾਂ ਵਿੱਚ ਰੁਕਿਆ ਰਿਹਾ, ਪਰ ਆਖਰਕਾਰ ਸੀਬੀਆਈ ਅਦਾਲਤ ਨੇ ਫੈਸਲਾ ਸੁਣਾਇਆ। ਪੀੜਤ ਪਰਿਵਾਰ ਦੀ ਲੜਾਈ ਅਜੇ ਜਾਰੀ ਹੈ, ਅਤੇ ਉਹ ਪੂਰੇ ਨਿਆਂ ਲਈ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਗੇ।

**ਸੰਪਾਦਕੀ** **ਵਿਚਾਰ :–** ਇਕ ਬੋਲਾ ਤੇ ਗੂੰਗਾ, ਜੀਭ ਵੱਢੀ ਵਾਲਾ ਬੰਦਾ ਉਸ ਵਿਅਕਤੀ ਨਾਲੋਂ ਕਿਤੇ ਚੰਗਾ ਹੈ ਜਿਸ ਦੀ ਜੀਭ ਉਸ ਦੇ ਵਸ ਵਿਚ ਨਹੀਂ ਹੈ।


ਰਜਿੰਦਰ ਸਿੰਘ ਪੁਰੇਵਾਲ

# ਕਿਰਪਾਨ ਉਪਰ ਪਾਬੰਦੀ: ਸੰਵਿਧਾਨ ਦੀ ਹੋਂਦ ’ਤੇ ਸਵਾਲ

ਸਿੱਖੀ ਦੀ ਸਾਨ ਤੇ ਸ਼ਾਨ, ਕਿਰਪਾਨ, ਜੋ ਸਿੱਖ ਦੀ ਪਹਿਚਾਨ ਦਾ ਅਟੁੱਟ ਅੰਗ ਹੈ, ਅੱਜ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਕ ਜਨਹਿੱਤ ਪਟੀਸ਼ਨ (ਪੀ.ਆਈ.ਐਲ.) ਦਾਇਰ ਕਰਕੇ ਸਿੱਖਾਂ ਦੇ ਮੌਲਿਕ ਅਧਿਕਾਰ ਦੀ ਗੱਲ ਛੇੜੀ ਹੈ। ਇਹ ਪਟੀਸ਼ਨ ਸਿਰਫ ਕਾਗਜ਼ੀ ਕਾਰਵਾਈ ਨਹੀਂ, ਸਗੋਂ ਸਿੱਖੀ ਦੀ ਸਰਬਉੱਚਤਾ ਅਤੇ ਸੰਵਿਧਾਨ ਦੀ ਰੂਹ ਨੂੰ ਜਗਾਉਣ ਦੀ ਇਕ ਪੁਕਾਰ ਹੈ। ਪਰ ਸਵਾਲ ਇਹ ਹੈ ਕਿ ਕੀ ਕੇਂਦਰ ਸਰਕਾਰ ਦੇ ਅਦਾਰਿਆਂ ਵੱਲੋਂ ਕਿਰਪਾਨ ’ਤੇ ਪਾਬੰਦੀ ਸਹੀ ਹੈ? ਅਤੇ ਕੀ ਇਹ ਪਾਬੰਦੀ ਸੰਵਿਧਾਨ ਦੀ ਉਲੰਘਣਾ ਨਹੀਂ ਬਣਦੀ ?

ਸਿੱਖੀ ਦੀ ਜੜ੍ਹ ’ਵਿਚ ਸਮਾਈ ਕਿਰਪਾਨ ਸਿਰਫ ਇਕ ਹਥਿਆਰ ਨਹੀਂ, ਸਗੋਂ ਸਿੱਖ ਦੇ ਧਰਮ, ਸਮਰਪਣ ਅਤੇ ਸੰਘਰਸ਼ ਦਾ ਪ੍ਰਤੀਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਪੰਜ ਕਕਾਰਾਂ ਦੀ ਦਾਤ ਦਿੱਤੀ, ਤਾਂ ਕਿਰਪਾਨ ਨੂੰ ਸਿੱਖ ਦੀ ਜ਼ਿੰਦਗੀ ਦਾ ਅਜਿਹਾ ਹਿੱਸਾ ਬਣਾਇਆ ਜੋ ਨਾ ਸਿਰਫ ਸੁਰੱਖਿਆ ਦਾ ਸਾਧਨ ਹੈ, ਸਗੋਂ ਨਿਆਂ ਅਤੇ ਸੱਚ ਦੀ ਰਾਖੀ ਦਾ ਵੀ ਪ੍ਰਤੀਕ ਹੈ। ਪਰ ਅਫਸੋਸ, ਅੱਜ ਇਹ ਪ੍ਰਤੀਕ ਹੀ ਸਵਾਲਾਂ ਦੇ ਘੇਰੇ ’ਚ ਆ ਗਿਆ ਹੈ। ਇਸ ਪਟੀਸ਼ਨ ਦਾ ਪਿਛੋਕੜ 23 ਜੂਨ, 2024 ਨੂੰ ਰਾਜਸਥਾਨ ਦੇ ਜੋਧਪੁਰ ’ਚ ਵਾਪਰੀ ਇਕ ਘਟਨਾ ਹੈ, ਜਿੱਥੇ ਇਕ ਅੰਮ੍ਰਿਤਧਾਰੀ ਸਿੱਖ ਤੇ ਪੇਸ਼ੇ ਵਜੋਂ ਵਕੀਲ ਨੂੰ ਰਾਜਸਥਾਨ ਨਿਆਇਕ ਸੇਵਾਵਾਂ ਦੀ ਮੁੱਢਲੀ ਪ੍ਰੀਖਿਆ ’ਚ ਸਿਰਫ਼ ਇਸ ਲਈ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਉਸ ਨੇ ਪੰਜ ਇੰਚ ਦੀ ’ਕਿਰਪਾਨ’ ਪਹਿਨੀ ਹੋਈ ਸੀ। ਪਟੀਸ਼ਨ ਮੁਤਾਬਕ ਪ੍ਰੀਖਿਆ ਕੇਂਦਰ ’ਚ ਮੌਜੂਦ ਨੋਡਲ ਅਧਿਕਾਰੀ, ਜੋ ਕਿ ਇਕ ਜ਼ਿਲ੍ਹਾ ਜੱਜ ਸੀ, ਨੇ ਉਸ ਨੂੰ ਪ੍ਰੀਖਿਆ ਹਾਲ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਹਰਿਆਣਾ ਤੇ ਦਿੱਲੀ ’ਚ ਹੋਈਆਂ ਕਈ ਪ੍ਰੀਖਿਆਵਾਂ ਵਿਚ ਵੀ ਅਜਿਹਾ ਹੀ ਕੁਝ ਕੀਤਾ ਗਿਆ ਸੀ। ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਮਿਲ ਕੇ ਅਜਿਹੇ ਵਰਦੀ ਦਿਸ਼ਾ-ਨਿਰਦੇਸ਼ ਤਿਆਰ ਕਰਨ ਤਾਂ ਜੋ ਸਿੱਖ ਧਾਰਮਿਕ ਚਿੰਨ੍ਹਾਂ ਨਾਲ ਵਿਤਕਰਾ ਕੀਤੇ ਬਿਨਾਂ ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ ’ਤੇ ਦਾਖਲ ਹੋ ਸਕਣ ਸ਼੍ਰੋਮਣੀ ਕਮੇਟੀ ਵਲੋਂ ਦਾਇਰ ਇਸ ਪਟੀਸ਼ਨ ’ਚ ਕੇਂਦਰ, ਪੰਜਾਬ, ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪ੍ਰਤੀਵਾਦੀ ਬਣਾਇਆ ਗਿਆ ਹੈ। ਇਹ ਘਟਨਾ ਕੋਈ ਅਚਨਚੇਤ ਨਹੀਂ ਸੀ, ਸਗੋਂ ਹਰਿਆਣਾ, ਦਿੱਲੀ ਅਤੇ ਹੋਰ ਥਾਵਾਂ ’ਤੇ ਵੀ ਅਜਿਹੀਆਂ ਮਿਸਾਲਾਂ ਸਾਹਮਣੇ ਆਈਆਂ ਹਨ, ਜਿੱਥੇ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਕਾਰਨ ਅਪਮਾਨਿਤ ਕੀਤਾ ਗਿਆ। ਇਹ ਸਾਰਾ ਮਸਲਾ ਸੰਵਿਧਾਨ ਦੀ ਧਾਰਾ 25 ਦੀ ਸਿੱਧੀ ਉਲੰਘਣਾ ਹੈ। ਇਹ ਧਾਰਾ ਹਰ ਨਾਗਰਿਕ ਨੂੰ ਆਪਣੇ ਧਰਮ ਦੀ ਪਾਲਣਾ ਅਤੇ ਪ੍ਰਚਾਰ ਦਾ ਅਧਿਕਾਰ ਦਿੰਦੀ ਹੈ। ਸਿੱਖਾਂ ਲਈ ਕਿਰਪਾਨ ਸਿਰਫ ਇਕ ਧਾਤੂ ਦਾ ਟੁਕੜਾ ਨਹੀਂ, ਸਗੋਂ ਉਨ੍ਹਾਂ ਦੀ ਆਤਮਾ ਦਾ ਹਿੱਸਾ ਹੈ। ਜਦੋਂ ਸਰਕਾਰੀ ਅਦਾਰੇ ਇਸ ਨੂੰ ਪਹਿਨਣ ’ਤੇ ਪਾਬੰਦੀ ਲਾਉਂਦੇ ਹਨ, ਤਾਂ ਇਹ ਸਿੱਖੀ ਦੀ ਰੂਹ ’ਤੇ ਵਾਰ ਕਰਨ ਦੇ ਬਰਾਬਰ ਹੈ। ਸੰਵਿਧਾਨ ਦੀ ਧਾਰਾ 25 ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਨੂੰ ਸਾਥ ਰੱਖਣ ਦੀ ਖੁੱਲ੍ਹ ਦਿੰਦੀ ਹੈ, ਪਰ ਜਦੋਂ ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ ਜਾਂ ਜਨਤਕ ਥਾਵਾਂ ’ਤੇ ਸਿੱਖਾਂ ਨੂੰ ਕਿਰਪਾਨ ਕਾਰਨ ਰੋਕਿਆ ਜਾਂਦਾ ਹੈ, ਤਾਂ ਇਹ ਸੰਵਿਧਾਨ ਦੀ ਆਤਮਾ ਨੂੰ ਠੇਸ ਪਹੁੰਚਾਉਂਦਾ ਹੈ।

ਕੇਂਦਰ ਸਰਕਾਰ ਦੇ ਅਦਾਰਿਆਂ ਵੱਲੋਂ ਲਾਈਆਂ ਜਾ ਰਹੀਆਂ ਇਹ ਪਾਬੰਦੀਆਂ ਕਈ ਸਵਾਲ ਖੜ੍ਹੇ ਕਰਦੀਆਂ ਹਨ। ਪਹਿਲਾਂ ਤਾਂ ਇਹ ਸਮਝਣਾ ਜ਼ਰੂਰੀ ਹੈ ਕਿ ਕਿਰਪਾਨ ਨੂੰ ‘ਹਥਿਆਰ’ ਦੀ ਸੰਗਿਆ ਦੇਣਾ ਕਿੰਨਾ ਸਹੀ ਹੈ? ਸਿੱਖੀ ਵਿਚ ਕਿਰਪਾਨ ਦਾ ਮਕਸਦ ਹੈ ਸੁਰੱਖਿਆ ਅਤੇ ਸੱਚ ਦੀ ਰਾਖੀ, ਨਾ ਕਿ ਹਿੰਸਾ। ਇਹ ਗੁਰੂ ਦਾ ਦਿਤਾ ਅਜਿਹਾ ਤੋਹਫਾ ਹੈ ਜੋ ਸਿੱਖ ਨੂੰ ਨਿਆਂ ਦੀ ਰਾਹ ’ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ। ਜਦੋਂ ਸਰਕਾਰੀ ਅਧਿਕਾਰੀ ਇਸ ਨੂੰ ਸੁਰੱਖਿਆ ਲਈ ਖਤਰਾ ਮੰਨਦੇ ਹਨ, ਤਾਂ ਇਹ ਸਿੱਖੀ ਦੇ ਇਤਿਹਾਸ ਅਤੇ ਸਿਧਾਂਤਾਂ ਦੀ ਅਣਜਾਣਪੁਣੇ ਦਾ ਸਬੂਤ ਹੈ ਤੇ ਨਸਲਵਾਦ ਵੀ। ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਵਿਚ ਇਕ ਵਿਸ਼ੇਸ਼ ਕਮੇਟੀ ਬਣਾਉਣ ਦੀ ਮੰਗ ਵੀ ਬਹੁਤ ਸਾਰਥਕ ਹੈ। ਇਹ ਕਮੇਟੀ, ਜਿਸ ਵਿਚ ਧਰਮ, ਕਾਨੂੰਨ ਅਤੇ ਇਤਿਹਾਸ ਦੇ ਮਾਹਿਰ ਸ਼ਾਮਲ ਹੋਣ, ਸਿੱਖ ਚਿੰਨ੍ਹਾਂ ਬਾਰੇ ਸਪੱਸ਼ਟ ਦਿਸ਼ਾ-ਨਿਰਦੇਸ਼ ਤਿਆਰ ਕਰ ਸਕਦੀ ਹੈ।

ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਕਸਾਰ ਅਤੇ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਲੋੜ ਹੈ। ਜੇ ਅੱਜ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਤੋਂ ਵਾਂਝਿਆ ਜਾ ਰਿਹਾ ਹੈ, ਤਾਂ ਇਹ ਸਿਰਫ ਸਿੱਖ ਭਾਈਚਾਰੇ ਦੀ ਨਹੀਂ, ਸਗੋਂ ਪੂਰੇ ਮੁਲਕ ਦੀ ਸੰਵਿਧਾਨਕ ਵਚਨਬੱਧਤਾ ’ਤੇ ਸਵਾਲ ਹੈ। ਸੰਵਿਧਾਨ ਸਾਰਿਆਂ ਨੂੰ ਬਰਾਬਰੀ ਦਾ ਹੱਕ ਦਿੰਦਾ ਹੈ, ਪਰ ਜਦੋਂ ਇਕ ਖਾਸ ਧਰਮ ਦੇ ਚਿੰਨ੍ਹ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਇਹ ਬਰਾਬਰੀ ਦੇ ਸਿਧਾਂਤ ਨੂੰ ਖੋਰਾ ਲਾਉਂਦਾ ਹੈ। ਇਹ ਅਜਿਹਾ ਹੈ ਜਿਵੇਂ ਕਿਸੇ ਦੀ ਪਗੜੀ ਨੂੰ ਸਤਿਕਾਰ ਦੀ ਬਜਾਏ ਅਪਮਾਨ ਦੀ ਨਜ਼ਰ ਨਾਲ ਵੇਖਿਆ ਜਾਵੇ। ਇਸ ਪਟੀਸ਼ਨ ਦਾ ਮਕਸਦ ਸਿਰਫ ਸਿੱਖਾਂ ਦੇ ਹੱਕਾਂ ਦੀ ਰਾਖੀ ਨਹੀਂ, ਸਗੋਂ ਸੰਵਿਧਾਨ ਦੀ ਉਸ ਰੂਹ ਦੀ ਰਾਖੀ ਹੈ ਜੋ ਭਾਰਤ ਨੂੰ ਇਕ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਵਾਲਾ ਮੁਲਕ ਮੰਨਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿੱਖ ਚਿੰਨ੍ਹਾਂ ਨੂੰ ਸਤਿਕਾਰ ਦੇਣ ਅਤੇ ਉਨ੍ਹਾਂ ਦੀ ਸੰਵਿਧਾਨਕ ਸੁਰੱਖਿਆ ਨੂੰ ਯਕੀਨੀ ਬਣਾਉਣ। ਅਜਿਹੀਆਂ ਪਾਬੰਦੀਆਂ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਇਹ ਸੰਵਿਧਾਨ ਦੇ ਮੂਲ ਸਿਧਾਂਤਾਂ ਨੂੰ ਵੀ ਕਮਜ਼ੋਰ ਕਰਦੀਆਂ ਹਨ।

ਅੰਤ ਵਿੱਚ, ਸ਼੍ਰੋਮਣੀ ਕਮੇਟੀ ਦੀ ਇਹ ਪਹਿਲ ਇਕ ਚੰਗੇ ਭਵਿੱਖ ਦੀ ਉਮੀਦ ਜਗਾਉਂਦੀ ਹੈ। ਜੇ ਸਰਕਾਰਾਂ ਅਤੇ ਅਦਾਰੇ ਸਿੱਖੀ ਦੇ ਪ੍ਰਤੀਕਾਂ ਨੂੰ ਸਤਿਕਾਰ ਦੇਣ ਦੀ ਬਜਾਏ ਉਨ੍ਹਾਂ ’ਤੇ ਸਵਾਲ ਖੜ੍ਹੇ ਕਰਨਗੇ, ਤਾਂ ਇਹ ਸਿੱਖ ਭਾਈਚਾਰੇ ਦੀ ਆਤਮਾ ’ਤੇ ਸੱਟ ਹੈ। ਸੰਵਿਧਾਨ ਦੀ ਰਾਖੀ ਲਈ ਸਰਕਾਰਾਂ ਨੂੰ ਸਪੱਸ਼ਟ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਤਾਂ ਜੋ ਸਿੱਖ ਆਪਣੇ ਧਰਮ ਦੇ ਅਧਿਕਾਰ ਨੂੰ ਪੂਰੀ ਆਜ਼ਾਦੀ ਨਾਲ ਜੀ ਸਕਣ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# ARE MODERN SIKH SCHOLARS CLARIFYING OR CONFUSING SIKH IDEOLOGY, INSTITUTIONS AND IDENTITY?


Gurmukh Singh OBE

No independent theo-political community can survive without good scholars. They are expected to clarify the founding principles and institutions which support its organisational structure; and, which prepare it for current and future challenges to its existence. For the Sikhs the collective of the Khalsa Panth is the organisation built on the deep foundation laid by Guru Nanak Sahib.

Over the centuries, during and following the Guru period, starting with Bhai Gurdas, a long line of Sikh scholars contributed to the interpretation and understanding of Gurbani, the lives of the Gurus and Khalsa tradition. They understood that the power was in the Panth (Sangat or collective) and not in any individual. Even the most powerful Sikh in history, Maharaja Ranjit Singh, accepted this Sikhi reality.

In recent years, Sikh Studies in the West have raised the global Sikh profile, albeit, with some negative trends. *Contesting Interpretations of the Sikh Tradition*, also the title of a book by late Dr Jagtar Singh Grewal, have caused much division amongst scholars and confused modern students of Sikh history, ideology, institutions and identity. One practical consequence of such scholarly divisions for UK Sikhs was the failure to get a dedicated *SIKH* tick box under the current *ethnic* count and monitoring system in the 2021 Census. The self-inflicted damage done to community interests will be lasting. Meditative research-focus (*khoj*) of Gurbani is essential. A deep study of the continuity of Guru Nanak Jote-Jugat (Divine Light and way of life) from 1469 to this day and the future should guide Sikh Studies. That requires a paradigm shift in approach. Otherwise, we have misleading suggestions like *Transformation of Sikh Tradition*, also the title of the book by Gokal Chand Narang.

The founding principles of evergreen Sikhi did not change over time, but Sikhi and Sikh institutions *responded* to the needs of a growing movement to meet environmental challenges. The tree of Sikhi grew and flourished. Scholars of Gursikhi level of Bhai Gurdas understood that Sikhi did not *transform* or change with the arrival of Guru Hargobind Ji but responded to the external challenges of the times. Miri-Piri, theo-political twin track approach to Sikhi living, was inherent in Bani and the life of Guru Nanak Sahib. Thus, *Guru Nanaks* One to Ten, continued as One Guru (Teaching Light) to finally reside in Sri Guru Granth Sahib to continue to guide the Khalsa Panth and the whole humanity.

Modern Sikh scholars continue to make the same mistake as early Western scholars who looked at Sikhi through own Western methodology as applied to Eastern religions including Sikhi. They ignored the spiritual aspect to formulate own *rational interpretation.* Yet, quite hypocritically, they did not apply the same methodology to Christianity! As mentioned by Dr J S Grewal, J.D. Cunningham *was rather exceptional in postulating co-relations between ideology, Sikh polity, Sikh social order and Sikh identity.*

Early Western scholars lacked knowledge of the *living, unbroken and reliable Sikh tradition*, which only spiritually dedicated Gursikh scholars could understand and experience in own lives. Exceptionally, Western scholars like Cunningham and M.A. Macauliffe *became familiar with the mainsprings of Sikh inspiration.* They appreciated the role of Sikh ideology in shaping Sikh history.

Today, modern Sikh scholars in the West need to be aware of own lived-Sikhi limitations before they start offering views about current Sikh issues. They must learn to study Sikhi as an independent system and not one which needs validation against Western or Eastern philosophies.

Gurmukh Singh OBE, Ret'd Principal Civil Servant (UK) sewauk2005@yahoo.co.uk

# ਟਰੰਪ ਦਾ ਖਾਲਿਸਤਾਨੀ ਰੈਫਰੈਂਡਮ ਮੁਹਿੰਮ ਨੂੰ ਹਾਂ-ਪੱਖੀ ਹੁੰਗਾਰਾ: ਖਾਲਿਸਤਾਨੀ ਸੰਸਥਾਵਾਂ ਬਾਗੋਬਾਗ

## * ਭਾਰਤ ਨੂੰ ਡਿਪਲੋਮੈਟਿਕ ਝਟਕਾ: ਟਰੰਪ ਨੇ ਪੰਨੂੰ ਨੂੰ ਲਿਖਿਆ ਪੱਤਰ

## *ਖਾਲਿਸਤਾਨ ਮੁੱਦੇ 'ਤੇ ਚੀਨ ਤੇ ਰੂਸ ਦਾ ਸਟੈਂਡ ਕੀ ਹੈ?

ਵਾਸ਼ਿੰਗਟਨ, ਡੀ.ਸੀ. - 24 ਜੁਲਾਈ, 2025 ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਿੱਖਾਂ ਦੇ ਹੱਕਾਂ ਲਈ ਲੜ ਰਹੀ ਸੰਸਥਾ 'ਸਿੱਖਸ ਫਾਰ ਜਸਟਿਸ' ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂੰ ਨੂੰ ਇੱਕ ਅਜਿਹਾ ਪੱਤਰ ਲਿਖਿਆ, ਜਿਸ ਨੇ ਖਾਲਿਸਤਾਨੀ ਸੰਸਥਾਵਾਂ ਵਿੱਚ ਖੁਸ਼ੀ ਦੀ ਲਹਿਰ ਪੈਦਾ ਕਰ ਦਿੱਤੀ ਅਤੇ ਭਾਰਤ ਦੀ ਸਿਆਸੀ ਜਮਾਤ ਵਿੱਚ ਹੱਲਚਲ ਮਚਾ ਦਿੱਤੀ ਹੈ। ਇਸ ਪੱਤਰ ਵਿੱਚ ਟਰੰਪ ਨੇ 17 ਅਗਸਤ, 2025 ਨੂੰ ਵਾਸ਼ਿੰਗਟਨ ਡੀ.ਸੀ. ਵਿੱਚ ਹੋਣ ਵਾਲੇ ਖਾਲਿਸਤਾਨ ਰੈਫਰੰਡਮ ਲਈ ਸਮਰਥਨ ਦਾ ਵਾਅਦਾ ਕੀਤਾ ਸੀ ਅਤੇ ਸਿੱਖਾਂ ਦੇ ਸਵੈ-ਨਿਰਣੈ ਦੇ ਅਧਿਕਾਰ ਨੂੰ ਮਜ਼ਬੂਤੀ ਨਾਲ ਸਮਰਥਨ ਦਿੱਤਾ ਹੈ। ਇਸ ਪੱਤਰ ਨੇ ਨਾ ਸਿਰਫ਼ ਖਾਲਿਸਤਾਨੀ ਮੁਹਿੰਮ ਨੂੰ ਇੱਕ ਨਵਾਂ ਜੋਸ਼ ਦਿੱਤਾ, ਸਗੋਂ ਅੰਤਰਰਾਸ਼ਟਰੀ ਸਿਆਸਤ ਵਿੱਚ ਵੀ ਵੱਡਾ ਮੋੜ ਲਿਆਂਦਾ ਹੈ।

### ਪੱਤਰ ਦੀਆਂ ਮੁੱਖ ਗੱਲਾਂ:

ਟਰੰਪ ਦੇ ਪੱਤਰ ਵਿੱਚ ਕਈ ਅਹਿਮ ਨੁਕਤੇ ਸਾਹਮਣੇ ਆਏ ਹਨ। ਪਹਿਲਾਂ, ਉਨ੍ਹਾਂ ਨੇ ਖਾਲਿਸਤਾਨ ਰੈਫਰੈਂਡਮ ਦੀ ਵੋਟਿੰਗ ਲਈ ਪੂਰਨ ਸਮਰਥਨ ਦਾ ਐਲਾਨ ਕੀਤਾ, ਜੋ ਸਿੱਖ ਭਾਈਚਾਰੇ ਦੇ ਸਵੈ-ਨਿਰਣੈ ਦੇ ਅਧਿਕਾਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ। ਦੂਜਾ, ਟਰੰਪ ਨੇ ਭਾਰਤ ਸਰਕਾਰ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ "ਹਥਿਆਰਬੰਦ ਸਰਕਾਰ" ਕਰਾਰ ਦਿੱਤਾ ਅਤੇ ਅਮਰੀਕਾ-ਭਾਰਤ ਵਿਚਕਾਰ ਵਪਾਰਕ ਅਸੰਤੁਲਨ ਨੂੰ ਠੀਕ ਕਰਨ ਦੀ ਗੱਲ ਕੀਤੀ। ਉਨ੍ਹਾਂ ਨੇ "ਮੇਡ ਇਨ ਇੰਡੀਆ" ਉਤਪਾਦਾਂ 'ਤੇ ਟੈਰਿਫ ਲਗਾਉਣ ਦਾ ਵਾਅਦਾ ਵੀ ਕੀਤਾ, ਜਿਸ ਨਾਲ ਅਮਰੀਕੀ ਅਰਥਚਾਰੇ ਨੂੰ ਮੁੜ ਮਜ਼ਬੂਤ ਕਰਨ ਦੀ ਗੱਲ ਕਹੀ ਸੀ।

ਟਰੰਪ ਨੇ ਆਪਣੇ ਪੱਤਰ ਵਿੱਚ ਲਿਖਿਆ, "ਮੈਂ ਸਦਾ ਉਨ੍ਹਾਂ ਮੁੱਲਾਂ ਲਈ ਲੜਾਂਗਾ ਜੋ ਅਮਰੀਕੀਆਂ ਨੂੰ ਜੋੜਦੇ ਹਨ - ਸਵਤੰਤਰਤਾ, ਨਿਆਂ ਅਤੇ ਵਿਸ਼ਵਾਸ। ਅਮਰੀਕਾ ਦੀ ਸੁਰੱਖਿਆ ਅਤੇ ਸੰਪੰਨਤਾ ਮੇਰੀ ਪਹਿਲ ਹੈ।" ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਭਾਰਤ ਦੀ "ਟ੍ਰਾਂਸਨੈਸ਼ਨਲ ਦਬਾਅ ਨੀਤੀ" ਤੋਂ ਸੁਰੱਖਿਆ ਦੇਣ ਦਾ ਵੀ ਵਾਅਦਾ ਕੀਤਾ ਹੈ।

### ਖਾਲਿਸਤਾਨ ਰੈਫਰੈਂਡਮ ਦਾ ਮਹੱਤਵ:

ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂੰ ਨੇ ਇਸ ਪੱਤਰ ਨੂੰ ਸਿੱਖ ਭਾਈਚਾਰੇ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ 17 ਅਗਸਤ ਨੂੰ ਵਾਸ਼ਿੰਗਟਨ ਡੀ.ਸੀ. ਵਿੱਚ ਹੋਣ ਵਾਲੀਆਂ ਵੋਟਾਂ ਪੰਜਾਬ ਨੂੰ ਭਾਰਤ ਤੋਂ ਆਜ਼ਾਦ ਕਰਵਾਉਣ ਦੀ ਮੁਹਿੰਮ ਦਾ ਮਹੱਤਵਪੂਰਨ ਹਿੱਸਾ ਹਨ। ਸਿੱਖਸ ਫਾਰ ਜਸਟਿਸ ਨੇ ਸੋਸ਼ਲ ਮੀਡੀਆ 'ਤੇ ਪੋਸਟਰ ਸਾਂਝੇ ਕੀਤੇ, ਜਿਨ੍ਹਾਂ ਵਿੱਚ "ਸਿੱਖਸ ਫਾਰ ਜਸਟਿਸ" ਅਤੇ "ਲੌਂਗ ਲਿਵ ਟਰੰਪ - ਲੌਂਗ ਲਿਵ ਅਮਰੀਕਾ" ਵਰਗੇ ਨਾਅਰੇ ਸ਼ਾਮਲ ਸਨ।

### ਭਾਰਤ ਨੂੰ ਡਿਪਲੋਮੈਟਿਕ ਝਟਕਾ:

ਭਾਰਤ ਸਰਕਾਰ ਨੇ 2020 ਵਿੱਚ ਗੁਰਪਤਵੰਤ ਸਿੰਘ ਪੰਨੂੰ ਨੂੰ ਅੱਤਵਾਦੀ ਐਲਾਨਿਆ ਸੀ, ਪਰ ਟਰੰਪ ਦੇ ਇਸ ਪੱਤਰ ਨੇ ਭਾਰਤ ਦੀਆਂ ਕੂਟਨੀਤਕ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਦਿੱਤਾ ਹੈ। ਭਾਰਤ ਲੰਬੇ ਸਮੇਂ ਤੋਂ ਖਾਲਿਸਤਾਨੀ ਲਹਿਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਉਸ ਦੀਆਂ ਕੋਸ਼ਿਸ਼ਾਂ ਨੂੰ ਖਾਸ ਸਫਲਤਾ ਨਹੀਂ ਮਿਲੀ। ਟਰੰਪ ਦਾ ਪੱਤਰ ਖਾਲਿਸਤਾਨੀ ਮੁਹਿੰਮ ਦੀ ਵਧਦੀ ਅੰਤਰਰਾਸ਼ਟਰੀ ਪਹੁੰਚ ਦਾ ਸਬੂਤ ਮੰਨਿਆ ਜਾ ਰਿਹਾ ਹੈ। ਇਸ ਨਾਲ ਖਾਲਿਸਤਾਨੀ ਸੰਸਥਾਵਾਂ ਵਿੱਚ ਇਹ ਭਾਵਨਾ ਪੈਦਾ ਹੋਈ ਹੈ ਕਿ ਹੁਣ ਉਨ੍ਹਾਂ ਦੀ ਆਵਾਜ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸੁਣਿਆ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ #KhailstanReferendum ਅਤੇ #TrumpZndabad ਵਰਗੇ ਹੈਸ਼ਟੈਗ ਤੇਜ਼ੀ ਨਾਲ ਵਾਇਰਲ ਹੋ ਰਹੇ ਹਨ। ਸਿੱਖ ਭਾਈਚਾਰੇ ਦੇ ਨੌਜਵਾਨ ਵਰਗ ਵਿੱਚ ਇਸ ਨੇ ਵਿਸ਼ੇਸ਼ ਜੋਸ਼ ਪੈਦਾ ਕੀਤਾ ਹੈ, ਜੋ ਮੰਨਦੇ ਹਨ ਕਿ ਅਮਰੀਕੀ ਸਮਰਥਨ ਨਾਲ ਉਨ੍ਹਾਂ ਦੀ ਮੁਹਿੰਮ ਨੂੰ ਵਧੇਰੇ ਤਾਕਤ ਮਿਲੇਗੀ।

ਪਰ ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਪੱਤਰ ਸਿਰਫ਼ ਰਸਮੀ ਹੋ ਸਕਦਾ ਹੈ ਅਤੇ ਇਸ ਵਿੱਚ ਟਰੰਪ ਨੇ ਕੋਈ ਠੋਸ ਵਾਅਦੇ ਨਹੀਂ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਦੀ ਸਰਕਾਰ ਅਮਰੀਕੀ ਸਿਆਸਤ ਅਤੇ ਵਪਾਰਕ ਹਿੱਤਾਂ ਨੂੰ ਪਹਿਲ ਦਿੰਦੀ ਹੈ ਅਤੇ ਇਹ ਪੱਤਰ ਸ਼ਾਇਦ ਭਾਰਤ ਨਾਲ ਵਪਾਰਕ ਅਸੰਤੁਲਨ ਨੂੰ ਠੀਕ ਕਰਨ ਦੀ ਰਣਨੀਤੀ ਦਾ ਹਿੱਸਾ ਹੋਵੇ। ਸੋਸ਼ਲ ਮੀਡੀਆ ਉੱਤੇ ਡੋਨਲਡ ਟਰੰਪ ਦੇ ਪੱਤਰ ਨੂੰ ਜਾਅਲੀ ਹੋਣ ਦਾ ਵੀ ਦਾਅਵਾ ਕੀਤਾ ਗਿਆ ਹੈ।

### ਕੀ ਖਾਲਿਸਤਾਨੀ ਲਹਿਰ ਸੰਸਾਰ ਵਿੱਚ ਉਭਰੇਗੀ?

ਟਰੰਪ ਦੇ ਸਮਰਥਨ ਨੇ ਖਾਲਿਸਤਾਨੀ ਲਹਿਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਖਾਲਿਸਤਾਨੀ ਸਿੱਖ ਡਾਇਸਪੋਰਾ, ਖਾਸ ਕਰਕੇ ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਆਸਟ੍ਰੇਲੀਆ ਵਿੱਚ ਵਸਦੇ ਸਿੱਖਾਂ ਵਿੱਚ ਇਸ ਮੁਹਿੰਮ ਨੂੰ ਲੈ ਕੇ ਨਵਾਂ ਜੋਸ਼ ਪੈਦਾ ਹੋਇਆ ਹੈ। ਸਿੱਖਸ ਫਾਰ ਜਸਟਿਸ ਵਰਗੇ ਸੰਗਠਨ ਲੰਬੇ ਸਮੇਂ ਤੋਂ ਖਾਲਿਸਤਾਨ ਦੀ ਮੰਗ ਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਉਠਾਉਂਦੇ ਰਹੇ ਹਨ ਅਤੇ ਹੁਣ ਅਮਰੀਕੀ ਰਾਸ਼ਟਰਪਤੀ ਦਾ ਸਮਰਥਨ ਉਨ੍ਹਾਂ ਦੀ ਮੁਹਿੰਮ ਨੂੰ ਹੋਰ ਮਜ਼ਬੂਤੀ ਦੇ ਸਕਦਾ ਹੈ। ਪਰ ਇਸ ਦੇ ਨਾਲ ਹੀ, ਇਹ ਸਵਾਲ ਵੀ ਉੱਠਦਾ ਹੈ ਕਿ ਕੀ ਖਾਲਿਸਤਾਨੀ ਲਹਿਰ ਸੱਚਮੁੱਚ ਸੰਸਾਰ ਪੱਧਰ 'ਤੇ ਉੱਭਰ ਸਕਦੀ ਹੈ? ਕਈ ਵਿਸ਼ਲੇਸ਼ਕ



ਮੰਨਦੇ ਹਨ ਕਿ ਅਮਰੀਕੀ ਸਮਰਥਨ ਤੋਂ ਬਾਅਦ ਵੀ, ਖਾਲਿਸਤਾਨ ਦੀ ਮੰਗ ਨੂੰ ਅੰਤਰਰਾਸ਼ਟਰੀ ਸਮਰਥਨ ਪ੍ਰਾਪਤ ਕਰਨ ਲਈ ਹੋਰ ਵੱਡੀਆਂ ਸ਼ਕਤੀਆਂ ਦੀ ਹਮਾਇਤ ਦੀ ਲੋੜ ਹੈ। ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਭਾਰਤ ਦਾ ਪ੍ਰਭਾਵ ਵੀ ਇਸ ਮੁਹਿੰਮ ਨੂੰ ਚੁਣੌਤੀ ਦੇ ਸਕਦਾ ਹੈ।

### ਚੀਨ ਅਤੇ ਰੂਸ ਦਾ ਖਾਲਿਸਤਾਨ ਬਾਰੇ ਸਟੈਂਡ ਕੀ ਹੈ:

ਚੀਨ ਅਤੇ ਰੂਸ, ਜੋ ਅੰਤਰਰਾਸ਼ਟਰੀ ਸਿਆਸਤ ਵਿੱਚ ਵੱਡੀਆਂ ਸ਼ਕਤੀਆਂ ਹਨ, ਦਾ ਖਾਲਿਸਤਾਨ ਮੁੱਦੇ 'ਤੇ ਸਟੈਂਡ ਅਜੇ ਸਪੱਸ਼ਟ ਨਹੀਂ ਹੈ। ਚੀਨ, ਜੋ ਭਾਰਤ ਨਾਲ ਸਰਹੱਦੀ ਵਿਵਾਦਾਂ ਅਤੇ ਵਪਾਰਕ ਮੁਕਾਬਲੇ ਵਿੱਚ ਉਲਝਿਆ ਹੋਇਆ ਹੈ, ਸ਼ਾਇਦ ਖਾਲਿਸਤਾਨੀ ਮੁਹਿੰਮ ਨੂੰ ਭਾਰਤ 'ਤੇ ਦਬਾਅ ਪਾਉਣ ਦੇ ਮੌਕੇ ਵਜੋਂ ਵੇਖ ਸਕਦਾ ਹੈ। ਰੂਸ, ਜੋ ਭਾਰਤ ਦਾ ਲੰਬੇ ਸਮੇਂ ਦਾ ਸਹਿਯੋਗੀ ਰਿਹਾ ਹੈ, ਸੰਭਾਵਤ ਤੌਰ 'ਤੇ ਖਾਲਿਸਤਾਨੀ ਮੁਹਿੰਮ ਦਾ ਸਮਰਥਨ ਨਹੀਂ ਕਰੇਗਾ। ਰੂਸ ਅਤੇ ਭਾਰਤ ਦਰਮਿਆਨ ਮਜ਼ਬੂਤ ਰੱਖਿਆ ਅਤੇ ਵਪਾਰਕ ਸਬੰਧ ਹਨ ਅਤੇ ਰੂਸ ਸ਼ਾਇਦ ਭਾਰਤ ਦੀ ਅਖੰਡਤਾ ਦੇ ਸਮਰਥਨ ਵਿੱਚ ਖੜ੍ਹਾ ਹੋਵੇ। ਪਰ ਜੇਕਰ ਅਮਰੀਕਾ ਖਾਲਿਸਤਾਨੀ ਮੁਹਿੰਮ ਨੂੰ ਸਰਗਰਮੀ ਨਾਲ ਸਮਰਥਨ ਦਿੰਦਾ ਹੈ, ਤਾਂ ਰੂਸ ਅਤੇ ਚੀਨ ਦੀ ਪ੍ਰਤੀਕਿਰਿਆ ਅੰਤਰਰਾਸ਼ਟਰੀ ਸਿਆਸਤ ਦੇ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸਿਆਸੀ ਮਾਹਿਰ ਸਮਝਦੇ ਹਨ ਕਿ ਅਮਰੀਕਾ ਸ਼ਾਇਦ ਖਾਲਿਸਤਾਨੀ ਮੁਹਿੰਮ ਨੂੰ ਭਾਰਤ 'ਤੇ ਦਬਾਅ ਪਾਉਣ ਦੇ ਸਿਆਸੀ ਸੰਦ ਵਜੋਂ ਵਰਤੇ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਖਾਲਿਸਤਾਨ ਦੀ ਸਥਾਪਨਾ ਲਈ ਪੂਰੀ ਤਰ੍ਹਾਂ ਵਚਨਬੱਧ ਹੋਵੇਗਾ।

### ਕੀ ਅਮਰੀਕੀ ਕਾਰਪੋਰੇਟ ਸਮਰਥਨ ਕਰ ਰਿਹਾ ਹੈ:

ਅਮਰੀਕੀ ਕਾਰਪੋਰੇਟ ਸੈਕਟਰ ਦਾ ਖਾਲਿਸਤਾਨ ਮੁਹਿੰਮ ਨਾਲ ਸਿੱਧਾ ਸਬੰਧ ਨਹੀਂ ਹੈ, ਪਰ ਟਰੰਪ ਦੀ "ਅਮਰੀਕਾ ਫਰਸਟ" ਨੀਤੀ ਅਤੇ ਭਾਰਤ 'ਤੇ ਟੈਰਿਫ ਲਗਾਉਣ ਦੀ ਗੱਲ ਕਈ ਅਮਰੀਕੀ ਕੰਪਨੀਆਂ ਦੇ ਹਿੱਤਾਂ ਨਾਲ ਜੁੜ ਸਕਦੀ ਹੈ। ਅਮਰੀਕੀ ਕੰਪਨੀਆਂ, ਜੋ ਭਾਰਤ ਨਾਲ ਵਪਾਰਕ ਮੁਕਾਬਲੇ ਵਿੱਚ ਹਨ, ਸ਼ਾਇਦ ਟਰੰਪ ਦੀ ਇਸ ਨੀਤੀ ਦਾ ਸਮਰਥਨ ਕਰਨ। ਪਰ ਸਪੱਸ਼ਟ ਤੌਰ 'ਤੇ ਕਿਸੇ ਵੀ ਵੱਡੀ ਅਮਰੀਕੀ ਕਾਰਪੋਰੇਸ਼ਨ ਨੇ ਖਾਲਿਸਤਾਨੀ ਮੁਹਿੰਮ ਦਾ ਸਿੱਧਾ ਸਮਰਥਨ ਨਹੀਂ ਕੀਤਾ। ਟਰੰਪ ਦਾ ਪੱਤਰ ਖਾਲਿਸਤਾਨੀ ਮੁਹਿੰਮ ਲਈ ਇੱਕ ਵੱਡੀ ਜਿੱਤ ਹੈ, ਪਰ ਇਸ ਦੇ ਅਸਲ ਪ੍ਰਭਾਵ ਅਤੇ ਅਮਰੀਕੀ ਸਰਕਾਰ ਦੀ ਵਚਨਬੱਧਤਾ ਦਾ ਪਤਾ ਅਗਲੇ ਕੁਝ ਮਹੀਨਿਆਂ ਵਿੱਚ ਹੀ ਚੱਲੇਗਾ। 17 ਅਗਸਤ ਦੀਆਂ ਵੋਟਾਂ ਦੇ ਨਤੀਜੇ ਅੰਤਰਰਾਸ਼ਟਰੀ ਸਿਆਸਤ ਵਿੱਚ ਇੱਕ ਨਵਾਂ ਅਧਿਆਇ ਖੋਲ੍ਹ ਸਕਦੇ ਹਨ।




# ਭਾਖੜਾ ਨਹਿਰ ਦਾ ਬਕਾਇਆ: ਹਰਿਆਣਾ ਨੂੰ 113 ਕਰੋੜ ਦਾ ਬਿੱਲ, ਪੰਜਾਬ ਨੇ ਖੋਲ੍ਹੀ ਪੋਲ

## ✪ ਜਲ ਸਰੋਤ ਵਿਭਾਗ ਦੇ ਆਡਿਟ ’ਚ ਹੈਰਾਨੀਜਨਕ ਖੁਲਾਸਾ, 2015-16 ਤੋਂ ਹਰਿਆਣਾ ਨੇ ਨਹੀਂ ਦਿੱਤਾ ਪੈਸਾ



ਚੰਡੀਗੜ੍ਹ-ਪੰਜਾਬ ਸਰਕਾਰ ਨੇ ਭਾਖੜਾ ਨਹਿਰ ਦੇ ਅਪਰੇਸ਼ਨ ਤੇ ਰੱਖ-ਰਖਾਅ ਦੇ ਬਕਾਏ ਵਜੋਂ ਹਰਿਆਣਾ ਨੂੰ 113.24 ਕਰੋੜ ਰੁਪਏ ਦਾ ਬਿੱਲ ਭੇਜਿਆ ਹੈ। ਪੰਜਾਬ ਦੇ ਜਲ ਸਰੋਤ ਵਿਭਾਗ ਵੱਲੋਂ ਕਰਵਾਏ ਅੰਦਰੂਨੀ ਆਡਿਟ ਵਿਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਆਡਿਟ ਮੁਤਾਬਕ, ਹਰਿਆਣਾ ਸਰਕਾਰ ਨੇ 2015-16 ਤੋਂ ਬਾਅਦ ਭਾਖੜਾ ਨਹਿਰ ਦੇ ਖਰਚੇ ਦੀ ਅਦਾਇਗੀ ਪੰਜਾਬ ਨੂੰ ਕਰਨੀ ਬੰਦ ਕਰ ਦਿੱਤੀ। ਇਸ ਮਸਲੇ ’ਤੇ ਪਿਛਲੀਆਂ ਸਰਕਾਰਾਂ ਨੇ ਵੀ ਕੋਈ ਧਿਆਨ ਨਹੀਂ ਦਿੱਤਾ। ਜਲ ਸਰੋਤ ਵਿਭਾਗ ਨੇ ਹੁਣ ਹਰਿਆਣਾ ਦੇ ਸਿੰਚਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ 113.24 ਕਰੋੜ ਦੀ ਰਾਸ਼ੀ ਜਮ੍ਹਾ ਕਰਵਾਉਣ ਦੀ ਮੰਗ ਕੀਤੀ ਹੈ। ਇਸ ਵਿਚ ‘ਭਾਖੜਾ ਮੇਨ ਲਾਈਨ ਕੈਨਾਲ ਡਿਵੀਜ਼ਨ ਪਟਿਆਲਾ’ ਦੇ 103.92 ਕਰੋੜ ਅਤੇ ‘ਮਾਨਸਾ ਕੈਨਾਲ ਡਵੀਜ਼ਨ ਜਵਾਹਰ ਕੇ’ ਦੇ 9.32 ਕਰੋੜ ਬਕਾਇਆ ਨਿਕਲੇ ਹਨ। ਹਰਿਆਣਾ ਨੇ ਇਸ ਰਾਸ਼ੀ ਨੂੰ ਤਾਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਜਦਕਿ ਰਾਜਸਥਾਨ ਸਰਕਾਰ ਨਿਯਮਤ ਤੌਰ ’ਤੇ ਆਪਣਾ ਹਿੱਸਾ ਪੰਜਾਬ ਨੂੰ ਭੇਜਦੀ ਹੈ।

ਭਾਖੜਾ ਨਹਿਰ ਲਈ 12,455 ਕਿਊਸਿਕ ਪਾਣੀ ਦੀ ਐਲੋਕੇਸ਼ਨ ਹੈ, ਜਿਸ ’ਚ ਹਰਿਆਣਾ ਦੀ 63 ਫੀਸਦੀ (7841 ਕਿਊਸਿਕ) ਅਤੇ ਪੰਜਾਬ ਦੀ 25 ਫੀਸਦੀ (3108 ਕਿਊਸਿਕ) ਹਿੱਸੇਦਾਰੀ ਹੈ। ਰਾਜਸਥਾਨ ਦੀ 7 ਫੀਸਦੀ, ਦਿੱਲੀ ਦੀ 4 ਫੀਸਦੀ ਅਤੇ ਚੰਡੀਗੜ੍ਹ ਦੀ 1 ਫੀਸਦੀ ਹਿੱਸੇਦਾਰੀ ਬਣਦੀ ਹੈ। ਨਹਿਰ ਪੰਜਾਬ ’ਚੋਂ ਲੰਘਦੀ ਹੈ, ਇਸ ਲਈ ਅਪਰੇਸ਼ਨ ਅਤੇ ਰੱਖ-ਰਖਾਅ ਦਾ ਸਾਰਾ ਖਰਚਾ ਪੰਜਾਬ ਸਰਕਾਰ ਝੱਲਦੀ ਹੈ। ਬਦਲੇ ਵਿਚ ਸੂਬਿਆਂ ਨੂੰ ਆਪਣੇ ਹਿੱਸੇ ਮੁਤਾਬਕ ਪੈਸਾ ਪੰਜਾਬ ਨੂੰ ਦੇਣਾ ਹੁੰਦਾ ਹੈ। ਹਰਿਆਣਾ ਨੂੰ ਸਭ ਤੋਂ ਵੱਡਾ ਹਿੱਸਾ ਦੇਣਾ ਪੈਂਦਾ ਹੈ, ਕਿਉਂਕਿ ਨਹਿਰ ਦਾ 63 ਫੀਸਦੀ ਪਾਣੀ ਉਹ ਵਰਤਦਾ ਹੈ।

ਪੰਜਾਬ ਦੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀਆਂ ਤਨਖਾਹਾਂ ਦਾ ਖਰਚਾ ਵੀ ਹਰਿਆਣਾ ਨੇ ਅਨੁਪਾਤ ਮੁਤਾਬਕ ਦੇਣਾ ਹੁੰਦਾ ਹੈ, ਕਿਉਂਕਿ ਇਹ ਸਟਾਫ ਨਹਿਰ ਦੀ ਦੇਖ-ਰੇਖ ਕਰਦਾ ਹੈ। ਪਰ 2016-17 ਤੋਂ ਹਰਿਆਣਾ ਨੇ ਇਹ ਅਦਾਇਗੀ ਬੰਦ ਕਰ ਦਿੱਤੀ। ਸਾਲ 2023-24 ਵਿਚ ਤਨਖਾਹਾਂ ਅਤੇ ਦਫਤਰੀ ਖਰਚਿਆਂ ਦੀ ਰਾਸ਼ੀ 22.20 ਕਰੋੜ ਰੁਪਏ ਸੀ। 1990 ਤੋਂ 2023-24 ਤੱਕ ਕੁੱਲ ਤਨਖਾਹ ਅਤੇ ਦਫਤਰੀ ਖਰਚਿਆਂ ਦਾ ਬਕਾਇਆ 318.34 ਕਰੋੜ ਰੁਪਏ ਬਣਦਾ ਹੈ, ਜਿਸ ’ਚੋਂ 2016-17 ਤੋਂ ਬਾਅਦ ਦਾ 113.24 ਕਰੋੜ ਬਕਾਇਆ ਹੈ।

ਸੂਤਰਾਂ ਮੁਤਾਬਕ, 2016-17 ਤੋਂ ਪਹਿਲਾਂ ਪੰਜਾਬ ਦੇ ਜਲ ਸਰੋਤ ਵਿਭਾਗ ਨੇ ਨਹਿਰ ਦੇ ਖਰਚਿਆਂ ਦਾ ਪੂਰਾ ਹਿਸਾਬ ਰੱਖਿਆ, ਪਰ ਬਾਅਦ ’ਚ ਇਸ ਵੱਲ ਧਿਆਨ ਨਹੀਂ ਦਿੱਤਾ। ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਜਦੋਂ ਇਸ ਮਸਲੇ ’ਤੇ ਆਡਿਟ ਦੇ ਹੁਕਮ ਦਿੱਤੇ, ਤਾਂ ਇਹ ਕੁਤਾਹੀ ਸਾਹਮਣੇ ਆਈ। ਪੰਜਾਬ ਸਰਕਾਰ ਹੁਣ ਹਰਿਆਣਾ ਤੋਂ ਇਹ ਰਾਸ਼ੀ ਵਸੂਲਣ ਦੀ ਕੋਸ਼ਿਸ਼ ’ਚ ਹੈ। ਰਾਜਸਥਾਨ ਵੱਲੋਂ ਨਿਯਮਤ ਤੌਰ ’ਤੇ 8-9.5 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਰਹੀ ਹੈ। ਪੰਜਾਬ ਅਤੇ ਹਰਿਆਣਾ ਵਿਚਕਾਰ ਸਤਲੁਜ-ਯਮੁਨਾ ਨਹਿਰ ਦੀ ਉਸਾਰੀ ਅਤੇ ਵਾਧੂ ਪਾਣੀ ਦੀ ਮੰਗ ਨੂੰ ਲੈ ਕੇ ਪਹਿਲਾਂ ਹੀ ਤਣਾਅ ਚੱਲ ਰਿਹਾ ਹੈ।

## ਜਲੰਧਰ ਵਿਚੋਂ “ਫ਼ਤਿਹ ਗਰੁੱਪ” ਦੇ 2 ਮੈਂਬਰ ਹਥਿਆਰਾਂ ਤੇ ਨਸ਼ਾ ਸਮੇਤ ਫੜੇ

ਜਲੰਧਰ-ਕਮਿਸ਼ਨਰੇਟ ਪੁਲਸ ਜਲੰਧਰ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਬਦਨਾਮ ‘ਫ਼ਤਿਹ ਗਰੁੱਪ’ ਦੇ ਦੋ ਸਰਗਰਮ ਮੈਂਬਰਾਂ ਕਰਨਪ੍ਰੀਤ ਸਿੰਘ ਗਿਆਨੀ ਉਰਫ਼ ਫਤਿਹ, ਖੁਰਲਾ ਕਿੰਗਰਾ, ਜਲੰਧਰ ਅਤੇ ਅਮਨ ਉਰਫ਼ ਅਮਨਾ, ਬਸਤੀ ਬਾਵਾ ਖੇਲ, ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲਸ ਵੱਲੋਂ 5 ਗੈਰ-ਕਾਨੂੰਨੀ ਪਿਸਤੌਲ, 10 ਜ਼ਿੰਦਾ ਰੌਂਦ ਅਤੇ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

## ਚੀਫ਼ ਖ਼ਾਲਸਾ ਦੇ ਅਡੀਸ਼ਨਲ ਆਨਰੇਰੀ ਸਕੱਤਰ ’ਤੇ ਨਾਬਾਲਗ ਦੇ ਬਲਾਤਕਾਰ ਦਾ ਦੋਸ਼, ਮਾਮਲਾ ਦਰਜ



ਅੰਮ੍ਰਿਤਸਰ-ਚੀਫ ਖ਼ਾਲਸਾ ਦੀਵਾਨ (ਅੰਮ੍ਰਿਤਸਰ) ਦੇ ਵਧੀਕ ਆਨਰੇਰੀ ਸਕੱਤਰ ਹਰਿੰਦਰ ਪਾਲ ਸਿੰਘ ਸੇਠੀ ’ਤੇ ਇੱਕ ਨਾਬਾਲਗ ਲੜਕੀ ਦੇ ਜਿਣਸੀ ਸ਼ੋਸ਼ਣ ਕਰਨ ਦਾ ਇਲਜ਼ਾਮ ਲੱਗਾ ਹੈ। ਇਸ ਸਬੰਧੀ ਉਨ੍ਹਾਂ ਖ਼ਿਲਾਫ਼ ਮਾਮਲਾ ਵੀ ਦਰਜ ਕਰ ਲਿਆ ਗਿਆ ਹੈ। ਦੱਸ ਦੇਈਏ ਵਧੀਕ ਅਡੀਸ਼ਨਲ ਆਨਰੇਰੀ ਸਕੱਤਰ ਦੇ ਪਿਤਾ ਸੰਤੋਖ ਸਿੰਘ ਸੇਠੀ ਕਰੀਬ ਅੱਧੀ ਸਦੀ ਤੋਂ ਦੀਵਾਨ ਸਮੇਤ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਮੈਂਬਰ ਰਹੇ ਹਨ।

ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਹੈ ਕਿ ਇਹ ਮਾਮਲਾ ਬਹੁਤ ਗੰਭੀਰ ਹੈ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੇਠੀ ’ਤੇ ਇਲਜ਼ਾਮ ਹਨ ਕਿ ਉਹ ਪਹਿਲਾਂ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੀ ਪਤਨੀ ਨਾਲ ਕਥਿਤ ਤੌਰ ’ਤੇ ਨਜਾਇਜ਼ ਸਬੰਧ ਰੱਖਦੇ ਸਨ, ਫਿਰ ਉਨ੍ਹਾਂ ਦੀ ਨਜ਼ਰ ਰਿਸ਼ਤੇਦਾਰ ਦੀ ਨਾਬਾਲਗ ਲੜਕੀ ’ਤੇ ਆ ਗਈ। ਉਨ੍ਹਾਂ ਨੇ ਲੜਕੀ ਨਾਲ ਕਈ ਵਾਰ ਕਥਿਤ ਤੌਰ ’ਤੇ ਛੇੜਛਾੜ ਕੀਤੀ ਤੇ ਜਦੋਂ ਲੜਕੀ ਨੇ ਆਨਾ-ਕਾਨੀ ਕੀਤੀ ਤਾਂ ਸੇਠੀ ਵੱਲੋਂ ਉਸ ਨੂੰ ਲਾਲਚ ਤੇ ਧਮਕੀਆਂ ਵੀ ਦਿੱਤੀਆਂ ਗਈਆਂ।

ਪੀੜਤ ਨਾਬਾਲਗ ਲੜਕੀ ਨੇ ਸੇਠੀ ਬਾਰੇ ਦਰਜ ਕਰਵਾਈ ਐਫਆਈਆਰ ’ਚ ਪੁਲਿਸ ਨੂੰ ਦੱਸਿਆ ਕਿ ਉਹ 2022 ਤੇ 2023 ਦੀਆਂ ਗਰਮੀਆਂ ਦੀਆਂ ਛੁਟੀਆਂ ’ਚ ਸੇਠੀ, ਜੋ ਕਿ ਉਸ ਦਾ ਨੇੜੇ ਦੇ ਰਿਸ਼ਤੇਦਾਰ ਹਨ, ਦੇ ਘਰ ਆਪਣੀ ਮਾਂ ਨਾਲ ਗਈ ਸੀ। ਘਰ ’ਚ ਸੇਠੀ ਨੇ ਉਸ ਨਾਲ ਛੇੜਛਾੜ ਕੀਤੀ। ਸਾਲ 2023 ਦੀ 24 ਅਕਤੂਬਰ ਨੂੰ ਸੇਠੀ ਨੇ ਉਸ ਨੂੰ ’ਤੇ ਉਸ ਦੀ ਮਾਂ ਨੂੰ ਦਿੱਲੀ ਦੇ ਇਕ ਹੋਟਲ ’ਚ ਬੁਲਾਇਆ, ਇੱਥੇ ਉਨ੍ਹਾਂ ਨੇ ਫਿਰ ਤੋਂ ਉਸ ਨਾਲ ਛੇੜਛਾੜ ਕੀਤੀ ਸੀ। ਐਫਆਈਆਰ ਅਨੁਸਾਰ ਸੇਠੀ ਨੇ ਨਾਬਾਲਕ ਦੀ ਮਾਂ ਨਾਲ ਵੀ ਹੋਟਲ ’ਚ ਸਰੀਰਕ ਸੰਬਧ ਬਣਾਏ ਤੇ ਬਾਅਦ ਵਿੱਚ ਉਸ ਨੂੰ ਦਸ ਹਜ਼ਾਰ ਰੁਪਏ ਤੇ ਇੱਕ ਫੋਨ ਵੀ ਲੈ ਕੇ ਦਿੱਤਾ। ਪੀੜਿਤਾ ਨੇ ਦੱਸਿਆ ਕਿ ਉਸ ਨੇ ਆਪਣੀ ਮਾਂ ’ਤੇ ਸੇਠੀ ਵਿਚਾਲੇ ਫ਼ੋਨ ’ਤੇ ਹੋਈ ਇਕ ਅਸ਼ਲੀਲ ਗੱਲਬਾਤ ਵੀ ਸੁਣੀ ਹੈ।

ਇਸ ਸਾਰੇ ਮਾਮਲੇ ਦੀ ਸ਼ਿਕਾਇਤ ਦਿੱਲੀ ਦੇ ਇੱਕ ਥਾਣੇ ਵਿੱਚ ਦਰਜ ਕਰਵਾਈ, ਪਰ ਮਾਮਲਾ ਅੰਮ੍ਰਿਤਸਰ ਦਾ ਹੋਣ ਕਾਰਨ ਇਸ ਮਾਮਲੇ ਨੂੰ ਦਿੱਲੀ ਪੁਲਿਸ ਨੇ ਅੰਮ੍ਰਿਤਸਰ ਭੇਜ ਦਿੱਤਾ। ਇਸ ਸੰਬਧੀ ਹਰਿੰਦਰਪਾਲ ਸਿੰਘ ਸੇਠੀ ਨੇ ਪੀੜਤ ਲੜਕੀ ਦੇ ਪਿਤਾ ’ਤੇ ਧਮਕਾਉਣ ਦੇ ਇਲਜ਼ਾਮ ਲਾਏ ਹਨ। ਉਨ੍ਹਾਂ ਕਿਹਾ ਕਿ ਲੜਕੀ ਉਨ੍ਹਾਂ ਨੂੰ ਬਲੈਕ-ਮੇਲ ਕਰਨ ਦੀ ਨੀਯਤ ਨਾਲ ਉਨ੍ਹਾਂ ਕੋਲੋਂ ਪਾਸੋ ਪੈਸੇ ਮੰਗਦੀ ਸੀ, ਜਦੋਂ ਪੈਸੇ ਨਹੀ ਦਿੱਤੇ ਤਾਂ ਉਸ ਨੇ ਘਿਣਾਉਣਾ ਮਾਮਲਾ ਦਰਜ ਕਰਵਾ ਦਿੱਤਾ ਹੈ।

## ਲਵ ਮੈਰਿਜ ਕਰਵਾਉਣ ਵਾਲੇ ਨੌਜਵਾਨ ’ਤੇ ਹਮਲਾ ਕਰਨ ਵਾਲੇ 4 ਉਪਰ ਮਾਮਲਾ ਦਰਜ




ਬਠਿੰਡਾ-ਸਿਵਲ ਲਾਈਨ ਪੁਲਸ ਨੇ ਕੁੜੀ ਪੱਖ ਦੇ ਚਾਰ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ, ਜਿਨ੍ਹਾਂ ਨੇ ਪ੍ਰੇਮ ਵਿਆਹ ਕਰਵਾਉਣ ਵਾਲੇ ਨੌਜਵਾਨ ’ਤੇ ਪਿਛਲੇ ਦਿਨ ਜ਼ਿਲ੍ਹਾ ਅਦਾਲਤ ਪਹੁੰਚਣ ’ਤੇ ਹਮਲਾ ਕੀਤਾ ਸੀ। ਮਨਪ੍ਰੀਤ ਸਿੰਘ ਵਾਸੀ ਰੋਮਾਣਾ ਅਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਠੱਠੀ ਭਾਈ, ਜ਼ਿਲ੍ਹਾ ਮੋਗਾ ਦੇ ਰਹਿਣ ਵਾਲੇ ਸਤਨਾਮ ਸਿੰਘ ਦੀ ਧੀ ਗੁਰਜੀਤ ਕੌਰ ਨਾਲ ਪ੍ਰੇਮ ਵਿਆਹ ਹੋਇਆ ਸੀ। ਇਸ ਕਾਰਨ ਉਸ ਦੀ ਪਤਨੀ ਦੇ ਪਰਿਵਾਰ ਨੂੰ ਉਸ ਨਾਲ ਨਫ਼ਰਤ ਹੈ। ਪਿਛਲੇ ਦਿਨ ਉਹ ਅਦਾਲਤ ਦੇ ਕੰਮ ਲਈ ਜ਼ਿਲ੍ਹਾ ਅਦਾਲਤ ਦੇ ਵਿਹੜੇ ਵਿਚ ਆਇਆ ਸੀ, ਜਿਸ ਦੌਰਾਨ ਉਸ ਦੀ ਪਤਨੀ ਦੇ ਪਿਤਾ ਸਤਨਾਮ ਸਿੰਘ, ਚਮਕੌਰ ਸਿੰਘ, ਜਗਸੀਰ ਸਿੰਘ ਅਤੇ ਗੁਰਨਾਮ ਸਿੰਘ ਵਾਸੀ ਠੱਠੀ ਭਾਈ ਨੇ ਉਸਦੀ ਕੁੱਟਮਾਰ ਕੀਤੀ। ਸ਼ਿਕਾਇਤ ਦੇ ਆਧਾਰ ’ਤੇ ਪੁਲਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਸਿਹਤ ਵਿਭਾਗ ਨੇ ਬਿਨਾਂ ਲਾਇਸੈਂਸ ਚੱਲ ਰਿਹਾ ਆਯੁਰਵੈਦਿਕ ਸਟੋਰ ਕੀਤਾ ਸੀਲ

### ✪ ਕਾਮ ਉਕਸਾਊ ਕਾਮਿਨੀ ਵਿਦ੍ਰਾਵਨ ਰਸ ਦੀਆਂ 70 ਸੀਸ਼ੀਆਂ ਬਰਾਮਦ ✪ ਧੜੱਲੇ ਨਾਲ ਵਿਦਿਆਰਥੀਆਂ ਨੂੰ ਵੇਚ ਰਿਹਾ ਸੀ ਦਵਾਈ

ਬਠਿੰਡਾ-ਜ਼ਿਲ੍ਹਾ ਆਯੁਰਵੈਦਿਕ ਵਿਭਾਗ ਅਤੇ ਥਾਣਾ ਸਿਵਲ ਲਾਈਨ ਪੁਲਿਸ ਵੱਲੋਂ ਸਾਂਝੇ ਤੌਰ ’ਤੇ ਕੀਤੀ ਗਈ ਕਾਰਵਾਈ ਵਿਚ ਬੀਤੇ ਦਿਨੀਂ ਅਜੀਤ ਰੋਡ ਗਲੀ ਨੰਬਰ 17 ਵਿਚ ਗੈਰ-ਕਾਨੂੰਨੀ ਤੌਰ ’ਤੇ ਚੱਲ ਰਹੇ ਇਕ ਰਹਿਮਤ ਆਯੁਰਵੈਦਿਕ ਸਟੋਰ ’ਤੇ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਸਟੋਰ ਸੰਚਾਲਕ ਵਿਭਾਗ ਦੇ ਅਧਿਕਾਰੀਆਂ ਨੂੰ ਕੋਈ ਲਾਇਸੈਂਸ ਜਾਂ ਪ੍ਰਵਾਨਗੀ ਨਹੀਂ ਦਿਖਾ ਸਕਿਆ ਅਤੇ ਲਾਇਸੈਂਸ ਦਿਖਾਉਣ ਲਈ ਤਿੰਨ ਦਿਨਾਂ ਦਾ ਸਮਾਂ ਦਿੱਤਾ ਗਿਆ। ਇਸ ਉਪਰੰਤ ਵਿਭਾਗ ਅਤੇ ਪੁਲਿਸ ਨੇ ਸਟੋਰ ਨੂੰ ਸੀਲ ਕਰ ਦਿੱਤਾ ਦੁਕਾਨ ਤੋਂ ਕਾਮਿਨੀ ਵਿਦ੍ਰਾਵਨ ਰਸ ਦੀਆਂ 70 ਸ਼ੀਸ਼ੀਆਂ ਵੀ ਬਰਾਮਦ ਕੀਤੀਆਂ ਹਨ ਜੋ ਸੈਕਸ ਵਧਾਉਣ ਨਾਲ ਸਬੰਧਿਤ ਹਨ। ਆਮ ਤੌਰ ’ਤੇ ਉਕਤ ਦਵਾਈ ਡਾਕਟਰ ਦੀ ਪਰਚੀ ’ਤੇ ਹੀ ਆਯੁਰਵੇਦ ਵਿਚ ਵੇਚੀ ਜਾ ਸਕਦੀ ਹੈ ਪਰ ਦੁਕਾਨਦਾਰ ਨਿਡਰਤਾ ਨਾਲ ਉਕਤ ਦਵਾਈ ਵਿਦਿਆਰਥੀਆਂ ਅਤੇ ਉਥੇ ਆਉਣ ਵਾਲੇ ਹੋਰ ਲੋਕਾਂ ਨੂੰ ਵੇਚ ਰਿਹਾ ਸੀ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਮੈਂਬਰਸ਼ਿਪ ਬਣਾਉਣ ਦੀ ਆਖਰੀ ਤਾਰੀਖ 3 ਅਗਸਤ

## ਹੁਣ ਤੱਕ ਸਿਰਫ 2700 ਤੋਂ ਵੱਧ ਹੀ ਬਣੇ ਨਵੇਂ ਮੈਂਬਰ, ਇੱਕ ਦੂਜੇ ਤੇ ਦੂਸ਼ਣਬਾਜ਼ੀ ਦਾ ਦੌਰ ਸ਼ੁਰੂ, ਸ਼ੋਸ਼ਲ ਮੀਡੀਆ ਤੇ ਹੋ ਰਿਹਾ ਗੁੰਮਰਾਹਕੁੰਨ ਪ੍ਰਚਾਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀਆਂ ਚੋਣਾਂ ਨੂੰ ਲੈ ਕੇ ਚੱਲ ਰਹੀ ਮੈਂਬਰਸ਼ਿਪ ਹੁਣ ਆਖਰੀ ਪੜ੍ਹਾਅ ਤੇ ਪਹੁੰਚ ਗਈ ਹੈ। ਚੋਣਾਂ ਬਣਾਉਣ ਦਾ ਕੰਮ 3 ਅਗਸਤ ਸ਼ਾਮੀ 8 ਵਜੇ ਤੱਕ ਸਮਾਪਤ ਹੋ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਮੰਗਲਵਾਰ ਸ਼ਾਮ ਤੱਕ ਸਿਰਫ 2700 ਦੇ ਕਰੀਬ ਨਵੇਂ ਮੈਂਬਰ ਬਣੇ ਹਨ। ਮੈਂਬਰਸ਼ਿਪ ਅਤੇ ਚੋਣ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਬੁੱਟਰ ਨੇ ਦੱਸਿਆ ਕਿ ਹੁਣ ਤੱਕ ਕੁੱਲ ਮੈਂਬਰਾਂ ਦੀ ਗਿਣਤੀ 6209 ਤੱਕ ਅੱਪੜ ਗਈ ਹੈ। ਜਿਹਨਾਂ ਵਿੱਚੋਂ 4300 ਦੇ ਕਰੀਬ ਉਮਰ ਲਈ ਮੈਂਬਰ ਬਣੇ ਹਨ, ਜਦ ਕਿ 1909 ਨਵੇਂ ਆਮ ਮੈਂਬਰ ਬਣੇ ਹਨ, ਜਦ ਕਿ 800 ਦੇ ਕਰੀਬ ਨਵੇਂ ਉਮਰ ਭਰ ਲਈ ਮੈਂਬਰ ਬਣੇ ਹਨ। ਉਹਨਾਂ ਦੱਸਿਆ ਕਿ 3500 ਦੇ ਲੱਗਭੱਗ ਪੁਰਾਣੇ ਉਮਰ ਭਰ ਲਈ ਬਣੇ ਮੈਂਬਰ ਹਨ। ਇਹ ਮੈਂਬਰਸ਼ਿਪ ਭਰਤੀ ਗੁਰਦੁਆਰਾ ਪਾਰਕ ਐਵੇਨਿਊ ਸਾਊਥਾਲ ਵਿਖੇ ਰੋਜ਼ਾਨਾ 12 ਵਜੇ ਤੋਂ ਸ਼ਾਮੀ 8 ਵਜੇ ਤੱਕ ਹੁੰਦੀ ਹੈ। ਜੋ ਇਸ ਹਫਤੇ ਐਤਵਾਰ ਤੱਕ ਜਾਰੀ ਰਹੇਗੀ।*

ਦੂਜੇ ਪਾਸੇ ਹੁਣ ਤੱਕ ਸਿਰਫ ਦੋ ਗਰੁੱਪ ਹੀ ਸਰਗਰਮ ਹਨ ਜਿਹਨਾਂ ਵਿੱਚ ਮੌਜੂਦਾ ਪ੍ਰਬੰਧਕੀ ਗਰੁੱਪ ਪੰਥਕ ਗਰੁੱਪ ਹੈ ਜਿਸ ਦੀ ਅਗਵਾਈ ਸ: ਹਿੰਮਤ ਸਿੰਘ ਸੋਹੀ ਕਰ ਰਹੇ ਹਨ, ਜਿਹਨਾਂ ਨਾਲ ਸ: ਕੁਲਵੰਤ ਸਿੰਘ ਭਿੰਡਰ, ਹਰਮੀਤ ਸਿੰਘ ਗਿੱਲ ਅਤੇ ਉਹਨਾਂ ਦੇ ਸਾਥੀ ਸੰਗਤਾਂ ਨੂੰ ਮੈਂਬਰ ਬਣਨ ਲਈ ਅਪੀਲਾਂ ਕਰ ਰਹੇ ਹਨ।



ਦੂਜੇ ਪਾਸੇ ਸ਼ੇਰ ਗਰੁੱਪ ਹੈ ਜਿਸ ਦੀ ਅਗਵਾਈ ਸ: ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ, ਸੋਹਣ ਸਿੰਘ ਸੁਮਰਾ, ਮਨਜੀਤ ਸਿੰਘ, ਸ਼ਰਨਬੀਰ ਸਿੰਘ ਸੰਘਾ, ਗੁਰਸ਼ਰਨ ਸਿੰਘ ਮੰਡ ਆਦਿ ਕਰ ਰਹੇ ਹਨ। ਦੋਵਾਂ ਪਾਰਟੀਆਂ ਦੇ ਹਮਾਇਤੀਆਂ ਦੀ ਸੂਚੀ ਭਾਵੇਂ ਕਾਫੀ ਲੰਮੀ ਹੈ। ਪਰ ਦਿਲਚਸਪ ਅਤੇ ਚਿੰਤਾ ਵਾਲੀ ਗੱਲ ਇਹ ਹੈ ਕਿ ਜਿਉਂ ਜਿਉਂ ਚੋਣਾਂ ਨੇੜੇ ਆ ਰਹੀਆਂ ਹਨ, ਇੱਕ ਦੂਜੇ ਉੱਪਰ ਦੂਸ਼ਣਬਾਜ਼ੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਧਰਮ ਦੀ ਮਾਣ ਮਰਿਯਾਦਾ ਦੀਆਂ ਧੱਜੀਆਂ ਉੱਡ ਰਹੀਆਂ ਹਨ। ਪੁਰਾਣੀਆਂ ਵੀਡੀਓ ਅਤੇ ਹੋਰ ਪੁਰਾਣੀ ਸਮੱਗਰੀ ਨੂੰ ਐਡਿਟ ਕਰਕੇ ਸ਼ੋਸ਼ਲ ਮੀਡੀਆ 'ਤੇ ਵਾਇਰਲ ਕੀਤਾ ਜਾ ਰਿਹਾ ਹੈ।

ਇਥੇ ਹੀ ਬੱਸ ਨਹੀਂ ਬੀਤੇ ਹਫਤੇ ਇੱਕ ਟੀ ਵੀ ਸ਼ੋਅ ਦੌਰਾਨ ਪੰਥਕ ਗਰੁੱਪ ਅਤੇ ਸ਼ੇਰ ਗਰੁੱਪ ਦੇ ਨੁਮਾਇੰਦਿਆਂ ਵੱਲੋਂ ਇੱਕ ਦੂਜੇ ਉੱਤੇ ਦੂਸ਼ਣਬਾਜ਼ੀਆਂ ਲਗਾਈਆਂ ਗਈਆਂ। ਭਾਵੇਂ ਕਿ ਕੁਝ ਨਵੀ ਤਕਨਾਲੌਜੀ ਏ ਆਈ ਦੁਆਰਾ ਤਿਆਰ ਕੀਤੀਆਂ ਵੀਡੀਓ ਹਨ। ਲੇਕਨ ਇਸ ਦੇ ਨਾਲ ਹੀ ਮੌਜੂਦਾ ਪ੍ਰਬੰਧਕ ਕਮੇਟੀ ਦੇ ਇੱਕ ਪੁਰਾਣੇ ਹਮਾਇਤੀ ਸ਼ਰਨਬੀਰ ਸਿੰਘ ਸੰਘਾ ਨੇ ਗੰਭੀਰ ਦੋਸ਼ ਲਗਾਉਂਦਿਆਂ ਗੁਰਦੁਆਰਾ ਸਾਹਿਬ ਵਿੱਚ ਕੁਝ ਗਲਤ ਘਟਨਾਵਾਂ ਹੋਣ ਦੇ ਦੋਸ਼ ਲਗਾਏ ਹਨ। ਭਾਵੇਂ ਕਿ ਪ੍ਰਬੰਧਕ ਕਮੇਟੀ ਵੱਲੋਂ ਕਿਸੇ ਮਾੜੀ ਘਟਨਾਂ ਹੋਣ ਤੋਂ ਮਨ੍ਹਾ ਕੀਤਾ ਹੈ। ਪਰ ਸੰਗਤਾਂ ਵਿੱਚ ਉਹਨਾਂ ਦੋਸ਼ਾਂ ਦੀ ਚਰਚਾ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਲੇਕਨ ਹੁਣ ਵੇਖਣਾ ਇਹ ਹੋਵੇਗਾ ਕਿ ਅਗਲੇ ਇੱਕ ਮਹੀਨੇ ਚੱਲਣ ਵਾਲਾ ਇਹ ਚੋਣ ਪ੍ਰਚਾਰ ਕਿੰਨੇ ਕੁ ਨਿਵਾਣ ਵੱਲ ਜਾਵੇਗਾ।

# ਸ਼ੇਰ ਗਰੁੱਪ ਸਾਊਥਾਲ ਦੇ ਹਮਾਇਤੀਆਂ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਮੈਂਬਰਸ਼ਿਪ ਲਈ ਸੰਗਤਾਂ ਨੂੰ ਸਹਿਯੋਗ ਦੀ ਅਪੀਲ



ਗੁਰਦੁਆਰਾ ਪਾਰਕ ਐਵੇਨਿਊ ਵਿਖੇ ਸ਼ੇਰ ਗਰੁੱਪ ਦੇ ਹਮਾਇਤੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਨੂੰ ਲੈ ਕੇ ਹੋ ਰਹੀ ਮੈਂਬਰਸ਼ਿਪ ਦੌਰਾਨ ਸ਼ੇਰ ਗਰੁੱਪ ਦੇ ਹਮਾਇਤੀਆਂ ਵੱਲੋਂ ਸੰਗਤਾਂ ਨੂੰ ਵੱਧ ਤੋਂ ਵੱਧ ਮੈਂਬਰ ਬਣਨ ਦੀ ਅਪੀਲ ਕੀਤੀ ਗਈ ਹੈ। ਸ਼ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ, ਸੋਹਣ ਸਿੰਘ ਸਮਰਾ, ਮਨਜੀਤ ਸਿੰਘ, ਬਲਜੀਤ ਸਿੰਘ ਮੱਲੀ, ਸ਼ਰਨਬੀਰ ਸਿੰਘ ਸੰਘਾ ਅਤੇ ਸਾਥੀਆਂ ਨੇ ਕਿਹਾ ਕਿ ਸਭਾ ਦੇ ਬੇਹਤਰ ਪ੍ਰਬੰਧ ਲਈ ਮੌਜੂਦਾ ਪ੍ਰਬੰਧਕੀ ਢਾਂਚੇ ਵਿੱਚ ਤਬਦੀਲੀ ਲਿਆਉਣ ਲਈ ਵੱਧ ਤੋਂ ਵੱਧ ਮੈਂਬਰ ਬਣਨ ਦੀ ਲੋੜ ਹੈ।***

ਉਹਨਾਂ ਕਿਹਾ ਕਿ ਬੀਤੇ ਸਮੇਂ ਵਿੱਚ ਟਰੱਸਟੀਆਂ ਦੀ ਚੋਣ, ਚੋਣ ਕਮੇਟੀ ਦੀ ਪ੍ਰਕ੍ਰਿਆ ਵਿੱਚ ਤਬਦੀਲੀ ਸਮੇਤ ਕਈ ਗੈਰ ਸੰਵਿਧਾਨਿਕ ਤਰੀਕੇ ਨਾਲ ਮਾਣ ਮਰਿਯਾਦਾ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਜਿਸ ਲਈ ਪ੍ਰਬੰਧ ਵਿੱਚ ਤਬਦੀਲੀ ਬਹੁਤ ਜਰੂਰੀ ਹੈ। ਭਰਪੂਰ ਸਿੰਘ, ਗੁਰਮੀਤ ਸਿੰਘ ਸਿੱਧੂ, ਰਾਜਵਿੰਦਰ ਸਿੰਘ ਰਾਜੂ, ਸੁੱਖੀ ਬੱਲ, ਸ: ਬਲਵਿੰਦਰ ਸਿੰਘ ਬਿੱਲਾ ਗਿੱਲ ਦੀਨੇਵਾਲੀਆ, ਇਸ਼ਟਮੀਤ ਸਿੰਘ ਫੁੱਲ, ਬਲਜੀਤ ਸਿੰਘ ਮੱਲੀ, ਗੁਰਚਰਨ ਸਿੰਘ ਸੁਜਾਪੁਰ, ਕੇਵਲ ਸਿੰਘ ਰਣਦੇਵਾ, ਹਰਮਨ ਸਿੰਘ, ਸਾਬੀ, ਹਰਜਿੰਦਰ ਸਿੰਘ ਬੱਲ, ਜਰਨੈਲ ਸਿੰਘ ਬੱਲ ਅਤੇ ਸਾਥੀਆਂ ਨੇ ਸਹਿਯੋਗ ਦੇ ਰਹੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਵੱਲੋਂ ਵੀ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ।

# ਡਰਬੀ ਵਿਖੇ ਨੌਵੇਂ ਪਾਤਸ਼ਾਹ ਦੀ 350ਵੀਂ ਸ਼ਤਾਬਦੀ ਸਮਾਗਮਾਂ ਨੂੰ ਉੱਘੇ ਸਿੱਖ ਚਿੰਤਕ ਭਗਵਾਨ ਸਿੰਘ ਜੌਹਲ ਨੇ ਸੰਬੋਧਨ ਕੀਤਾ





**ਡਰਬੀ- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ ਅਤੇ ਨੌਵੇਂ ਮਹਲੇ ਦੇ ਸਲੋਕ ਸਮੁੱਚੀ ਮਾਨਵਤਾ ਲਈ ਮੋਹ ਅਤੇ ਲਾਲਸਾਵਾਂ ਤੋਂ ਉੱਪਰ ਉੱਠਕੇ ਕਲਿਆਣਕਾਰੀ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੇ ਸਨ। ਸਾਡੇ ਪੁਰਾਤਨ ਪੁਰਖੇ ਜਦੋਂ ਕਿਸੇ ਪਰਿਵਾਰ ਜਾਂ ਗੁਰੂ ਘਰ ਪਾਠ ਦੇ ਭੋਗ ਸਮੇਂ ਨੌਵੇਂ ਮਹਲੇ ਦੇ ਸਲੋਕ ਪੜ੍ਹੇ ਜਾਂਦੇ ਸਨ, ਤਾਂ ਉਹ ਇਸ ਪਾਵਨ ਬਾਣੀ ਨੂੰ ਸੁਣਨ ਤੋਂ ਪਹਿਲਾਂ ਆਪਣੇ ਪਰਿਵਾਰ ਨੂੰ ਇਹ ਕਹਿੰਦੇ ਸੁਣੇ ਜਾਂਦੇ ਸਨ, ਮੈਂ ਜ਼ਿੰਦਗੀ ਦਾ ਸੱਚ ਸੁਣਨ ਲਈ ਪਹਿਲਾਂ ਪਹੁੰਚਣਾ ਹੈ।**

ਅੱਜ ਇਸ ਪਾਵਨ ਬਾਣੀ ਦੀ ਪ੍ਰੇਰਨਾ ਅਤੇ ਸੱਚ ਨੂੰ ਘਰ-ਘਰ ਤੱਕ ਪਹੁੰਚਾਣ ਦੀ ਲੋੜ ਹੈ, ਤਾਂ ਜੋ ਮਾਇਆ ਦੀ ਦੌੜ ਤੋਂ ਉੱਪਰ ਉੱਠਕੇ ਸਾਰਥਿਕ ਜੀਵਨ ਜੀਅ ਸਕੀਏ। ਇਹ ਵਿਚਾਰ ਪ੍ਰਸਿੱਧ ਸਿੱਖ ਚਿੰਤਕ, ਲੇਖਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਡਰਬੀ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਸੰਗਤ ਨੂੰ ਸੰਬੋਧਨ ਕਰਦਿਆਂ ਕਹੇ। ਮਾਨਵਤਾ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਨੂੰ ਸਮਰਪਿਤ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈ ਸੰਗਤ ਨੂੰ ਆਪਣੇ-ਆਪਣੇ ਪਰਿਵਾਰਾਂ ਵਿੱਚ ਸਹਿਜਪਾਠ ਕਰਨ ਦੀ ਬੇਨਤੀ ਵੀ ਕੀਤੀ। ਤਾਂ ਜੋ ਅਸੀਂ ਪਾਵਨ ਗੁਰਬਾਣੀ ਅਤੇ ਗੁਰਮੁੱਖੀ ਨਾਲ ਜੁੜ ਸਕੀਏ। ਇਨ੍ਹਾਂ ਸਮਾਗਮਾਂ ਦਾ ਪ੍ਰਬੰਧ ਉੱਘੇ ਪੱਤਰਕਾਰ ਅਤੇ ਧਾਰਮਿਕ ਸ਼ਖ਼ਸੀਅਤ ਸ. ਰਜਿੰਦਰ ਸਿੰਘ ਪੁਰੇਵਾਲ ਵੱਲੋਂ ਕੀਤਾ ਗਿਆ। ਡਰਬੀ (ਯੂ.ਕੇ.) ਦੇ ਗੁਰਦੁਆਰਾ ਖ਼ਾਲਸਾ ਦਰਬਾਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਦੀਆਂ ਸਮੁੱਚੀਆਂ ਪ੍ਰਬੰਧਕ ਕਮੇਟੀਆਂ ਨੇ ਇਸ ਸੰਬੰਧੀ ਵਿਸ਼ੇਸ਼ ਦੀਵਾਨ ਅਯੋਜਿਤ ਕੀਤੇ।

ਹਰ ਸਮਾਗਮ ਦੌਰਾਨ ਸਮੁੱਚੀ ਸੰਗਤ ਵੱਲੋਂ ਸਿੱਖ ਚਿੰਤਕ ਭਗਵਾਨ ਸਿੰਘ ਜੌਹਲ ਦੇ ਪ੍ਰੇਰਨਾਮਈ ਗੁਰਬਾਣੀ ਦੇ ਗੂਹੜ ਅਤੇ ਸਿੱਖ ਇਤਿਹਾਸ ਨਾਲ ਓਤ-ਪੋਤ ਵਿਚਾਰਾਂ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਸਰਵਣ ਕੀਤਾ। ਇਨ੍ਹਾਂ ਸਾਰੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸ. ਜੌਹਲ ਦਾ ਮਾਣ-ਸਨਮਾਨ ਵੀ ਬੜੇ ਉਤਸ਼ਾਹ ਅਤੇ ਪ੍ਰੇਮ ਨਾਲ ਕੀਤਾ।

# ਤਜਿੰਦਰ ਸਿੰਦਰਾ ਦੁਆਰਾ ਨਿਰਦੇਸ਼ਤ ਅਤੇ ਲਿਖੀ ਗਈ ਫਿਲਮ "ਦਿਲਾਂ ਦੇ ਸੌਦੇ" ਦਾ ਟ੍ਰੇਲਰ ਗ੍ਰਹਿ ਮੰਤਰਾਲੇ ਦੀ ਮੰਤਰੀ ਸੀਮਾ ਮਹਲੋਤਰਾ ਦੁਆਰਾ ਰਿਲੀਜ਼ ਕੀਤਾ ਗਿਆ



**ਤਜਿੰਦਰ ਸਿੰਦਰਾ ਦੁਆਰਾ ਨਿਰਦੇਸ਼ਤ ਅਤੇ ਲਿਖੀ ਗਈ ਫਿਲਮ "ਦਿਲਾਂ ਦੇ ਸੌਦੇ" ਦਾ ਟ੍ਰੇਲਰ ਹਾਲ ਹੀ ਵਿੱਚ ਸ਼ੈਰੇਟਨ ਸਕਾਈਲਾਈਨ ਹੋਟਲ ਵਿੱਚ ਇੱਕ ਦਿਲਕਸ਼ ਸਮਾਗਮ ਵਿੱਚ ਗ੍ਰਹਿ ਮੰਤਰਾਲੇ ਦੀ ਮੰਤਰੀ ਸੀਮਾ ਮਹਲੋਤਰਾ ਦੁਆਰਾ ਰਿਲੀਜ਼ ਕੀਤਾ ਗਿਆ ਸੀ।**

ਸਿੰਧਰਾ ਮੂਵੀਜ਼ ਇੰਟਰਨੈਸ਼ਨਲ ਦੇ ਬੈਨਰ ਹੇਠ ਅਤੇ ਡੀਬੀਕੇ ਅਸਟੇਟਸ ਦੁਆਰਾ ਪੇਸ਼ ਕੀਤੀ ਗਈ ਇਸ ਸਤੰਬਰ ਵਿੱਚ ਯੂਕੇ ਵਿੱਚ ਰਿਲੀਜ਼ ਹੋਣ ਵਾਲੀ ਇਹ ਫਿਲਮ ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ। ਪ੍ਰੈਸ ਕਾਨਫਰੰਸ ਦੌਰਾਨ, ਸੀਮਾ ਮਹਲੋਤਰਾ ਨੇ ਜੋਸ਼ ਨਾਲ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਕਿ "ਦਿਲਾਂ ਦੇ ਸੌਦੇ" ਬ੍ਰਿਟਿਸ਼ ਫਿਲਮ ਨਿਰਮਾਤਾਵਾਂ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦੀ ਹੈ, ਕਿਉਂਕਿ ਇਹ ਸਾਡੇ ਨੌਜਵਾਨਾਂ ਲਈ ਕੀਮਤੀ ਮੌਕੇ ਪੈਦਾ ਕਰਦੀ ਹੈ।

ਇਹ ਕਹਾਣੀ, ਈਰਖਾ ਅਤੇ ਸੱਭਿਆਚਾਰਕ ਟਕਰਾਅ ਦੇ ਵਿਸ਼ਿਆਂ ਨੂੰ ਛੂੰਹਦੀ ਹੈ, ਦਰਸ਼ਕਾਂ ਨਾਲ ਡੂੰਘਾਈ ਨਾਲ ਗੂੰਜਣ ਦਾ ਵਾਅਦਾ ਕਰਦੀ ਹੈ, ਹਮਦਰਦੀ ਅਤੇ ਸਮਝ ਪੈਦਾ ਕਰਦੀ ਹੈ। ਇਹ ਹੋਰ ਫਿਲਮ ਨਿਰਮਾਤਾਵਾਂ ਨੂੰ ਅਜਿਹੀਆਂ ਕਹਾਣੀਆਂ ਸੁਣਾਉਣ ਲਈ ਪ੍ਰੇਰਿਤ ਕਰਨ ਦੀ ਇੱਛਾ ਰੱਖਦੀ ਹੈ ਜੋ ਅਮੀਰ ਅਤੇ ਵਿਭਿੰਨ ਬ੍ਰਿਟਿਸ਼ ਸੱਭਿਆਚਾਰਕ ਡਾਇਸ-ਪੋਰਾ ਨੂੰ ਦਰਸਾਉਂਦੀਆਂ ਹਨ। ਮੌਜੂਦ ਲੋਕਾਂ ਵਿੱਚ ਭਾਈਚਾਰੇ ਦੀਆਂ ਪਿਆਰੀਆਂ ਹਸਤੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਪੰਜਾਬੀ ਸੰਗੀਤ ਵਿੱਚ ਇੱਕ ਮਸ਼ਹੂਰ ਆਈਕਨ ਚੰਨੀ ਸਿੰਘ, ਬਾਲੀ ਬਰੰਬਟ, ਸਟਾਰ ਏਸ਼ੀਅਨ ਰੇਡੀਓ ਤੋਂ ਰੇਸੀ, ਪੰਜਾਬ ਰੇਡੀਓ ਅਤੇ ਟੀਵੀ ਤੋਂ ਰੋਨੀ ਅਰੋੜਾ, ਅਤੇ ਨਾਲ ਹੀ ਸੰਜੇ ਆਨੰਦ ਦੇ ਮਧੂ ਅਤੇ ਕਬਲਜੀਤ ਸਿੰਘ ਸੰਧੂ ਸ਼ਾਮਲ ਸਨ, ਜੋ ਫਿਲਮ ਦੇ ਪੋਸਟਰ ਦਾ ਖੁਲਾਸਾ ਕਰਨ ਵਿੱਚ ਸੀਮਾ ਮਹਲੋਤਰਾ ਨਾਲ ਸ਼ਾਮਲ ਹੋਏ। ਤਜਿੰਦਰ ਸਿੰਦਰਾ ਨੇ ਸਾਂਝਾ ਕੀਤਾ ਕਿ ਇਹ ਫਿਲਮ ਪਿਆਰ, ਹਉਮੈ, ਮਾਣ ਅਤੇ ਬਦਲੇ ਦੀ ਡੂੰਘੀ ਖੋਜ ਹੈ, ਜੋ ਬੱਚਿਆਂ ਨੂੰ ਇਹਨਾਂ ਗੁੰਝਲਦਾਰ ਭਾਵਨਾਵਾਂ ਨੂੰ ਨੈਵੀਗੇਟ ਕਰਨ ਵਿੱਚ ਦਰਪੇਸ਼ ਚੁਣੌਤੀਆਂ ਨੂੰ ਉਜਾਗਰ ਕਰਦੀ ਹੈ।

ਇਸਦੇ ਦਿਲ ਵਿੱਚ, "ਦਿਲਾਂ ਦੇ ਸੌਦੇ" ਸਾਨੂੰ ਯਾਦ ਦਿਵਾਉਂਦਾ ਹੈ ਕਿ ਸੱਚਾ ਪਿਆਰ ਅਤੇ ਸੱਚੀ ਦੋਸਤੀ ਭੌਤਿਕ ਸੰਪਤੀਆਂ ਤੋਂ ਪਰੇ ਹੈ ਅਤੇ ਭਾਵਨਾਤਮਕ ਹਉਮੈ ਦੁਆਰਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ, ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਹਮਦਰਦੀ ਅਤੇ ਸੰਬੰਧ ਦੀ ਸ਼ਕਤੀ 'ਤੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦੀ ਹੈ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

**ਆਓ ਛੇਵੀਂ ਪੰਗਤੀ ਦੇ ਅੱਖਰਾਂ ਨੂੰ ਪੜਨਾ ਤੇ ਲਿਖਣਾ ਸਿਖੀਏ...**



# ਪੰਜਾਬ ਦੀ ਅੰਮ੍ਰਿਤਧਾਰੀ ਬੀਬੀ ਨੂੰ ਰਾਜਸਥਾਨ ਜੁਡੀਸ਼ੀਅਲ ਪ੍ਰੀਖਿਆ ਵਿਚ ਕਿਰਪਾਨ-ਕੜੇ ਕਾਰਨ ਰੋਕਿਆ

**✪ ਪੰਥਕ ਆਗੂਆਂ ਵਲੋਂ ਰੋਸ, ਸੰਵਿਧਾਨ ਦੀ ਉਲੰਘਣਾ ਦਾ ਇਲਜ਼ਾਮ ✪ ਜਥੇਦਾਰ ਅਕਾਲ ਤਖਤ, ਅਕਾਲੀ ਦਲ ਅਤੇ ਸ਼੍ਰੋਮਣੀ ਦੀ ਮੰਗ: ਦੋਸ਼ੀ ਅਧਿਕਾਰੀਆਂ 'ਤੇ ਕਾਰਵਾਈ ਕਰੋ ✪ ਰਾਜਸਥਾਨ ਵਿਚ ਸਿੱਖ ਜਥੇਬੰਦੀਆਂ ਦਾ ਰੋਸ ਪ੍ਰਦਰਸ਼ਨ**

ਅੰਮ੍ਰਿਤਸਰ-ਪੰਜਾਬ ਦੇ ਪਿੰਡ ਫੇਲੋਕੇ ਤਰਨਤਾਰਨ, ਦੀ ਰਹਿਣ ਵਾਲੀ ਅੰਮ੍ਰਿਤਧਾਰੀ ਸਿੱਖ ਕੁੜੀ ਗੁਰਪ੍ਰੀਤ ਕੌਰ ਨੂੰ ਰਾਜਸਥਾਨ ਜੁਡੀਸ਼ੀਅਲ ਸਰਵਿਸਿਜ਼ ਦੀ ਭਰਤੀ ਪ੍ਰੀਖਿਆ 'ਚ ਬੈਠਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ 23 ਜੂਨ 2025 ਨੂੰ ਜੋਧਪੁਰ ਦੇ ਸ਼੍ਰੀ ਸੁਮੇਰ ਮਹਿਲਾ ਮਹਾਵਿਦਿਆਲਯ ਵਿਖੇ ਵਾਪਰੀ, ਜਿੱਥੇ ਗੁਰਪ੍ਰੀਤ ਕੌਰ ਨੂੰ ਉਸ ਦੇ ਸਿੱਖ ਕਕਾਰਾਂ-ਕਿਰਪਾਨ ਅਤੇ ਕੜੇ-ਕਰਕੇ ਪ੍ਰੀਖਿਆ ਸੈਂਟਰ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ। ਇਸ ਮਾਮਲੇ ਨੇ ਸਿੱਖ ਪੰਥ ਵਿਚ ਰੋਸ ਪੈਦਾ ਕਰ ਦਿੱਤਾ ਹੈ, ਜਿਸ ਨੂੰ ਸੰਵਿਧਾਨ ਦੀ ਧਾਰਾ 25 ਦੀ ਉਲੰਘਣਾ ਅਤੇ ਸਿੱਖ ਪਛਾਣ ਵਿਰੁੱਧ ਵਿਤਕਰੇ ਵਜੋਂ ਵੇਖਿਆ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ, ਜਦਕਿ ਰਾਜਸਥਾਨ ਹਾਈਕੋਰਟ ਦੇ ਨਿਯਮਾਂ ਨੂੰ ਇਸ ਦਾ ਕਾਰਨ ਦੱਸਿਆ ਜਾ ਰਿਹਾ ਹੈ।

ਘਟਨਾ ਦੀ ਪੂਰੀ ਵਾਰਦਾਤ-ਗੁਰਪ੍ਰੀਤ ਕੌਰ ਨੇ ਦਾਅਵਾ ਕੀਤਾ ਕਿ ਜਦੋਂ ਉਸ ਨੇ ਸੈਂਟਰ 'ਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਤਾਂ ਸਟਾਫ ਨੇ ਉਸ ਨੂੰ ਕਿਰਪਾਨ ਅਤੇ ਕੜਾ ਉਤਾਰਨ ਲਈ ਕਿਹਾ। ਗੁਰਪ੍ਰੀਤ ਨੇ ਇਸ ਦਾ ਵਿਰੋਧ ਕੀਤਾ, ਕਿਉਂਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤਧਾਰੀ ਸਿੱਖ ਆਪਣੇ ਪੰਜ ਕਕਾਰ ਸਰੀਰ ਤੋਂ ਵੱਖ ਨਹੀਂ ਕਰ ਸਕਦਾ। ਉਸ ਨੇ ਦੱਸਿਆ ਕਿ ਭਾਰਤੀ ਸੰਵਿਧਾਨ ਦੀ ਧਾਰਾ 25 ਸਿੱਖ ਨੂੰ ਕਿਰਪਾਨ



ਪਹਿਨਣ ਦਾ ਅਧਿਕਾਰ ਦਿੰਦੀ ਹੈ, ਪਰ ਸਟਾਫ ਨੇ ਰਾਜਸਥਾਨ ਹਾਈਕੋਰਟ ਦੇ ਆਦੇਸ਼ਾਂ ਦਾ ਹਵਾਲਾ ਦਿੰਦਿਆਂ ਇਸ ਦੀ ਮਨਾਹੀ ਕੀਤੀ। ਨਤੀਜੇ ਵਜੋਂ, ਗੁਰਪ੍ਰੀਤ ਨੂੰ ਪ੍ਰੀਖਿਆ ਦੇਣ ਤੋਂ ਵਾਂਝੀ ਰਹਿਣਾ ਪਿਆ।

ਪੂਰਨਿਮਾ ਯੂਨੀਵਰਸਿਟੀ, ਜੈਪੁਰ ਦੇ ਰਜਿਸਟਰਾਰ ਡਾ. ਦੇਵੇਂਦਰ ਨੇ ਸਪੱਸ਼ਟ ਕੀਤਾ ਕਿ ਪ੍ਰੀਖਿਆ ਸੈਂਟਰ ਦੇ ਨਿਯਮ ਰਾਜਸਥਾਨ ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਸਨ। ਉਨ੍ਹਾਂ ਦੱਸਿਆ ਕਿ ਪੰਜ ਸਿੱਖ ਉਮੀਦਵਾਰਾਂ ਵਿਚੋਂ ਚਾਰ ਨੇ ਆਪਣੇ ਕਕਾਰ ਉਤਾਰ ਕੇ ਮੰਦਰ ਵਿਚ ਰੱਖ ਦਿੱਤੇ ਅਤੇ ਪ੍ਰੀਖਿਆ ਦਿੱਤੀ, ਪਰ ਗੁਰਪ੍ਰੀਤ ਨੇ ਇਸ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਹ ਨਿਯਮ ਸਭ ਉਮੀਦਵਾਰਾਂ 'ਤੇ ਬਰਾਬਰ ਲਾਗੂ ਹੁੰਦੇ ਹਨ, ਅਤੇ ਕੋਈ ਵੀ ਧਾਰਮਿਕ ਚਿੰਨ੍ਹ ਹੋਵੇ ਇਜਾਜ਼ਤ ਨਹੀਂ ਹੈ।

ਸੰਵਿਧਾਨ ਦੀ ਉਲੰਘਣਾ ਅਤੇ ਸਿੱਖ ਭਾਵਨਾਵਾਂ-ਭਾਰਤੀ ਸੰਵਿਧਾਨ ਦੀ ਧਾਰਾ 25(1) ਹਰ ਨਾਗਰਿਕ ਨੂੰ ਆਪਣੇ ਧਰਮ ਦਾ ਪਾਲਣ ਕਰਨ ਦੀ ਆਜ਼ਾਦੀ ਦਿੰਦੀ ਹੈ, ਅਤੇ ਧਾਰਾ 25(2)(ਬ) ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਸਪੱਸ਼ਟ ਅਧਿਕਾਰ ਦਿੰਦੀ ਹੈ। ਇਸ ਘਟਨਾ ਨੂੰ ਸਿੱਖ ਭਾਈਚਾਰੇ ਨੇ ਆਪਣੀ ਧਾਰਮਿਕ ਪਛਾਣ ਅਤੇ ਸੰਵਿਧਾਨਕ ਅਧਿਕਾਰਾਂ 'ਤੇ ਹਮਲੇ ਵਜੋਂ ਵੇਖਿਆ ਹੈ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨੂੰ "ਸੰਵਿਧਾਨ ਦੀ ਵੱਡੀ ਉਲੰਘਣਾ" ਅਤੇ "ਸਿੱਖਾਂ ਵਿਰੁੱਧ ਨਸਲੀ ਵਿਤਕਰਾ" ਕਰਾਰ ਦਿੱਤਾ। ਉਨ੍ਹਾਂ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਇੱਕ ਉੱਚ ਪੱਧਰੀ ਵਫ਼ਦ ਤਿਆਰ ਕਰਕੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਜਸਥਾਨ ਦੇ ਮੁੱਖ ਮੰਤਰੀ ਅਤੇ ਹਾਈਕੋਰਟ ਦੇ ਰਜਿਸਟਰਾਰ ਨਾਲ ਮੁਲਾਕਾਤ ਕਰਨ ਦੇ ਆਦੇਸ਼ ਦਿੱਤੇ ਹਨ।

ਸਿੱਖ ਜਥੇਬੰਦੀਆਂ ਅਤੇ ਸਿਆਸੀ ਪ੍ਰਤੀਕਰਮ-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੋਸ਼ਲ ਮੀਡੀਆ 'ਤੇ ਇਸ ਘਟਨਾ ਨੂੰ "ਚਿੰਤਾਜਨਕ ਦੱਸਿਆ। ਉਨ੍ਹਾਂ ਨੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ। ਫ਼ਰੀਦਕੋਟ ਦੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ੀ ਅਫ਼ਸਰਾਂ ਵਿਰੁੱਧ ਸਖ਼ਤ ਕਾਰਵਾਈ ਅਤੇ ਗੁਰਪ੍ਰੀਤ ਕੌਰ ਨੂੰ ਪ੍ਰੀਖਿਆ ਦੁਬਾਰਾ ਦੇਣ ਦਾ ਮੌਕਾ ਦੇਣ ਦੀ ਮੰਗ ਕੀਤੀ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਵੀ ਅਪੀਲ ਕੀਤੀ।

ਰਾਜਸਥਾਨ ਦੇ ਸ੍ਰੀ ਗੰਗਾਨਗਰ ਵਿਚ ਸਿੱਖ ਜਥੇਬੰਦੀਆਂ ਨੇ ਰੋਸ ਪ੍ਰਦਰਸ਼ਨ ਕੀਤਾ। ਰਾਜਸਥਾਨ ਧਰਮ ਪ੍ਰਚਾਰ ਕਮੇਟੀ ਦੇ ਸੂਬਾ ਆਗੂ ਤੇਜਿੰਦਰ ਪਾਲ ਸਿੰਘ ਟਿੰਮਾ ਨੇ ਕਿਹਾ ਕਿ ਰਾਜਸਥਾਨ ਸਰਕਾਰ ਸਿੱਖਾਂ ਨੂੰ ਸ਼ਰੇਆਮ ਜ਼ਲੀਲ ਕਰ ਰਹੀ ਹੈ। ਉਨ੍ਹਾਂ ਨੇ ਸਿੱਖ ਹੱਕਾਂ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

### ਰਾਜਸਥਾਨ ਹਾਈਕੋਰਟ ਦੀ ਸਥਿਤੀ

ਰਾਜਸਥਾਨ ਹਾਈਕੋਰਟ ਦਾ ਕਹਿਣਾ ਹੈ ਕਿ ਪ੍ਰੀਖਿਆ ਨਿਯਮ ਸਾਰੇ ਉਮੀਦਵਾਰਾਂ 'ਤੇ ਇਕਸਾਰ ਲਾਗੂ ਹੁੰਦੇ ਹਨ। ਪਰ ਸਵਾਲ ਉੱਠਦਾ ਹੈ ਕਿ ਜਦੋਂ ਸੰਵਿਧਾਨ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਸਪੱਸ਼ਟ ਇਜਾਜ਼ਤ ਦਿੰਦਾ ਹੈ, ਤਾਂ ਅਦਾਲਤ ਅਜਿਹੇ ਨਿਯਮ ਕਿਵੇਂ ਲਾਗੂ ਕਰ ਸਕਦੀ ਹੈ ? ਸੰਵਿਧਾਨਕ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੇ ਨਿਯਮ ਸੰਵਿਧਾਨ ਦੀ ਭਾਵਨਾ ਦੇ ਵਿਰੁੱਧ ਹਨ ਅਤੇ ਸਿੱਖ ਭਾਈਚਾਰੇ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ।

## ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਲਾਲਪੁਰਾ ਦਾ ਪ੍ਰਤੀਕਰਮ



ਦਿੱਲੀ-ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਕਮਿਸ਼ਨ ਨੇ ਪਹਿਲਾਂ ਹੀ ਅੰਮ੍ਰਿਤਧਾਰੀ ਸਿੱਖਾਂ ਨੂੰ ਕਿਰਪਾਨ ਸਮੇਤ ਪ੍ਰੀਖਿਆਵਾਂ 'ਚ ਦਾਖਲ ਹੋਣ ਦੀ ਇਜਾਜ਼ਤ ਦੇਣ ਦੇ ਆਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਇਹ ਮਾਮਲਾ ਰਾਜਸਥਾਨ ਹਾਈਕੋਰਟ ਦੇ ਰਜਿਸਟਰਾਰ ਅਤੇ ਕੇਂਦਰੀ ਮੰਤਰੀਆਂ ਕੋਲ ਉਠਾਇਆ ਜਾਵੇਗਾ। ਉਨ੍ਹਾਂ ਨੇ ਸਾਰੇ ਜਨਤਕ ਸੇਵਾ ਪ੍ਰੀਖਿਆਵਾਂ ਵਿਚ ਸਿੱਖ ਉਮੀਦਵਾਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਇਕਸਾਰ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ।

## ਕੀ ਹੱਲ ਹੈ ਇਸ ਮਸਲੇ ਦਾ

ਇਸ ਮਸਲੇ ਦਾ ਸਥਾਈ ਹੱਲ ਸੰਵਿਧਾਨਕ ਅਧਿਕਾਰਾਂ ਦੀ ਸਖ਼ਤੀ ਨਾਲ ਪਾਲਣਾ, ਸਪੱਸ਼ਟ ਨੀਤੀਆਂ, ਸਿਖਲਾਈ ਅਤੇ ਕਾਨੂੰਨੀ ਕਾਰਵਾਈ ਰਾਹੀਂ ਸੰਭਵ ਹੈ। ਸਿੱਖ ਜਥੇਬੰਦੀਆਂ ਨੂੰ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਠੋਸ ਸੰਘਰਸ਼ ਅਤੇ ਕਾਨੂੰਨੀ ਲੜਾਈ ਰਾਹੀਂ ਸਿੱਖ ਉਮੀਦਵਾਰਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣਾ ਚਾਹੀਦਾ।

* ਕੇਂਦਰ ਸਰਕਾਰ ਨੂੰ ਸੰਵਿਧਾਨ ਦੀ ਧਾਰਾ 25(1) ਅਤੇ 25(2)(ਬੀ) ਦੇ ਅਧੀਨ ਸਿੱਖਾਂ ਨੂੰ ਕਿਰਪਾਨ ਪਹਿਨਣ ਦੇ ਅਧਿਕਾਰ ਨੂੰ ਸੁਰੱਖਿਅਤ ਕਰਨ ਲਈ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨੇ ਚਾਹੀਦੇ। ਇਹ ਨਿਰਦੇਸ਼ ਸਾਰੀਆਂ ਜਨਤਕ ਪ੍ਰੀਖਿਆਵਾਂ ਅਤੇ ਸਰਕਾਰੀ ਸੰਸਥਾਵਾਂ 'ਤੇ ਲਾਗੂ ਹੋਣ।

* ਰਾਜਸਥਾਨ ਹਾਈਕੋਰਟ ਨੂੰ ਆਪਣੇ ਪ੍ਰੀਖਿਆ ਨਿਯਮਾਂ ਵਿਚ ਸੋਧ ਕਰਕੇ ਸਿੱਖ ਕਕਾਰਾਂ ਨੂੰ ਸੁਰੱਖਿਆ ਜਾਂਚ ਤੋਂ ਬਾਅਦ ਮਨਜ਼ੂਰੀ ਦੇਣ ਦੀ ਨੀਤੀ ਅਪਣਾਉਣੀ ਚਾਹੀਦੀ।

* ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਕਮੇਟੀ ਨੂੰ ਰਾਜਸਥਾਨ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਨ ਦਾ ਸੁਝਾਅ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਅਤੇ ਪਿਛਲੀਆਂ ਘਟਨਾਵਾਂ (ਜਿਵੇਂ ਅਰਮਨਜੋਤ ਕੌਰ ਅਤੇ ਲਖਵਿੰਦਰ ਕੌਰ ਦੇ ਮਾਮਲੇ) ਨੂੰ ਜੋੜ ਕੇ ਇੱਕ ਮਜ਼ਬੂਤ ਕਾਨੂੰਨੀ ਮੁਹਿੰਮ ਚਲਾਉਣੀ ਚਾਹੀਦੀ, ਜਿਸ ਨਾਲ ਸਿੱਖ ਉਮੀਦਵਾਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਸਥਾਈ ਹੱਲ ਨਿਕਲੇ।

* ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ ਅਨੁਸਾਰ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਸਾਂਝਾ ਵਫ਼ਦ ਤਿਆਰ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਅਤੇ ਰਾਜਸਥਾਨ ਹਾਈਕੋਰਟ ਦੇ ਰਜਿਸਟਰਾਰ ਨਾਲ ਮੁਲਾਕਾਤ ਕਰਕੇ ਸਖ਼ਤ ਇਤਰਾਜ਼ ਦਰਜ ਕਰਵਾਉਣਾ ਚਾਹੀਦਾ। ਇਸ ਵਫ਼ਦ ਨੂੰ ਸਿੱਖ ਅਧਿਕਾਰਾਂ ਦੀ ਸੁਰੱਖਿਆ ਲਈ ਸਪੱਸ਼ਟ ਨੀਤੀਆਂ ਬਣਾਉਣ ਦੀ ਮੰਗ ਕਰਨੀ ਚਾਹੀਦੀ ਹੈ।

## ਲੈਂਡ ਪੂਲਿੰਗ ਨੀਤੀ ਵਿਰੁੱਧ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ !

**✪ ਉਪਜਾਊ ਜ਼ਮੀਨ ਐਕਵਾਇਰ ਕਰਨ ਦਾ ਦੋਸ਼**

ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਨੋਟੀਫਾਈ ਕੀਤੀ ਗਈ ਲੈਂਡ ਪੂਲਿੰਗ ਨੀਤੀ ਬਾਰੇ ਹੁਣ ਇੱਕ ਕਾਨੂੰਨੀ ਚੁਣੌਤੀ ਸਾਹਮਣੇ ਆਈ ਹੈ। ਇਸ ਨੀਤੀ ਨੂੰ ਰੱਦ ਕਰਨ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ। ਹਾਈ ਕੋਰਟ ਨੇ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ ਜਲਦੀ ਹੀ ਤੈਅ ਹੋਣ ਦੀ ਸੰਭਾਵਨਾ ਹੈ। ਪਟੀਸ਼ਨ ਵਿੱਚ ਇਲਜ਼ਾਮ ਲਗਾਇਆ ਗਿਆ ਹੈ ਕਿ ਇਹ ਨੀਤੀ ਨਾ ਤਾਂ ਵਾਤਾਵਰਣ ਅਤੇ ਸਮਾਜਿਕ ਪ੍ਰਭਾਵਾਂ ਦਾ ਮੁਲਾਂਕਣ ਕਰਦੀ ਹੈ, ਨਾ ਹੀ ਬਰਾਬਰ ਮੁਆਵਜ਼ਾ ਯਕੀਨੀ ਬਣਾਉਂਦੀ ਹੈ, ਨਾ ਹੀ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ ਅਤੇ ਕਾਨੂੰਨੀ ਸੁਰੱਖਿਆ ਦੇ ਪ੍ਰਬੰਧਾਂ ਦੀ ਪਾਲਣਾ ਕਰਦੀ ਹੈ। ਪਟੀਸ਼ਨਕਰਤਾ ਨਵਿੰਦਰ ਪੀਕੇ ਸਿੰਘ ਅਤੇ ਸਮਿਤ ਕੌਰ ਨੇ ਵਕੀਲਾਂ ਸਾਹਿਰ ਸਿੰਘ ਵਿਰਕ ਅਤੇ ਵੀਬੀ ਗੋਦਾਰਾ ਰਾਹੀਂ ਇਹ ਪਟੀਸ਼ਨ ਦਾਇਰ ਕੀਤੀ ਹੈ।

# ਬ੍ਰੈਡਫੋਰਡ ਸਪੋਰਟਸ ਕਲੱਬ ਵੱਲੋਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਅਗਵਾਈ ਹੇਠ ਬ੍ਰੈਡਫੋਰਡ ਵਿਖੇ 2025 ਸੀਜ਼ਨ ਦਾ ਆਖਰੀ ਕਬੱਡੀ ਟੂਰਨਾਮੈਂਟ 3 ਅਗਸਤ ਨੂੰ

## Bradford Sports Club

Proudley Presents

## KABADDI TOURNAMENT on 3rd August

### AT CLAYTON RUGBY CCLUB, BRADFORD
### SCHOLEMOOR ROAD, BRADFORD, BD7 2PD
### under ENGLAND KABADDI FEDERATION (UK)

ਕਬੱਡੀ ਪ੍ਰੇਮੀਆਂ ਨੂੰ ਸੂਚਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ ਕਿ 18 ਜੂਨ 2023 ਨੂੰ ਇੰਗਲੈਂਡ ਦੇ 2023 ਸੀਜ਼ਨ ਦਾ ਪਹਿਲਾ ਟੂਰਨਾਮੈਂਟ ਬ੍ਰੈਡਫੋਰਡ ਵਿਖੇ ਕਰਵਾਇਆ ਜਾ ਰਿਹਾ ਹੈ। ਪੰਜਾਬ ਤੋਂ ਚੋਟੀ ਦੇ ਕਬੱਡੀ ਖਿਡਾਰੀ ਇੰਗਲੈਂਡ ਪਹੁੰਚ ਰਹੇ ਹਨ। ਟੂਰਨਾਮੈਂਟ ਵਿੱਚ ਕਬੱਡੀ ਦੇ ਪ੍ਰੇਮੀ ਆਪਣੇ ਪਸੰਦੀਦਾ ਧਰਤੀ ਧੱਕ ਖਿਡਾਰੀਆਂ ਨੂੰ ਜੱਫੇ, ਕੈਂਚੀਆਂ, ਪੁੱਠੀਆਂ, ਸਿੱਧੀਆਂ ਲਾਉਂਦੇ ਤੇ ਡੌਲਿਆਂ ਦੇ ਜ਼ੋਰ ਨਾਲ ਗੁੱਟ ਫੜਦੇ, ਛਡਾਅ ਕੇ ਔਹ ਗਿਆ! ਔਹ ਗਿਆ! ਕਰਦੇ, ਅਤੇ ਪੰਜਾਬ ਦੀ ਜਵਾਨੀ ਦੀਆਂ ਮੋਰ-ਪੈਲਾਂ ਵੇਖਣਗੇ। ਇਸ ਲਈ, ਕਬੱਡੀ ਸ਼ੌਕੀਨਾਂ ਨੂੰ ਰੁਝੇਵਿਆਂ ਭਰੇ ਜੀਵਨ ਨੂੰ ਸਾਹ ਦਿਵਾਉਣ ਵਾਸਤੇ, ਇਕ ਦਿਹਾੜਾ ਮਾਂ-ਖੇਡ ਕਬੱਡੀ ਦੇ ਲੇਖੇ ਲਾਉਣ ਦੀ ਬੇਨਤੀ ਕੀਤੀ ਜਾਂਦੀ ਹੈ! ਇਸ ਨਾਲ ਖਿਡਾਰੀਆਂ ਅਤੇ ਪ੍ਰਬੰਧਕਾਂ ਦੇ ਹੌਂਸਲੇ ਵਧਣਗੇ ਅਤੇ ਪੰਜਾਬੀਅਤ ਨੂੰ ਹੁਲਾਰਾ ਮਿਲੇਗਾ।

ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ ਅਤੇ ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਨੂੰ ਇਸ ਟੂਰਨਾਮੈਂਟ ਦੌਰਾਨ, ਬ੍ਰੈਡਫੋਰਡ ਸਪੋਰਟਸ ਕਲੱਬ ਵੱਲੋਂ ਗੋਲਡ ਮੈਡਲਾਂ ਨਾਲ ਸਨਮਾਨਤ ਕੀਤਾ ਜਾਵੇਗਾ।



ਕਰਮਜੀਤ ਸਿੰਘ ਕੰਮਾ ਔਜਲਾ



ਬਲਵਿੰਦਰ ਸਿੰਘ ਚੱਠਾ



ਸਤਨਾਮ ਸਿੰਘ ਸੱਤਾ ਮੁਠੱਡਾ

## = ਪ੍ਰਬੰਧਕਾਂ ਵੱਲੋਂ ਜ਼ਰੂਰੀ ਬੇਨਤੀਆਂ =

* ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਸੁਪਰਸਤੀ ਹੇਠ ਕਰਵਾਏ ਜਾ ਰਹੇ ਟੂਰਨਾਮੈਂਟ ਵਿੱਚ, EKF ਦੇ ਸਾਰੇ ਨਿਯਮ ਲਾਗੂ ਹੋਣਗੇ ਤੇ ਫੈਡਰੇਸ਼ਨ ਦਾ ਫੈਸਲਾ ਅੰਤਮ ਹੋਵੇਗਾ।
* ਹਰ ਇੱਕ ਟੀਮ ਦਿੱਤੇ ਹੋਏ ਸਮੇਂ ਉਪਰ ਪਹੁੰਚਣੀ ਚਾਹੀਦੀ ਹੈ।
* ਅਗਰ ਟੀਮ 10 ਮਿੰਟ ਲੇਟ ਪਹੁੰਚਦੀ ਹੈ ਤਾਂ ਸਕਰੈਚ ਕਰ ਦਿੱਤੀ ਜਾਵੇਗੀ।
* ਰੈਫਰੀ ਦਾ ਫੈਸਲਾ ਅਟੱਲ ਹੋਵੇਗਾ।
* ਕਬੱਡੀ ਮੈਦਾਨ ਵਿਚ ਸ਼ਰਾਬ ਪੀ ਕੇ ਅਤੇ ਲੈ ਕੇ ਆਉਣਾ ਮਨ੍ਹਾ ਹੈ।
* ਸੁਰੱਖਿਆ ਦਾ ਸਖਤ ਪ੍ਰਬੰਧ ਕੀਤਾ ਗਿਆ ਹੈ।
* ਟੀਮਾਂ ਖਿਡਾਉਣ ਤੇ ਪ੍ਰਬੰਧ ਦੀ ਜ਼ਿੰਮੇਵਾਰੀ ਕਬੱਡੀ ਫੈਡਰੇਸ਼ਨ ਦੀ ਹੈ।
* ਸਾਰੀਆਂ ਕਬੱਡੀ ਟੀਮਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਖੇਡ ਮੈਦਾਨ ਵਿੱਚ ਛੇਤੀ ਤੋਂ ਛੇਤੀ ਸਮੇਂ ਸਿਰ ਪੁੱਜਣ ਦੀ ਕ੍ਰਿਪਾਲਤਾ ਕਰਨ ।

**ਦਾਖਲਾ ਟਿਕਟ £15 – ENTRY FEE £15**

## GROUP-A ਬ੍ਰੈਡਫਰਡ ਟੂਰਨਾਮੈਂਟ ਦੀਆਂ ਟਾਈਆਂ

Pool - A
- LEICESTER / BRADFORD KC
- TELFORD Kabaddi Club
- 3rd Match 11:40pm
- HAYES / DERBY/ MEDWAY / Sikh Timple WOLVERHAMPTON KC
- BYE
- 5th Match 12:50pm
- 7th Match 14:00pm

Pool - B
- BIRMINGHAM / COVENTRY KC
- BARKING / GRAVESEND / ERITH WOOLWICH / SOUTHALL KC
- 4th Match 12:15pm
- SLOUGH / ICKENHAM KC
- BYE
- 6th Match 13:25pm
- 8th Match 14:45pm

10th Match Final 17:00 PM

## GROUP - B

- BABA DEEP SINGH JI (B TEAM)
- MIDLAND TIGERS (B TEAM)
- 1st Match 10:30am
- LONDON TIGERS (B TEAM)
- MAUR CLUB (B TEAM)
- 2nd Match 11:05am

9th Match 15:30pm B TEAM Final

=========================== ਵਧੇਰੇ ਜਾਣਕਾਰੀ ਲਈ: ===========================

ਦਲਬੀਰ ਸਿੱਧੂ: 07577 409 249, ਅਮਰਜੀਤ ਰਾਇਤ: 07973 752971, ਕੰਵਲਜੀਤ ਸਿੰਘ: 07590 118981, ਦਲਬੀਰ ਸੈਂਹਬੀ: 07990 585949

**ਜਾਰੀ ਕਰਤਾ : ਬਰੈਡਫੋਰਡ ਸਪੋਰਟਸ ਕਲੱਬ**

# ਭਾਰਤ ਅਤੇ ਬਰਤਾਨੀਆ ਵਿਚਕਾਰ ਮੁਕਤ ਵਪਾਰ ਸਮਝੌਤਾ ਹੋਇਆ ਸਹੀਬੱਧ
## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਦੱਸਿਆ ਇਤਿਹਾਸਕ ਕਦਮ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ ) ਭਾਰਤ ਅਤੇ ਬਰਤਾਨੀਆ ਵਿਚਕਾਰ ਮੁਕਤ ਵਪਾਰ ਸਮਝੌਤਾ ਹੋ ਗਿਆ ਹੈ। ਅੱਜ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਸਰਕਾਰੀ ਰਿਹਾਇਸ਼ ਮੈਨਰ ਹਾਊਸ, ਚੈਕਰਸ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅਹਿਮ ਮੁਲਾਕਾਤ ਹੋਈ। ਜਿਸ ਵਿੱਚ ਲੰਮੇ ਸਮੇਂ ਤੋਂ ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਵਪਾਰ ਨੂੰ ਵਧਾਉਣ ਲਈ ਚੱਲ ਰਹੀ ਗੱਲਬਾਤ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਬਰਤਾਨੀਆ ਸਰਕਾਰ ਨੇ ਵੀਰਵਾਰ ਨੂੰ ਭਾਰਤ ਨਾਲ ਇਤਿਹਾਸਕ ਸਮਝੌਤੇ ਨੂੰ ਰਸਮੀ ਬਣਾਉਣ ਤੋਂ ਥੋੜ੍ਹੀ ਦੇਰ ਪਹਿਲਾਂ ਕਿਹਾ ਕਿ ਭਾਰਤ-ਯੂ ਕੇ ਮੁਕਤ ਵਪਾਰ ਸਮਝੌਤਾ (ਐਫ ਟੀ ਏ) ਦੁਵੱਲੇ ਵਪਾਰ ਵਿੱਚ ਸਾਲਾਨਾ ਲਗਭਗ 34 ਬਿਲੀਅਨ ਡਾਲਰ ਦਾ ਵਾਧਾ ਕਰੇਗਾ।*

ਭਾਰਤ ਨਾਲ ਇਸ ਸਮਝੌਤੇ ਨੂੰ ਯੂਰਪੀਅਨ ਯੂਨੀਅਨ (ਈ ਯੂ) ਤੋਂ ਬਾਹਰ ਨਿਕਲਣ ਤੋਂ ਬਾਅਦ ਬਰਤਾਨੀਆ ਲਈ ਆਰਥਿਕ ਤੌਰ 'ਤੇ ਮਹੱਤਵਪੂਰਨ ਦੁਵੱਲਾ ਵਪਾਰ ਸਮਝੌਤਾ ਦੱਸਿਆ ਜਾ ਰਿਹਾ ਹੈ। ਇਸ ਐਫ ਟੀ ਏ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬ੍ਰਿਟਿਸ਼ ਹਮਰੁਤਬਾ ਕੀਰ ਸਟਾਰਮਰ ਦੀ ਮੌਜੂਦਗੀ ਵਿੱਚ ਦਸਤਖਤ ਕੀਤੇ ਗਏ।

ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਤੇਜ਼ੀ ਨਾਲ ਬਦਲਦੇ ਵਿਸ਼ਵ ਯੁੱਗ ਵਿੱਚ ਆਪਣੀ ਭਾਈਵਾਲੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ 'ਯੂ ਕੇ-ਇੰਡੀਆ ਵਿਜ਼ਨ 2035' ਦਾ ਵੀ ਉਦਘਾਟਨ ਕੀਤਾ।

ਯੂ ਕੇ ਨੇ ਕਿਹਾ ਕਿ ਭਾਰਤੀ ਖਪਤਕਾਰਾਂ ਨੂੰ ਸਾਫਟ ਡਰਿੰਕਸ ਅਤੇ ਕਾਸਮੈਟਿਕਸ ਤੋਂ ਲੈ ਕੇ ਵਾਹਨਾਂ ਅਤੇ ਮੈਡੀਕਲ ਉਪਕਰਣਾਂ ਤੱਕ ਸ਼ਾਨਦਾਰ ਬ੍ਰਿਟਿਸ਼ ਉਤਪਾਦਾਂ ਤੱਕ ਬਿਹਤਰ ਪਹੁੰਚ ਦਾ ਫਾਇਦਾ ਹੋਵੇਗਾ, ਕਿਉਂਕਿ ਐਫ ਟੀ ਏ ਲਾਗੂ ਹੋਣ ਤੋਂ ਬਾਅਦ ਔਸਤ ਡਿਊਟੀ 15 ਪ੍ਰਤੀਸ਼ਤ ਤੋਂ ਘੱਟ ਕੇ ਤਿੰਨ ਪ੍ਰਤੀਸ਼ਤ ਹੋ ਜਾਵੇਗੀ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਲੰਡਨ ਵਿੱਚ ਮੁਲਾਕਾਤ ਦੌਰਾਨ

ਸਟਾਰਮਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਬਰਤਾਨੀਆ ਪਹਿਲਾਂ ਹੀ ਭਾਰਤ ਤੋਂ 11 ਬਿਲੀਅਨ ਪੌਂਡ ਦਾ ਸਾਮਾਨ ਦਰਾਮਦ ਕਰਦਾ ਹੈ, ਪਰ ਭਾਰਤੀ ਸਾਮਾਨਾਂ 'ਤੇ ਟੈਕਸਾਂ ਨੂੰ ਉਦਾਰ ਬਣਾਉਣ ਨਾਲ ਬ੍ਰਿਟਿਸ਼ ਖਪਤਕਾਰਾਂ ਅਤੇ ਕਾਰੋਬਾਰਾਂ ਲਈ ਭਾਰਤੀ ਉਤਪਾਦ ਖਰੀਦਣਾ ਆਸਾਨ ਅਤੇ ਸਸਤਾ ਹੋ ਜਾਵੇਗਾ ਅਤੇ ਬਰਤਾਨੀਆ ਨੂੰ ਭਾਰਤੀ ਸਾਮਾਨਾਂ ਦੇ ਨਿਰਯਾਤ ਨੂੰ ਹੁਲਾਰਾ ਮਿਲੇਗਾ। ਸਟਾਰਮਰ ਨੇ ਕਿਹਾ, "ਭਾਰਤ ਨਾਲ ਸਾਡਾ ਇਤਿਹਾਸਕ ਵਪਾਰ ਸੌਦਾ ਬਰਤਾਨੀਆ ਲਈ ਇੱਕ ਵੱਡੀ ਪ੍ਰਾਪਤੀ ਹੈ।" ਉਹਨਾਂ ਕਿਹਾ ਕਿ ਯੂਕੇ ਭਾਰਤ ਵਪਾਰ ਸਮਝੌਤੇ ਦਾ ਅਰਥ ਹੈ ਵਧੇਰੇ ਰੁਜ਼ਗਾਰ ਦੇ ਮੌਕੇ, ਵਧੇਰੇ ਵਿਕਾਸ। ਇਸ ਦੇ ਨਾਲ ਹੀ ਕਾਮਿਆਂ ਦੀ ਜੇਬ ਵਿੱਚ ਵਧੇਰੇ ਪੈਸਾ ਪਾਉਣ ਦਾ ਮੌਕਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਦੋਵੇਂ ਦੇਸ਼ਾਂ ਲਈ ਇਤਿਹਾਸਕ ਦਿਨ ਹੈ ਕਈ ਸਾਲਾਂ ਦੀ ਮੇਹਨਤ ਤੋਂ ਬਾਅਦ ਇਹ ਸਮਝੌਤਾ ਨੇਪਰੇ ਚੜ੍ਹਿਆ ਹੈ। ਇਸ ਨਾਲ ਨੌਕਰੀਆਂ ਪੈਦਾ ਹੋਣਗੀਆਂ, ਇਹ ਕਾਰੋਬਾਰ ਲਈ ਚੰਗਾ ਹੈ, ਟੈਰਿਫਾਂ ਵਿਚ ਕਟੌਤੀ ਕਰੇਗਾ ਅਤੇ ਵਪਾਰ ਨੂੰ ਸਸਤਾ, ਤੇਜ਼ ਅਤੇ ਆਸਾਨ ਬਣਾਏਗਾ।

# ਸਾਬਕਾ ਕਬੱਡੀ ਖਿਡਾਰੀਆਂ ਨੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਮੈਂਬਰਸ਼ਿਪ ਲਈ ਕੀਤੀ ਅਪੀਲ



**ਗੁਰਦੁਆਰਾ ਪਾਰਕ ਐਵੇਨਿਊ ਸਾਊਥਾਲ ਵਿਖੇ ਕਬੱਡੀ ਖਿਡਾਰੀ ਅਤੇ ਪ੍ਰਬੰਧਕ ਮੀਟਿੰਗ ਕਰਦੇ ਹੋਏ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਨੂੰ ਲੈਕੇ ਚੱਲ ਰਹੀ ਮੈਂਬਰਸ਼ਿਪ ਵਿੱਚ ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਲਈ ਸਾਊਥਾਲ ਦੇ ਸਾਬਕਾ ਕਬੱਡੀ ਖਿਡਾਰੀਆਂ ਨੇ ਅਪੀਲ ਕੀਤੀ ਹੈ। ਸਭਾ ਦੇ ਮੌਜੂਦਾ ਪ੍ਰਧਾਨ ਸ: ਹਿੰਮਤ ਸਿੰਘ ਸੋਹੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਹੋਈ ਸਾਬਕਾ ਕਬੱਡੀ ਖਿਡਾਰੀਆਂ ਦੀ ਇਕੱਤਰਤਾ ਵਿੱਚ ਸ: ਹਿੰਮਤ ਸਿੰਘ ਸੋਹੀ, ਸੁਰਿੰਦਰ ਸਿੰਘ ਬਿੱਲੂ ਖਹਿਰਾ ਤਖਾਣਵੱਧ, ਕੁਲਵਿੰਦਰ ਸਿੰਘ (ਵੱਡਾ ਬੋਈ), ਭੁਪਿੰਦਰ ਸਿੰਘ ਸੰਧੂ, ਪ੍ਰਮਜੀਤ ਸਿੰਘ ਪੰਮੀ ਰੰਧਾਵਾ (ਸਾਬਕਾ ਪ੍ਰਧਾਨ), ਗੁਰਦੇਵ ਸਿੰਘ (ਛੋਟਾ ਬੋਈ), ਜੱਗਾ ਹੰਸਲੋ, ਅਵਤਾਰ ਸਿੰਘ ਤਾਰੀ ਵੂਲਿਚ, ਬਲਤੇਜ ਸਿੰਘ ਘੱਲ ਕਲਾਂ ਜਰਨੈਲ ਸਿੰਘ, ਹਰਬੰਸ ਸਿੰਘ ਕਲਸੀ ਆਦਿ ਸ਼ਾਮਲ ਹੋਏ। ਇਸ ਮੌਕੇ ਸ: ਹਿੰਮਤ ਸਿੰਘ ਸੋਹੀ ਨੇ ਪੰਥਕ ਗਰੁੱਪ ਦੀ ਹਮਾਇਤੀ ਸਾਬਕਾ ਕਬੱਡੀ ਖਿਡਾਰੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਭਾ ਦੀ ਬੇਹਤਰੀ ਲਈ ਸਭਾ ਦੇ ਵੱਧ ਤੋਂ ਵੱਧ ਮੈਂਬਰ ਬਣਨਾ ਬਹੁਤ ਜ਼ਰੂਰੀ ਹੈ। ਸ: ਬਿੱਲੂ ਖਹਿਰਾ ਨੇ ਕਿਹਾ ਕਿ ਭਾਵੇਂ ਉਹ ਲੰਮੇ ਸਮੇਂ ਤੋਂ ਸਾਊਥਾਲ ਤੋਂ ਬਾਹਰ ਹਨ ਪਰ ਉਹ ਹਮੇਸ਼ਾਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਸਾਊਥਾਲ ਕਬੱਡੀ ਕਲੱਬ ਅਤੇ ਸਾਊਥਾਲ ਦੇ ਲੋਕਾਂ ਨਾਲ ਜੁੜੇ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਸਭਾ ਦੀ ਚੜ੍ਹਦੀ ਕਲਾ ਲਈ ਸੰਗਤਾਂ ਨੂੰ ਉਤਸ਼ਾਹ ਵਿਖਾਉਣਾ ਚਾਹੀਦਾ ਹੈ।

# ਜੰਗਲੀ ਰਿਛ ਵੱਲੋਂ ਕੀਤੇ ਹਮਲੇ ਚ ਇੱਕ ਵਿਅਕਤੀ ਗੰਭੀਰ ਜ਼ਖਮੀ
## ਨਾਗਰਿਕਾਂ ਨੂੰ ਜੰਗਲੀ ਖੇਤਰ ਚ ਨਾ ਜਾਣ ਦੀ ਹਦਾਇਤ

ਵੈਨਕੂਵਰ-(ਮਲਕੀਤ ਸਿੰਘ)- ਕੈਨੇਡਾ ਦੇ ਬ੍ਰਿਟਿਸ਼ ਕਲੰਬੀਆ ਸੂਬੇ ਦੇ ਵੈਸਟ ਕਰੈਸਟਨ ਦੇ ਜੰਗਲੀ ਖੇਤਰ ਚ ਇੱਕ ਰਿਛ ਵੱਲੋਂ ਅਚਾਨਕ ਕੀਤੇ ਹਮਲੇ ਚ ਇੱਕ ਵਿਅਕਤੀ ਦੇ ਗੰਭੀਰ ਰੂਪ ਚ ਜ਼ਖਮੀ ਹੋਣ ਦੀ ਸੂਚਨਾ ਹੈ। ਪ੍ਰਾਪਤ ਵੇਰਵਿਆਂ ਮੁਤਾਬਿਕ ਬ੍ਰਿਟਿਸ਼ ਕੋਲੰਬੀਆ ਨਾਲ ਸੰਬੰਧਿਤ ਪਤੀ ਪਤਨੀ ਆਪੋ ਆਪਣੇ ਇਲੈਕਟਰਿਕ ਬਾਈਕਾਂ ਤੇ ਸਵਾਰ ਹੋ ਕੇ ਉਕਤ ਇਲਾਕੇ ਚੋਂ ਲੰਘ ਰਹੇ ਸਨ ਕਿ ਅਚਾਨਕ ਸਾਹਮਣੇ ਤੋਂ ਆਏ ਇੱਕ ਖਤਰਨਾਕ ਜੰਗਲੀ ਰਿਸ਼ ਵੱਲੋਂ ਉਹਨਾਂ ਤੇ ਹਮਲਾ ਕਰ ਦਿੱਤਾ ਗਿਆ ਜਿਸ ਦੇ ਸਿੱਟੇ ਵਜੋਂ ਔਰਤ ਦਾ ਪਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਜਖਮੀ ਵਿਅਕਤੀ ਨੂੰ ਨੇੜਲੇ ਹਸਪਤਾਲ ਚ ਭਰਤੀ ਕਰਵਾਇਆ ਗਿਆ ਹੈ। ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਨਾਗਰਿਕਾਂ ਨੂੰ ਉਸ ਇਲਾਕੇ ਚ ਨਾ ਜਾਣ ਦੀ ਹਦਾਇਤ ਕੀਤੀ ਗਈ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਅਵਤਾਰ ਦਿਹਾੜੇ ਦੇ ਸਬੰਧ ਚ ਓਡਬੀ ਦੇ ਗੁਰਦੁਆਰਾ ਹਰਕ੍ਰਿਸ਼ਨ ਸਾਹਿਬ ਜੀ ਵੱਲੋਂ ਸਜਾਇਆ ਗਿਆ ਪਹਿਲਾਂ ਵਿਸ਼ਾਲ ਨਗਰ ਕੀਰਤਨ

## *ਵੱਡੀ ਗਿਣਤੀ ਚ ਸੰਗਤਾਂ ਹੋਈਆਂ ਸ਼ਾਮਿਲ *ਓਡਬੀ ਦੀ ਪਹਿਲੀ ਪੰਜਾਬੀ ਮਹਿਲਾ ਮੇਅਰ ਜਸਵੀਰ ਕੌਰ ਚੋਹਾਨ ਨੇ ਆਪਣੇ ਸਾਥੀ ਕੌਂਸਲਰਾਂ ਸਮੇਤ ਨਗਰ ਕੀਰਤਨ ਚ ਭਰੀ ਹਾਜ਼ਰੀ





ਓਡਬੀ ਦੇ ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਵੱਲੋਂ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਅਵਤਾਰ ਦਿਹਾੜੇ ਦੇ ਸਬੰਧ ਚ ਸਜ਼ਾਏ ਗਏ ਪਹਿਲੇ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ ਅਤੇ ਨਗਰ ਕੀਰਤਨ ਚ ਸ਼ਾਮਿਲ ਸੰਗਤਾਂ।

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਲੈਸਟਰ ਨੇੜਲੇ ਓਡਬੀ ਟਾਉਨ ਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਅਵਤਾਰ ਦਿਹਾੜੇ ਦੇ ਸੰਬੰਧ ਚ ਪਹਿਲੀ ਵਾਰ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜੋ ਸਵੇਰੇ 12 ਵਜੇ ਦੇ ਕਰੀਬ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਚ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਇਆ।**

ਇਹ ਨਗਰ ਕੀਰਤਨ ਓਡਬੀ ਦੇ ਵੱਖ-ਵੱਖ ਬਾਜ਼ਾਰਾਂ ਤੇ ਸਟਰੀਟਾਂ ਰਾਹੀਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਓਡਬੀ ਵਿਖੇ ਸਮਾਪਤ ਹੋਇਆ । ਇਸ ਨਗਰ ਕੀਰਤਨ ਦੌਰਾਨ ਪਾਲਕੀ ਸਾਹਿਬ ਦੇ ਅੱਗੇ ਅੱਗੇ S.M.C ਸਿੱਖ ਮੋਟਰਜ ਕਲੱਬ ਦੇ ਨੌਜਵਾਨਾਂ ਵੱਲੋਂ ਮੋਟਰਸਾਈਕਲਾਂ ਤੇ ਸਵਾਰ ਹੋ ਕੇ ਇੱਕ ਕਾਫਲੇ ਦੇ ਰੂਪ ਵਿੱਚ ਇਸ ਨਗਰ ਕੀਰਤਨ ਦੀ ਹੋਰ ਵੀ ਸ਼ੋਭਾ ਵਧਾਈ ਗਈ। ਇਸ ਨਗਰ ਕੀਰਤਨ ਦੇ ਵਿੱਚ ਹੋਰਨਾਂ ਸੰਗਤਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਹਰਜਿੰਦਰ ਸਿੰਘ ਰਾਏ, ਜਨਰਲ ਸਕੱਤਰ ਗੁਰਜੀਤ ਸਿੰਘ ਸਮਰਾ, ਵਾਇਸ ਪ੍ਰਧਾਨ ਹਰਭਜਨ ਸਿੰਘ, ਜਰਨੈਲ ਸਿੰਘ ਧਾਮੀ, ਕੁਲਦੀਪ ਸਿੰਘ ਕੁਨਰ, ਅਮਰਜੀਤ ਸਿੰਘ ਸੋਕਰ, ਗੁਰਵਿੰਦਰ ਸਿੰਘ ਸਮਰਾ ਸਮੇਤ ਵੱਡੀ ਗਿਣਤੀ ਚ ਸੰਗਤਾਂ ਨੇ ਸਿਰਕਤ ਕੀਤੀ। ਇਸ ਸਾਰੇ ਨਗਰ ਕੀਰਤਨ ਦੌਰਾਨ ਅਮਰਜੀਤ ਸਿੰਘ ਬਾਹੀਆ ਵੱਲੋਂ ਲੈਸਟਰਸਾਇਰ ਪੁਲਿਸ ਦਾ ਉਚਿਤ ਤੌਰ ਤੇ ਪ੍ਰਬੰਧ ਕੀਤਾ ਗਿਆ ਜਿਨਾਂ ਨੇ ਇਸ ਸਾਰੇ ਨਗਰ ਕੀਰਤਨ ਦੌਰਾਨ ਬਹੁਤ ਹੀ ਸੁਚੱਜੇ ਢੰਗ ਨਾਲ ਟਰੈਫਿਕ ਨੂੰ ਕੰਟਰੋਲ ਕੀਤਾ । ਇਸ ਨਗਰ ਕੀਰਤਨ ਚ ਓਡਬੀ ਵਿਗਸਟਨ ਦੀ ਮਹਿਲਾ ਪੰਜਾਬੀ ਮੇਅਰ ਜਸਵੀਰ ਕੌਰ ਚੌਹਾਨ, ਪੰਜਾਬੀ ਕੌਂਸਲਰ ਸੰਤੋਖ ਸਿੰਘ ਅਠਵਾਲ, ਲੈਸਟਰ ਸਿਟੀ ਕੌਂਸਲ ਦੇ ਕੌਂਸਲਰ ਮਹਿੰਦਰ ਸਿੰਘ ਸੰਘਾ ਵੀ ਆਪਣੇ ਕੌਂਸਲਰ ਸਾਥੀਆਂ ਸਮੇਤ ਸ਼ਾਮਿਲ ਹੋਏ।ਗੋਰਿਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਓਡਬੀ ਚ ਘਰਾਂ ਚੋਂ ਬਾਹਰ ਨਿਕਲ ਕੇ ਗੋਰਿਆਂ ਨੇ ਇਸ ਨਗਰ ਕੀਰਤਨ ਦੇ ਦਰਸ਼ਨ ਕੀਤੇ ਅਤੇ ਸਿੱਖ ਇਤਿਹਾਸ ਬਾਰੇ ਜਾਣਿਆ।

ਗੁਰਦੁਆਰਾ ਸਾਹਿਬ ਦੇ ਬਾਹਰ ਲੈਸਟਰ ਅਤੇ ਓਡਬੀ ਦੀਆਂ ਸੰਗਤਾਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਲੰਗਰਾਂ ਚਾਹ ਪਕੌੜੇ, ਮਿਲਕ ਬਦਾਮ, ਜਲੇਬ, ਗੋਲ ਗੱਪੇ ਤੇ ਹੋਰ ਵੱਖ ਵੱਖ ਤਰ੍ਹਾਂ ਦੇ ਅਨੇਕਾਂ ਪਕਵਾਨਾਂ ਦੇ ਲੰਗਰ ਲਗਾਏ ਗਏ।

# 'ਤੇ ਜਦੋਂ ਉਡਦੇ ਜਹਾਜ ਚ ਸਵਾਰ ਵਿਅਕਤੀ ਨੇ ਆਪਣੇ ਕੋਲ ਬੰਬ ਹੋਣ ਦੀ ਦਿੱਤੀ ਧਮਕੀ

## *ਏਸੀਅਨ ਮੂਲ ਦੇ 41 ਸਾਲਾ ਵਿਅਕਤੀ ਵੱਲੋਂ ਅਮਰੀਕੀ ਰਾਸ਼ਟਰਪਤੀ ਵਿਰੁੱਧ ਨਾਰੇਬਾਜੀ ਕਰਦਿਆਂ ਲਗਾਏ ਧਾਰਮਿਕ ਨਾਅਰੇ *ਜਹਾਜ ਚ ਸਵਾਰ ਯਾਤਰੀਆਂ ਦੇ ਸੁੱਕੇ ਸਾਹ * ਦੋ ਯਾਤਰੀਆਂ ਨੇ ਦਲੇਰੀ ਵਰਤਦਿਆਂ ਉਕਤ ਵਿਅਕਤੀ ਨੂੰ ਕਾਬੂ ਕਰਕੇ ਕੀਤਾ ਪੁਲਿਸ ਹਵਾਲੇ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲਿਊਟਨ ਦੇ ਏਅਰਪੋਰਟ ਤੋਂ ਗਲਾਸਗੋ ਲਈ ਰਵਾਨਾ ਹੋਈ ਈਜੀ ਜੈਟ ਏਅਰਲਾਈਨ ਦੀ 119 ਫਲਾਈਟ ਵਿੱਚ ਸਵਾਰ ਏਸੀਅਨ ਮੂਲ ਦੇ 41 ਸਾਲਾਂ ਵਿਅਕਤੀ ਵੱਲੋਂ ਅਚਾਨਕ ਆਪਣੇ ਕੋਲ ਬੰਬ ਹੋਣ ਦੀ ਧਮਕੀ ਦਿੰਦਿਆਂ ਜਹਾਜ਼ ਵਿੱਚ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਅਕਤੀ ਵੱਲੋਂ ਸਕਾਟਲੈਂਡ ਫੇਰੀ ਤੇ ਆਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅਮਰੀਕਾ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਧਾਰਮਿਕ ਨਾਅਰੇ ਵੀ ਲਗਾਏ ਗਏ। ਇਸ ਘਟਨਾ ਕਾਰਨ ਜਹਾਜ ਵਿੱਚ ਸਵਾਰ ਯਾਤਰੀ ਭੈਭੀਤ ਹੋ ਗਏ ਅਤੇ ਪੂਰੀ ਤਰ੍ਹਾਂ ਸਹਿਮ ਗਏ।ਇਸੇ ਦੌਰਾਨ ਜਹਾਜ ਦੇ ਸਟਾਫ ਤੇ ਦੋ ਯਾਤਰੀਆਂ ਵੱਲੋਂ ਦਲੇਰੀ ਵਰਤਦਿਆਂ ਉਕਤ ਵਿਅਕਤੀ ਨੂੰ ਕਾਬੂ ਕਰ ਲਿਆ, ਅਤੇ ਪੁਲਿਸ ਹਵਾਲੇ ਕਰ ਦਿੱਤਾ ਗਿਆ। ਪੁਲਿਸ ਉਕਤ ਵਿਅਕਤੀ ਪਾਸੋ ਬਾਰੀਕੀ ਨਾਲ ਛਾਣਬੀਣ ਅਤੇ ਪੁਛਗਿੱਛ ਕਰ ਰਹੀ ਹੈ। ਪੁਲਿਸ ਵੱਲੋਂ ਇਸ ਘਟਨਾ ਨੂੰ ਕਿਸੇ ਅੱਤਵਾਦੀ ਕਾਰਵਾਈ ਨਾਲ ਜੋੜ ਕੇ ਵੀ ਵੇਖਿਆ ਜਾਂ ਰਿਹਾ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਾਲ ਹੀ ਵਿਚ ਸਕਾਟਲੈਂਡ ਫੇਰੀ ਤੇ ਆਏ ਹਨ। ਇਸ ਘਟਨਾ ਦੀ ਇੱਕ ਵੀਡੀਓ ਵੀ ਬੜੀ ਤੇਜ਼ੀ ਨਾਲ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਹੈ। ਈਜੀ ਸੈੱਟ ਏਅਰਲਾਈਨ ਦੇ ਅਧਿਕਾਰੀਆਂ ਨੇ ਕਿਹਾ ਕਿ ਸਾਡੇ ਜਹਾਜ ਦੇ ਸਟਾਫ ਨੂੰ ਅਜਿਹੀਆਂ ਘਟਨਾਵਾਂ ਨਾਲ ਨਿਪਟਣ ਲਈ ਵਿਸ਼ੇਸ਼ ਤੌਰ ਤੇ ਸਿਖਲਾਈ ਦਿੱਤੀ ਜਾਂਦੀ ਹੈ। ਇਥੇ ਇਹ ਵੀ ਜ਼ਿਕਰਯੋਗ ਕਿ ਹੈ ਕੁਝ ਪ੍ਰਦਰਸ਼ਨਕਾਰੀਆਂ ਵੱਲੋਂ ਸਕਾਟਲੈਂਡ ਦੇ ਵੱਖ-ਵੱਖ ਸ਼ਹਿਰਾਂ ਚ ਅਮਰੀਕੀ ਰਾਸ਼ਟਰਪਤੀ ਦੀ ਫੇਰੀ ਵਿਰੁੱਧ ਪ੍ਰਦਰਸ਼ਨ ਵੀ ਕੀਤੇ ਜਾ ਰਹੇ ਹਨ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਕਿਊਟਿੰਗ ਸੁਈਟ**


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।

ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ

ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਯੂਰਪੀ ਯੂਨੀਅਨ ਤੇ ਅਮਰੀਕਾ ਵਿਚਾਲੇ ਵਪਾਰ ਸਮਝੌਤਾ ਸਿਰੇ ਚੜਿਆ-ਟਰੰਪ ਵੱਲੋ ਐਲਾਨ

## * ਯੂਰਪੀ ਵਸਤਾਂ ਉਪਰ 15% ਲੱਗੇਗਾ ਟੈਰਿਫ਼, ਸਟੀਲ ਉਪਰ 50% ਟੈਰਿਫ਼ ਲੱਗੇਗਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ 'ਤੇ ਯੂਰਪੀ ਯੂਨੀਅਨ ਵਿਚਾਲੇ ਵਪਾਰ ਸਮਝੌਤਾ ਸਿਰੇ ਚੜ ਗਿਆ ਹੈ ਜਿਸ ਤਹਿਤ ਯੂਰਪੀ ਵਸਤਾਂ ਉਪਰ 15% ਟੈਰਿਫ਼ ਲੱਗੇਗਾ। ਟਰੰਪ ਦੁਆਰਾ ਮਿੱਥੀ ਸਮਾਂ ਸੀਮਾ ਪਹਿਲੀ ਅਗਸਤ ਤੋਂ ਪਹਿਲਾਂ ਸਮਝੌਤਾ ਹੋ ਜਾਣ 'ਤੇ ਦੋਨਾਂ ਦੇਸ਼ਾਂ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

ਸਕਾਟਲੈਂਡ ਦੇ ਦੌਰੇ ਦੌਰਾਨ ਟਰੰਪ ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੂਲਾ ਵਾਨ ਡੇਰ ਲੇਅਨ ਨੂੰ ਮਿਲੇ ਜਿਸ ਦੌਰਾਨ ਦੁਪਾਸੜ ਵਿਚਾਰ ਵਟਾਂਦਰੇ ਉਪਰੰਤ ਸਮਝੌਤੇ ਉਪਰ ਦਸਤਖਤ ਕੀਤੇ ਗਏ। ਯੂਰਪ ਵੱਲੋਂ ਅਮਰੀਕਾ ਨੂੰ ਭੇਜੇ ਜਾਂਦੇ ਜਿਆਦਾਤਰ ਸਮਾਨ ਉਪਰ 15% ਟੈਰਿਫ਼ ਲੱਗੇਗਾ ਜੋ ਕਿ ਯੂਰਪੀ ਯੁਨੀਅਨ ਦੀ 10% ਟੈਰਿਫ਼ ਦੀ ਮੰਗ ਨਾਲੋਂ ਜਿਆਦਾ ਹੈ ਪਰੰਤੂ ਫਿਰ ਵੀ ਟਰੰਪ ਦੇ ਪ੍ਰਸਤਾਵਿਤ 30% ਟੈਰਿਫ਼ ਨਾਲੋਂ ਘੱਟ ਹੈ। ਟਰੰਪ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਯੂਰਪੀ ਯੁਨੀਅਨ ਨਾਲ ਵਪਾਰ ਸਮਝੌਤਾ ਨਾ ਹੋਇਆ ਤਾਂ ਅਮਰੀਕਾ ਇਕਤਰਫ਼ਾ ਯੂਰਪ ਉਪਰ ਪਹਿਲੀ ਅਗਸਤ ਤੋਂ 15% ਟੈਰਿਫ਼ ਲਾਗੂ ਕਰ ਦੇਵੇਗਾ। ਸਮਝੌਤੇ ਅਨੁਸਾਰ ਯੂਰਪੀ ਯੁਨੀਅਨ ਅਮਰੀਕਾ ਵਿੱਚ 600 ਅਰਬ ਡਾਲਰ ਦਾ ਨਿਵੇਸ਼ ਕਰੇਗਾ ਤੇ 750 ਅਰਬ ਡਾਲਰ ਤੋਂ ਵਧ ਮੁੱਲ ਦੀ ਊਰਜਾ ਅਮਰੀਕਾ ਤੋਂ ਖਰੀਦੇਗਾ। ਟਰੰਪ ਨੇ ਕਿਹਾ ਕਿ ਮੇਰਾ ਵਿਚਾਰ ਹੈ ਕਿ ਦੋਨੋਂ ਧਿਰਾਂ ਸਮਝੌਤਾ ਕਰਨਾ ਚਹੁੰਦੀਆਂ ਸਨ ਤੇ ਇਹ ਸਮਝੌਤਾ ਦੋਨਾਂ ਲਈ ਹੀ ਵਧੀਆ ਰਹੇਗਾ। ਕਾਰਾਂ ਸਮੇਤ ਹੋਰ ਵਸਤਾਂ ਉਪਰ 15% ਟੈਰਿਫ਼ ਲੱਗੇਗਾ ਜਦ ਕਿ ਸਟੀਲ ਤੇ ਅਲਮੀਨੀਅਮ ਉਪਰ ਪਹਿਲਾਂ ਵਾਂਗ 50% ਟੈਰਿਫ਼ ਲਾਗੂ ਰਹੇਗਾ। ਵਾਨ ਡੇਰ ਲੇਅਨ ਨੇ ਕਿਹਾ ਹੈ ਕਿ ''ਵਿਸ਼ਵ ਦੀਆਂ ਦੋ ਵੱਡੀਆਂ ਅਰਥ ਵਿਵਸਥਾਵਾਂ ਵਿਚਾਲੇ ਵਪਾਰ ਸਮਝੌਤਾ ਹੋਇਆ ਹੈ ਜੋ ਇਕ ਵੱਡਾ ਸਮਝੌਤਾ ਹੈ। ਇਹ ਬਹੁਤ ਵਿਸ਼ਾਲ ਸਮਝੌਤਾ ਹੈ ਜਿਸ ਨਾਲ ਸਥਿੱਰਤਾ ਆਵੇਗੀ।''



ਰਾਸ਼ਟਰਪਤੀ ਟਰੰਪ ਤੇ ਯੂਰਪੀ ਯੁਨੀਅਨ ਪ੍ਰਧਾਨ ਲੇਅਨ ਵਿਚਾਲੇ ਹੋਈ ਮੀਟਿੰਗ ਦਾ ਦ੍ਰਿਸ਼

# ਬੱਚਿਆਂ ਨਾਲ ਜਿਨਸੀ ਸੋਸ਼ਣ ਦੇ ਮਾਮਲੇ ਵਿੱਚ ਇਕ ਭਾਰਤੀ ਸਮੇਤ 12 ਗ੍ਰਿਫ਼ਤਾਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਬੱਚਿਆਂ ਨਾਲ ਜਿਨਸੀ ਸੋਸ਼ਣ ਕਰਨ ਦੇ ਮਾਮਲੇ ਵਿੱਚ ਬਹੁ-ਏਜੰਸੀ ਸਟਿੰਗ "ਆਪਰੇਸ਼ਨ ਫੈਨਟਾਮ ਵਿਸਪਰ" ਤਹਿਤ ਚੇਰੋਕੀ ਕਾਊਂਟੀ ਵਿੱਚ ਇਕ ਭਾਰਤੀ ਸਮੇਤ 12 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫਤਾਰ ਭਾਰਤੀ ਦੀ ਪਛਾਣ 34 ਸਾਲਾ ਸੁਧਾਕਰ ਗੋਗਿਰੈਡੀ ਵਜੋਂ ਹਈ ਹੈ ਜੋ ਅਲਫਾਰੇਟਾ ਦਾ ਵਸਨੀਕ ਹੈ। ਤਿੰਨ ਦਿਨ ਚੱਲੇ ਆਪੇਰਸ਼ਨ ਤਹਿਤ ਜਾਂਚਕਾਰਾਂ ਨੇ ਆਨ ਲਾਈਨ ਸ਼ੱਕੀ ਲੋਕਾਂ ਨਾਲ ਮੀਟਿੰਗ ਕਰਵਾਉਣ ਲਈ ਆਪਣੇ ਆਪ ਨੂੰ ਘੱਟ ਉਮਰ ਦੀਅ ਲੜਕੀਆਂ ਵਜੋਂ ਪੇਸ਼ ਕੀਤਾ। ਗੋਗਿਰੈਡੀ ਵਿਰੁੱਧ ਸੈਕਸ ਦੇ ਮੰਤਵ ਨਾਲ ਇੱਕ ਵਿਅਕਤੀ ਦੀ ਤਸਕਰੀ ਕਰਨ ਸਮੇਤ ਹੋਰ ਕਈ ਦੋਸ਼ ਲਾਏ ਗਏ ਹਨ। ਇਸ ਸਮੇ ਉਹ ਬਿਨਾਂ ਬਾਂਡ ਆਈ ਸੀ ਈ ਦੀ ਹਿਰਾਸਤ ਵਿੱਚ ਹੈ। ਸਟਿੰਗ ਆਪਰੇਸ਼ਨ ਚੇਰੋਕੀ ਸ਼ੈਰਿਫ ਦਫਤਰ ਦੀ ਅਗਵਾਈ ਵਿੱਚ ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਐਟਲਾਂਟਾ, ਗਵਿਨੈਟ ਕਾਊਂਟੀ ਪੁਲਿਸ , ਕੋਬ ਕਾਊਂਟੀ ਸ਼ੈਰਿਫ ਦਫਤਰ, ਗਰੋਵਟਾਊਨ ਪੁਲਿਸ ਵਿਭਾਗ ਤੇ ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ।


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਚੱਲ ਰਹੇ ਪੰਜਾਬੀ ਸਕੂਲ ਨੂੰ ਅਧਿਆਪਕਾਂ ਦੀ ਲੋੜ ਹੈ

## VACANCIES for Panjabi Teachers at Sri Guru Singh Sabha Gurdwara Derby

## We're Hiring: Punjabi Language Teachers

### Start date September 2025

*** Are you passionate about teaching the Punjabi language and Sikh religion?**

* Join our team and make a meaningful impact by inspiring the next generation of Punjabi speakers.

**Sunday**: 11:45 Pre class preparation

12-13:30 Teaching including group assembly or activity

Potential for increased hours as we look to expand our sessions

### We're Looking For:

- Fluent speakers of Punjabi and English
- Experience teaching children or adults (formal or informal settings)
- Strong communication and classroom management skills
- A commitment to preservation of Sikhi and Gurmukhi and student success

### Desirable Qualifications:

- Teaching certification or equivalent experience in teaching Panjabi language
- Familiarity with Punjabi literature & Sikh history- You will receive Curriculum support

### What We Offer:

- A supportive and inclusive work environment
- Curriculum resources and ongoing training
- Opportunities to develop the school and teaching

*** Help us keep Sikhi and Gurmukhi language alive one student at a time.**

***Closing date for applications: Friday 8th August,***

**Successful applicants** - Provisional interview date: Sunday 17th August 2025

**Please Apply: Send your CV and a brief cover letter to:- paramjit.kaur@nhs.net**


**LOCATION: GURDWARA SRI GURU SINGH SABHA, PRINCES STREET, DERBY, DE23 8NT**

# ਭਾਰਤ ਦੇ ਪਾਸਪੋਰਟ ਦੀ ਰੈਂਕਿੰਗ ਵਿੱਚ ਵੱਡਾ ਸੁਧਾਰ ਹੋਇਆ

**✪ ਪਾਕਿਸਤਾਨ ਦਾ ਪਾਸਪੋਰਟ ਦੁਨੀਆ ਦੇ ਸਭ ਤੋਂ ਕਮਜ਼ੋਰਾਂ ਵਿੱਚ ਸ਼ਾਮਲ ✪ ਸਿਖਰ 'ਤੇ ਮੌਜੂਦ ਦਸ ਸ਼ਕਤੀਸ਼ਾਲੀ ਪਾਸਪੋਰਟ ਵਾਲੇ ਦੇਸ਼ ਕੌਣ ✪ ਭਾਰਤੀਆਂ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਵਾਲੇ ਦੇਸ਼ਾਂ ਵਿਚ ਹੋਇਆ ਵਾਧਾ**

## ਨਿਊਜ਼ ਵਿਸ਼ਲੇਸ਼ਣ




ਹੇਨਲੇ ਪਾਸਪੋਰਟ ਇੰਡੈਕਸ 2025 ਅਨੁਸਾਰ, ਭਾਰਤ ਨੇ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਵਿੱਚ ਇੱਕ ਵੱਡੀ ਛਾਲ ਮਾਰੀ ਹੈ। ਸਾਲ 2024 ਵਿੱਚ ਭਾਰਤ ਦਾ ਪਾਸਪੋਰਟ 85ਵੇਂ ਸਥਾਨ 'ਤੇ ਸੀ, ਪਰ 2025 ਵਿੱਚ ਇਹ ਅੱਠ ਸਥਾਨ ਅੱਗੇ ਵਧ ਕੇ 77ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਹ ਸੁਧਾਰ ਭਾਰਤ ਦੀ ਕੂਟਨੀਤਕ ਅਤੇ ਵਿਦੇਸ਼ ਨੀਤੀ ਦੀ ਸਫਲਤਾ ਦਾ ਸੰਕੇਤ ਹੈ।

### ਭਾਰਤ ਦੇ ਪਾਸਪੋਰਟ ਵਿੱਚ ਸੁਧਾਰ

ਹੇਨਲੇ ਪਾਸਪੋਰਟ ਇੰਡੈਕਸ, ਜੋ ਲੰਡਨ ਸਥਿਤ ਗਲੋਬਲ ਸਿਟੀਜ਼ਨਸ਼ਿਪ ਅਤੇ ਰੈਜ਼ੀਡੈਂਸ ਐਡਵਾਈਜ਼ਰੀ ਫਰਮ ਹੇਨਲੇ ਐਂਡ ਪਾਰਟਨਰਜ਼ ਵੱਲੋਂ ਜਾਰੀ ਕੀਤਾ ਜਾਂਦਾ ਹੈ, ਦੁਨੀਆ ਦੇ ਪਾਸਪੋਰਟਾਂ ਦੀ ਸ਼ਕਤੀ ਨੂੰ ਉਨ੍ਹਾਂ ਦੇ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਪਹੁੰਚ ਦੇ ਅਧਾਰ 'ਤੇ ਮਾਪਦਾ ਹੈ। 2025 ਦੀ ਰੈਂਕਿੰਗ ਅਨੁਸਾਰ, ਭਾਰਤ ਦਾ ਪਾਸਪੋਰਟ 77ਵੇਂ ਸਥਾਨ 'ਤੇ ਹੈ, ਜੋ ਭਾਰਤ ਦੀ ਅੰਤਰਰਾਸ਼ਟਰੀ ਸਾਖ ਅਤੇ ਕੂਟਨੀਤਕ ਸਬੰਧਾਂ ਵਿੱਚ ਮਜ਼ਬੂਤੀ ਨੂੰ ਦਰਸਾਉਂਦਾ ਹੈ। ਸਾਲ 2006 ਵਿੱਚ ਭਾਰਤ ਦੀ ਸਭ ਤੋਂ ਵਧੀਆ ਰੈਂਕਿੰਗ 71ਵੀਂ ਸੀ, ਅਤੇ ਹੁਣ 77ਵਾਂ ਸਥਾਨ ਇਸ ਦੀ ਮਜ਼ਬੂਤੀ ਦਾ ਸਬੂਤ ਹੈ।

ਭਾਰਤੀ ਪਾਸਪੋਰਟ ਧਾਰਕ ਹੁਣ 59 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਨਾਲ ਯਾਤਰਾ ਕਰ ਸਕਦੇ ਹਨ। ਇਹ ਸੰਖਿਆ ਪਿਛਲੇ ਸਾਲ ਦੇ 57 ਦੇਸ਼ਾਂ ਤੋਂ ਵਧ ਕੇ 59 ਹੋ ਗਈ ਹੈ। ਇਸ ਦਾ ਮਤਲਬ ਹੈ ਕਿ ਭਾਰਤੀ ਨਾਗਰਿਕਾਂ ਨੂੰ ਦੋ ਹੋਰ ਦੇਸ਼ਾਂ ਨੇ ਵੀਜ਼ਾ-ਮੁਕਤ ਪਹੁੰਚ ਦਿੱਤੀ ਹੈ। ਇਹ ਦੋ ਨਵੇਂ ਦੇਸ਼ ਹਨ ਸ਼੍ਰੀਲੰਕਾ ਅਤੇ ਫਿਲੀਪੀਨਜ਼ ਹਨ। ਸ਼੍ਰੀਲੰਕਾ ਨੇ ਅਕਤੂਬਰ 2024 ਵਿੱਚ ਅਤੇ ਫਿਲੀਪੀਨਜ਼ ਨੇ ਮਈ 2025 ਵਿੱਚ ਭਾਰਤੀਆਂ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਦੀ ਘੋਸ਼ਣਾ ਕੀਤੀ ਸੀ।

ਭਾਰਤ ਦੀ ਇਹ ਤਰੱਕੀ ਉਸ ਦੀਆਂ ਅੰਤਰਰਾਸ਼ਟਰੀ ਕੂਟਨੀਤਕ ਕੋਸ਼ਿਸ਼ਾਂ ਅਤੇ ਮਜ਼ਬੂਤ ਵਿਦੇਸ਼ ਨੀਤੀ ਦਾ ਨਤੀਜਾ ਹੈ। ਭਾਰਤ ਨੇ ਹੁਣ ਆਪਣੇ ਗੁਆਂਢੀ ਦੇਸ਼ਾਂ ਜਿਵੇਂ ਕਿ ਭੂਟਾਨ (81ਵਾਂ), ਮਿਆਂਮਾਰ (88ਵਾਂ), ਸ਼੍ਰੀਲੰਕਾ (91ਵਾਂ), ਬੰਗਲਾਦੇਸ਼ (94ਵਾਂ), ਨੇਪਾਲ (95ਵਾਂ) ਅਤੇ ਪਾਕਿਸਤਾਨ (96ਵਾਂ) ਨੂੰ ਪਿੱਛੇ ਛੱਡ ਦਿੱਤਾ ਹੈ। ਭਾਰਤ ਇਸ ਸਮੇਂ ਬੁਰਕੀਨਾ ਫਾਸੋ, ਕੋਟ ਡੀ ਆਈਵਰ ਅਤੇ ਸੇਨੇਗਲ ਨਾਲ ਸੰਯੁਕਤ ਤੌਰ 'ਤੇ 77ਵੇਂ ਸਥਾਨ 'ਤੇ ਹੈ।

ਪਾਕਿਸਤਾਨ ਦੇ ਹੇਨਲੇ ਪਾਸਪੋਰਟ ਇੰਡੈਕਸ 2025 ਅਨੁਸਾਰ, ਪਾਕਿਸਤਾਨ ਦਾ ਪਾਸਪੋਰਟ 96ਵੇਂ ਸਥਾਨ 'ਤੇ ਹੈ, ਜੋ ਇਸ ਨੂੰ ਦੁਨੀਆ ਦੇ ਸਭ ਤੋਂ ਕਮਜ਼ੋਰ ਪਾਸਪੋਰਟਾਂ ਵਿੱਚੋਂ ਇੱਕ ਬਣਾਉਂਦਾ ਹੈ। ਪਾਕਿਸਤਾਨ ਦੇ ਪਾਸਪੋਰਟ ਧਾਰਕਾਂ ਨੂੰ ਸਿਰਫ 32 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਮਿਲਦੀ ਹੈ। ਇਹ ਰੈਂਕਿੰਗ ਪਾਕਿਸਤਾਨ ਸੋਮਾਲੀਆ ਅਤੇ ਯਮਨ ਨਾਲ ਸਾਂਝਾ ਕਰਦਾ ਹੈ। ਪਾਕਿਸਤਾਨ ਤੋਂ ਹੇਠਲੇ ਸਿਰਫ ਤਿੰਨ ਦੇਸ਼ ਹਨ: ਇਰਾਕ (97ਵਾਂ), ਸੀਰੀਆ (98ਵਾਂ) ਅਤੇ ਅਫਗਾਨਿਸਤਾਨ (99ਵਾਂ)। ਇਸ ਤਰ੍ਹਾਂ ਪਾਕਿਸਤਾਨ ਦੁਨੀਆ ਦੇ ਸਭ ਤੋਂ ਕਮਜ਼ੋਰ ਪਾਸਪੋਰਟਾਂ ਵਿੱਚੋਂ ਚੌਥੇ ਸਥਾਨ 'ਤੇ ਹੈ।

ਪਾਕਿਸਤਾਨ ਦੇ ਇਸ ਪਛੜਨ ਦੇ ਕਈ ਕਾਰਨ ਹਨ। ਪਾਕਿਸਤਾਨ ਦੀ ਅੰਤਰਰਾਸ਼ਟਰੀ ਸਾਖ, ਆਰਥਿਕ ਅਸਥਿਰਤਾ, ਸੁਰੱਖਿਆ ਮੁੱਦੇ ਅਤੇ ਕਮਜ਼ੋਰ ਕੂਟਨੀਤਕ ਸਬੰਧ ਇਸ ਦੀ ਰੈਂਕਿੰਗ 'ਤੇ ਅਸਰ ਪਾਉਂਦੇ ਹਨ। ਦੁਨੀਆ ਦੇ ਜ਼ਿਆਦਾਤਰ ਦੇਸ਼ ਪਾਕਿਸਤਾਨੀ ਪਾਸਪੋਰਟ ਧਾਰਕਾਂ ਨੂੰ ਵੀਜ਼ਾ-ਮੁਕਤ ਪਹੁੰਚ ਦੇਣ ਵਿੱਚ ਹਿਚਕਿਚਾਉਂਦੇ ਹਨ, ਜਿਸ ਕਾਰਨ ਇਸ ਦੀ ਰੈਂਕਿੰਗ ਇੰਨੀ ਹੇਠਲੀ ਹੈ।

### ਸਿਖਰ 'ਤੇ ਮੌਜੂਦ ਦਸ ਦੇਸ਼

ਹੇਨਲੇ ਪਾਸਪੋਰਟ ਇੰਡੈਕਸ 2025 ਅਨੁਸਾਰ, ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਵਾਲੇ ਦਸ ਦੇਸ਼ ਇਸ ਪ੍ਰਕਾਰ ਹਨ:

ਸਿੰਗਾਪੁਰ-ਸਿੰਗਾਪੁਰ ਦਾ ਪਾਸਪੋਰਟ ਸਭ ਤੋਂ ਸ਼ਕਤੀਸ਼ਾਲੀ ਹੈ, ਜਿਸ ਨੂੰ 193 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਪਹੁੰਚ ਮਿਲਦੀ ਹੈ। ਸਿੰਗਾਪੁਰ ਨੇ ਫਰਾਂਸ ਨੂੰ ਪਿੱਛੇ ਛੱਡ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ।

ਜਪਾਨ ਅਤੇ ਦੱਖਣੀ ਕੋਰੀਆ: ਇਹ ਦੋਵੇਂ ਦੇਸ਼ ਦੂਜੇ ਸਥਾਨ 'ਤੇ ਹਨ, ਜਿਨ੍ਹਾਂ ਨੂੰ 192 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਹੈ।

ਡੈਨਮਾਰਕ ਅਤੇ ਫਿਨਲੈਂਡ: ਇਹ ਦੋਵੇਂ ਦੇਸ਼ 191 ਦੇਸ਼ਾਂ ਦੀ ਪਹੁੰਚ ਨਾਲ ਤੀਜੇ ਸਥਾਨ 'ਤੇ ਹਨ।

ਆਸਟਰੀਆ, ਫਰਾਂਸ, ਜਰਮਨੀ, ਇਟਲੀ, ਨੀਦਰਲੈਂਡਜ਼ ਅਤੇ ਸਵੀਡਨ: ਇਹ ਸਾਰੇ ਦੇਸ਼ ਚੌਥੇ ਸਥਾਨ 'ਤੇ ਹਨ, ਜਿਨ੍ਹਾਂ ਨੂੰ 190 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਹੈ।

ਆਇਰਲੈਂਡ, ਨਿਊਜ਼ੀਲੈਂਡ, ਸਪੇਨ ਅਤੇ ਸਵਿਟਜ਼ਰਲੈਂਡ: ਇਹ ਦੇਸ਼ ਪੰਜਵੇਂ ਸਥਾਨ 'ਤੇ ਹਨ, ਜਿਨ੍ਹਾਂ ਨੂੰ 189 ਦੇਸ਼ਾਂ ਦੀ ਪਹੁੰਚ ਮਿਲਦੀ ਹੈ।

ਬੈਲਜੀਅਮ, ਕੈਨੇਡਾ, ਗ੍ਰੀਸ, ਨਾਰਵੇ ਅਤੇ ਯੂਨਾਈਟਿਡ ਕਿੰਗਡਮ: ਇਹ ਦੇਸ਼ ਛੇਵੇਂ ਸਥਾਨ 'ਤੇ ਹਨ, ਜਿਨ੍ਹਾਂ ਨੂੰ 188 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਹੈ।

ਆਸਟ੍ਰੇਲੀਆ ਅਤੇ ਪੁਰਤਗਾਲ: ਸੱਤਵੇਂ ਸਥਾਨ 'ਤੇ, 187 ਦੇਸ਼ਾਂ ਦੀ ਪਹੁੰਚ ਹੈ।

ਹੰਗਰੀ, ਪੋਲੈਂਡ ਅਤੇ ਸੰਯੁਕਤ ਅਰਬ ਅਮੀਰਾਤ: ਅੱਠਵੇਂ ਸਥਾਨ 'ਤੇ, 186 ਦੇਸ਼ਾਂ ਦੀ ਪਹੁੰਚ ਹੈ।

ਮਾਲਟਾ ਅਤੇ ਅਮਰੀਕਾ: ਨੌਵੇਂ ਸਥਾਨ 'ਤੇ, 185 ਦੇਸ਼ਾਂ ਦੀ ਪਹੁੰਚ ਹੈ।

ਚੈੱਕ ਗਣਰਾਜ, ਐਸਟੋਨੀਆ ਅਤੇ ਲਕਸਮਬਰਗ: ਦਸਵੇਂ ਸਥਾਨ 'ਤੇ, 184 ਦੇਸ਼ਾਂ ਦੀ ਪਹੁੰਚ ਹੈ।

### ਭਾਰਤ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਦੇਣ ਵਾਲੇ ਦੇਸ਼

ਭਾਰਤੀ ਪਾਸਪੋਰਟ ਧਾਰਕ 59 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਨਾਲ ਯਾਤਰਾ ਕਰ ਸਕਦੇ ਹਨ। ਇਨ੍ਹਾਂ ਵਿੱਚੋਂ ਕੁਝ ਮਹੱਤਵਪੂਰਨ ਦੇਸ਼ ਇਸ ਪ੍ਰਕਾਰ ਹਨ:

ਏਸ਼ੀਆਈ ਦੇਸ਼: ਮਲੇਸ਼ੀਆ, ਇੰਡੋਨੇਸ਼ੀਆ, ਥਾਈਲੈਂਡ, ਮਾਲਦੀਵ, ਸ਼੍ਰੀਲੰਕਾ, ਫਿਲੀਪੀਨਜ਼, ਮਕਾਊ (ਵੀਜ਼ਾ-ਆਨ-ਅਰਾਈਵਲ), ਮਿਆਂਮਾਰ (ਵੀਜ਼ਾ-ਆਨ-ਅਰਾਈਵਲ)।

ਅਫਰੀਕੀ ਦੇਸ਼: ਮੌਰੀਸ਼ਸ, ਸੇਸ਼ੇਲਸ, ਮੈਡਾਗਾਸਕਰ, ਕੇਨੀਆ, ਤਨਜ਼ਾਨੀਆ।

ਕੈਰੇਬੀਅਨ ਦੇਸ਼: ਬਾਰਬਾਡੋਸ, ਜਮਾਇਕਾ, ਸੇਂਟ ਵਿੰਸੈਂਟ ਅਤੇ ਗ੍ਰੇਨਾਡੀਨਜ਼।

ਹੋਰ ਦੇਸ਼: ਨੇਪਾਲ, ਭੂਟਾਨ, ਕੰਬੋਡੀਆ, ਵੀਅਤਨਾਮ (ਵੀਜ਼ਾ-ਆਨ-ਅਰਾਈਵਲ), ਲਾਓਸ।

ਸ਼੍ਰੀਲੰਕਾ ਅਤੇ ਫਿਲੀਪੀਨਜ਼ ਨੇ 2025 ਵਿੱਚ ਭਾਰਤੀਆਂ ਨੂੰ ਵੀਜ਼ਾ-ਮੁਕਤ ਪਹੁੰਚ ਦੀ ਸਹੂਲਤ ਦਿੱਤੀ, ਜੋ ਭਾਰਤ ਦੀ ਰੈਂਕਿੰਗ ਵਿੱਚ ਸੁਧਾਰ ਦਾ ਇੱਕ ਮੁੱਖ ਕਾਰਨ ਹੈ।

## ਭਾਰਤੀ ਪਾਸਪੋਰਟ ਦੇ ਵਿਕਸਤ ਹੋਣ ਦੇ ਕਾਰਨ

- ਭਾਰਤ ਨੇ ਪਿਛਲੇ ਕੁਝ ਸਾਲਾਂ ਵਿੱਚ ਆਪਣੇ ਕੂਟਨੀਤਕ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ। ਵਿਸ਼ਵ ਦੇ ਕਈ ਦੇਸ਼ਾਂ ਨਾਲ ਭਾਰਤ ਦੇ ਦੁਵੱਲੇ ਸਬੰਧ ਮਜ਼ਬੂਤ ਹੋਏ ਹਨ, ਜਿਸ ਨਾਲ ਵੀਜ਼ਾ-ਮੁਕਤ ਸਹੂਲਤਾਂ ਵਿੱਚ ਵਾਧਾ ਹੋਇਆ ਹੈ। ਖਾਸ ਕਰਕੇ ਏਸ਼ੀਆਈ ਅਤੇ ਅਫਰੀਕੀ ਦੇਸ਼ਾਂ ਨਾਲ ਸਬੰਧਾਂ ਨੇ ਇਸ ਵਿੱਚ ਵੱਡੀ ਭੂਮਿਕਾ ਨਿਭਾਈ ਹੈ।
- ਭਾਰਤ ਦੀ ਆਰਥਿਕ ਤਰੱਕੀ ਅਤੇ ਵਿਸ਼ਵ ਵਿੱਚ ਇੱਕ ਵੱਡੀ ਅਰਥਵਿਵਸਥਾ ਵਜੋਂ ਉਭਰਨ ਨਾਲ ਅੰਤਰਰਾਸ਼ਟਰੀ ਸਾਖ ਵਧੀ ਹੈ। ਇਸ ਨਾਲ ਵੀਜ਼ਾ ਨੀਤੀਆਂ ਵਿੱਚ ਨਰਮੀ ਆਈ ਹੈ।
- ਭਾਰਤ ਸਰਕਾਰ ਨੇ ਪਾਸਪੋਰਟ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਅਤੇ ਡਿਜੀਟਲ ਬਣਾਇਆ ਹੈ। ਪਾਸਪੋਰਟ ਸੇਵਾਵਾਂ ਨੂੰ ਵਧੇਰੇ ਪਾਰਦਰਸ਼ੀ ਅਤੇ ਤੇਜ਼ ਕੀਤਾ ਗਿਆ ਹੈ, ਜਿਸ ਨਾਲ ਅੰਤਰਰਾਸ਼ਟਰੀ ਮਾਨਤਾ ਵਧੀ ਹੈ।
- ਭਾਰਤ ਦੀ ਵਿਦੇਸ਼ ਨੀਤੀ ਨੇ ਖੇਤਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਵਧਾਇਆ ਹੈ। ਸਾਰਕ, ਬ੍ਰਿਕਸ, ਜੀ-20 ਅਤੇ ਹੋਰ ਅੰਤਰਰਾਸ਼ਟਰੀ ਸੰਗਠਨਾਂ ਵਿੱਚ ਭਾਰਤ ਦੀ ਸਰਗਰਮ ਭੂਮਿਕਾ ਨੇ ਵੀਜ਼ਾ-ਮੁਕਤ ਸਹੂਲਤਾਂ ਨੂੰ ਵਧਾਉਣ ਵਿੱਚ ਮਦਦ ਕੀਤੀ ਹੈ।
- ਭਾਰਤੀ ਸੈਲਾਨੀਆਂ ਅਤੇ ਵਪਾਰੀਆਂ ਦੀ ਵਧਦੀ ਸੰਖਿਆ ਨੂੰ ਦੇਖਦੇ ਹੋਏ, ਕਈ ਦੇਸ਼ਾਂ ਨੇ ਭਾਰਤੀਆਂ ਨੂੰ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਦਿੱਤੀ ਹੈ।

# ਰੂਸ-ਨਾਟੋ ਤਣਾਅ ਵਧਿਆ: ਪ੍ਰਮਾਣੂ ਯੁਧ ਤੇ ਤੀਜੇ ਵਿਸ਼ਵ ਯੁੱਧ ਦਾ ਖਤਰਾ ਮੰਡਰਾਇਆ

## ✪ ਰੂਸੀ ਮੀਡੀਆ ਅਤੇ ਮਾਹਿਰਾਂ ਮੁਤਾਬਕ, ਨਾਟੋ ਦੇਸ਼ ਰੂਸ ਵਿਰੁੱਧ ਪ੍ਰਮਾਣੂ ਹਮਲੇ ਦੀ ਕਰ ਰਹੇ ਨੇ ਤਿਆਰੀ ✪ ਪੁਤਿਨ-ਜ਼ੇਲੇਂਸਕੀ ਮੁਲਾਕਾਤ ਦੀ ਆਸ

### ਨਿਊਜ਼ ਵਿਸ਼ਲੇਸ਼ਣ

ਰੂਸ ਅਤੇ ਨਾਟੋ ਦੇਸ਼ਾਂ ਵਿਚਕਾਰ ਵਧਦਾ ਤਣਾਅ ਅੱਜਕੱਲ੍ਹ ਅੰਤਰਰਾਸ਼ਟਰੀ ਸੁਰਖੀਆਂ ਦਾ ਵੱਡਾ ਵਿਸ਼ਾ ਬਣਿਆ ਹੋਇਆ ਹੈ। ਰੂਸੀ ਮੀਡੀਆ ਅਤੇ ਮਾਹਿਰਾਂ ਦੀਆਂ ਰਿਪੋਰਟਾਂ ਮੁਤਾਬਕ, ਨਾਟੋ ਦੇਸ਼ ਰੂਸ ਵਿਰੁੱਧ ਵੱਡੇ ਪੈਮਾਨੇ 'ਤੇ ਪ੍ਰਮਾਣੂ ਹਮਲੇ ਦੀ ਤਿਆਰੀ ਕਰ ਰਹੇ ਹਨ, ਜਿਸ ਨਾਲ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਨੂੰ ਹੋਰ ਬਲ ਮਿਲ ਰਿਹਾ ਹੈ। ਦੂਜੇ ਪਾਸੇ, ਰੂਸ ਅਤੇ ਯੂਕਰੇਨ ਵਿਚਕਾਰ ਸ਼ਾਂਤੀ ਵਾਰਤਾ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ, ਪਰ ਇਹ ਵਾਰਤਾ ਅਜੇ ਤੱਕ ਸਫਲ ਨਹੀਂ ਹੋ ਸਕੀ। ਇਸ ਸਥਿਤੀ ਵਿੱਚ ਸਵਾਲ ਇਹ ਹੈ ਕਿ ਕੀ ਰੂਸ ਅਤੇ ਨਾਟੋ ਵਿਚਕਾਰ ਸੰਘਰਸ਼ ਤੀਜੇ ਵਿਸ਼ਵ ਯੁੱਧ ਦਾ ਰੂਪ ਲਵੇਗਾ ?



### ਰੂਸੀ ਮੀਡੀਆ ਦੀਆਂ ਚਿਤਾਵਨੀਆਂ

ਰੂਸ ਦੇ ਪ੍ਰਮੁੱਖ ਅਖਬਾਰ ਕੋਮਸੋਮੋਲਸਕਾਇਆ ਪ੍ਰਾਵਦਾ ਸਮੇਤ ਸਰਕਾਰੀ ਸਮਰਥਨ ਵਾਲੇ ਕਈ ਮੀਡੀਆ ਹਾਊਸ ਨਾਟੋ ਨਾਲ ਪ੍ਰਮਾਣੂ ਯੁੱਧ ਦੀਆਂ ਚਿਤਾਵਨੀਆਂ ਦੇ ਰਹੇ ਹਨ। ਇਨ੍ਹਾਂ ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਾਟੋ ਦੇਸ਼, ਖਾਸ ਕਰਕੇ ਅਮਰੀਕਾ, ਬ੍ਰਿਟੇਨ ਅਤੇ ਹੋਰ ਯੂਰਪੀ ਸਹਿਯੋਗੀ, 2020 ਦੇ ਦਹਾਕੇ ਦੇ ਅੰਤ ਤੱਕ ਰੂਸ ਵਿਰੁੱਧ ਵੱਡੇ ਪੈਮਾਨੇ 'ਤੇ ਸੈਨਿਕ ਕਾਰਵਾਈ ਕਰ ਸਕਦੇ ਹਨ। ਇਹ ਰਿਪੋਰਟਾਂ ਰੂਸੀ ਨਾਗਰਿਕਾਂ ਨੂੰ ਯੁੱਧ ਦੀ ਸੰਭਾਵਨਾ ਲਈ ਤਿਆਰ ਰਹਿਣ ਦੀ ਅਪੀਲ ਕਰ ਰਹੀਆਂ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਪੱਛਮੀ ਦੇਸ਼ ਰੂਸ ਨੂੰ ਖਤਮ ਕਰਨ ਜਾਂ ਇਸ ਨੂੰ ਵੰਡਣ ਦੀ ਰਣਨੀਤੀ 'ਤੇ ਕੰਮ ਕਰ ਰਹੇ ਹਨ।

ਇਸ ਦੇ ਨਾਲ ਹੀ, ਰੂਸੀ ਮਾਹਿਰਾਂ ਅਤੇ ਸਾਬਕਾ ਰਾਸ਼ਟਰਪਤੀ ਦਮਿਤਰੀ ਮੇਦਵੇਦੇਵ ਨੇ ਵੀ ਇਸ ਗੱਲ ਨੂੰ ਦੁਹਰਾਇਆ ਹੈ ਕਿ ਨਾਟੋ ਅਤੇ ਪੱਛਮੀ ਦੇਸ਼ਾਂ ਦੀਆਂ ਕਾਰਵਾਈਆਂ ਕਾਰਨ ਸਥਿਤੀ ਤੀਜੇ ਵਿਸ਼ਵ ਯੁੱਧ ਵੱਲ ਵਧ ਸਕਦੀ ਹੈ। ਮੇਦਵੇਦੇਵ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਰੂਸ ਦੀ ਸੁਰੱਖਿਆ ਜਾਂ ਸੰਪ੍ਰਭੂਤਾ ਨੂੰ ਖਤਰਾ ਹੋਇਆ, ਤਾਂ ਰੂਸ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਤੋਂ ਵੀ ਪਿੱਛੇ ਨਹੀਂ ਹਟੇਗਾ।

### ਕੈਲਿਨਿਨਗਰਾਦ 'ਤੇ ਨਜ਼ਰ

ਰੂਸੀ ਮੀਡੀਆ ਦੀਆਂ ਰਿਪੋਰਟਾਂ ਵਿੱਚ ਖਾਸ ਤੌਰ 'ਤੇ ਕੈਲਿਨਿਨਗਰਾਦ ਦਾ ਜ਼ਿਕਰ ਹੈ, ਜੋ ਰੂਸ ਦਾ ਇੱਕ ਅਹਿਮ ਖੇਤਰ ਹੈ ਅਤੇ ਨਾਟੋ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਅਮਰੀਕੀ ਸੈਨਿਕ ਜਨਰਲ ਕ੍ਰਿਸਟੋਫਰ ਡੋਨਹਿਊ ਨੇ ਹਾਲ ਹੀ ਵਿੱਚ ਕੈਲਿਨਿਨਗਰਾਦ 'ਤੇ ਹਮਲੇ ਦੀ ਗੱਲ ਕੀਤੀ ਸੀ, ਜਿਸ ਦਾ ਰੂਸ ਨੇ ਸਖਤ ਜਵਾਬ ਦਿੱਤਾ। ਰੂਸ ਨੇ ਕਿਹਾ ਹੈ ਕਿ ਕੈਲਿਨਿਨਗਰਾਦ ਦੀ ਸੁਰੱਖਿਆ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਜਿਸ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਵੀ ਸ਼ਾਮਲ ਹੈ।

ਰੂਸੀ ਸੈਨਿਕ ਟਿੱਪਣੀਕਾਰ ਜੀਮੋਵਸਕੀ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਸੇਂਟ ਪੀਟਰਸਬਰਗ ਜਾਂ ਕੈਲਿਨਿਨਗਰਾਦ 'ਤੇ ਕੋਈ ਵੀ ਹਮਲਾ ਇੱਕ ਵਿਸ਼ਾਲ ਯੁੱਧ ਨੂੰ ਜਨਮ ਦੇ ਸਕਦਾ ਹੈ। ਰੂਸ ਦੀ ਵਿਦੇਸ਼ੀ ਖੁਫੀਆ ਸੇਵਾ (ਐਸਵੀਆਰ) ਨੇ ਨਾਟੋ 'ਤੇ ਮੋਲਡੋਵਾ ਵਿਖੇ ਸੈਨਿਕ ਅੱਡੇ ਵਜੋਂ ਵਰਤਣ ਦਾ ਦੋਸ਼ ਲਗਾਇਆ ਹੈ, ਜਿਸ ਨਾਲ ਪੂਰਬੀ ਯੂਰਪ ਵਿੱਚ ਤਣਾਅ ਹੋਰ ਵਧ ਸਕਦਾ ਹੈ।

ਰੂਸੀ ਮਾਹਿਰਾਂ ਦਾ ਮੰਨਣਾ ਹੈ ਕਿ ਨਾਟੋ ਵਿੱਚ ਸ਼ਾਮਲ ਹੋਏ ਨਵੇਂ ਮੈਂਬਰ, ਜਿਵੇਂ ਕਿ ਫਿਨਲੈਂਡ, ਰੂਸ ਵਿਰੁੱਧ ਹਮਲਿਆਂ ਲਈ ਲਾਂਚ ਪੈਡ ਦਾ ਕੰਮ ਕਰ ਸਕਦੇ ਹਨ। ਫਿਨਲੈਂਡ ਦੀ ਸਰਹੱਦ ਰੂਸ ਦੇ ਨੇੜੇ ਹੈ ਅਤੇ ਨਾਟੋ ਦੀ ਸੈਨਿਕ ਮੌਜੂਦਗੀ ਇਸ ਖੇਤਰ ਵਿੱਚ ਵਧ ਰਹੀ ਹੈ। ਇਸ ਤੋਂ ਇਲਾਵਾ, ਨਾਟੋ ਦੀਆਂ ਸੈਨਿਕ ਸਰਗਰਮੀਆਂ, ਜਿਵੇਂ ਕਿ ਬਾਲਟਿਕ ਖੇਤਰ ਵਿੱਚ ਮੁਸਤੈਦੀ ਅਤੇ ਪੂਰਬੀ ਸਰਹੱਦ 'ਤੇ ਸੈਨਿਕ ਤਾਇਨਾਤੀ, ਰੂਸ ਲਈ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

ਨਾਟੋ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਰੂਸ ਆਪਣੀ ਸੁਰੱਖਿਆ ਲਈ ਖਤਰੇ ਵਜੋਂ ਦੇਖਦਾ ਹੈ। ਰੂਸ ਦਾ ਕਹਿਣਾ ਹੈ ਕਿ ਨਾਟੋ ਦੀਆਂ ਗਤੀਵਿਧੀਆਂ ਅਤੇ ਯੂਕਰੇਨ ਨੂੰ ਦਿੱਤੀ ਜਾ ਰਹੀ ਸੈਨਿਕ ਸਹਾਇਤਾ ਸਿੱਧੇ ਤੌਰ 'ਤੇ ਰੂਸ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਇਸ ਦੇ ਜਵਾਬ ਵਿੱਚ, ਰੂਸ ਨੇ ਆਪਣੀ ਪ੍ਰਮਾਣੂ ਨੀਤੀ ਨੂੰ ਹੋਰ ਸਖਤ ਕੀਤਾ ਹੈ। ਹਾਲ ਹੀ ਵਿੱਚ, ਰੂਸ ਨੇ ਆਪਣੀ ਪ੍ਰਮਾਣੂ ਨੀਤੀ ਵਿੱਚ ਸੋਧ ਕਰਦਿਆਂ ਕਿਹਾ ਹੈ ਕਿ ਜੇਕਰ ਕੋਈ ਗੈਰ-ਪ੍ਰਮਾਣੂ ਦੇਸ਼, ਜਿਸ ਨੂੰ ਪ੍ਰਮਾਣੂ ਸ਼ਕਤੀ ਵਾਲੇ ਦੇਸ਼ ਦਾ ਸਮਰਥਨ ਹੋਵੇ, ਰੂਸ 'ਤੇ ਹਮਲਾ ਕਰਦਾ ਹੈ, ਤਾਂ ਇਸ ਨੂੰ ਸੰਯੁਕਤ ਹਮਲੇ ਵਜੋਂ ਮੰਨਿਆ ਜਾਵੇਗਾ।

### ਰੂਸ-ਯੂਕਰੇਨ ਸੰਘਰਸ਼ ਅਤੇ ਸ਼ਾਂਤੀ ਵਾਰਤਾ

ਰੂਸ ਅਤੇ ਯੂਕਰੇਨ ਵਿਚਕਾਰ ਫਰਵਰੀ 2022 ਤੋਂ ਜਾਰੀ ਸੰਘਰਸ਼ ਨੇ ਦੋਹਾਂ ਪਾਸਿਆਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਇਸ ਸੰਘਰਸ਼ ਵਿੱਚ ਹੁਣ ਤੱਕ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ ਅਤੇ ਲੱਖਾਂ ਉਜੜੇ ਹਨ। ਹਾਲ ਹੀ ਵਿੱਚ, ਤੁਰਕੀ ਦੇ ਇਸਤਾਂਬੁਲ ਵਿੱਚ ਦੋਹਾਂ ਦੇਸ਼ਾਂ ਵਿਚਕਾਰ ਸ਼ਾਂਤੀ ਵਾਰਤਾ ਹੋਈ, ਪਰ ਇਹ ਵਾਰਤਾ ਬੇਨਤੀਜਾ ਰਹੀ ਸੀ। ਵਾਰਤਾ ਦੇ ਤੀਜੇ ਦੌਰ ਦੇ ਖਤਮ ਹੁੰਦਿਆਂ ਹੀ, ਰੂਸ ਅਤੇ ਯੂਕਰੇਨ ਨੇ ਇੱਕ-ਦੂਜੇ 'ਤੇ ਡਰੋਨ ਹਮਲੇ ਕੀਤੇ ਸਨ, ਜਿਸ ਵਿੱਚ ਦੋਹਾਂ ਪਾਸਿਆਂ ਨੂੰ ਜਾਨੀ ਨੁਕਸਾਨ ਹੋਇਆ ਸੀ।

ਹਾਲਾਂਕਿ, ਸ਼ਾਂਤੀ ਦੀ ਆਸ ਅਜੇ ਵੀ ਬਣੀ ਹੋਈ ਹੈ। ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੇਂਸਕੀ ਵਿਚਕਾਰ ਮੁਲਾਕਾਤ ਦੀ ਸੰਭਾਵਨਾ 'ਤੇ ਚਰਚਾ ਸ਼ੁਰੂ ਹੋ ਗਈ ਹੈ। ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਹੈ ਕਿ ਅਜਿਹੀ ਮੁਲਾਕਾਤ ਸੰਭਵ ਹੈ, ਪਰ ਇਹ ਸਿਰਫ ਸ਼ਾਂਤੀ ਸਮਝੌਤੇ ਦੇ ਅੰਤਿਮ ਪੜਾਅ ਵਿੱਚ ਹੀ ਹੋ ਸਕਦੀ ਹੈ। ਯੂਕਰੇਨ ਨੇ ਅਗਸਤ ਦੇ ਅੰਤ ਤੱਕ ਦੋਹਾਂ ਨੇਤਾਵਾਂ ਦੀ ਮੁਲਾਕਾਤ ਦਾ ਪ੍ਰਸਤਾਵ ਰੱਖਿਆ ਸੀ, ਪਰ ਪੇਸਕੋਵ ਨੇ ਸਪੱਸ਼ਟ ਕੀਤਾ ਕਿ ਇੰਨੀ ਜਟਿਲ ਪ੍ਰਕਿਰਿਆ ਨੂੰ ਇੱਕ ਮਹੀਨੇ ਵਿੱਚ ਪੂਰਾ ਕਰਨਾ ਅਸੰਭਵ ਹੈ।

### ਕੌਣ ਜ਼ਿੰਮੇਵਾਰ ਹੈ ਰੂਸ ਤੇ ਯੂਕਰੇਨ ਤਣਾਅ ਦਾ ?

ਰੂਸੀ ਮਾਹਿਰਾਂ ਅਤੇ ਅਧਿਕਾਰੀਆਂ ਨੇ ਸੰਘਰਸ਼ ਦੀ ਜੜ੍ਹ ਵਜੋਂ ਅਮਰੀਕਾ ਅਤੇ ਨਾਟੋ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਾਟੋ ਦੀ ਪੂਰਬ ਵੱਲ ਵਧਦੀ ਮੌਜੂਦਗੀ ਅਤੇ ਯੂਕਰੇਨ ਨੂੰ ਸੈਨਿਕ ਸਹਾਇਤਾ ਰੂਸ ਦੀ ਸੁਰੱਖਿਆ ਲਈ ਸਿੱਧਾ ਖਤਰਾ ਹੈ। ਦੂਜੇ ਪਾਸੇ, ਨਾਟੋ ਅਤੇ ਪੱਛਮੀ ਦੇਸ਼ ਰੂਸ ਦੀਆਂ ਕਾਰਵਾਈਆਂ, ਖਾਸ ਕਰਕੇ ਯੂਕਰੇਨ 'ਤੇ 2022 ਵਿੱਚ ਕੀਤੇ ਹਮਲੇ ਨੂੰ, ਇਸ ਸੰਘਰਸ਼ ਦਾ ਮੁੱਖ ਕਾਰਨ ਮੰਨਦੇ ਹਨ। ਨਾਟੋ ਦਾ ਕਹਿਣਾ ਹੈ ਕਿ ਉਹ ਇੱਕ ਰੱਖਿਆਤਮਕ ਗਠਜੋੜ ਹੈ ਅਤੇ ਰੂਸ ਦੇ ਵਿਰੁੱਧ ਕੋਈ ਹਮਲਾਵਰ ਨੀਤੀ ਨਹੀਂ ਅਪਣਾਈ।

ਅੰਤਰਰਾਸ਼ਟਰੀ ਭਾਈਚਾਰੇ ਵਿੱਚ ਵੀ ਇਸ ਸਥਿਤੀ ਨੂੰ ਲੈ ਕੇ ਚਿੰਤਾ ਵਧ ਰਹੀ ਹੈ। ਸੰਯੁਕਤ ਰਾਸ਼ਟਰ ਦੀ ਡਿਸਆਰਮਾਮੈਂਟ ਅਫੇਅਰਜ਼ ਦੀ ਮੁਖੀ ਨੇ 2023 ਵਿੱਚ ਸੁਰੱਖਿਆ ਪ੍ਰੀਸ਼ਦ ਨੂੰ ਸੁਚੇਤ ਕੀਤਾ ਸੀ ਕਿ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦਾ ਖਤਰਾ ਸ਼ੀਤ ਯੁੱਧ ਦੇ ਸਮੇਂ ਤੋਂ ਸਭ ਤੋਂ ਵੱਧ ਹੈ। ਰੂਸ ਵੱਲੋਂ ਬੇਲਾਰੂਸ ਵਿੱਚ ਪ੍ਰਮਾਣੂ ਹਥਿਆਰ ਤਾਇਨਾਤ ਕਰਨ ਦੇ ਫੈਸਲੇ ਨੇ ਇਸ ਚਿੰਤਾ ਨੂੰ ਹੋਰ ਵਧਾ ਦਿੱਤਾ ਹੈ।

ਰੂਸ ਤੇ ਨਾਟੋ ਵਿਚਕਾਰ ਵਧਦਾ ਤਣਾਅ ਅਤੇ ਪ੍ਰਮਾਣੂ ਯੁੱਧ ਦੀਆਂ ਚਿਤਾਵਨੀਆਂ ਨੇ ਸਮੁੱਚੇ ਵਿਸ਼ਵ ਨੂੰ ਇੱਕ ਖਤਰਨਾਕ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਜੇਕਰ ਸ਼ਾਂਤੀ ਵਾਰਤਾ ਸਫਲ ਨਹੀਂ ਹੁੰਦੀ, ਤਾਂ ਸੰਘਰਸ਼ ਦੇ ਵਧਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਪਰ, ਪੁਤਿਨ ਅਤੇ ਜ਼ੇਲੇਂਸਕੀ ਦੀ ਸੰਭਾਵਿਤ ਮੁਲਾਕਾਤ ਸ਼ਾਂਤੀ ਦੀ ਇੱਕ ਛੋਟੀ ਜਿਹੀ ਆਸ ਜਗਾਉਂਦੀ ਹੈ।

## ਭਾਰਤ-ਬਰਤਾਨੀਆ ਵੱਲੋਂ ਇਤਿਹਾਸਕ ਮੁਕਤ ਵਪਾਰ ਸਮਝੌਤਾ ਹੋਇਆ



ਲੰਡਨ-ਭਾਰਤ ਅਤੇ ਬਰਤਾਨੀਆ ਨੇ ਬੀਤੇ ਦਿਨੀਂ ਇੱਕ ਇਤਿਹਾਸਕ ਮੁਕਤ ਵਪਾਰ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ, ਜਿਸ ਨਾਲ ਬਾਜ਼ਾਰ ਤੱਕ ਪਹੁੰਚ ਵਿੱਚ ਕਾਫ਼ੀ ਸੁਧਾਰ ਹੋਵੇਗਾ ਅਤੇ ਸਾਲਾਨਾ ਲਗਭਗ 34 ਬਿਲੀਅਨ ਡਾਲਰ ਦਾ ਦੁਵੱਲਾ ਵਪਾਰ ਵਧੇਗਾ। ਇਸ ਸੌਦੇ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਦੀ ਮੌਜੂਦਗੀ ਵਿੱਚ ਰਸਮੀ ਰੂਪ ਦਿੱਤਾ ਗਿਆ। ਅਧਿਕਾਰੀਆਂ ਅਨੁਸਾਰ ਇਸ ਨਾਲ 99 ਫੀਸਦੀ ਭਾਰਤੀ ਬਰਾਮਦਾਂ ਨੂੰ ਟੈਕਸ ਤੋਂ ਲਾਭ ਮਿਲਣ ਦੀ ਉਮੀਦ ਹੈ ਅਤੇ ਇਸ ਨਾਲ ਬ੍ਰਿਟਿਸ਼ ਫਰਮਾਂ ਲਈ ਭਾਰਤ ਨੂੰ ਵਿਸਕੀ, ਕਾਰਾਂ ਅਤੇ ਹੋਰ ਉਤਪਾਦਾਂ ਦੀ ਬਰਾਮਦ ਕਰਨਾ ਆਸਾਨ ਹੋ ਜਾਵੇਗਾ, ਨਾਲ ਹੀ ਸਮੁੱਚੇ ਵਪਾਰਕ ਬਾਸਕੇਟ ਨੂੰ ਵੀ ਹੁਲਾਰਾ ਮਿਲੇਗਾ।

# ਮੋਦੀ ਦੀਆਂ 33 ਵਿਦੇਸ਼ ਯਾਤਰਾਵਾਂ 'ਤੇ 362 ਕਰੋੜ ਦਾ ਖਰਚਾ, ਵਿਰੋਧੀਆਂ ਨੇ ਉਠਾਏ ਸਵਾਲ

ਖਾਸ ਖਬਰ

## ✪ 2025 ਵਿੱਚ ਫਰਾਂਸ-ਅਮਰੀਕਾ ਯਾਤਰਾ ਸਭ ਤੋਂ ਮਹਿੰਗੀ, 42 ਕਰੋੜ ਰੁਪਏ ਖਰਚ ✪ ਵਿਦੇਸ਼ ਯਾਤਰਾਵਾਂ ਨਾਲ ਭਾਰਤ ਦੀ ਗਲੋਬਲ ਸਾਖ ਮਜ਼ਬੂਤ, ਵਪਾਰਕ ਸਮਝੌਤਿਆਂ ਨੂੰ ਮਿਲਿਆ ਹੁਲਾਰਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ 2021 ਤੋਂ 2025 ਦਰਮਿਆਨ ਕੀਤੀਆਂ ਵਿਦੇਸ਼ ਯਾਤਰਾਵਾਂ 'ਤੇ ਕੇਂਦਰ ਸਰਕਾਰ ਨੇ ਕੁੱਲ 362 ਕਰੋੜ ਰੁਪਏ ਖਰਚ ਕੀਤੇ ਹਨ। ਇਹ ਜਾਣਕਾਰੀ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਬੀਤੇ ਦਿਨੀਂ ਰਾਜ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਡੇਰੇਕ ਓ'ਬ੍ਰਾਇਨ ਦੇ ਸਵਾਲ ਦੇ ਜਵਾਬ ਵਿੱਚ ਦਿੱਤੀ। ਇਸ ਅੰਕੜੇ ਵਿੱਚ 2025 ਦੀਆਂ ਕੁਝ ਯਾਤਰਾਵਾਂ, ਜਿਵੇਂ ਕਿ ਕੈਨੇਡਾ (ਜੀ7 ਸੰਮੇਲਨ), ਬ੍ਰਾਜ਼ੀਲ (ਬ੍ਰਿਕਸ ਸੰਮੇਲਨ) ਅਤੇ ਮਾਰੀਸ਼ਸ ਦੀਆਂ ਯਾਤਰਾਵਾਂ ਦੇ ਬਿੱਲ ਸ਼ਾਮਲ ਨਹੀਂ ਹਨ, ਕਿਉਂਕਿ ਇਹਨਾਂ ਦਾ ਹਿਸਾਬ ਅਜੇ ਪੂਰਾ ਨਹੀਂ ਹੋਇਆ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਦੀ ਮੌਜੂਦਾ ਬ੍ਰਿਟੇਨ ਅਤੇ ਮਾਲਦੀਵ ਦੀ ਯਾਤਰਾ ਦਾ ਖਰਚਾ ਵੀ ਇਸ ਵਿੱਚ ਜੋੜਿਆ ਨਹੀਂ ਗਿਆ।




### ਪੰਜ ਸਾਲਾਂ ਵਿੱਚ 33 ਵਿਦੇਸ਼ ਯਾਤਰਾਵਾਂ

ਪ੍ਰਧਾਨ ਮੰਤਰੀ ਮੋਦੀ ਨੇ 2021 ਤੋਂ 2025 ਦਰਮਿਆਨ 33 ਵਿਦੇਸ਼ ਯਾਤਰਾਵਾਂ ਕੀਤੀਆਂ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਸੰਮੇਲਨਾਂ ਜਿਵੇਂ ਕਿ ਘ20, ਘ7, ਬ੍ਰਿਕਸ ਅਤੇ ਈਸਟ ਏਸ਼ੀਅਨ ਸੰਮੇਲਨ ਸ਼ਾਮਲ ਸਨ। 2025 ਵਿੱਚ ਹੀ ਪੰਜ ਦੇਸ਼ਾਂ (ਫਰਾਂਸ, ਅਮਰੀਕਾ, ਥਾਈਲੈਂਡ, ਸ਼੍ਰੀਲੰਕਾ, ਅਤੇ ਸਊਦੀ ਅਰਬ) ਦੀਆਂ ਯਾਤਰਾਵਾਂ 'ਤੇ 67 ਕਰੋੜ ਰੁਪਏ ਖਰਚ ਹੋਏ। ਸਭ ਤੋਂ ਮਹਿੰਗੀ ਯਾਤਰਾ 10-12 ਫਰਵਰੀ 2025 ਨੂੰ ਫਰਾਂਸ ਦੀ ਸੀ, ਜਿਸ 'ਤੇ 25.59 ਕਰੋੜ ਰੁਪਏ ਖਰਚ ਹੋਏ। ਇਸ ਦੌਰਾਨ ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਦੁਵੱਲੀ ਗੱਲਬਾਤ ਕੀਤੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਐਕਸ਼ਨ ਸੰਮੇਲਨ ਦੀ ਸਹਿ-ਅਗਵਾਈ ਕੀਤੀ। ਇਸ ਤੋਂ ਬਾਅਦ 13 ਫਰਵਰੀ ਨੂੰ ਅਮਰੀਕਾ ਦੀ ਇੱਕ ਦਿਨ ਦੀ ਯਾਤਰਾ 'ਤੇ 16.54 ਕਰੋੜ ਰੁਪਏ ਖਰਚ ਹੋਏ, ਜਿੱਥੇ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਟੇਸਲਾ ਦੇ ਸੀਈਓ ਐਲਨ ਮਸਕ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨਾਲ ਮੁਲਾਕਾਤ ਕੀਤੀ।

2024 ਵਿੱਚ ਮੋਦੀ ਨੇ 11 ਵਿਦੇਸ਼ ਯਾਤਰਾਵਾਂ ਕੀਤੀਆਂ, ਜਿਨ੍ਹਾਂ ਵਿੱਚ 17 ਦੇਸ਼ਾਂ ਦਾ ਦੌਰਾ ਸ਼ਾਮਲ ਸੀ। ਇਹਨਾਂ 'ਤੇ 109.5 ਕਰੋੜ ਰੁਪਏ ਖਰਚ ਹੋਏ, ਜਿਨ੍ਹਾਂ ਵਿੱਚ ਸਭ ਤੋਂ ਮਹਿੰਗੀ ਅਮਰੀਕਾ ਦੀ ਤਿੰਨ ਦਿਨਾਂ ਦੀ ਯਾਤਰਾ (21 ਸਤੰਬਰ 2024) ਸੀ, ਜਿਸ 'ਤੇ 15.3 ਕਰੋੜ ਰੁਪਏ ਖਰਚੇ ਗਏ। 2023 ਵਿੱਚ 6 ਯਾਤਰਾਵਾਂ ਵਿੱਚ 11 ਦੇਸ਼ਾਂ ਦੇ ਦੌਰੇ 'ਤੇ 93.6 ਕਰੋੜ, ਜਦਕਿ 2021 ਅਤੇ 2022 ਵਿੱਚ 10 ਯਾਤਰਾਵਾਂ ਵਿੱਚ 14 ਦੇਸ਼ਾਂ ਦੇ ਦੌਰਿਆਂ 'ਤੇ 90 ਕਰੋੜ ਰੁਪਏ ਖਰਚ ਹੋਏ।

### ਦੇਸ਼ ਨੂੰ ਕੀ ਲਾਭ ਮਿਲਿਆ ?

ਪ੍ਰਧਾਨ ਮੰਤਰੀ ਮੋਦੀ ਦੀਆਂ ਵਿਦੇਸ਼ ਯਾਤਰਾਵਾਂ ਦਾ ਮੁੱਖ ਮਕਸਦ ਭਾਰਤ ਦੇ ਅੰਤਰਰਾਸ਼ਟਰੀ ਸਬੰਧਾਂ ਨੂੰ ਮਜ਼ਬੂਤ ਕਰਨਾ, ਵਪਾਰਕ ਅਤੇ ਆਰਥਿਕ ਸਹਿਯੋਗ ਵਧਾਉਣਾ, ਅਤੇ ਗਲੋਬਲ ਮੰਚ 'ਤੇ ਭਾਰਤ ਦੀ ਸਾਖ ਨੂੰ ਉੱਚਾ ਚੁੱਕਣਾ ਰਿਹਾ ਹੈ। ਸਰਕਾਰੀ ਸੂਤਰਾਂ ਅਨੁਸਾਰ, ਇਹਨਾਂ ਯਾਤਰਾਵਾਂ ਨੇ ਭਾਰਤ ਨੂੰ ਕਈ ਮਹੱਤਵਪੂਰਨ ਲਾਭ ਦਿੱਤੇ। ਉਦਾਹਰਣ ਵਜੋਂ, 2025 ਵਿੱਚ ਬ੍ਰਿਟੇਨ ਨਾਲ ਹੋਏ ਮੁਕਤ ਵਪਾਰ ਸਮਝੌਤੇ ਨੇ ਭਾਰਤੀ ਟੈਕਸਟਾਈਲ, ਜੁੱਤੀਆਂ, ਗਹਿਣਿਆਂ, ਸਮੁੰਦਰੀ ਭੋਜਨ ਅਤੇ ਇੰਜਨੀਅਰਿੰਗ ਸਮਾਨ ਨੂੰ ਬ੍ਰਿਟਿਸ਼ ਬਜ਼ਾਰਾਂ ਵਿੱਚ ਬਿਹਤਰ ਪਹੁੰਚ ਦਿੱਤੀ। ਇਸ ਨਾਲ ਕਿਸਾਨਾਂ, ਮਛੇਰਿਆਂ ਅਤੇ ਹੋਰ ਸੈਕਟਰ ਨੂੰ ਵਿਸ਼ੇਸ਼ ਲਾਭ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਮੋਦੀ ਦੀਆਂ ਅਮਰੀਕਾ ਅਤੇ ਫਰਾਂਸ ਦੀਆਂ ਯਾਤਰਾਵਾਂ ਨੇ ਤਕਨੀਕੀ ਅਤੇ ਰੱਖਿਆ ਸਹਿਯੋਗ ਨੂੰ ਵਧਾਉਣ ਵਿੱਚ ਮਦਦ ਕੀਤੀ। ਅਮਰੀਕਾ ਨਾਲ ਸਬੰਧਾਂ ਨੇ ਭਾਰਤ ਨੂੰ ਤਕਨਾਲੋਜੀ ਅਤੇ ਨਿਵੇਸ਼ ਦੇ ਮੌਕੇ ਪ੍ਰਦਾਨ ਕੀਤੇ, ਜਦਕਿ ਫਰਾਂਸ ਨਾਲ ਰੱਖਿਆ ਅਤੇ ਏਆਈ ਸਬੰਧੀ ਸਮਝੌਤਿਆਂ ਨੇ ਭਾਰਤ ਦੀ ਗਲੋਬਲ ਸਥਿਤੀ ਨੂੰ ਮਜ਼ਬੂਤ ਕੀਤਾ। 2024 ਵਿੱਚ ਜੀ 7 ਸੰਮੇਲਨ ਅਤੇ 2023 ਵਿੱਚ ਵਰਚੁਅਲ ਬ੍ਰਿਕਸ ਸੰਮੇਲਨ ਦੀ ਮੇਜ਼ਬਾਨੀ ਨੇ ਭਾਰਤ ਨੂੰ ਅੰਤਰਰਾਸ਼ਟਰੀ ਮੁੱਦਿਆਂ 'ਤੇ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ।

ਸਰਕਾਰ ਦਾ ਕਹਿਣਾ ਹੈ ਕਿ ਇਹਨਾਂ ਯਾਤਰਾਵਾਂ ਨੇ ਭਾਰਤ ਦੀ ਅਰਥਵਿਵਸਥਾ ਨੂੰ ਵੀ ਗਤੀ ਦਿੱਤੀ। 2014 ਵਿੱਚ ਜਦੋਂ ਮੋਦੀ ਨੇ ਸੱਤਾ ਸੰਭਾਲੀ, ਭਾਰਤ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਅਰਥਵਿਵਸਥਾ ਸੀ, ਪਰ ਅੱਜ ਇਹ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਵੱਲ ਤੇਜ਼ੀ ਨਾਲ ਵਧ ਰਿਹਾ ਹੈ। 25 ਕਰੋੜ ਲੋਕ ਗਰੀਬੀ ਤੋਂ ਬਾਹਰ ਨਿੱਕਲੇ ਹਨ, ਅਤੇ ਸਮਾਜਿਕ ਸੁਰੱਖਿਆ ਦੇ ਦਾਇਰੇ ਵਿੱਚ 90 ਕਰੋੜ ਤੋਂ ਵੱਧ ਲੋਕ ਸ਼ਾਮਲ ਹੋਏ ਹਨ।

### ਵਿਰੋਧੀ ਪਾਰਟੀਆਂ ਤੇ ਆਰਥਿਕ ਮਾਹਿਰਾਂ ਦੀ ਰਾਇ

ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਦੀਆਂ ਵਿਦੇਸ਼ ਯਾਤਰਾਵਾਂ 'ਤੇ ਹੋਏ ਖਰਚ ਨੂੰ ਲੈ ਕੇ ਸਖ਼ਤ ਇਤਰਾਜ਼ ਜਤਾਏ ਹਨ। ਤ੍ਰਿਣਮੂਲ ਕਾਂਗਰਸ ਦੀ ਨੇਤਾ ਸੁਪ੍ਰੀਆ ਸ਼੍ਰੀਨੇਤ ਨੇ ਕਿਹਾ ਕਿ 2022 ਤੋਂ 2024 ਦਰਮਿਆਨ ਮੋਦੀ ਦੀਆਂ 38 ਵਿਦੇਸ਼ ਯਾਤਰਾਵਾਂ 'ਤੇ 258 ਕਰੋੜ ਰੁਪਏ ਖਰਚ ਹੋਏ, ਪਰ ਇਹਨਾਂ ਦਾ ਮੁੱਖ ਮਕਸਦ ਸਿਰਫ਼ "ਮਿੱਤਰ ਅਡਾਨੀ" ਨੂੰ ਵਪਾਰਕ ਲਾਭ ਪਹੁੰਚਾਉਣਾ ਸੀ। ਤ੍ਰਿਣਮੂਲ ਕਾਂਗਰਸ ਦੇ ਅਧਿਕਾਰਤ ਅਕਾਊਂਟ ਨੇ ਵੀ ਐਕਸ 'ਤੇ ਲਿਖਿਆ ਕਿ 362 ਕਰੋੜ ਦਾ ਖਰਚਾ ਦੇਸ਼ ਦੀ ਜਨਤਾ ਦੇ ਪੈਸੇ ਦੀ ਬਰਬਾਦੀ ਹੈ।

ਕੁਝ ਵਿਰੋਧੀ ਨੇਤਾਵਾਂ ਦਾ ਮੰਨਣਾ ਹੈ ਕਿ ਇਸ ਖਰਚ ਨਾਲ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ 'ਤੇ ਨਿਵੇਸ਼ ਕੀਤਾ ਜਾ ਸਕਦਾ ਸੀ। ਰਾਹੁਲ ਗਾਂਧੀ ਨੇ ਕਿਹਾ ਕਿ 2025 ਵਿੱਚ ਸਿੱਖਿਆ, ਸਿਹਤ ਸਕੀਮਾਂ ਅਤੇ ਸੜਕਾਂ ਲਈ ਬਜਟ ਘਟਾਇਆ ਗਿਆ, ਪਰ ਮੋਦੀ ਦੀਆਂ ਯਾਤਰਾਵਾਂ 'ਤੇ 62.5 ਕਰੋੜ ਤੋਂ ਵੱਧ ਖਰਚ ਕੀਤੇ ਗਏ, ਜਿਸ ਦੀ ਕੋਈ ਜਵਾਬਦੇਹੀ ਨਹੀਂ।

ਆਰਥਿਕ ਮਾਹਿਰਾਂ ਦੀਆਂ ਰਾਵਾਂ ਇਸ ਮੁੱਦੇ 'ਤੇ ਵੰਡੀਆਂ ਹੋਈਆਂ ਹਨ। ਕੁਝ ਮਾਹਿਰ, ਜਿਵੇਂ ਕਿ ਅਰਥਸ਼ਾਸਤਰੀ ਰਾਜੀਵ ਕੁਮਾਰ, ਮੰਨਦੇ ਹਨ ਕਿ ਮੋਦੀ ਦੀਆਂ ਵਿਦੇਸ਼ ਯਾਤਰਾਵਾਂ ਨੇ ਭਾਰਤ ਦੀ ਗਲੋਬਲ ਸਾਖ ਵਧਾਈ ਹੈ ਅਤੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਕੀਤੀ ਹੈ। ਉਹਨਾਂ ਅਨੁਸਾਰ, ਬ੍ਰਿਟੇਨ ਅਤੇ ਅਮਰੀਕਾ ਵਰਗੇ ਦੇਸ਼ਾਂ ਨਾਲ ਵਪਾਰਕ ਸਮਝੌਤਿਆਂ ਨੇ ਭਾਰਤੀ ਉਦਯੋਗਾਂ ਲਈ ਨਵੇਂ ਮੌਕੇ ਪੈਦਾ ਕੀਤੇ ਹਨ।

ਦੂਜੇ ਪਾਸੇ, ਕੁਝ ਮਾਹਿਰ ਜਿਵੇਂ ਕਿ ਜਯਤੀ ਘੋਸ਼ ਮੰਨਦੇ ਹਨ ਕਿ ਇਹਨਾਂ ਯਾਤਰਾਵਾਂ ਦਾ ਖਰਚ ਅਤੇ ਲਾਭ ਅਨੁਪਾਤ ਸਪਸ਼ਟ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਹਨਾਂ ਯਾਤਰਾਵਾਂ ਦੇ ਆਰਥਿਕ ਲਾਭਾਂ ਦੀ ਸਪਸ਼ਟ ਜਾਣਕਾਰੀ ਜਨਤਾ ਨਾਲ ਸਾਂਝੀ ਕਰਨੀ ਚਾਹੀਦੀ। ਇਹਨਾਂ ਯਾਤਰਾਵਾਂ ਨਾਲ ਦੇਸ਼ ਨੂੰ ਕੋਈ ਵੱਡਾ ਲਾਭ ਨਹੀਂ ਹੋਇਆ, ਸਗੋਂ ਇਹ ਸਿਰਫ਼ ਕੁਝ ਉਦਯੋਗਪਤੀਆਂ ਲਈ ਲਾਭਕਾਰੀ ਹਨ।

## ਰਾਸ਼ਟਰੀ ਸੁਰੱਖਿਆ ਕਾਨੂੰਨ ਖਿਲਾਫ ਸੁਪਰੀਮ ਕੋਰਟ ਜਾਣਗੇ ਅੰਮ੍ਰਿਤਪਾਲ ਸਿੰਘ



ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਜਲਦੀ ਹੀ ਰਾਸ਼ਟਰੀ ਸੁਰੱਖਿਆ ਕਾਨੂੰਨ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਦੀ ਵਕੀਲਾਂ ਦੀ ਟੀਮ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਉਨ੍ਹਾਂ ਨਾਲ ਮੁਲਾਕਾਤ ਕਰਨ ਪਹੁੰਚੀ ਸੀ। ਵਕੀਲ ਇਮਾਨ ਸਿੰਘ ਖਾਰਾ ਨੇ ਦੱਸਿਆ ਕਿ ਅੰਮ੍ਰਿਤਪਾਲ ਨਾਲ ਮੁਲਾਕਾਤ ਹੋਈ ਅਤੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਲਈ ਜ਼ਰੂਰੀ ਦਸਤਾਵੇਜ਼ ਅਤੇ ਰਸਮੀ ਕਾਰਵਾਈਆਂ ਪੂਰੀਆਂ ਕਰ ਲਈਆਂ ਗਈਆਂ ਹਨ। ਇਹ ਤੀਜੀ ਵਾਰ ਹੈ ਜਦੋਂ ਅੰਮ੍ਰਿਤਪਾਲ 'ਤੇ ਐਨਐਸਏ ਲਗਾਇਆ ਗਿਆ ਹੈ, ਅਤੇ ਉਹ ਹੁਣ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇਣਗੇ। ਅੰਮ੍ਰਿਤਪਾਲ ਨੇ ਜੇਲ੍ਹ ਤੋਂ ਸਮਰਥਕਾਂ ਨੂੰ ਸੁਨੇਹਾ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਨੇ ਸਰਕਾਰ ਦੇ ਝੂਠੇ ਪ੍ਰਚਾਰ ਵੱਲ ਧਿਆਨ ਨਾ ਦੇਣ ਦੀ ਅਪੀਲ ਕੀਤੀ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੀ ਪਾਰਟੀ, ਅਕਾਲੀ ਦਲ ਵਾਰਿਸ ਪੰਜਾਬ, ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

## ਪੰਜਾਬੀ ਗੱਭਰੂ ਨੇ ਸ਼ੁਰੂ ਕੀਤੀ ਕੈਨੇਡਾ ਦੀ ਸਾਈਕਲ ਯਾਤਰਾ

### ✪ ਬੀਸੀ ਤੋਂ ਸ਼ੁਰੂ ਕੀਤੀ ਪੂਰੇ ਕੈਨੇਡਾ ਦੀ ਯਾਤਰਾ



ਸਰੀ-ਪੰਜਾਬੀ ਮੂਲ ਦੇ ਆਕਾਸ਼ਦੀਪ ਸਿੰਘ ਸਿੱਧੂ ਵੱਲੋਂ ਬ੍ਰਿਟਿਸ਼ ਕੋਲੰਬੀਆ ਤੋਂ ਸ਼ੁਰੂ ਕਰਕੇ ਪੂਰੇ ਕੈਨੇਡਾ ਦੀ ਯਾਤਰਾ ਕਰਨ ਦਾ ਅਹਿਦ ਲਿਆ ਗਿਆ ਹੈ। ਹੁਣ ਤੱਕ ਉਸ ਨੇ 3 ਸੂਬੇ ਪਾਰ ਕਰਕੇ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਪਹੁੰਚ ਕੇ ਆਉਂਦੇ 2 ਮਹੀਨਿਆਂ ਤੱਕ ਸਾਈਕਲ ਰਾਹੀਂ ਕੈਨੇਡਾ ਘੁੰਮਣ ਦਾ ਟੀਚਾ ਮਿੱਥਿਆ ਹੈ। ਕੈਨੇਡਾ ਦੀ ਸਾਈਕਲ ਯਾਤਰਾ ਕਰੀਬ 7640 ਕਿੱਲੋਮੀਟਰ ਹੈ। ਸਰੀ ਸ਼ਹਿਰ ਦੇ ਰਹਿਣ ਵਾਲੇ ਆਕਾਸ਼ਦੀਪ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੇ 11 ਜੂਨ ਨੂੰ ਆਪਣੀ ਯਾਤਰਾ ਸ਼ੁਰੂ ਕੀਤੀ ਸੀ। ਉਸ ਨੇ ਵਿਕਟੋਰੀਆ ਦੇ ਜ਼ੀਰੋ ਮਾਈਲ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ ਅਤੇ ਉਸ ਦੀ ਯਾਤਰਾ ਨਿਊਫੰਡਲੈਂਡ ਦੇ ਸੇਂਟ ਜੌਹਨ ਜਾ ਕੇ ਖ਼ਤਮ ਹੋਣੀ ਹੈ।

# ਕੰਗਨਾ ਰਣੌਤ ਦਾ ਪੰਜਾਬ ’ਤੇ ਵਿਵਾਦਤ ਬਿਆਨ: ਨਸ਼ੇ ਨੂੰ ਲੈ ਕੇ ਗੰਭੀਰ ਇਲਜ਼ਾਮ

**ਖਾਸ ਖਬਰ**

## ਪੰਜਾਬ ਦੇ ਵਿਧਵਾ ਪਿੰਡਾਂ ਵਾਲਾ ਬਿਆਨ: ਕੰਗਨਾ ਦੇ ਦਾਅਵਿਆਂ ’ਤੇ ਸਵਾਲ



ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਭਾਜਪਾ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਇਕ ਵਾਰ ਫਿਰ ਆਪਣੇ ਬਿਆਨ ਨੂੰ ਲੈ ਕੇ ਵਿਵਾਦਾਂ ਵਿਚ ਘਿਰ ਗਈ ਹੈ। ਕੰਗਨਾ ਨੇ ਕਿਹਾ ਕਿ ਪੰਜਾਬ ਦੇ ਰਸਤਿਓਂ ਹਿਮਾਚਲ ਪ੍ਰਦੇਸ਼ ਵਿਚ ਨਸ਼ਾ ਪਹੁੰਚ ਰਿਹਾ ਹੈ, ਜਿਸ ਕਾਰਨ ਹਿਮਾਚਲ ਦੇ ਨੌਜਵਾਨਾਂ ’ਤੇ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਨਸ਼ੇ ’ਤੇ ਕਾਬੂ ਨਾ ਪਾਇਆ ਗਿਆ ਤਾਂ ਹਿਮਾਚਲ ਵਿਚ ਵੀ ਪੰਜਾਬ ਵਰਗੇ ਹਾਲਾਤ ਬਣ ਜਾਣਗੇ, ਜਿੱਥੇ ਕਈ ਪਿੰਡਾਂ ਵਿਚ ਸਿਰਫ ਵਿਧਵਾ ਔਰਤਾਂ ਹੀ ਬਚੀਆਂ ਹਨ। ਉਨ੍ਹਾਂ ਅੱਗੇ ਕਿਹਾ, “ਹਿਮਾਚਲ ਦੇ ਬੱਚੇ ਭੋਲੇ-ਭਾਲੇ ਹਨ। ਪੰਜਾਬ ਦੇ ਰਸਤਿਆਂ ਰਾਹੀਂ ਨਸ਼ਾ ਹਿਮਾਚਲ ਵਿਚ ਆ ਰਿਹਾ ਹੈ। ਇਸ ਨਸ਼ੇ ਦੀ ਵਜ੍ਹਾ ਕਾਰਨ ਬੱਚੇ ਘਰਾਂ ’ਚੋਂ ਚੋਰੀਆਂ ਕਰਨ ਲੱਗੇ ਹਨ ਅਤੇ ਘਰ ਦਾ ਸਮਾਨ ਵੇਚਣ ਲੱਗ ਪਏ ਹਨ। ਨਸ਼ੇ ’ਤੇ ਰੋਕ ਲਾਉਣੀ ਬਹੁਤ ਜਰੂਰੀ ਹੈ।”

### ਪੰਜਾਬ ’ਤੇ ਇਲਜ਼ਾਮ, ਵਿਵਾਦ ਨੇ ਫੜਿਆ ਜੋਰ

ਕੰਗਨਾ ਦੇ ਇਸ ਬਿਆਨ ਨੇ ਪੰਜਾਬ ਦੇ ਲੋਕਾਂ ਵਿਚ ਰੋਸ ਭੜਕਾ ਦਿੱਤਾ ਹੈ। ਸੋਸ਼ਲ ਮੀਡੀਆ ’ਤੇ ਲੋਕ ਕੰਗਨਾ ਦੀ ਸਖਤ ਆਲੋਚਨਾ ਕਰ ਰਹੇ ਹਨ। ਇਕ ਐਕਸ ਯੂਜ਼ਰ ਨੇ ਲਿਖਿਆ, ”ਕੰਗਨਾ ਨੇ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਸਰਕਾਰ ਨੂੰ ਉਨ੍ਹਾਂ ’ਤੇ ਐਫਆਈਆਰ ਕਰਨੀ ਚਾਹੀਦੀ।” ਕਈ ਲੋਕਾਂ ਨੇ ਸਵਾਲ ਚੁੱਕਿਆ ਕਿ ਕੰਗਨਾ ਨੇ ਪੰਜਾਬ ਨੂੰ ਨਸ਼ੇ ਦਾ ਸਰੋਤ ਦੱਸਿਆ, ਪਰ ਹਿਮਾਚਲ ਵਿਚ ਨਸ਼ੇ ਦੀ ਸਪਲਾਈ ਦੀਆਂ ਹੋਰ ਜੜ੍ਹਾਂ ’ਤੇ ਕੁਝ ਕਿਉਂ ਨਹੀਂ ਬੋਲਿਆ? ਖਾਸ ਕਰਕੇ, ਹਿਮਾਚਲ ਦੀਆਂ ਉਹ ਥਾਵਾਂ ਜਿੱਥੇ ਚਰਸ ਅਤੇ ਡਰੱਗ ਦੀ ਖੇਤੀ ਅਤੇ ਸਪਲਾਈ ਦੀਆਂ ਖਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਉਸ ਬਾਰੇ ਕੰਗਨਾ ਦਾ ਕੋਈ ਜਿਕਰ ਨਹੀਂ। ਮੀਡੀਆ ਦੀਆਂ ਰਿਪੋਰਟਾਂ ਮੁਤਾਬਕ, ਹਿਮਾਚਲ ਪ੍ਰਦੇਸ਼ ਦੇ ਕੁਝ ਇਲਾਕਿਆਂ, ਖਾਸ ਕਰਕੇ ਕੁੱਲੂ, ਮਨਾਲੀ ਅਤੇ ਕਸੌਲ ਵਰਗੀਆਂ ਸੈਲਾਨੀ ਥਾਵਾਂ ’ਤੇ, ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਵਰਤੋਂ ਦੀਆਂ ਖਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਖੇਤਰਾਂ ’ਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਅਤੇ ਸਥਾਨਕ ਪੱਧਰ ’ਤੇ ਚਰਸ ਦੀ ਖੇਤੀ ਵੀ ਨਸ਼ੇ ਦੇ ਵਪਾਰ ਦਾ ਹਿੱਸਾ ਮੰਨੀ ਜਾਂਦੀ ਹੈ। ਸਵਾਲ ਇਹ ਹੈ ਕਿ ਕੰਗਨਾ ਨੇ ਸਿਰਫ ਪੰਜਾਬ ’ਤੇ ਇਲਜ਼ਾਮ ਲਾਇਆ, ਪਰ ਹਿਮਾਚਲ ਦੀਆਂ ਅਜਿਹੀਆਂ ਸਥਾਨਕ ਸਮੱਸਿਆਵਾਂ ’ਤੇ ਚੁੱਪ ਕਿਉਂ ਧਾਰੀ ਹੋਈ ਹੈ?


ਕਈ ਲੋਕਾਂ ਨੇ ਸਵਾਲ ਚੁੱਕਿਆ ਕਿ ਹਿਮਾਚਲ ’ਚ ਯਹੂਦੀਆਂ ਦੀਆਂ ਬਸਤੀਆਂ, ਜਿਵੇਂ ਕਸੌਲ, ਜਿੱਥੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੀਆਂ ਖਬਰਾਂ ਮਸ਼ਹੂਰ ਹਨ, ਉੱਥੇ ਨਸ਼ਾ ਕਿੱਥੋਂ ਆਉਂਦਾ ਹੈ? ਕੀ ਹਿਮਾਚਲ ਵਿਚ ਚਰਸ ਦੀ ਖੇਤੀ ਅਤੇ ਉਸ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੀਆਂ ਫੈਕਟਰੀਆਂ ’ਤੇ ਪੁਲਿਸ ਨੇ ਕਦੇ ਛਾਪੇਮਾਰੀ ਨਹੀਂ ਕੀਤੀ?

### ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ

ਭਾਵੇਂ ਪੰਜਾਬ ਸਰਕਾਰ ਨਸ਼ਿਆਂ ਦੇ ਖਾਤਮੇ ਲਈ ਕਈ ਕਦਮ ਚੁੱਕ ਰਹੀ ਹੈ ,ਪਰ ਹਾਲੇ ਤਕ ਕਾਬੂ ਨਹੀਂ ਪਾ ਸਕੀ ,ਕਿਉਂਕਿ ਇਹ ਡਰਗ ਸਮਗਲਰਾਂ, ਕੁਛ ਰਾਜਸੀ ਆਗੂਆਂ, ਭ੍ਰਿਸ਼ਟ ਅਫਸਰਸ਼ਾਹੀ ਤੇ ਬਲੈਕ ਮਨੀ ਦਾ ਗੱਠਜੋੜ ਹੈ। ਇਸੇ ਕਰਕੇ ਵਡੇ ਸਮਗਲਰ ਨਹੀਂ ਫੜੇ ਗਏ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ‘ਨਸ਼ਾ ਮੁਕਤੀ ਯਾਤਰਾ’ ਵਰਗੀਆਂ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਅਸਰਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸਰਕਾਰ ਨੇ ਨਸ਼ਾ ਛੁਡਾਊ ਕੇਂਦਰਾਂ ’ਚ ਮੁਫਤ ਇਲਾਜ ਦੀ ਸਹੂਲਤ ਵੀ ਮੁਹੱਈਆ ਕਰਵਾਈ ਹੈ। ਸਿਹਤ ਮੰਤਰੀ ਬਲਬੀਰ ਸਿੰਘ ਦੇ ਅਨੁਸਾਰ, ਪੰਜਾਬ ’ਚ 528 ਓਟੀ ਕਲੀਨਿਕ, 36 ਸਰਕਾਰੀ ਅਤੇ 185 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਕੰਮ ਕਰ ਰਹੇ ਹਨ, ਜਿੱਥੇ 2.62 ਲੱਖ ਲੋਕ ਸਰਕਾਰੀ ਕੇਂਦਰਾਂ ’ਚ ਅਤੇ 6.12 ਲੱਖ ਲੋਕ ਪ੍ਰਾਈਵੇਟ ਕੇਂਦਰਾਂ ’ਚ ਇਲਾਜ ਲੈ ਰਹੇ ਹਨ।

ਇਸ ਦੇ ਬਾਵਜੂਦ, ਨਸ਼ੇ ਦੀ ਸਮੱਸਿਆ ’ਤੇ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਜਾ ਸਕਿਆ। ਪੰਜਾਬ ਵਿਚ ਨਸ਼ਿਆਂ ਦੀ ਸਪਲਾਈ ਅਤੇ ਵਰਤੋਂ ਦੀਆਂ ਜੜ੍ਹਾਂ ਸਕੂਲਾਂ ਤੱਕ ਵੀ ਪਹੁੰਚ ਗਈਆਂ ਹਨ, ਜਿੱਥੇ ਬੱਚੇ ਵਟਸਐਪ ਗਰੁੱਪਾਂ ਰਾਹੀਂ ਈ-ਸਿਗਰੇਟ ਅਤੇ ਹੋਰ ਨਸ਼ੀਲੇ ਪਦਾਰਥ ਮੰਗਵਾਉਂਦੇ ਹਨ।

# ਮੋਬਾਈਲ ਰਾਹੀਂ ਠੱਗੀ ਮਾਰਨ ਵਾਲੇ ਗਰੋਹ ਦੇ 4 ਮੈਂਬਰ ਗ੍ਰਿਫ਼ਤਾਰ



ਫ਼ਤਹਿਗੜ੍ਹ ਸਾਹਿਬ-ਜ਼ਿਲ੍ਹਾ ਪੁਲੀਸ ਨੇ ਲੋਕਾਂ ਤੋਂ ਮੋਬਾਈਲ ਫ਼ੋਨ ਰਾਹੀ ਧੋਖਾਧੜੀ ਕਰਨ ਵਾਲੇ ਵੱਖ-ਵੱਖ ਸੂਬਿਆਂ ਦੇ ਗਰੋਹ ਦੇ 4 ਮੈਂਬਰਾਂ ਨੂੰ 9 ਲੱਖ ਰੁਪਏ ਸਮੇਤ ਕਾਬੂ ਕੀਤਾ ਹੈ, ਜਦੋਂਕਿ ਇਨ੍ਹਾਂ ਦੇ 3 ਸਾਥੀ ਅਜੇ ਫ਼ਰਾਰ ਹਨ। ਜ਼ਿਲ੍ਹਾ ਪੁਲੀਸ ਮੁਖੀ ਸ਼ੁਭਮ ਅਗਰਵਾਲ ਨੇ ਦਸਿਆ ਕਿ 10 ਅਪਰੈਲ, 2025 ਨੂੰ ਹਰਪਾਲ ਸਿੰਘ ਚੀਮਾ ਵਾਸੀ ਲੁਹਾਰੀ ਕਲਾਂ ਨੇ ਥਾਣਾ ਸਾਈਬਰ ਕਰਾਈਮ ਪਾਸ ਸ਼ਿਕਾਇਤ ਕੀਤੀ ਕਿ 5 ਅਪਰੈਲ ਨੂੰ ਉਸ ਦੇ ਮੋਬਾਈਲ ਫ਼ੋਨ ’ਤੇ ਵੱਟਸਐਪ ਕਾਲ ਕਰਕੇ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਘਰ ਵਿਚ ਡਿਜੀਟਲ ਗ੍ਰਿਫ਼ਤਾਰੀ ਦੀ ਧਮਕੀ ਦੇ ਕੇ ਉਸ ਪਾਸੋਂ ਆਪਣੇ ਬੈਂਕ ਖਾਤੇ ਵਿੱਚ 30 ਲੱਖ ਰੁਪਏ ਟਰਾਂਸਫ਼ਰ ਕਰਵਾ ਲਏ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਨਾਮਲੂਮ ਵਿਅਕਤੀਆਂ ਖਿਲਾਫ਼ 10 ਅਪਰੈਲ ਨੂੰ ਕੇਸ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕੀਤੀ। ਕੇਸ ਵਿਚ 7 ਮੁਲਜ਼ਮ ਨਾਮਜ਼ਦ ਕੀਤੇ ਜਿਨ੍ਹਾਂ ਵਿੱਚੋਂ ਮਨਿੰਦਰ ਸਿੰਘ, ਅਨਿਲ ਕੁਮਾਰ ਅਤੇ ਨਵੀਨ ਸ਼ਰਮਾ ਅਤੇ ਅਕਬਰ ਅਲੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 9 ਲੱਖ ਰੁਪਏ ਦੀ ਬਰਾਮਦ ਕੀਤੇ ਗਏ। ਉਨ੍ਹਾਂ ਇਹ ਵੀ ਦੱਸਿਆ ਕਿ ਅਕਬਰ ਅਲੀ ਦੀ ਪੁੱਛਗਿੱਛ ਦੇ ਅਧਾਰ ’ਤੇ ਰਿਸ਼ਾਦ ਮੈਲਾਕਮ ਵਾਸੀ ਮੱਲਾਪੁਰਮ, ਕੇਰਲ ਨੂੰ ਨਾਮਜ਼ਦ ਕੀਤਾ ਗਿਆ ਹੈ। ਮੁਲਜ਼ਮ ਅਕਬਰ ਅਲੀ ਨੂੰ ਅਦਾਲਤ ਵਿਚ ਪੇਸ਼ ਕਰਕੇ ਦੋ ਦਿਨ ਦਾ ਪੁਲੀਸ ਰਿਮਾਂਡ ਹਾਸਲ ਕਰ ਕੇ ਉਸ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ।

# ਅੰਮ੍ਰਿਤਸਰ ਪੁਲਿਸ ਵਲੋਂ ਏਕੇ 47 ਰਾਈਫਲ ਸਮੇਤ ਪੰਜ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਆਈਐਸਆਈ ਦੇ ਇਸ਼ਾਰੇ ’ਤੇ ਹਥਿਆਰ ਤੇ ਹੈਰੋਇਨ ਸਪਲਾਈ ਕਰਨ ਵਾਲੇ ਇੱਕ ਗਿਰੋਹ ਦੇ ਪੰਜ ਮੈਂਬਰਾਂ ਜੋਬਨਜੀਤ ਸਿੰਘ ਜੋਬਨ, ਗੋਰਾ ਸਿੰਘ, ਸ਼ਹਿਨਸ਼ਾਹ ਸ਼ਾਲੂ , ਸੰਨੀ ਸਿੰਘ ਗਾਨਾ ਅਤੇ ਜਸਪ੍ਰੀਤ ਸਿੰਘ ਮੋਟੂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਇੱਕ ਏਕੇ 47 ਰਾਈਫਲ, ਦੋ ਵਿਦੇਸ਼ੀ ਪਿਸਤੌਲ, ਕਾਰਤੂਸ ਤੇ ਲੱਖਾਂ ਰੁਪਏ ਬਰਾਮਦ ਕੀਤੇ ਗਏ ਹਨ। ਐਸਐਸਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਜਾਰੀ ਹੈ। ਗਿਰੋਹ ਦੇ ਹੋਰ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਵੀ ਛਾਪੇ ਮਾਰੇ ਜਾ ਰਹੇ ਹਨ। ਪਹਿਲੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮਾਂ ਨੇ ਇਹ ਖੇਪ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਸਾਥੀਆਂ ਨੂੰ ਦੇਣੀ ਸੀ।

# ਆਸਟ੍ਰੇਲੀਆ ਵਿਚ ਭਾਰਤੀ ’ਤੇ ਨਸਲੀ ਹਮਲਾ ਹੋਇਆ

## ਪਹਿਲਾਂ ਕੱਟਿਆ ਗੁੱਟ ਤੇ ਫਿਰ ਪਿੱਠ ਵਿਚ ਖੋਭਿਆ ਚਾਕੂ; ਰੀੜ੍ਹ ਦੀ ਹੱਡੀ ਫ੍ਰੈਕਚਰ



ਮੈਲਬੌਰਨ-ਆਇਰਲੈਂਡ ਤੋਂ ਬਾਅਦ ਆਸਟ੍ਰੇਲੀਆ ਵਿੱਚ ਵੀ ਭਾਰਤੀਆਂ ’ਤੇ ਹਮਲੇ ਵੱਧ ਰਹੇ ਹਨ। ਹਮਲਾਵਰਾਂ ਨੇ ਇੱਕ ਹੋਰ ਭਾਰਤੀ ਨੌਜਵਾਨ ਸੌਰਭ ਆਨੰਦ, ਉਮਰ 33 ਸਾਲ ਨੂੰ ਨਿਸ਼ਾਨਾ ਬਣਾਇਆ ਹੈ। 4-5 ਮੁਲਜ਼ਮ ਉਸ ਨੂੰ ਸੜਕ ਵਿਚਕਾਰ ਤੇਜ ਹਥਿਆਰਾਂ ਨਾਲ ਖੂਨ ਨਾਲ ਲੱਥਪੱਥ ਛੱਡ ਕੇ ਮੌਕੇ ਤੋਂ ਭੱਜ ਗਏ। ਆਸਟ੍ਰੇਲੀਅਨ ਟੂਡੇ ਦੇ ਅਨੁਸਾਰ ਸੌਰਭ ਨੂੰ ਕਈ ਗੰਭੀਰ ਸੱਟਾਂ ਲੱਗੀਆਂ ਹਨ। ਸੱਟ ਇੰਨੀ ਗੰਭੀਰ ਸੀ ਕਿ ਉਸ ਦਾ ਹੱਥ ਕੱਟਣ ਦੀ ਸਥਿਤੀ ਵਿੱਚ ਪਹੁੰਚ ਗਈ ਸੀ।

ਇਹ ਘਟਨਾ 19 ਜੁਲਾਈ ਨੂੰ ਸ਼ਾਮ ਨੂੰ ਵਾਪਰੀ। ਸੌਰਭ ਕੁਝ ਦਵਾਈਆਂ ਲੈਣ ਲਈ ਆਪਣੇ ਘਰ ਦੇ ਨੇੜੇ ਇੱਕ ਮੈਡੀਕਲ ਸਟੋਰ ’ਤੇ ਗਿਆ ਸੀ। ਮੈਡੀਕਲ ਸਟੋਰ ਤੋਂ ਘਰ ਵਾਪਸ ਆਉਂਦੇ ਸਮੇਂ ਉਹ ਆਪਣੇ ਦੋਸਤ ਨਾਲ ਫ਼ੋਨ ’ਤੇ ਗੱਲ ਕਰ ਰਿਹਾ ਸੀ ਫਿਰ 5 ਲੋਕਾਂ ਨੇ ਉਸ ਨੂੰ ਘੇਰ ਲਿਆ। ਸੌਰਭ ਦੇ ਕੁਝ ਸਮਝਣ ਤੋਂ ਪਹਿਲਾਂ ਇੱਕ ਮੁਲਜ਼ਮ ਨੇ ਉਸ ਦੀ ਜੇਬ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ ਤੇ ਦੂਜੇ ਨੇ ਉਸ ਦੇ ਸਿਰ ’ਤੇ ਜ਼ੋਰਦਾਰ ਮੁੱਕਾ ਮਾਰਿਆ ਤੇ ਸੌਰਭ ਹੇਠਾਂ ਡਿੱਗ ਪਿਆ ਦੋਸ਼ੀ ਨੇ ਸੌਰਭ ਦੀ ਪਿੱਠ ਵਿੱਚ ਚਾਕੂ ਮਾਰਿਆ, ਜਿਸ ਨਾਲ ਉਸ ਦੀ ਰੀੜ੍ਹ ਦੀ ਹੱਡੀ ਟੁੱਟ ਗਈ। ਸੌਰਭ ਦਰਦ ਨਾਲ ਕਰਾਹ ਰਿਹਾ ਸੀ ਅਤੇ ਖੂਨ ਨਾਲ ਲੱਥਪਥ ਸੀ। ਉਹ ਕਿਸੇ ਤਰ੍ਹਾਂ ਉੱਥੋਂ ਭੱਜ ਗਿਆ ਅਤੇ ਲੋਕਾਂ ਤੋਂ ਮਦਦ ਮੰਗੀ। ਸੌਰਭ ਨਜ਼ਦੀਕੀ ਹਸਪਤਾਲ ਪਹੁੰਚਿਆ, ਜਿੱਥੇ ਡਾਕਟਰਾਂ ਨੇ ਤੁਰੰਤ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ। ਇਸ ਘਟਨਾ ਵਿੱਚ ਸੌਰਭ ਦਾ ਹੱਥ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਡਾਕਟਰਾਂ ਨੇ ਸੋਚਿਆ ਕਿ ਉਸ ਦਾ ਹੱਥ ਕੱਟਣਾ ਪਵੇਗਾ। ਹਾਲਾਂਕਿ, ਅਜਿਹਾ ਨਹੀਂ ਹੋਇਆ। ਪੁਲਿਸ ਨੇ 5 ਦੋਸ਼ੀਆਂ ਵਿੱਚੋਂ 4 ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਆਸਟ੍ਰੇਲੀਆ ਵਿੱਚ ਭਾਰਤੀਆਂ ’ਤੇ ਹਮਲੇ ਦਾ ਇਹ ਪਹਿਲਾ ਮਾਮਲਾ ਨਹੀਂ ਹੈ।

ਪਿਛਲੇ ਹਫ਼ਤੇ ਚਰਨਪ੍ਰੀਤ ਸਿੰਘ, ਜੋ ਆਪਣੀ ਪਤਨੀ ਨਾਲ ਸੈਰ ਕਰਨ ਲਈ ਬਾਹਰ ਗਿਆ ਸੀ ’ਤੇ ਵੀ ਕੁਝ ਲੋਕਾਂ ਨੇ ਹਮਲਾ ਕੀਤਾ ਸੀ। ਚਰਨਪ੍ਰੀਤ ਸਿੰਘ ਨੂੰ ਬੁਰੀ ਤਰ੍ਹਾਂ ਲੱਤਾਂ ਅਤੇ ਮੁੱਕੇ ਮਾਰੇ ਗਏ ਸਨ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਸੀ।

# ਪੀਜੀਪੀ ਪ੍ਰੋਗਰਾਮ: ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਬੁਲਾਉਣ ਦਾ ਸੁਨਹਿਰੀ ਮੌਕਾ

ਵਿਸ਼ੇਸ਼ ਰਿਪੋਟ

## ✪ ਸੁਪਰ ਵੀਜ਼ਾ: 5 ਸਾਲ ਰਹਿਣ ਦੀ ਸਹੂਲਤ, ਵਿਜ਼ੀਟਰ ਵੀਜ਼ੇ ਤੋਂ ਕਿਵੇਂ ਵੱਖਰਾ ? ਕੀ ਹਨ ਸ਼ਰਤਾਂ ?

## ✪ ਗੰਭੀਰ ਬਿਮਾਰੀਆਂ ਵਾਲੇ ਅਰਜ਼ੀਕਾਰ: ਸੁਪਰ ਵੀਜ਼ਾ ਅਤੇ ਪੀਜੀਪੀ ਦੀਆਂ ਸਿਹਤ ਸਬੰਧੀ ਪਾਬੰਦੀਆਂ

ਕੈਨੇਡਾ ਸਰਕਾਰ ਨੇ ਹਾਲ ਹੀ ਵਿੱਚ ਪੇਰੇਂਟਸ ਐਂਡ ਗਰੈਂਡ ਪੇਰੇਂਟਸ ਪ੍ਰੋਗਰਾਮ (ਪੀਜੀਪੀ) ਅਤੇ ਸੁਪਰ ਵੀਜ਼ਾ ਨਾਲ ਜੁੜੀ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ। ਇਸ ਪ੍ਰੋਗਰਾਮ ਅਤੇ ਵੀਜ਼ੇ ਦੇ ਜ਼ਰੀਏ ਕੈਨੇਡਾ ਦੇ ਨਾਗਰਿਕ ਅਤੇ ਸਥਾਈ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟਸ) ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਬੁਲਾਉਣ ਦਾ ਮੌਕਾ ਪ੍ਰਾਪਤ ਕਰ ਸਕਦੇ ਹਨ। 16 ਜੁਲਾਈ 2025 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਮੁਤਾਬਕ, 28 ਜੁਲਾਈ 2025 ਤੋਂ ਪੀਜੀਪੀ ਦੇ ਸੱਦੇ ਭੇਜਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।

### ਪੀਜੀਪੀ ਪ੍ਰੋਗਰਾਮ ਕੀ ਹੈ ?

ਪੇਰੇਂਟਸ ਐਂਡ ਗਰੈਂਡਪੇਰੇਂਟਸ ਪ੍ਰੋਗਰਾਮ (ਪੀਜੀਪੀ) ਕੈਨੇਡਾ ਸਰਕਾਰ ਦਾ ਇੱਕ ਖਾਸ ਪ੍ਰੋਗਰਾਮ ਹੈ, ਜਿਸ ਦੇ ਜ਼ਰੀਏ ਕੈਨੇਡਾ ਦੇ ਨਾਗਰਿਕ (ਸਿਟੀਜ਼ਨ) ਜਾਂ ਸਥਾਈ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟਸ) ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਕੈਨੇਡਾ ਵਿੱਚ ਸਥਾਈ ਨਿਵਾਸ (ਪਰਮਾਨੈਂਟ ਰੈਜ਼ੀਡੈਂਸੀ) ਲਈ ਸਪਾਂਸਰ ਕਰ ਸਕਦੇ ਹਨ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਪਰਿਵਾਰਾਂ ਨੂੰ ਇਕੱਠੇ ਰਹਿਣ ਦਾ ਮੌਕਾ ਦੇਣਾ ਹੈ। ਪੀਜੀਪੀ ਤਹਿਤ, ਸਪਾਂਸਰ ਨੂੰ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਦੀ ਵਿੱਤੀ ਜ਼ਿੰਮੇਵਾਰੀ ਚੁੱਕਣੀ ਪੈਂਦੀ ਹੈ, ਤਾਂ ਜੋ ਉਹ ਸਰਕਾਰੀ ਸਹਾਇਤਾ 'ਤੇ ਨਿਰਭਰ ਨਾ ਰਹਿਣ।

2025 ਦੇ ਪੀਜੀਪੀ ਦੌਰ ਵਿੱਚ, ਇਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) 28 ਜੁਲਾਈ ਤੋਂ ਅਗਲੇ ਦੋ ਹਫਤਿਆਂ ਦੌਰਾਨ 17,860 ਸੱਦੇ ਭੇਜੇਗਾ। ਇਨ੍ਹਾਂ ਸੱਦਿਆਂ ਵਿੱਚੋਂ 10,000 ਅਰਜ਼ੀਆਂ ਨੂੰ ਸਥਾਈ ਨਿਵਾਸ ਲਈ ਮਨਜ਼ੂਰੀ ਦਿੱਤੀ ਜਾਵੇਗੀ। ਜਿਨ੍ਹਾਂ ਸਪਾਂਸਰਾਂ ਨੇ 2020 ਵਿੱਚ ਅਰਜ਼ੀ ਦਿੱਤੀ ਸੀ ਅਤੇ ਅਜੇ ਤੱਕ ਸੱਦਾ ਨਹੀਂ ਮਿਲਿਆ, ਉਨ੍ਹਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਉਹ ਆਪਣੀ ਈਮੇਲ (ਸਪੈਮ ਅਤੇ ਜੰਕ ਫੋਲਡਰ ਸਮੇਤ) ਨੂੰ ਧਿਆਨ ਨਾਲ ਚੈੱਕ ਕਰਨ। ਸਪਾਂਸਰ ਨੂੰ ਇਨਵੀਟੇਸ਼ਨ ਟੂ ਅਪਲਾਈ (ਆਈਟੀਏ) ਮਿਲਣ 'ਤੇ ਅਰਜ਼ੀ ਨੂੰ ਪਰਮਾਨੈਂਟ ਰੈਜ਼ੀਡੈਂਸ ਪੋਰਟਲ ਰਾਹੀਂ ਜਮ੍ਹਾਂ ਕਰਾਉਣੀ ਹੋਵੇਗੀ।

### ਸੁਪਰ ਵੀਜ਼ਾ ਕੀ ਹੈ ?

ਸੁਪਰ ਵੀਜ਼ਾ ਇੱਕ ਵਿਸ਼ੇਸ਼ ਕਿਸਮ ਦਾ ਵੀਜ਼ਾ ਹੈ, ਜੋ ਮਾਪਿਆਂ ਅਤੇ ਦਾਦਾ-ਦਾਦੀ ਨੂੰ ਆਪਣੇ ਬੱਚਿਆਂ ਜਾਂ ਪੋਤਰੇ-ਪੋਤਰੀਆਂ ਨਾਲ ਕੈਨੇਡਾ ਵਿੱਚ ਲੰਬੇ ਸਮੇਂ ਤੱਕ ਰਹਿਣ ਦੀ ਇਜਾਜ਼ਤ ਦਿੰਦਾ ਹੈ। ਇਸ ਵੀਜ਼ੇ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਨਾਲ ਅਰਜ਼ੀਕਾਰ ਇੱਕ ਵਾਰ ਵਿੱਚ 5 ਸਾਲ ਤੱਕ ਕੈਨੇਡਾ ਵਿੱਚ ਰਹਿ ਸਕਦਾ ਹੈ, ਜਦਕਿ ਆਮ ਵਿਜ਼ੀਟਰ ਵੀਜ਼ੇ 'ਤੇ ਵੱਧ ਤੋਂ ਵੱਧ 6 ਮਹੀਨੇ ਹੀ ਰੁਕਿਆ ਜਾ ਸਕਦਾ ਹੈ। ਸੁਪਰ ਵੀਜ਼ਾ 10 ਸਾਲਾਂ ਲਈ ਮਲਟੀਪਲ ਐਂਟਰੀ ਦੀ ਸਹੂਲਤ ਵੀ ਦਿੰਦਾ ਹੈ, ਭਾਵ ਅਰਜ਼ੀਕਾਰ ਵਾਰ-ਵਾਰ ਕੈਨੇਡਾ ਵਿੱਚ ਦਾਖਲ ਹੋ ਸਕਦਾ ਹੈ। ਸੁਪਰ ਵੀਜ਼ੇ ਦੀ ਪ੍ਰਕਿਰਿਆ ਵਿੱਚ ਥੋੜ੍ਹਾ ਸਮਾਂ ਲੱਗਦਾ ਹੈ, ਪਰ ਇਹ ਪੀਜੀਪੀ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਮਿਲ ਸਕਦਾ ਹੈ। ਇਸ ਵੀਜ਼ੇ ਲਈ ਅਰਜ਼ੀਕਾਰ ਨੂੰ ਕੁਝ ਮੁੱਢਲੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ, ਜਿਵੇਂ ਕਿ ਸਿਹਤ ਜਾਂਚ, ਵਿੱਤੀ ਸਥਿਤੀ ਦਾ ਸਬੂਤ, ਅਤੇ ਸਪਾਂਸਰ ਦੀ ਜ਼ਿੰਮੇਵਾਰੀ।

### ਕਿਹੜੀਆਂ ਗੰਭੀਰ ਬਿਮਾਰੀਆਂ ਵਾਲੇ ਵਿਅਕਤੀ ਸੁਪਰ ਵੀਜ਼ਾ 'ਤੇ ਨਹੀਂ ਬੁਲਾਏ ਜਾ ਸਕਦੇ ?

ਕੈਨੇਡਾ ਸਰਕਾਰ ਦੇ ਨਿਯਮਾਂ ਮੁਤਾਬਕ, ਸੁਪਰ ਵੀਜ਼ਾ ਅਰਜ਼ੀਕਾਰਾਂ ਨੂੰ ਸਿਹਤ ਜਾਂਚ ਤੋਂ ਗੁਜ਼ਰਨਾ ਪੈਂਦਾ ਹੈ। ਜੇਕਰ ਅਰਜ਼ੀਕਾਰ ਨੂੰ ਕੋਈ ਅਜਿਹੀ ਗੰਭੀਰ ਬਿਮਾਰੀ ਹੈ, ਜੋ ਕੈਨੇਡਾ ਦੀ ਸਿਹਤ ਸੇਵਾਵਾਂ 'ਤੇ ਬੋਝ ਪਾਉਂਦੀ ਹੈ ਜਾਂ ਜਨਤਕ ਸਿਹਤ ਲਈ ਖ਼ਤਰਾ ਹੈ, ਤਾਂ ਅਰਜ਼ੀ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ। ਇਹ ਬਿਮਾਰੀਆਂ ਸ਼ਾਮਲ ਹਨ:

ਸੰਕਰਾਤਮਕ ਰੋਗ: ਜਿਵੇਂ ਕਿ ਐਕਟਿਵ ਟੀਬੀ ਜਾਂ ਅਜਿਹੀਆਂ ਹੋਰ ਬਿਮਾਰੀਆਂ ਜੋ ਜਨਤਕ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਜੇਕਰ ਅਰਜ਼ੀਕਾਰ ਦੀ ਮਾਨਸਿਕ ਸਿਹਤ ਸਮੱਸਿਆ ਕਾਰਨ ਉਹ ਆਪਣੀ ਜਾਂ ਦੂਜਿਆਂ ਦੀ ਸੁਰੱਖਿਆ ਲਈ ਖ਼ਤਰਾ ਹੈ ਤਾਂ ਉਹ ਨਹੀਂ ਬੁਲਾਇਆ ਜਾ ਸਕਦਾ। ਜਿਵੇਂ ਕਿ ਕਿਸੇ ਅਜਿਹੀ ਬਿਮਾਰੀ ਜਿਸ ਦੇ ਇਲਾਜ ਲਈ ਕੈਨੇਡਾ ਦੀ ਸਿਹਤ ਪ੍ਰਣਾਲੀ 'ਤੇ ਵਧੇਰੇ ਖਰਚ ਆਉਂਦਾ ਹੋਵੇ, ਜਿਵੇਂ ਕਿ ਡਾਇਲਿਸਿਸ ਜਾਂ ਗੰਭੀਰ ਕੈਂਸਰ ,ਉਸਨੂੰ ਵੀ ਨਹੀਂ ਬੁਲਾਇਆ ਜਾ ਸਕਦਾ। ਹਾਲਾਂਕਿ, ਇਹ ਸਿਹਤ ਜਾਂਚ ਦੇ ਨਤੀਜਿਆਂ 'ਤੇ ਨਿਰਭਰ ਕਰਦਾ ਹੈ, ਅਤੇ ਹਰੇਕ ਕੇਸ ਨੂੰ ਵੱਖਰੇ ਤੌਰ 'ਤੇ ਵੇਖਿਆ ਜਾਂਦਾ ਹੈ। ਅਰਜ਼ੀਕਾਰ ਨੂੰ ਸਰਕਾਰ ਦੁਆਰਾ ਨਾਮਜ਼ਦ ਡਾਕਟਰ ਤੋਂ ਸਿਹਤ ਜਾਂਚ ਕਰਵਾਉਣੀ ਪੈਂਦੀ ਹੈ।

### ਪੀਜੀਪੀ ਲਈ ਸਪਾਂਸਰ ਦੀਆਂ ਯੋਗਤਾਵਾਂ

ਕੈਨੇਡਾ ਸਰਕਾਰ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ, ਪੀਜੀਪੀ ਤਹਿਤ ਸਪਾਂਸਰ ਬਣਨ ਲਈ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ:

ਉਮਰ: ਸਪਾਂਸਰ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ।

ਨਿਵਾਸ: ਸਪਾਂਸਰ ਨੂੰ ਕੈਨੇਡਾ ਵਿੱਚ ਰਹਿਣਾ ਚਾਹੀਦਾ ਹੈ।

ਨਾਗਰਿਕਤਾ/ਸਥਿਤੀ: ਸਪਾਂਸਰ ਜਾਂ ਤਾਂ ਕੈਨੇਡੀਅਨ ਨਾਗਰਿਕ ਹੋਵੇ, ਪਰਮਾਨੈਂਟ ਰੈਜ਼ੀਡੈਂਟ ਹੋਵੇ, ਜਾਂ ਕੈਨੇਡੀਅਨ-ਇੰਡੀਅਨ ਐਕਟ ਦੇ ਤਹਿਤ ਰਜਿਸਟਰਡ ਭਾਰਤੀ ਵਿਅਕਤੀ ਹੋਵੇ। ਸਪਾਂਸਰ ਕੋਲ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਦੀਆਂ ਵਿੱਤੀ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਫੀ ਆਮਦਨ ਹੋਣੀ ਚਾਹੀਦੀ ਹੈ। ਇਸ ਦੇ ਸਬੂਤ ਵਜੋਂ ਇਨਕਮ ਦੇ ਦਸਤਾਵੇਜ਼ ਜਮ੍ਹਾਂ ਕਰਾਉਣੇ ਪੈਂਦੇ ਹਨ। ਸਪਾਂਸਰ ਨੂੰ 'ਅੰਡਰਟੇਕਿੰਗ' ਅਤੇ 'ਸਪਾਂਸਰਸ਼ਿਪ ਐਗਰੀਮੈਂਟ' 'ਤੇ ਦਸਤਖਤ ਕਰਨੇ ਪੈਂਦੇ ਹਨ, ਜਿਸ ਵਿੱਚ ਉਹ ਸਪਾਂਸਰ ਕੀਤੇ ਵਿਅਕਤੀ ਦੀ ਪੂਰੀ ਵਿੱਤੀ ਅਤੇ ਰੋਜ਼ਮਰਾਂ ਦੀ ਜ਼ਿੰਮੇਵਾਰੀ ਲੈਂਦਾ ਹੈ। ਸਪਾਂਸਰ ਨੂੰ 'ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ' ਅਤੇ ਇਸ ਦੀਆਂ ਰੈਗੂਲੇਸ਼ਨਜ਼ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ।

### ਕੌਣ ਸਪਾਂਸਰ ਨਹੀਂ ਬਣ ਸਕਦਾ ?

ਕੁਝ ਸਥਿਤੀਆਂ ਵਿੱਚ ਸਪਾਂਸਰ ਨੂੰ ਅਯੋਗ ਮੰਨਿਆ ਜਾਂਦਾ ਹੈ:

ਜੇਕਰ ਸਪਾਂਸਰ ਜੇਲ੍ਹ ਜਾਂ ਹਿਰਾਸਤ ਵਿੱਚ ਹੈ। ਜੇਕਰ ਸਪਾਂਸਰ ਨੇ ਇਮੀਗ੍ਰੇਸ਼ਨ ਲੋਨ, ਪਰਫਾਰਮੈਂਸ ਬਾਂਡ, ਜਾਂ ਅਦਾਲਤ ਵੱਲੋਂ ਨਿਰਦੇਸ਼ਿਤ ਵਿੱਤੀ ਮਦਦ (ਜਿਵੇਂ ਐਲੀਮਨੀ ਜਾਂ ਚਾਈਲਡ ਸਪੋਰਟ) ਅਦਾ ਨਹੀਂ ਕੀਤੀ।

ਜੇਕਰ ਸਪਾਂਸਰ ਨੇ ਪਹਿਲਾਂ ਸਪਾਂਸਰ ਕੀਤੇ ਵਿਅਕਤੀ ਨੂੰ ਲੋੜੀਂਦੀ ਮਦਦ ਨਹੀਂ ਦਿੱਤੀ। ਜੇਕਰ ਸਪਾਂਸਰ ਨੂੰ ਬੈਂਕ ਵੱਲੋਂ ਦਿਵਾਲੀਆ ਘੋਸ਼ਿਤ ਕੀਤਾ ਗਿਆ ਹੈ।

ਜੇਕਰ ਸਪਾਂਸਰ ਸਰਕਾਰੀ ਸਹਾਇਤਾ 'ਤੇ ਨਿਰਭਰ ਹੈ। ਜੇਕਰ ਸਪਾਂਸਰ ਦਾ ਕੋਈ ਅਪਰਾਧਿਕ ਰਿਕਾਰਡ ਹੈ। ਜੇਕਰ ਸਪਾਂਸਰ ਕੈਨੇਡਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਿਹਾ ਹੈ।

### ਸੁਪਰ ਵੀਜ਼ਾ ਲਈ ਯੋਗਤਾ

ਸੁਪਰ ਵੀਜ਼ਾ ਲਈ ਸਪਾਂਸਰ ਤੇ ਅਰਜ਼ੀਕਾਰ ਨੂੰ ਇਹ ਯੁਨਿਸ਼ਚਿਤ ਕਰਨਾ ਪੈਂਦਾ ਹੈ:

ਸਪਾਂਸਰ ਦੀਆਂ ਵਿੱਤੀ ਜ਼ਰੂਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ, ਜਿਸ ਵਿੱਚ ਉਸ ਦੀ ਆਮਦਨ ਘੱਟੋ-ਘੱਟ ਮਿੱਥੇ ਹੱਦ (Low Income Cut-Off - LICO) ਤੋਂ ਵੱਧ ਹੋਣੀ ਚਾਹੀਦੀ ਹੈ।

ਅਰਜ਼ੀਕਾਰ (ਮਾਪੇ ਜਾਂ ਦਾਦਾ-ਦਾਦੀ) ਦੀ ਸਿਹਤ ਜਾਂਚ ਕਰਵਾਉਣੀ ਜ਼ਰੂਰੀ ਹੈ।

ਅਰਜ਼ੀਕਾਰ ਨੂੰ ਕੈਨੇਡਾ ਵਿੱਚ ਰਹਿਣ ਦੌਰਾਨ ਸਿਹਤ ਬੀਮਾ (ਮਿੱਥੇ ਸਮੇਂ ਲਈ) ਕਰਵਾਉਣਾ ਹੋਵੇਗਾ, ਜਿਸ ਦਾ ਖਰਚ ਸਪਾਂਸਰ ਨੂੰ ਚੁੱਕਣਾ ਪੈਂਦਾ ਹੈ।

ਸਪਾਂਸਰ ਨੂੰ ਇੱਕ ਸੱਦਾ ਪੱਤਰ ਜਾਰੀ ਕਰਨਾ ਪੈਂਦਾ ਹੈ, ਜਿਸ ਵਿੱਚ ਉਹ ਅਰਜ਼ੀਕਾਰ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹੈ।

### ਕੌਣ ਸਪਾਂਸਰ ਕੀਤਾ ਜਾ ਸਕਦਾ ਹੈ ? ਪੀਜੀਪੀ ਅਤੇ ਸੁਪਰ ਵੀਜ਼ਾ ਲਈ:

ਮਾਪੇ ਅਤੇ ਦਾਦਾ-ਦਾਦੀ: ਇਹ ਜੈਨੇਟਿਕ (ਖੂਨ ਦੇ ਰਿਸ਼ਤੇ ਵਾਲੇ) ਜਾਂ ਗੋਦ ਲਏ ਹੋਣੇ ਚਾਹੀਦੇ ਹਨ।

ਨਿਰਭਰ ਬੱਚੇ: ਜੇਕਰ ਮਾਪਿਆਂ ਜਾਂ ਦਾਦਾ-ਦਾਦੀ ਦੇ ਨਿਰਭਰ ਬੱਚੇ (ਭੈਣ-ਭਰਾ ਜਾਂ ਸੌਤੇਲੇ ਭੈਣ-ਭਰਾ) ਹਨ, ਤਾਂ ਉਨ੍ਹਾਂ ਨੂੰ ਵੀ ਸਪਾਂਸਰ ਕੀਤਾ ਜਾ ਸਕਦਾ ਹੈ।

ਤਲਾਕਸ਼ੁਦਾ ਮਾਪਿਆਂ ਦੇ ਪਾਰਟਨਰ: ਜੇਕਰ ਮਾਪੇ ਜਾਂ ਦਾਦਾ-ਦਾਦੀ ਤਲਾਕਸ਼ੁਦਾ ਹਨ, ਤਾਂ ਉਨ੍ਹਾਂ ਦੇ ਮੌਜੂਦਾ ਸਾਥੀ ਨੂੰ ਵੀ ਸਪਾਂਸਰ ਕੀਤਾ ਜਾ ਸਕਦਾ ਹੈ।

### ਕੌਣ ਸਪਾਂਸਰ ਨਹੀਂ ਕੀਤਾ ਜਾ ਸਕਦਾ ?

ਸਪਾਂਸਰ ਆਪਣੇ ਪਤੀ/ਪਤਨੀ ਦੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਸਿੱਧੇ ਸਪਾਂਸਰ ਨਹੀਂ ਕਰ ਸਕਦਾ। ਹਾਲਾਂਕਿ, ਉਹ ਆਪਣੇ ਪਾਰਟਨਰ ਦੀ ਅਰਜ਼ੀ 'ਤੇ ਸਹਿ-ਦਸਤਖਤ ਕਰ ਸਕਦਾ ਹੈ।

### ਸੁਪਰ ਵੀਜ਼ਾ ਅਰਜ਼ੀ ਪ੍ਰਕਿਰਿਆ ਕਿਵੇਂ ਹੁੰਦੀ ਹੈ ?

ਸੱਦਾ ਪੱਤਰ: ਸਪਾਂਸਰ ਨੂੰ ਅਰਜ਼ੀਕਾਰ ਲਈ ਇੱਕ ਸੱਦਾ ਪੱਤਰ ਲਿਖਣਾ ਪੈਂਦਾ ਹੈ, ਜਿਸ ਵਿੱਚ ਉਸ ਦੀ ਵਿੱਤੀ ਜ਼ਿੰਮੇਵਾਰੀ ਅਤੇ ਅਰਜ਼ੀਕਾਰ ਦੀਆਂ ਵੇਰਵਿਆਂ ਦਾ ਜ਼ਿਕਰ ਹੋਵੇ।

ਸਿਹਤ ਬੀਮਾ: ਅਰਜ਼ੀਕਾਰ ਲਈ ਘੱਟੋ-ਘੱਟ ਇੱਕ ਸਾਲ ਦਾ ਸਿਹਤ ਬੀਮਾ (ਕੈਨੇਡੀਅਨ ਬੀਮਾ ਕੰਪਨੀ ਤੋਂ) ਜ਼ਰੂਰੀ ਹੈ।

ਦਸਤਾਵੇਜ਼: ਅਰਜ਼ੀਕਾਰ ਨੂੰ ਪਾਸਪੋਰਟ, ਸਿਹਤ ਜਾਂਚ ਸਰਟੀਫਿਕੇਟ, ਵਿੱਤੀ ਸਬੂਤ, ਅਤੇ ਸਪਾਂਸਰ ਦੀ ਆਮਦਨ ਦੇ ਸਬੂਤ ਜਮ੍ਹਾਂ ਕਰਾਉਣੇ ਪੈਂਦੇ ਹਨ।

ਅਰਜ਼ੀ ਜਮ੍ਹਾਂ: ਸੁਪਰ ਵੀਜ਼ਾ ਅਰਜ਼ੀ ਆਨਲਾਈਨ ਜਾਂ ਨੇੜੇ ਦੇ ਵੀਜ਼ਾ ਅਪਲੀਕੇਸ਼ਨ ਸੈਂਟਰ ਰਾਹੀਂ ਜਮ੍ਹਾਂ ਕਰਵਾਈ ਜਾਂਦੀ ਹੈ।

ਬਾਇਓਮੈਟ੍ਰਿਕ ਅਤੇ ਇੰਟਰਵਿਊ: ਜੇਕਰ ਜ਼ਰੂਰੀ ਹੋਵੇ, ਅਰਜ਼ੀਕਾਰ ਨੂੰ ਬਾਇਓਮੈਟ੍ਰਿਕ ਜਮ੍ਹਾਂ ਕਰਵਾਉਣੇ ਅਤੇ ਇੰਟਰਵਿਊ ਲਈ ਬੁਲਾਇਆ ਜਾ ਸਕਦਾ ਹੈ।

ਕੈਨੇਡਾ ਦਾ ਪੀਜੀਪੀ ਅਤੇ ਸੁਪਰ ਵੀਜ਼ਾ ਪ੍ਰੋਗਰਾਮ ਪਰਿਵਾਰਾਂ ਨੂੰ ਇਕੱਠੇ ਰਹਿਣ ਦਾ ਸੁਨਹਿਰੀ ਮੌਕਾ ਦਿੰਦੇ ਹਨ। ਪੀਜੀਪੀ ਰਾਹੀਂ ਮਾਪੇ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਮਿਲ ਸਕਦਾ ਹੈ, ਜਦਕਿ ਸੁਪਰ ਵੀਜ਼ਾ ਲੰਬੇ ਸਮੇਂ ਲਈ ਰਹਿਣ ਦੀ ਸਹੂਲਤ ਦਿੰਦਾ ਹੈ। 28 ਜੁਲਾਈ 2025 ਤੋਂ ਸ਼ੁਰੂ ਹੋਣ ਵਾਲੇ ਪੀਜੀਪੀ ਦੇ ਸੱਦੇ 2020 ਦੀਆਂ ਅਰਜ਼ੀਆਂ 'ਤੇ ਅਧਾਰਿਤ ਹਨ, ਅਤੇ ਸਪਾਂਸਰਾਂ ਨੂੰ ਸਮੇਂ ਸਿਰ ਅਰਜ਼ੀ ਜਮ੍ਹਾਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਸੁਪਰ ਵੀਜ਼ਾ ਇੱਕ ਤੇਜ਼ ਅਤੇ ਲਚਕਦਾਰ ਵਿਕਲਪ ਹੈ, ਜੋ ਮਾਪਿਆਂ ਅਤੇ ਦਾਦਾ-ਦਾਦੀ ਨੂੰ 5 ਸਾਲ ਤੱਕ ਰਹਿਣ ਦੀ ਇਜਾਜ਼ਤ ਦਿੰਦਾ ਹੈ।

ਜੇਕਰ ਤੁਸੀਂ ਆਪਣੇ ਪਰਿਵਾਰ ਨੂੰ ਕੈਨੇਡਾ ਬੁਲਾਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਸਹੀ ਜਾਣਕਾਰੀ ਅਤ ? ਸਾਰੀਆਂ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ। ਵਧੇਰੇ ਜਾਣਕਾਰੀ ਲਈ ਕੈਨੇਡਾ ਸਰਕਾਰ ਦੀ ਅਧਿਕਾਰਤ ਵੈੱਬਸਾਈਟ www.canada.ca 'ਤੇ ਜਾਓ

# ਹਾਲੀਵੁੱਡ ’ਤੇ ਸੈਂਸਰਸ਼ਿਪ ਦੀ ਕੈਂਚੀ ਕਿਉਂ ਚਲਦੀ ਹੈ ?

**✪ ਚੀਨ ਤੇ ਹੋਰ ਦੇਸ਼ਾਂ ’ਚ ਸੈਂਸਰਸ਼ਿਪ ਦੇ ਨਿਯਮ ਅਤੇ ਢੰਗ ਕੀ ਹਨ ? ✪ ਸੈਂਸਰ ਹੋਈਆਂ ਮਸ਼ਹੂਰ ਹਾਲੀਵੁੱਡ ਫਿਲਮਾਂ ਕਿਹੜੀਆਂ ਹਨ ?**







**ਵਿਸ਼ੇਸ਼ ਰਿਪੋਟ**

ਹਾਲੀਵੁੱਡ, ਜੋ ਅਮਰੀਕਾ ਦੇ ਫਿਲਮ ਉਦਯੋਗ ਦਾ ਪ੍ਰਤੀਕ ਹੈ, ਦੁਨੀਆ ਭਰ ਵਿੱਚ ਆਪਣੀਆਂ ਸਿਰਜਣਾਤਮਕ ਅਤੇ ਵਿਭਿੰਨ ਫਿਲਮਾਂ ਲਈ ਜਾਣਿਆ ਜਾਂਦਾ ਹੈ। ਪਰ, ਕਈ ਦੇਸ਼ਾਂ ਵਿੱਚ ਹਾਲੀਵੁੱਡ ਦੀਆਂ ਫਿਲਮਾਂ ’ਤੇ ਸੈਂਸਰਸ਼ਿਪ ਦੀ ਕੈਂਚੀ ਚੱਲਦੀ ਹੈ, ਜਿਸ ਦੇ ਕਾਰਨ ਇਨ੍ਹਾਂ ਦੀ ਮੂਲ ਕਹਾਣੀ ਜਾਂ ਸੰਦੇਸ਼ ਨੂੰ ਬਦਲ ਦਿੱਤਾ ਜਾਂਦਾ ਹੈ। ਸੈਂਸਰਸ਼ਿਪ ਦਾ ਮੁੱਖ ਮਕਸਦ ਸਮਾਜਿਕ, ਸਭਿਆਚਾਰਕ, ਧਾਰਮਿਕ ਜਾਂ ਸਿਆਸੀ ਸੰਵੇਦਨਸ਼ੀਲਤਾਵਾਂ ਨੂੰ ਸੁਰੱਖਿਅਤ ਰੱਖਣਾ ਹੁੰਦਾ ਹੈ, ਪਰ ਇਹ ਅਕਸਰ ਪ੍ਰਗਟਾਵੇ ਦੀ ਆਜ਼ਾਦੀ ’ਤੇ ਸਵਾਲ ਵੀ ਉਠਾਉਂਦੀ ਹੈ।

### ਹਾਲੀਵੁੱਡ ਫਿਲਮਾਂ ’ਤੇ ਸੈਂਸਰਸ਼ਿਪ ਦੇ ਕਾਰਨ

ਹਾਲੀਵੁੱਡ ਫਿਲਮਾਂ ’ਤੇ ਸੈਂਸਰਸ਼ਿਪ ਦੇ ਕਈ ਕਾਰਨ ਹਨ, ਜੋ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ, ਸਭਿਆਚਾਰਕ ਮੁੱਲਾਂ ਅਤੇ ਕਾਨੂੰਨੀ ਵਿਵਸਥਾਵਾਂ ’ਤੇ ਨਿਰਭਰ ਕਰਦੇ ਹਨ। ਉਦਾਹਰਣ ਵਜੋਂ, ਈਰਾਨ ਵਿੱਚ 2010 ਵਿਚ ਡਿਜ਼ੀਟਲ ਤਕਨੀਕ ਦੀ ਵਰਤੋਂ ਨਾਲ ਮਹਿਲਾਵਾਂ ਦੇ ਸਰੀਰ ਦੇ ਹਿੱਸਿਆਂ ਨੂੰ ਢਕਣ ਲਈ ਫਿਲਮਾਂ ਵਿਚ ਫੁੱਲਦਾਨ ਜਾਂ ਦੀਵਾਰ ਵਰਗੀਆਂ ਚੀਜ਼ਾਂ ਜੋੜੀਆਂ ਗਈਆਂ ਸਨ। ‘ਟੈਲਡੇਗਾ ਨਾਈਟਸ: ਦ ਬੈਲਡ ਆਫ ਰਿੱਕੀ ਬੌਬੀ’ (2006) ਵਿੱਚ ਵਿਲ ਫੈਰਲ ਦੇ ਸਰੀਰ ਦੇ ਹੇਠਲੇ ਹਿੱਸੇ ਨੂੰ ਡਿਜ਼ੀਟਲ ਤਰੀਕੇ ਨਾਲ ਢਕਿਆ ਗਿਆ।

ਤੁਰਕੀ ਵਿੱਚ ਸੈਕਸ ਸੀਨ ਜਾਂ ਸਮਲਿੰਗੀ ਸਬੰਧਾਂ ਨੂੰ ਦਿਖਾਉਣ ਵਾਲੀਆਂ ਫਿਲਮਾਂ ’ਤੇ ਪਾਬੰਦੀ ਜਾਂ ਕਟੌਤੀ ਕੀਤੀ ਜਾਂਦੀ ਹੈ, ਕਿਉਂਕਿ ਇਹ ਸਥਾਨਕ ਸਭਿਆਚਾਰ ਨੂੰ ‘ਅਸਵੀਕਾਰਯੋਗ’ ਮੰਨਿਆ ਜਾਂਦਾ ਹੈ। ਸੱਤਾਧਾਰੀ ਸਰਕਾਰਾਂ ਅਕਸਰ ਉਨ੍ਹਾਂ ਸੀਨਾਂ ਨੂੰ ਹਟਾਉਂਦੀਆਂ ਹਨ, ਜੋ ਉਨ੍ਹਾਂ ਦੀਆਂ ਨੀਤੀਆਂ ਜਾਂ ਰਾਸ਼ਟਰੀ ਚਰਿਤਰ ਨੂੰ ਚੁਣੌਤੀ ਦਿੰਦੇ ਹਨ। ਚੀਨ ਵਿੱਚ ‘ਸਕਾਈਫਾਲ’ (2012) ਵਿਚੋਂ ਇੱਕ ਸੀਨ ਹਟਾਇਆ ਗਿਆ, ਜਿਸ ਵਿੱਚ ਇੱਕ ਚੀਨੀ ਸੁਰੱਖਿਆ ਗਾਰਡ ਨੂੰ ਮਾਰਿਆ ਜਾਂਦਾ ਸੀ, ਕਿਉਂਕਿ ਇਸ ਨਾਲ ਚੀਨ ਦੀ ਸੁਰੱਖਿਆ ਸਮਰੱਥਾ ’ਤੇ ਸਵਾਲ ਉੱਠਦੇ ਸਨ।

ਰੂਸ ਵਿੱਚ ‘ਅਨੋਰਾ’ (2024) ਵਿਚ ਨਸ਼ਿਆਂ ਨਾਲ ਜੁੜੇ ਸੀਨਾਂ ਨੂੰ ਜ਼ੂਮ-ਇਨ ਕਰਕੇ ਹਟਾਇਆ ਗਿਆ, ਪਰ ਨਗਨਤਾ ਵਾਲੇ ਸੀਨ ਛੱਡ ਦਿੱਤੇ ਗਏ, ਜੋ ਸਰਕਾਰੀ ਨੀਤੀਆਂ ਦੀਆਂ ਤਰਜੀਹਾਂ ਨੂੰ ਦਰਸਾਉਂਦਾ ਹੈ। ਸੈਕਸ, ਨਗਨਤਾ, ਨਸ਼ਿਆਂ ਦੀ ਵਰਤੋਂ ਜਾਂ ਸਮਲਿੰਗੀ ਸਬੰਧਾਂ ਨੂੰ ਦਿਖਾਉਣ ਵਾਲੇ ਸੀਨ ਕਈ ਦੇਸ਼ਾਂ ਵਿੱਚ ਸੈਂਸਰ ਕੀਤੇ ਜਾਂਦੇ ਹਨ। ਮਿਸਰ ਵਿੱਚ ‘ਬੋਹੀਮੀਅਨ ਰੈਪਸੋਡੀ’ (2018) ਵਿਚੋਂ ਫਰੈਡੀ ਮਰਕਰੀ ਦੀ ਸਮਲਿੰਗਤਾ ਨਾਲ ਜੁੜੇ ਸੀਨ ਹਟਾਏ ਗਏ।

ਰੂਸ ਵਿੱਚ ‘ਰੌਕਟਮੈਨ’ (2019) ਵਿਚੋਂ ਸਮਲਿੰਗੀ ਸਬੰਧਾਂ ਵਾਲੇ ਪੰਜ ਮਿੰਟ ਦੇ ਸੀਨ ਕੱਟੇ ਗਏ, ਤਾਂ ਜੋ 2013 ਦੇ ‘ਸਮਲਿੰਗੀ-ਵਿਰੋਧੀ’ ਕਾਨੂੰਨ ਦੀ ਪਾਲਣਾ ਹੋ ਸਕੇ।

ਚੀਨ ਵਿੱਚ ‘ਅੰਧਵਿਸ਼ਵਾਸ’ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ’ਤੇ ਪਾਬੰਦੀ ਹੈ। ‘ਘੋਸਟ ਬਸਟਰਸ’ (2016) ਨੂੰ ਇਸੇ ਕਾਰਨ ਰਿਲੀਜ਼ ਦੀ ਮਨਜ਼ੂਰੀ ਨਹੀਂ ਮਿਲੀ, ਹਾਲਾਂਕਿ ‘ਕੋਕੋ’ (2017) ਨੂੰ ਮਨਜ਼ੂਰੀ ਮਿਲ ਗਈ, ਭਾਵੇਂ ਇਹ ‘ਡੇ ਆਫ ਦ ਡੈਡ’ ਵਰਗੇ ਅੰਧਵਿਸ਼ਵਾਸ ’ਤੇ ਆਧਾਰਿਤ ਸੀ। ਚੀਨ ਵਰਗੇ ਵੱਡੇ ਬਾਜ਼ਾਰਾਂ ਵਿਚ ਪਹੁੰਚ ਬਣਾਉਣ ਲਈ ਹਾਲੀਵੁੱਡ ਸਟੂਡੀਓ ਖੁਦ ਹੀ ਸੈਂਸਰਸ਼ਿਪ ਨੂੰ ਮੰਨ ਲੈਂਦੇ ਹਨ। ‘ਬਲੇਡ ਰਨਰ 2049’ (2017) ਦਾ ਇੱਕ ਸੰਪਾਦਿਤ ਸੰਸਕਰਣ ਤੁਰਕੀ ਅਤੇ ਹੋਰ ਗੈਰ-ਪੱਛਮੀ ਦੇਸ਼ਾਂ ਲਈ ਜਾਰੀ ਕੀਤਾ ਗਿਆ, ਜਿਸ ਵਿੱਚ ਨਗਨਤਾ ਵਾਲੇ ਸੀਨ ਹਟਾਏ ਗਏ।

ਚੀਨ ਵਿੱਚ ‘ਨੈਸ਼ਨਲ ਫਿਲਮ ਬਿਊਰੋ’ ਅਤੇ ‘ਸਟੇਟ ਅਡਮਨਿਸਟ੍ਰੇਸ਼ਨ ਆਫ ਰੇਡੀਓ, ਫਿਲਮ ਅਤੇ ਟੈਲੀਵਿਜ਼ਨ’ ਸੈਂਸਰਸ਼ਿਪ ਦੀ ਨਿਗਰਾਨੀ ਕਰਦੇ ਹਨ।

**ਬਾਕੀ ਹਿਸਾ ਸਫਾ 24 ਤੇ ਪੜ੍ਹੋ**


## ਸਿੱਖ ਫਿਲਮਾਂ ’ਤੇ ਪਾਬੰਦੀਆਂ ਅਤੇ ਸੈਂਸਰਸ਼ਿਪ

ਸਿੱਖ ਇਤਿਹਾਸ ਅਤੇ ਸਭਿਆਚਾਰ ’ਤੇ ਬਣੀਆਂ ਫਿਲਮਾਂ ’ਤੇ ਸੈਂਸਰਸ਼ਿਪ ਅਤੇ ਪਾਬੰਦੀਆਂ ਸੰਵੇਦਨਸ਼ੀਲ ਮੁੱਦਿਆਂ ਦਾ ਹਿੱਸਾ ਹਨ, ਕਿਉਂਕਿ ਇਹ ਸਿੱਖ ਧਰਮ ਦੀਆਂ ਮਰਯਾਦਾਵਾਂ ਅਤੇ ਭਾਵਨਾਵਾਂ ਨਾਲ ਜੁੜੀਆਂ ਹੁੰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਦੇ ਨਿਯਮਾਂ ਮੁਤਾਬਕ, ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ, ਅਤੇ ਸਿੱਖ ਸੰਸਕਾਰਾਂ ਨੂੰ ਫਿਲਮਾਂ ਵਿਚ ਦਿਖਾਉਣ ’ਤੇ ਸਖ਼ਤ ਪਾਬੰਦੀ ਹੈ। ਇਸ ਦਾ ਮਕਸਦ ਸਿੱਖੀ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣਾ ਹੈ।

ਨਾਨਕ ਸ਼ਾਹ ਫਕੀਰ (2015): ਇਸ ਫਿਲਮ ’ਤੇ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੇ ਵਿਰੋਧ ਕਾਰਨ ਪੂਰੀ ਪਾਬੰਦੀ ਲੱਗੀ। ਇਸ ਨੂੰ ਗੁਰੂ ਨਾਨਕ ਦੇਵ ਜੀ ਨੂੰ ਦਿਖਾਇਆ ਗਿਆ, ਜੋ ਸਿੱਖ ਅਸੂਲਾਂ ਦੇ ਵਿਰੁੱਧ ਸੀ।

ਧਰੁਵ ਰਾਠੀ ਦੀ ਵੀਡੀਓ (2025): ‘ਰਾਈਜ਼ ਆਫ ਸਿੱਖਜ਼’ ਨਾਮ ਦੀ ਵੀਡੀਓ ਨੂੰ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੇ ਵਿਰੋਧ ਤੋਂ ਬਾਅਦ ਯੂਟਿਊਬ ਤੋਂ ਹਟਾਇਆ ਗਿਆ ਸੀ।

ਚਾਰ ਸਾਹਿਬਜ਼ਾਦੇ (2014): ਇਸ ਐਨੀਮੇਟਡ ਫਿਲਮ ਵਿਚ ਸਿੱਖ ਸ਼ਹੀਦੀ ਨੂੰ ਦਿਖਾਇਆ ਗਿਆ, ਪਰ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਸੰਪਾਦਨ ਕੀਤਾ ਗਿਆ, ਤਾਂ ਜੋ ਮਰਯਾਦਾ ਦੀ ਉਲੰਘਣਾ ਨਾ ਹੋਵੇ।




“ਪੰਜਾਬ ’95”, ਜੋ ਸਿੱਖ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ 1980-90 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਸਿੱਖ ਨੌਜਵਾਨਾਂ ਦੀਆਂ ਗੈਰ-ਕਾਨੂੰਨੀ ਹੱਤਿਆਵਾਂ ਅਤੇ ਅਲੋਪ ਹੋਣ ਦੀਆਂ ਘਟਨਾਵਾਂ ਨੂੰ ਉਜਾਗਰ ਕਰਦੀ ਹੈ। ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੇ “ਪੰਜਾਬ ’95” ’ਤੇ ਰਿਲੀਜ਼ ਲਈ ਸਖ਼ਤ ਸ਼ਰਤਾਂ ਰੱਖੀਆਂ ਹਨ। 2024-25 ਦੀਆਂ ਰਿਪੋਰਟਾਂ ਮੁਤਾਬਕ, ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੇ ਫਿਲਮ ’ਚ 85 ਤੋਂ 127 ਤੱਕ ਕਟੌਤੀਆਂ ਦੀ ਮੰਗ ਕੀਤੀ, ਕਿਉਂਕਿ ਇਸ ਦੀ ਸਮੱਗਰੀ ਨੂੰ “ਸੰਵੇਦਨਸ਼ੀਲ” ਅਤੇ “ਮੌਜੂਦਾ ਸਿਆਸੀ ਮਾਹੌਲ ਲਈ ਅਣਉਚਿਤ” ਮੰਨਿਆ ਗਿਆ। ਫਿਲਮ ਦੀ ਰਿਲੀਜ਼, ਜੋ ਪਹਿਲਾਂ 7 ਫਰਵਰੀ 2025 ਲਈ ਤੈਅ ਸੀ, ਨੂੰ “ਕੰਟਰੋਲ ਤੋਂ ਬਾਹਰ ਹਾਲਾਤ” ਕਾਰਨ ਮੁਲਤਵੀ ਕਰ ਦਿੱਤਾ ਗਿਆ। ਦਿਲਜੀਤ ਨੇ ਖੁਦ ਇੰਸਟਾਗ੍ਰਾਮ ’ਤੇ ਇਸ ਦੀ ਪੁਸ਼ਟੀ ਕੀਤੀ। “ਪੰਜਾਬ ’95” ਨੂੰ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ 2024 ਵਿਚੋਂ ਵੀ ਹਟਾਇਆ ਗਿਆ, ਜਿਸ ਦੇ ਪਿੱਛੇ ਸਿਆਸੀ ਦਬਾਅ ਦੀਆਂ ਰਿਪੋਰਟਾਂ ਸਨ। ਫਿਲਮ ਦਾ ਟ੍ਰੇਲਰ ਵੀ ਯੂਟਿਊਬ ’ਤੇ ਭਾਰਤ ’ਚ ਬਲੌਕ ਕਰ ਦਿੱਤਾ ਗਿਆ। ਫਿਲਮ ਨਿਰਮਾਤਾ ਅਤੇ ਦਿਲਜੀਤ ਨੇ 127 ਕਟੌਤੀਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਹ ਮੰਨਦੇ ਹਨ ਕਿ ਇਹ ਸੈਂਸਰਸ਼ਿਪ ਇਤਿਹਾਸ ਨੂੰ ਦਬਾਉਣ ਦੀ ਕੋਸ਼ਿਸ਼ ਹੈ।

ਸਿੱਖ ਫਿਲਮਾਂ ’ਤੇ ਸੈਂਸਰਸ਼ਿਪ ਜਾਂ ਪਾਬੰਦੀ ਦੇ ਮੁੱਖ ਕਾਰਨ ਸਿੱਖ ਮਰਯਾਦਾ, ਗੁਰੂ ਸਾਹਿਬਾਨ ਦੀ ਪਵਿੱਤਰਤਾ, ਅਤੇ ਸੰਗਤ ਦੀਆਂ ਭਾਵਨਾਵਾਂ ਦੀ ਸੁਰੱਖਿਆ ਹਨ। ਸ਼੍ਰੋਮਣੀ ਕਮੇਟੀ ਦੇ 1934 ਦੇ ਮਤੇ ਅਤੇ 2015 ਦੇ ਮਤਾ ਨੰਬਰ 2343 ਮੁਤਾਬਕ, ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਪਰਿਵਾਰ ਦੇ ਕਿਰਦਾਰਾਂ ਨੂੰ ਫਿਲਮਾਂ ਵਿਚ ਦਿਖਾਉਣਾ ਮਨ੍ਹਾ ਹੈ। ਸੰਵੇਦਨਸ਼ੀਲ ਸਿੱਖ ਮੁੱਦੇ, ਜਿਵੇਂ 1984 ਦੀਆਂ ਘਟਨਾਵਾਂ, ’ਤੇ ਬਣੀਆਂ ਫਿਲਮਾਂ ਵਿਚ ਵੀ ਸਮਾਜਿਕ ਸਦਭਾਵਨਾ ਦੇ ਨਾਂ ’ਤੇ ਕਟੌਤੀ ਕੀਤੀ ਜਾਂਦੀ ਹੈ। ਵਜੋਂ ਯਾਦ ਰਹਿਣਗੇ, ਜਾਂ ਉਹ ਸਾਰੇ ਭਾਈਚਾਰਿਆਂ ਦੇ ਜਜ਼ਬਾਤਾਂ ਨੂੰ ਸਨਮਾਨ ਦੇਣ ਵਿੱਚ ਵੀ ਸਫਲ ਹੋਣਗੇ ? ਸਮਾਂ ਹੀ ਦੱਸੇਗਾ।

23 ਸਫ਼ੇ ਦੀ ਬਾਕੀ

ਨਿਯਮਾਂ ਵਿੱਚ ਸਰਕਾਰ ਵਿਰੁੱਧ ਸਮੱਗਰੀ, ਸੈਕਸ, ਨਗਨਤਾ, ਨਸ਼ਿਆਂ ਦੀ ਵਰਤੋਂ, ਅੰਧਵਿਸ਼ਵਾਸ ਅਤੇ ਸਮਲਿੰਗੀ ਸਬੰਧਾਂ 'ਤੇ ਪਾਬੰਦੀ ਸ਼ਾਮਲ ਹੈ। ਸਬਟਾਈਟਲ ਵਿਚ ਅਨੁਵਾਦ ਬਦਲਣਾ ਜਾਂ ਸੀਨ ਕੱਟਣਾ ਆਮ ਹੈ। 'ਟਾਈਟੈਨਿਕ 3ਡੀ' (2012) ਵਿਚ ਕੇਟ ਵਿਨਸਲੈਟ ਦੇ ਨਗਨ ਸੀਨ ਨੂੰ ਠੋਡੀ ਤੱਕ ਕਰੌਪ ਕੀਤਾ ਗਿਆ।

ਰੂਸ ਵਿੱਚ ਸੈਂਸਰਸ਼ਿਪ ਅਕਸਰ ਡਿਸਟ੍ਰੀਬਿਊਟਰ ਖੁਦ ਕਰਦੇ ਹਨ, ਤਾਂ ਜੋ ਸਰਕਾਰੀ ਕਾਨੂੰਨਾਂ ਦੀ ਪਾਲਣਾ ਹੋ ਸਕੇ। 2013 ਦੇ 'ਸਮਲਿੰਗੀ-ਵਿਰੋਧੀ' ਕਾਨੂੰਨ ਨੇ 'ਰੌਕਟਮੈਨ' ਵਰਗੀਆਂ ਫਿਲਮਾਂ 'ਤੇ ਅਸਰ ਪਾਇਆ। ਸੈਂਸਰਸ਼ਿਪ ਸਰਕਾਰੀ ਨਹੀਂ, ਸਗੋਂ ਸਵੈ-ਨਿਯਮਿਤ ਹੁੰਦੀ ਹੈ, ਜਿਸ ਵਿੱਚ ਡਿਸਟ੍ਰੀਬਿਊਟਰ ਸੀਨ ਕੱਟ ਦਿੰਦੇ ਹਨ।

ਮਿਸਰ ਵਿੱਚ ਸੈਂਸਰਸ਼ਿਪ ਧਾਰਮਿਕ ਅਤੇ ਸਮਾਜਿਕ ਮੁੱਲਾਂ 'ਤੇ ਆਧਾਰਿਤ ਹੈ। 'ਬੋਹੀਮੀਅਨ ਰੈਪਸੋਡੀ' ਵਿਚ ਸਮਲਿੰਗਤਾ ਵਾਲੇ ਸੀਨ ਹਟਾਏ ਗਏ ਸਨ। ਤੁਰਕੀ ਵਿੱਚ ਸਰਕਾਰ ਦੀਆਂ ਰੂੜੀਵਾਦੀ ਨੀਤੀਆਂ ਕਾਰਨ ਸੈਕਸ ਅਤੇ ਸਮਲਿੰਗੀ ਸਬੰਧਾਂ ਵਾਲੀ ਸਮੱਗਰੀ 'ਤੇ ਪਾਬੰਦੀ ਹੈ।

ਈਰਾਨ ਵਿੱਚ ਇਸਲਾਮੀ ਨਿਯਮਾਂ ਦੇ ਅਧਾਰ 'ਤੇ ਸੈਂਸਰਸ਼ਿਪ ਹੁੰਦੀ ਹੈ। 2010 ਵਿਚ ਡਿਜ਼ੀਟਲ ਤਕਨੀਕ ਦੀ ਵਰਤੋਂ ਨਾਲ ਸੀਨਾਂ ਨੂੰ ਸੰਪਾਦਿਤ ਕੀਤਾ ਜਾਂਦਾ ਸੀ, ਜਿਵੇਂ ਮਹਿਲਾਵਾਂ ਦੇ ਸਰੀਰ ਨੂੰ ਢਕਣ ਲਈ।

# ਭਾਰਤ ਵਿਚ ਸੈਂਸਰਸ਼ਿਪ ਦੇ ਨਿਯਮ




ਭਾਰਤ ਵਿਚ ਸੈਂਸਰਸ਼ਿਪ ਦੇ ਪਿੱਛੇ ਵਿਭਿੰਨ ਸਭਿਆਚਾਰਕ, ਧਾਰਮਿਕ ਅਤੇ ਸਿਆਸੀ ਕਾਰਨ ਹਨ। ਭਾਰਤ ਵਿਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸਮੱਗਰੀ 'ਤੇ ਸਖਤੀ ਨਾਲ ਪਾਬੰਦੀ ਲਗਾਈ ਜਾਂਦੀ ਹੈ। ਉਦਾਹਰਣ ਵਜੋਂ, 'ਪਦਮਾਵਤ' (2018) ਵਿਚ ਕੁਝ ਸੀਨਾਂ ਨੂੰ ਰਾਜਪੂਤ ਸਮਾਜ ਦੀਆਂ ਸ਼ਿਕਾਇਤਾਂ ਕਾਰਨ ਸੰਪਾਦਿਤ ਕੀਤਾ ਗਿਆ।

ਸਿਆਸੀ ਪਾਰਟੀਆਂ ਅਤੇ ਸਮੂਹ ਕਈ ਵਾਰ ਫਿਲਮਾਂ 'ਤੇ ਪਾਬੰਦੀ ਦੀ ਮੰਗ ਕਰਦੇ ਹਨ, ਜੇ ਉਹ ਉਨ੍ਹਾਂ ਦੇ ਵਿਚਾਰਾਂ ਨੂੰ ਚੁਣੌਤੀ ਦਿੰਦੀਆਂ ਹਨ। 'ਦਿ ਕਸ਼ਮੀਰ ਫਾਈਲਜ਼' (2022) ਵਰਗੀਆਂ ਫਿਲਮਾਂ 'ਤੇ ਵਿਵਾਦ ਇਸ ਦੀ ਮਿਸਾਲ ਹੈ। ਨਗਨਤਾ, ਸੈਕਸ ਜਾਂ ਹਿੰਸਾ ਵਾਲੇ ਸੀਨਾਂ ਨੂੰ ਅਕਸਰ ਕੱਟਿਆ ਜਾਂਦਾ ਹੈ, ਕਿਉਂਕਿ ਇਹ ਭਾਰਤੀ ਸਮਾਜ ਦੇ 'ਪਰਿਵਾਰਕ ਮੁੱਲਾਂ' ਦੇ ਵਿਰੁੱਧ ਮੰਨੇ ਜਾਂਦੇ ਹਨ। ਫਿਲਮਾਂ ਵਿਚ ਅਜਿਹੀ ਸਮੱਗਰੀ, ਜੋ ਹਿੰਸਾ ਨੂੰ ਭੜਕਾ ਸਕਦੀ ਹੈ, ਨੂੰ ਹਟਾਇਆ ਜਾਂਦਾ ਹੈ।

ਭਾਰਤ ਵਿਚ ਸੈਂਸਰਸ਼ਿਪ ਦਾ ਜ਼ਿੰਮਾ 'ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ' 'ਤੇ ਹੈ, ਜੋ ਸਿਨੇਮੈਟੋਗ੍ਰਾਫ ਐਕਟ, 1952 ਦੇ ਤਹਿਤ ਕੰਮ ਕਰਦਾ ਹੈ। ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ' ਦੇ ਨਿਯਮਾਂ ਮੁਤਾਬਕ, ਫਿਲਮਾਂ ਵਿਚ ਅਜਿਹੀ ਸਮੱਗਰੀ ਨਹੀਂ ਹੋਣੀ ਚਾਹੀਦੀ, ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਏ, ਸਮਾਜ ਵਿਚ ਅਸ਼ਾਂਤੀ ਪੈਦਾ ਕਰੇ, ਜਾਂ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿਚ ਪਾਵੇ।

ਸੈਕਸ, ਹਿੰਸਾ, ਨਸ਼ਿਆਂ ਦੀ ਵਰਤੋਂ, ਅਤੇ ਸਿਆਸੀ ਜਾਂ ਸੰਵੇਦਨਸ਼ੀਲ ਮੁੱਦਿਆਂ ਨੂੰ ਸੀਮਤ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ, 'ਉੜਤਾ ਪੰਜਾਬ' (2016) ਵਿਚ ਨਸ਼ਿਆਂ ਨਾਲ ਜੁੜੇ ਸੀਨਾਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਸੀ। ਸੀਬੀਐਫਸੀ ਫਿਲਮਾਂ ਨੂੰ ਯੂ, ਯੂ/ਏ, ਏ ਜਾਂ ਐਸ ਵਰਗੇ ਸਰਟੀਫਿਕੇਟ ਦਿੰਦਾ ਹੈ, ਜੋ ਦਰਸ਼ਕਾਂ ਦੀ ਉਮਰ ਅਤੇ ਸਮੱਗਰੀ ਦੀ ਸੰਵੇਦਨਸ਼ੀਲਤਾ 'ਤੇ ਨਿਰਭਰ ਕਰਦਾ ਹੈ।

### ਕਿੰਨੀਆਂ ਫਿਲਮਾਂ ਸੈਂਸਰ ਹੋਈਆਂ ?

ਹਾਲੀਵੁੱਡ ਫਿਲਮਾਂ 'ਤੇ ਸੈਂਸਰਸ਼ਿਪ ਦੀ ਸਹੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ, ਕਿਉਂਕਿ ਇਹ ਹਰ ਦੇਸ਼ ਦੀਆਂ ਨੀਤੀਆਂ ਅਤੇ ਸਮੇਂ ਦੇ ਹਿਸਾਬ ਨਾਲ ਵੱਖਰਾ ਹੁੰਦਾ ਹੈ।

ਚੀਨ ਵਿੱਚ 1994 ਤੋਂ ਸੀਮਤ ਗਿਣਤੀ ਵਿਚ ਹਾਲੀਵੁੱਡ ਫਿਲਮਾਂ ਨੂੰ ਰਿਲੀਜ਼ ਦੀ ਮਨਜ਼ੂਰੀ ਮਿਲਦੀ ਹੈ। 'ਪੀਈਐਨ' ਸੰਸਥਾ ਦੀ 2020 ਦੀ ਰਿਪੋਰਟ ਮੁਤਾਬਕ, ਹਾਲੀਵੁੱਡ ਸਟੂਡੀਓ ਚੀਨ ਦੇ ਸੈਂਸਰਸ਼ਿਪ ਨਿਯਮਾਂ ਨੂੰ ਮੰਨਣ ਲਈ ਖੁਦ ਹੀ ਫਿਲਮਾਂ ਸੰਪਾਦਿਤ ਕਰਦੇ ਹਨ।

**ਸਕਾਈਫਾਲ** (2012): ਚੀਨੀ ਸੁਰੱਖਿਆ ਗਾਰਡ ਵਾਲਾ ਸੀਨ ਹਟਾਇਆ ਗਿਆ।

**ਟਾਈਟੈਨਿਕ 3ਡੀ** (2012): ਨਗਨ ਸੀਨ ਕਰੌਪ ਕੀਤਾ ਗਿਆ।

**ਮਿਨੀਅਨਜ਼: ਦ ਰਾਈਜ਼ ਆਫ ਗਰੂ** (2022): ਅੰਤ ਬਦਲਿਆ ਗਿਆ, ਜਿਸ ਵਿੱਚ ਖਲਨਾਇਕ ਨੂੰ ਜੇਲ੍ਹ ਭੇਜਿਆ ਗਿਆ।

**ਆਇਰਨ ਮੈਨ** 3 (2013): ਚੀਨੀ ਅਦਾਕਾਰਾਂ ਦੇ ਸੀਨ ਅਤੇ ਸਥਾਨਕ ਉਤਪਾਦ ਦਾ ਪ੍ਰਚਾਰ ਜੋੜਿਆ ਗਿਆ।

**'ਰੌਕਟਮੈਨ'** (2019) ਅਤੇ **'ਅਨੋਰਾ'** (2024) : ਵਰਗੀਆਂ ਫਿਲਮਾਂ 'ਤੇ ਸੈਂਸਰਸ਼ਿਪ ਦੀਆਂ ਮਿਸਾਲਾਂ ਮੌਜੂਦ ਹਨ। 2013 ਦੇ ਕਾਨੂੰਨ ਤੋਂ ਬਾਅਦ ਸਮਲਿੰਗੀ ਸਬੰਧਾਂ ਵਾਲੀ ਸਮੱਗਰੀ 'ਤੇ ਸਖਤੀ ਵਧੀ ਹੈ।

**'ਬੋਹੀਮੀਅਨ ਰੈਪਸੋਡੀ'** (2018) 'ਚ ਸਮਲਿੰਗਤਾ ਵਾਲੇ ਸੀਨ ਹਟਾਏ ਗਏ। ਹਿਊਮਨ ਰਾਈਟਸ ਵਾਚ ਨੇ ਇਸ ਦੀ ਨਿਖੇਧੀ ਕੀਤੀ।

**'ਬਲੇਡ ਰਨਰ 2049'** (2017) ਦਾ ਸੰਪਾਦਿਤ ਸੰਸਕਰਣ ਜਾਰੀ ਕੀਤਾ ਗਿਆ। ਤੁਰਕੀ ਦੇ ਫਿਲਮ ਆਲੋਚਕਾਂ ਨੇ ਇਸ ਨੂੰ 'ਸਿਨੇਮਾ ਪ੍ਰੇਮੀਆਂ ਦਾ ਅਪਮਾਨ' ਕਿਹਾ।

**'ਟੈਲਡੇਗਾ ਨਾਈਟਸ'** (2006) ਸਮੇਤ ਕਈ ਫਿਲਮਾਂ ਵਿਚ ਸੀਨ ਸੰਪਾਦਿਤ ਕੀਤੇ ਗਏ। 2012 ਦੀ 'ਦ ਅਟਲਾਂਟਿਕ' ਦੀ ਰਿਪੋਰਟ ਮੁਤਾਬਕ, ਈਰਾਨ ਨੇ ਡਿਜ਼ੀਟਲ ਤਕਨੀਕ ਨਾਲ ਸੀਨਾਂ ਨੂੰ ਬਦਲਿਆ।

# ਜੋੜੇ ਨਾਲ ਯੂਕੇ ਭੇਜਣ ਦਾ ਲਾਰਾ ਲਾ ਕੇ 7.50 ਲੱਖ ਠੱਗੇ !

## ✪ ਟ੍ਰੈਵਲ ਏਜੰਟ ਖਿਲਾਫ ਮਾਮਲਾ ਦਰਜ




ਨਵਾਂਸ਼ਹਿਰ-ਜੋੜੇ ਨੂੰ ਯੂ.ਕੇ. ਭੇਜਣ ਦਾ ਝਾਂਸਾ ਦੇ ਕੇ 7.50 ਲੱਖ ਦੀ ਠੱਗੀ ਕਰਨ ਵਾਲੇ ਟ੍ਰੈਵਲ ਏਜੰਟ ਖਿਲਾਫ ਪੁਲਸ ਨੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ.ਐੱਸ.ਪੀ.ਨੂੰ ਦਿੱਤੀ ਸ਼ਿਕਾਇਤ ਵਿਚ ਗੁਰਦੀਪ ਕੁਮਾਰ ਬੜਾ ਪਿੰਡ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਨੇ ਦੱਸਿਆ ਕਿ ਉਸ ਨੇ ਟ੍ਰੈਵਲ ਏਜੰਟ ਮਨਦੀਪ ਸਿੰਘ ਔਲਖ ਪ੍ਰੋਵਾਈਡਰ ਓਵਰਸੀਜ਼ ਕੰਨਸਲਟੈਂਟਸ ਪ੍ਰਾਈਵੇਟ ਲਿ. ਬੰਗਾ ਰੋਡ ਨਜ਼ਦੀਕ ਸ਼ੂਗਰ ਮਿੱਲ ਨਵਾਂਸ਼ਹਿਰ ਜਿਸ ਦਾ ਮੁੱਖ ਦਫਤਰ ਸੈਕਟਰ 70 ਫੇਸ 7 ਏਅਰਪੋਰਟ ਰੋਡ ਮੋਹਾਲੀ ਵਿਖੇ ਸਥਿਤ ਹੈ, ਦਾ ਇਸ਼ਤਿਹਾਰ ਇੰਸਟਾਗ੍ਰਾਮ ਤੇ ਦੇਖ ਕੇ ਸੰਪਰਕ ਕੀਤਾ ਸੀ।

ਉਸਨੇ ਦੱਸਿਆ ਕਿ ਆਪਣੀ ਪਤਨੀ ਨਾਲ ਵਰਕ ਪਰਮਿਟ 'ਤੇ .ਯੂ.ਕੇ. ਜਾਣਾ ਚਾਹੁੰਦਾ ਸੀ ਜਿਸ ਲਈ ਉਕਤ ਏਜੰਟ ਦੇ ਨਾਲ ਉਸਦਾ ਸੌਦਾ 27 ਲੱਖ ਰੁਪਏ ਵਿਚ ਤੈਅ ਹੋਇਆ ਸੀ। ਉਕਤ ਏਜੰਟ ਨੇ ਦੱਸਿਆ ਸੀ ਕਿ ਜੇਕਰ ਉਨ੍ਹਾਂ ਦਾ ਵਿਦੇਸ਼ ਜਾ ਕੰਮ ਨਹੀ ਬਣਿਆ ਤਾਂ ਉਨ੍ਹਾ ਦੇ ਸਾਰੇ ਪੈਸੇ ਵਾਪਸ ਕਰ ਦਿੱਤੇ ਜਾਣਗੇ।

ਉਸਨੇ ਦੱਸਿਆ ਕਿ ਉਪਰੋਕਤ ਏਜੰਟ ਨੂੰ ਉਸ ਨੇ ਵੱਖ-ਵੱਖ ਤਾਰੀਕਾਂ ਨੂੰ ਕੁੱਲ 18.50 ਲੱਖ ਰੁਪਏ ਦੀ ਰਾਸ਼ੀ ਦਿੱਤੀ ਪਰ ਉਕਤ ਏਜੰਟ ਨੇ ਉਨ੍ਹਾਂ ਨੂੰ ਵਿਦੇਸ਼ ਨਹੀ ਭੇਜਿਆ। ਉਸ ਨੇ ਦੱਸਿਆ ਕਿ ਉਪਰੋਕਤ ਏਜੰਟ ਨੇ 11 ਲੱਖ ਰੁਪਏ ਵਾਪਸ ਕਰ ਕੇ ਬਾਕੀ ਰਾਸ਼ੀ 4 ਕਿਸ਼ਤਾਂ ਵਿਚ ਦੇਣ ਦਾ ਵਾਅਦਾ ਕੀਤਾ ਅਤੇ ਚੈੱਕ ਕੱਟ ਕੇ ਦਿੱਤੇ ਪਰ ਉਕਤ ਚੈੱਕ ਬਾਊਂਸ ਹੋ ਗਏ। ਐੱਸ.ਐੱਸ.ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਉਸ ਨੇ ਆਪਣੀ ਰਾਸ਼ੀ ਵਾਪਸ ਕਰਵਾਉਣ ਅਤੇ ਦੋਸ਼ੀ ਏਜੰਟ ਖਿਲਾਫ ਕਾਨੂੰਨ ਦੇ ਤਹਿਤ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ।

ਉਪਰੋਕਤ ਸ਼ਿਕਾਇਤ ਦੀ ਜਾਂਚ ਡੀ.ਐੱਸ.ਪੀ.ਪੱਧਰ ਦੇ ਅਧਿਕਾਰੀ ਵਲੋਂ ਕਰਨ ਉਪਰੰਤ ਦਿੱਤੀ ਨਤੀਜਾ ਰਿਪੋਰਟ ਦੇ ਆਧਾਰ 'ਤੇ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੇ ਦੋਸ਼ੀ ਏਜੰਟ ਮਨਦੀਪ ਸਿੰਘ ਔਲਖ ਵਾਸੀ ਨਜ਼ਦੀਕ ਸ਼ੂਗਰ ਮਿਲ ਬੰਗਾ ਰੋਡ ਨਵਾਂਸ਼ਹਿਰ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੋਟਰਸਾਈਕਲ ਸਵਾਰ ਤਿੰਨ ਗੁੰਡਿਆਂ ਨੇ ਖੜ੍ਹੀ ਕਾਰ 'ਤੇ ਚਲਾਈਆਂ ਗੋਲ਼ੀਆਂ

## ✪ ਜਾਂਚ ਵਿਚ ਰੁੱਝੀ ਪੁਲਿਸ

ਜਲੰਧਰ-ਪਿੰਡ ਸ਼ੇਖੂਪੁਰ ਵਿੱਚ, ਬੀਤੇ ਦਿਨੀਂ ਦੁਪਹਿਰ ਲਗਪਗ 3 ਵਜੇ, ਇੱਕ ਬਾਈਕ ਸਵਾਰ ਤਿੰਨ ਬਦਮਾਸ਼ਾਂ ਨੇ ਮੁਕੇਸ਼ ਦੇ ਘਰ ਦੇ ਬਾਹਰ ਖੜ੍ਹੀ ਇੱਕ ਕਾਰ 'ਤੇ ਗੋਲੀਆਂ ਚਲਾ ਦਿੱਤੀਆਂ। ਖੁਸ਼ਕਿਸਮਤੀ ਨਾਲ, ਕਿਸੇ ਨੂੰ ਵੀ ਗੋਲੀ ਨਹੀਂ ਲੱਗੀ। ਇੱਕ ਗੋਲੀ ਕਾਰ ਦੇ ਟਾਇਰ ਵਿੱਚ ਲੱਗੀ ਅਤੇ ਦੂਜੀ ਕਾਰ ਦੇ ਸ਼ੀਸ਼ੇ ਵਿੱਚ ਲੱਗੀ।

ਗੋਲ਼ੀ ਚਲਾਉਣ ਤੋਂ ਬਾਅਦ, ਬਾਈਕ ਸਵਾਰ ਤਿੰਨ ਨੌਜਵਾਨ ਭੱਜਦੇ ਹੋਏ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਏ। ਸੂਚਨਾ ਮਿਲਣ 'ਤੇ ਮਕਸੂਦਨ ਥਾਣਾ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮੌਕੇ ਤੋਂ ਦੋ ਖੋਲ ਬਰਾਮਦ ਕੀਤੇ। ਘਟਨਾ ਦੇ ਪਿੱਛੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

ਪਿੰਡ ਸ਼ੇਖੂਪੁਰ ਦੇ ਰਹਿਣ ਵਾਲੇ ਮੁਕੇਸ਼ ਨੇ ਦੱਸਿਆ ਕਿ ਉਹ ਡਰਾਈਵਰ ਦਾ ਕੰਮ ਕਰਦਾ ਹੈ। ਉਹ ਆਪਣੀ ਮਾਂ ਨਾਲ ਸ਼ੇਖੂਪੁਰ ਵਿੱਚ ਰਹਿੰਦਾ ਹੈ ਅਤੇ ਉਸਦਾ ਵੱਡਾ ਭਰਾ ਵਿਦੇਸ਼ ਵਿੱਚ ਰਹਿੰਦਾ ਹੈ। ਉਸਨੇ ਕਿਹਾ ਕਿ ਉਸਦਾ ਕਿਸੇ ਨਾਲ ਕੋਈ ਝਗੜਾ ਨਹੀਂ ਹੈ ਅਤੇ ਨਾ ਹੀ ਉਹ ਗੋਲੀਆਂ ਚਲਾਉਣ ਵਾਲਿਆਂ ਨੂੰ ਜਾਣਦਾ ਹੈ।

ਸੂਚਨਾ ਮਿਲਦੇ ਹੀ ਮਕਸੂਦਾਂ ਪੁਲਿਸ ਸਟੇਸ਼ਨ ਇੰਚਾਰਜ ਵਿਕਰਮਜੀਤ ਸਿੰਘ ਅਤੇ



ਡੀਐਸਪੀ ਵਿਜੇ ਕੰਵਰਪਾਲ ਸਿੰਘ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਡੀਐਸਪੀ ਵਿਜੇ ਨੇ ਦੱਸਿਆ ਕਿ ਪੀੜਤ ਮੁਕੇਸ਼ ਦਾ ਬਿਆਨ ਦਰਜ ਕਰ ਲਿਆ ਗਿਆ ਹੈ। ਉਸਨੂੰ ਗੋਲੀ ਚਲਾਉਣ ਦਾ ਕਿਸੇ 'ਤੇ ਸ਼ੱਕ ਨਹੀਂ ਹੈ। ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਵੇਗੀ।

ਜਦੋਂ ਪੁਲਿਸ ਨੇ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਸਕੈਨ ਕੀਤਾ, ਤਾਂ ਤਿੰਨ ਨਕਾਬਪੋਸ਼ ਨੌਜਵਾਨ ਕਾਲੇ ਰੰਗ ਦੀ ਸਪਲੈਂਡਰ ਬਾਈਕ 'ਤੇ ਭੱਜਦੇ ਹੋਏ ਦਿਖਾਈ ਦਿੱਤੇ। ਪੁਲਿਸ ਨੇ ਮੁਲਜ਼ਮਾਂ ਨੂੰ ਫੜਨ ਲਈ ਪਿੰਡ ਅਤੇ ਹਾਈਵੇਅ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਸਕੈਨ ਕਰਨਾ ਸ਼ੁਰੂ ਕਰ ਦਿੱਤਾ ਹੈ। ਸੀਸੀਟੀਵੀ ਕੈਮਰਿਆਂ ਦੀ ਰੇਂਜ ਘੱਟ ਹੋਣ ਕਾਰਨ ਬਾਈਕ ਦਾ ਨੰਬਰ ਕੈਦ ਨਹੀਂ ਹੋ ਸਕਿਆ।

# ਪੇਰੂ ਵਿੱਚ ਸਿੱਖ ਲਹਿਰ ਦੀ ਸ਼ੁਰੂਆਤ ਕਿਵੇਂ ਤੇ ਕਦੋਂ ਹੋਈ ?

**○ ਭਾਈ ਪ੍ਰਤਾਪ ਸਿੰਘ ਪੇਰੂ ਵਿਚ ਸਿੱਖ ਲਹਿਰ ਦਾ ਝੰਡਾਬਰਦਾਰ ○ ਘੱਟ ਆਰਥਿਕ ਵਸੀਲੇ ਹੋਣ ਕਾਰਣ ਆਪਣੇ ਘਰਾਂ ਨੂੰ ਬਣਾਇਆ ਪ੍ਰਚਾਰ ਦਾ ਸਾਧਨ**

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ









ਦੱਖਣੀ ਅਮਰੀਕਾ ਦੇ ਪੱਛਮੀ ਕੰਢੇ ਤੇ ਵਸਿਆ ਪੇਰੂ ਮੁਲਕ, ਐਂਡੀਜ਼ ਦੀਆਂ ਉੱਚੀਆਂ ਪਹਾੜੀਆਂ ਅਤੇ ਪ੍ਰਸ਼ਾਂਤ ਮਹਾਸਾਗਰ ਦੇ ਨੀਲੇ ਪਾਣੀਆਂ ਦੇ ਵਿਚਕਾਰ ਚਮਕਦਾ ਹੈ। ਇਸ ਦੀ ਰਾਜਧਾਨੀ ਲੀਮਾ, ਜਿਹੜੀ ਕਿ ਸਭਿਆਚਾਰਕ ਅਤੇ ਆਰਥਿਕ ਗਤੀਵਿਧੀਆਂ ਦਾ ਕੇਂਦਰ ਹੈ, ਪਰ ਸਿੱਖ ਬਹੁਤ ਘੱਟ ਗਿਣਤੀ ਵਿਚ ਹਨ ਪਰ ਚਮਕਦਾਰ ਮੌਜੂਦਗੀ ਦਾ ਕੇਂਦਰ ਬਣੇ ਹੋਏ ਹਨ। ਇਸ ਦੇਸ ਵਿਚ ਸਿੱਖੀ ਦੀ ਸ਼ੁਰੂਆਤ ਇੱਥੇ 20ਵੀਂ ਸਦੀ ਦੇ ਅੰਤ ਅਤੇ 21ਵੀਂ ਸਦੀ ਦੀ ਸ਼ੁਰੂਆਤ ਵਿੱਚ ਹੋਈ ਸੀ, ਜਦੋਂ ਕੁਝ ਸਿੱਖ ਪਰਿਵਾਰ ਵਪਾਰ, ਸਿੱਖਿਆ ਅਤੇ ਤਕਨੀਕੀ ਮੌਕਿਆਂ ਦੀ ਭਾਲ ਵਿੱਚ ਪੇਰੂ ਪਹੁੰਚੇ ਸਨ। ਅੰਦਾਜ਼ਨ 40-50 ਸਿੱਖਾਂ ਦਾ ਇਹ ਛੋਟਾ ਭਾਈਚਾਰਾ, ਜਿਹੜਾ ਜ਼ਿਆਦਾਤਰ ਲੀਮਾ ਵਿੱਚ ਵਸਦਾ ਹੈ, ਲੋੜਵੰਦਾਂ ਦੀ ਸੇਵਾ ਤੇ ਲੰਗਰ ਕਾਰਣ ਇਸ ਦੇਸ ਦੇ ਲੋਕਾਂ ਵਿਚ ਹਰਮਨਪਿਆਰਾ ਹੋ ਰਿਹਾ ਹੈ। 2026 ਤੱਕ, ਇਸ ਭਾਈਚਾਰੇ ਦੀ ਗਿਣਤੀ ਵਿੱਚ ਵਾਧੇ ਦੀ ਸੰਭਾਵਨਾ ਹੈ। ਸਥਾਨਕ ਨਿਵਾਸੀ ਸਿੱਖ ਧਰਮ ਦੀ ਸੇਵਾ ਅਤੇ ਸਮਾਨਤਾ ਦੀ ਭਾਵਨਾ ਨੂੰ ਸਤਿਕਾਰਦੇ ਹਨ। ਪੇਰੂ ਦੀ ਸਭਿਅਤਾ, ਜਿਹੜੀ ਇੰਕਾ, ਸਪੈਨਿਸ਼ ਅਤੇ ਸਥਾਨਕ ਸਭਿਆਚਾਰਾਂ ਦਾ ਸੰਗਮ ਹੈ, ਵਿਭਿੰਨਤਾ ਨੂੰ ਗਲੇ ਲਗਾਉਣ ਦੀ ਪਰੰਪਰਾ ਰੱਖਦੀ ਹੈ। ਸਿੱਖ ਭਾਈਚਾਰੇ ਨੇ ਇਸ ਸਭਿਆਚਾਰਕ ਖੁੱਲ੍ਹੇਪਣ ਦਾ ਲਾਭ ਉਠਾਇਆ ਅਤੇ ਲੰਗਰ ਵਰਗੀਆਂ ਸੇਵਾਵਾਂ ਰਾਹੀਂ ਸਥਾਨਕ ਲੋਕਾਂ ਦੇ ਦਿਲ ਜਿੱਤੇ ਹਨ। ਲੰਗਰ, ਜਿਹੜਾ ਸਿੱਖੀ ਦੀ ਸੇਵਾ-ਭਾਵਨਾ ਦਾ ਪ੍ਰਤੀਕ ਹੈ, ਪੇਰੂ ਦੇ ਗਰੀਬ ਅਤੇ ਲੋੜਵੰਦ ਲੋਕਾਂ ਲਈ ਵਰਦਾਨ ਸਾਬਤ ਹੋਇਆ ਹੈ। ਖਾਸਕਰ ਕੋਵਿਡ-19 ਦੀ ਮਹਾਂਮਾਰੀ ਦੌਰਾਨ, ਜਦੋਂ ਪੇਰੂ ਦੀ ਅਰਥ-ਵਿਵਸਥਾ ਡੋਲ ਰਹੀ ਸੀ ਅਤੇ ਰੁਜ਼ਗਾਰ ਦਾ ਪੱਧਰ 42% ਤੱਕ ਡਿੱਗ ਗਿਆ ਸੀ, ਸਿੱਖ ਭਾਈਚਾਰੇ ਨੇ 'ਲੰਗਰ ਪੇਰੂ' ਪ੍ਰੋਜੈਕਟ ਰਾਹੀਂ ਹਜ਼ਾਰਾਂ ਲੋਕਾਂ ਨੂੰ ਭੋਜਨ ਅਤੇ ਜ਼ਰੂਰੀ ਸਮਾਨ ਮੁਹੱਈਆ ਕਰਵਾਇਆ ਸੀ। ਇਹ ਸੇਵਾ ਨਾ ਸਿਰਫ ਸਿੱਖੀ ਦੀ ਸੇਵਾ ਭਾਵਨਾਤੇ ਮਨੁੱਖਤਾ ਪਖੀ ਪਿਆਰ ਨੂੰ ਦਰਸਾਉਂਦੀ ਹੈ, ਸਗੋਂ ਪੇਰੂ ਦੇ ਸਮਾਜਿਕ ਏਕਤਾ ਦੇ ਸਿਧਾਂਤ ਨਾਲ ਵੀ ਜੁੜਦੀ ਹੈ।

### ਭਾਈ ਪ੍ਰਤਾਪ ਸਿੰਘ: ਸਿੱਖੀ ਦਾ ਝੰਡਾਬਰਦਾਰ

ਪੇਰੂ ਵਿੱਚ ਸਿੱਖ ਧਰਮ ਦੀ ਚਰਚਾ ਭਾਈ ਪ੍ਰਤਾਪ ਸਿੰਘ ਦੇ ਜ਼ਿਕਰ ਤੋਂ ਬਿਨਾਂ ਅਧੂਰੀ ਹੈ। ਭਾਈ ਸਾਹਿਬ, ਜਿਹੜੇ ਕਿ ਪੇਰੂ ਦੇ ਇਕਲੌਤੇ ਸਿੱਖ ਨਾਗਰਿਕ ਹਨ, ਸਿੱਖ ਲਹਿਰ ਨੂੰ ਨਾ ਸਿਰਫ ਪੇਰੂ, ਸਗੋਂ ਪੂਰੇ ਦੱਖਣੀ ਅਮਰੀਕਾ ਵਿੱਚ ਚਮਕਾਇਆ ਹੈ। ਭਾਰਤ ਵਿੱਚ ਜਨਮੇ ਭਾਈ ਪ੍ਰਤਾਪ ਸਿੰਘ ਨੇ ਸਪੈਨਿਸ਼ ਅਤੇ ਫ੍ਰੈਂਚ ਭਾਸ਼ਾਵਾਂ ਦੀ ਸਿੱਖਿਆ ਲਈ ਅਤੇ ਸਫਰ ਦੀ ਚਾਹਤ ਨੇ ਉਹਨਾਂ ਨੂੰ ਯੂਰਪ ਤੋਂ ਹੁੰਦੇ ਹੋਏ ਪੇਰੂ ਪਹੁੰਚਾਇਆ। ਲੀਮਾ ਵਿੱਚ ਉਹ ਸਪੈਨਿਸ਼ ਭਾਸ਼ਾ ਦੇ ਅਧਿਆਪਕ ਅਤੇ ਪਰਵਾਸੀ ਵਿਭਾਗ ਵਿੱਚ ਦੁਭਾਸ਼ੀਏ ਵਜੋਂ ਸੇਵਾ ਨਿਭਾਉਂਦੇ ਹਨ, ਜਿੱਥੇ ਉਹ ਗੈਰ-ਕਾਨੂੰਨੀ ਪਰਵਾਸੀਆਂ ਦੀ ਮਦਦ ਕਰਦੇ ਹਨ। ਪਰ ਉਨ੍ਹਾਂ ਦੀ ਅਸਲ ਪਛਾਣ ਸਿੱਖ ਪ੍ਰਚਾਰਕ ਵਜੋਂ ਹੈ। ਭਾਈ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ 60 ਦੇਸ਼ਾਂ ਵਿੱਚ ਪਹੁੰਚਾਇਆ ਹੈ। ਉਹ ਰੋਜ਼ਾਨਾ 250 ਲੋਕਾਂ ਨੂੰ ਸਿੱਖੀ ਦੇ ਸਿਧਾਂਤਾਂ ਬਾਰੇ ਦੱਸਦੇ ਹਨ, ਬਰੋਸ਼ਰ ਵੰਡਦੇ ਹਨ ਅਤੇ ਸਪੈਨਿਸ਼ ਵਿੱਚ ਅਨੁਵਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਸਾਂਝੀਆਂ ਕਰਦੇ ਹਨ। ਉਨ੍ਹਾਂ ਦਾ ਘਰ, ਜਿਹੜਾ ਕਿ ਪੇਰੂ ਵਿੱਚ ਇਕਲੌਤਾ ਸਿੱਖੀ ਸੰਗਤ ਦਾ ਕੇਂਦਰ ਹੈ, ਲੰਗਰ ਦੀ ਸੇਵਾ ਅਤੇ ਰੂਹਾਨੀ ਵਿਚਾਰ-ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਉਨ੍ਹਾਂ ਦੀ ਪਤਨੀ ਅਤੇ ਪਰਿਵਾਰ ਵੀ ਇਸ ਸੇਵਾ ਵਿੱਚ ਸਾਥ ਦਿੰਦਾ ਹੈ, ਜਿਸ ਨੇ ਪੇਰੂ ਦੇ ਸਥਾਨਕ ਲੋਕਾਂ ਵਿੱਚ ਸਿੱਖੀ ਦੀ ਸਮਝ ਨੂੰ ਵਧਾਇਆ ਹੈ।

### ਚੁਣੌਤੀਆਂ: ਪਗੜੀ ਦੀ ਪਹਿਚਾਣ ਅਤੇ ਗੁਰਦੁਆਰੇ ਦੀ ਘਾਟ

ਪੇਰੂ ਵਿੱਚ ਸਿੱਖ ਭਾਈਚਾਰੇ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਡੀ ਸਮੱਸਿਆ ਸਿੱਖੀ ਬਾਰੇ ਜਾਗਰੂਕਤਾ ਦੀ ਕਮੀ ਹੈ। ਸਥਾਨਕ ਲੋਕ ਪਗੜੀ, ਕਿਰਪਾਨ ਅਤੇ ਸਿੱਖੀ ਦੇ ਹੋਰ ਪ੍ਰਤੀਕਾਂ ਤੋਂ ਅਣਜਾਣ ਹਨ, ਜਿਸ ਕਾਰਨ ਕਈ ਵਾਰ ਗਲਤ ਫਹਿਮੀਆਂ ਪੈਦਾ ਹੁੰਦੀਆਂ ਹਨ। ਇਸ ਤੋਂ ਇਲਾਵਾ, ਪੇਰੂ ਵਿੱਚ ਕੋਈ ਸਥਾਈ ਗੁਰਦੁਆਰਾ ਨਹੀਂ ਹੈ, ਜਿਸ ਕਾਰਨ ਸੰਗਤ ਨੂੰ ਧਾਰਮਿਕ ਸਮਾਗਮਾਂ ਲਈ ਨਿੱਜੀ ਘਰਾਂ ਜਾਂ ਕਿਰਾਏ ਦੇ ਸਥਾਨਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਹ ਸਥਿਤੀ ਸੰਗਤ ਦੀ ਇਕੱਠ ਨੂੰ ਸੀਮਤ ਕਰਦੀ ਹੈ ਅਤੇ ਸਿੱਖੀ ਦੇ ਵਿਸਥਾਰ ਵਿੱਚ ਰੁਕਾਵਟ ਬਣਦੀ ਹੈ। ਫਿਰ ਵੀ, ਭਾਈ ਪ੍ਰਤਾਪ ਸਿੰਘ ਅਤੇ ਉਹਨਾਂ ਦੇ ਪਰਿਵਾਰ ਨੇ ਆਪਣੇ ਘਰ ਨੂੰ ਗੁਰਦੁਆਰੇ ਦਾ ਰੂਪ ਦੇ ਕੇ ਸੰਗਤ ਦੀ ਸੇਵਾ ਜਾਰੀ ਰੱਖੀ ਹੋਈ ਹੈ।

### ਪੇਰੂ ਦੀ ਆਰਥਿਕ ਹਾਲਤ ਅਤੇ ਸਿੱਖਾਂ ਦਾ ਕਾਰੋਬਾਰ

ਪੇਰੂ ਦੀ ਅਰਥਵਿਵਸਥਾ ਮਿਸ਼ਰਤ ਹੈ, ਜਿਸ ਵਿੱਚ ਖਣਿਜ, ਖੇਤੀਬਾੜੀ, ਸੈਰ-ਸਪਾਟਾ ਅਤੇ ਨਿਰਮਾਣ ਮੁੱਖ ਖੇਤਰ ਹਨ। 2025 ਵਿੱਚ, ਪੇਰੂ ਦੀ ਅਰਥਵਿਵਸਥਾ ਮਹਾਂਮਾਰੀ ਤੋਂ ਬਾਅਦ ਮੁੜ ਸੁਧਾਰ ਦੇ ਰਾਹ ਤੇ ਹੈ, ਪਰ ਅਸਮਾਨਤਾ ਅਤੇ ਗਰੀਬੀ ਅਜੇ ਵੀ ਵੱਡੀਆਂ ਚੁਣੌਤੀਆਂ ਹਨ। ਸਿੱਖ ਭਾਈਚਾਰਾ, ਜੋ ਜ਼ਿਆਦਾਤਰ ਲੀਮਾ ਵਿੱਚ ਵਸਦਾ ਹੈ, ਵਪਾਰ ਅਤੇ ਸਿੱਖਿਆ ਦੇ ਖੇਤਰ ਵਿੱਚ ਸਰਗਰਮ ਹੈ। ਕੁਝ ਸਿੱਖ ਪਰਿਵਾਰ ਵਪਾਰਕ ਗਤੀਵਿਧੀਆਂ ਜਿਵੇਂ ਕਿ ਟੈਕਸਟਾਈਲ, ਆਯਾਤ-ਨਿਰਯਾਤ ਅਤੇ ਸੈਰ-ਸਪਾਟਾ ਸੰਬੰਧੀ ਕਾਰੋਬਾਰ ਵਿੱਚ ਸ਼ਾਮਲ ਹਨ। ਆਰਥਿਕ ਤੌਰ ਤੇ, ਸਿੱਖ ਭਾਈਚਾਰਾ ਮੱਧਮ ਪੱਧਰ ਦੀ ਸਥਿਤੀ ਵਿੱਚ ਹੈ, ਜਿਹੜਾ ਸੇਵਾ ਖੇਤਰ ਵਿਚ ਸੀਮਤ ਸਰੋਤਾਂ ਨਾਲ ਸਿੱਖੀ ਦੇ ਵਿਕਾਸ ਵਿਚ ਯੋਗਦਾਨ ਪਾ ਰਿਹਾ ਹੈ।

### ਪੇਰੂ ਸਰਕਾਰ ਦਾ ਨਜ਼ਰੀਆ ਅਤੇ ਨਾਗਰਿਕਤਾ

ਪੇਰੂ ਸਰਕਾਰ ਦਾ ਸਿੱਖ ਧਰਮ ਪ੍ਰਤੀ ਨਜ਼ਰੀਆ ਸਕਾਰਾਤਮਕ ਹੈ, ਕਿਉਂਕਿ ਪੇਰੂ ਇੱਕ ਬਹੁ-ਸਭਿਆਚਾਰਕ ਮੁਲਕ ਹੈ ਜੋ ਵਿਭਿੰਨਤਾ ਨੂੰ ਸਤਿਕਾਰਦਾ ਹੈ। ਸਰਕਾਰ ਸਿੱਖ ਭਾਈਚਾਰੇ ਦੀਆਂ ਸਮਾਜਿਕ ਸੇਵਾਵਾਂ, ਖਾਸਕਰ ਲੰਗਰ, ਦੀ ਸ਼ਲਾਘਾ ਕਰਦੀ ਹੈ। ਭਾਈ ਪ੍ਰਤਾਪ ਸਿੰਘ ਨੂੰ ਪੇਰੂ ਦੀ ਨਾਗਰਿਕਤਾ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਸਿੱਖ ਭਾਈਚਾਰੇ ਦੇ ਯੋਗਦਾਨ ਨੂੰ ਮਾਨਤਾ ਦਿੰਦੀ ਹੈ। ਪਰ, ਸਥਾਨਕ ਨਿਵਾਸੀਆਂ ਵਿੱਚ ਸਿੱਖੀ ਦੀ ਸਮਝ ਦੀ ਘਾਟ ਕਾਰਨ, ਸਰਕਾਰ ਨੂੰ ਸਿੱਖੀ ਦੇ ਪ੍ਰਤੀਕਾਂ ਅਤੇ ਸਿਧਾਂਤਾਂ ਬਾਰੇ ਹੋਰ ਜਾਗਰੂਕਤਾ ਦੀ ਲੋੜ ਹੈ। ਸਿੱਖਾਂ ਨੂੰ ਪੀਆਰ ਅਤੇ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਵਿੱਚ ਸਰਕਾਰ ਸਖਤ ਨੀਤੀਆਂ ਅਪਨਾਉਂਦੀ ਹੈ, ਪਰ ਭਾਈ ਪ੍ਰਤਾਪ ਸਿੰਘ ਵਰਗੀਆਂ ਸ਼ਖਸ਼ੀਅਤਾਂ ਦੀਆਂ ਸੇਵਾਵਾਂ ਨੇ ਇਸ ਪ੍ਰਕਿਰਿਆ ਨੂੰ ਸੌਖਾ ਕੀਤਾ ਹੈ।

### ਪੰਜਾਬੀ ਭਾਸ਼ਾ ਦਾ ਫੈਲਾਅ

ਪੇਰੂ ਵਿੱਚ ਪੰਜਾਬੀ ਭਾਸ਼ਾ ਦਾ ਫੈਲਾਅ ਬਹੁਤ ਸੀਮਤ ਹੈ, ਕਿਉਂਕਿ ਸਥਾਨਕ ਭਾਸ਼ਾ ਸਪੈਨਿਸ਼ ਅਤੇ ਕੁਝ ਸਥਾਨਕ ਭਾਸ਼ਾਵਾਂ ਜਿਵੇਂ ਕਿ ਕਿਚੂਆ ਅਤੇ ਆਈਮਾਰਾ ਹਨ। ਸਿੱਖ ਭਾਈਚਾਰਾ, ਖਾਸਕਰ ਭਾਈ ਪ੍ਰਤਾਪ ਸਿੰਘ, ਸਪੈਨਿਸ਼ ਵਿੱਚ ਸਿੱਖੀ ਦੀਆਂ ਸਿੱਖਿਆਵਾਂ ਨੂੰ ਪ੍ਰਚਾਰਦਾ ਹੈ, ਜਿਸ ਨਾਲ ਸਥਾਨਕ ਲੋਕਾਂ ਨਾਲ ਸੰਵਾਦ ਸੌਖਾ ਹੁੰਦਾ ਹੈ। ਪੰਜਾਬੀ ਭਾਸ਼ਾ ਮੁੱਖ ਤੌਰ ਤੇ ਸਿੱਖ ਪਰਿਵਾਰਾਂ ਦੇ ਘਰਾਂ ਵਿੱਚ ਹੀ ਸੀਮਤ ਹੈ। ਫਿਰ ਵੀ, ਭਾਈ ਸਾਹਿਬ ਦੀਆਂ ਕੋਸ਼ਿਸ਼ਾਂ ਨੇ ਸਪੈਨਿਸ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਪੇਸ਼ ਕਰਕੇ ਸਿੱਖੀ ਦੀ ਪਹੁੰਚ ਨੂੰ ਵਧਾਇਆ ਹੈ।

ਪੇਰੂ ਵਿੱਚ ਸਿੱਖ ਬੀਬੀਆਂ, ਖਾਸਕਰ ਭਾਈ ਪ੍ਰਤਾਪ ਸਿੰਘ ਦੀ ਪਤਨੀ ਅਤੇ ਪਰਿਵਾਰ, ਸੇਵਾ ਅਤੇ ਪ੍ਰਚਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਹ ਲੰਗਰ ਦੀ ਸੇਵਾ, ਸੰਗਤ ਦੀ ਸੰਭਾਲ ਅਤੇ ਸਥਾਨਕ ਸਮਾਜ ਨਾਲ ਸੰਵਾਦ ਵਿੱਚ ਸਰਗਰਮ ਹਨ। ਇਸ ਤੋਂ ਇਲਾਵਾ, ਕ੍ਰਿਸ਼ਨ ਸ਼ਿਵਾ ਸਿੰਘ ਵਰਗੇ ਸੇਵਾਦਾਰਾਂ ਨੇ ਮਹਾਂਮਾਰੀ ਦੌਰਾਨ 'ਲੰਗਰ ਪੇਰੂ' ਪ੍ਰੋਜੈਕਟ ਨੂੰ ਸਫਲਤਾਪੂਰਵਕ ਚਲਾਇਆ ਹੈ। ਪੇਰੂ ਵਿੱਚ ਸਿੱਖ ਧਰਮ ਅਜੇ ਸ਼ੁਰੂਆਤੀ ਦੌਰ ਵਿੱਚ ਹੈ, ਪਰ ਇਸ ਦੀਆਂ ਸੰਭਾਵਨਾਵਾਂ ਉਜਵਲ ਹਨ। ਭਾਈ ਪ੍ਰਤਾਪ ਸਿੰਘ ਅਤੇ ਉਹਨਾਂ ਦੇ ਪਰਿਵਾਰ ਦੀਆਂ ਕੋਸ਼ਿਸ਼ਾਂ ਨੇ ਸਿੱਖੀ ਦੀ ਨੀਂਹ ਮਜ਼ਬੂਤ ਕੀਤੀ ਹੈ। ਭਵਿੱਖ ਵਿੱਚ, ਇੱਕ ਸਥਾਈ ਗੁਰਦੁਆਰੇ ਦੀ ਸਥਾਪਨਾ, ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਸਿੱਖੀ ਬਾਰੇ ਜਾਗਰੂਕਤਾ ਪ੍ਰੋਗਰਾਮ, ਅਤੇ ਸਥਾਨਕ ਸੰਗਠਨਾਂ ਨਾਲ ਸਹਿਯੋਗ ਸਿੱਖੀ ਦੇ ਵਿਸਥਾਰ ਵਿੱਚ ਮਦਦ ਕਰ ਸਕਦੇ ਹਨ।

# ਕੈਨੇਡਾ: ਪ੍ਰਸਿੱਧ ਗ਼ਜ਼ਲਗੋ ਗੁਰਦਰਸ਼ਨ ਸਿੰਘ 'ਬਾਦਲ' 'ਤੇ ਨਸਲੀ ਹਮਲਾ, ਪੁਲਿਸ ਕਾਰਵਾਈ ਦੀ ਮੰਗ

ਸਰੀ (ਕੈਨੇਡਾ)-ਬੀਤੇ ਦਿਨੀਂ ਕੈਨੇਡਾ ਦੇ ਸਰੀ ਸ਼ਹਿਰ ਵਿਚ ਮਸ਼ਹੂਰ ਪੰਜਾਬੀ ਸ਼ਾਇਰ ਤੇ ਗ਼ਜ਼ਲਗੋ ਗੁਰਦਰਸ਼ਨ ਸਿੰਘ 'ਬਾਦਲ' 'ਤੇ ਨਸਲੀ ਹਮਲਾ ਹੋਇਆ। ਇਹ ਵਾਰਦਾਤ 21 ਜੁਲਾਈ ਦੀ ਸ਼ਾਮ ਨੂੰ ਸਰੀ ਦੇ ਨਿਊਟਨ ਅਥਲੈਟਿਕਸ ਪਾਰਕ ਵਿਚ ਵਾਪਰੀ, ਜਦੋਂ ਬਾਦਲ ਸਾਹਿਬ ਰੋਜ਼ਾਨਾ ਵਾਂਗ ਸੈਰ ਕਰਨ ਗਏ ਸਨ।

ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਸ਼ਾਮ ਕਰੀਬ ਅੱਠ ਵਜੇ ਉਹ ਪਾਰਕ 'ਚ ਕੁਝ ਹੋਰ ਬਜ਼ੁਰਗਾਂ ਨਾਲ ਬੈਠੇ ਸਨ। ਅਚਾਨਕ ਪੰਜ-ਛੇ ਨੌਜਵਾਨ ਆਏ, ਜਿਨ੍ਹਾਂ ਨੇ ਉਨ੍ਹਾਂ ਦੇ ਮੂੰਹ 'ਤੇ ਕਾਲੀ ਮਿੱਟੀ ਵਾਲਾ ਗੋਲਾ ਮਾਰਿਆ ਤੇ ਅੰਗਰੇਜ਼ੀ 'ਚ ਗਾਲ੍ਹਾਂ ਕੱਢਦਿਆਂ ਕਿਹਾ, "ਰਾਸਕਲ, ਇਸ ਦੇਸ਼ ਨੂੰ ਛੱਡ ਦੇ!" ਇਸ ਹਮਲੇ ਨਾਲ ਘਬਰਾਏ ਬਾਦਲ ਸਾਹਿਬ ਨੇ ਮਦਦ ਲਈ ਰੌਲਾ ਪਾਇਆ, ਪਰ ਉਦੋਂ ਤੱਕ ਉਹ ਨੌਜਵਾਨ ਭੱਜ ਗਏ।

ਉਨ੍ਹਾਂ ਨੇ ਸਰੀ ਪੁਲਿਸ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਪਾਰਕਾਂ 'ਚ ਬਜ਼ੁਰਗਾਂ ਦੀ ਸੁਰੱਖਿਆ ਲਈ ਪੁਲਿਸ ਗਾਰਡ ਲਾਏ ਜਾਣ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਪਹਿਲੀ ਵਾਰ ਨਹੀਂ, ਜਦੋਂ ਉਨ੍ਹਾਂ ਨੂੰ ਅਜਿਹੀ ਨਸਲੀ ਨਫ਼ਰਤ ਦਾ ਸਾਮ੍ਹਣਾ ਕਰਨਾ ਪਿਆ। ਕਰੀਬ 25 ਸਾਲ ਪਹਿਲਾਂ ਵੀ ਕੁਝ ਗੋਰੇ ਮੁੰਡਿਆਂ ਨੇ ਉਨ੍ਹਾਂ ਦੀ ਪੱਗ 'ਤੇ ਟਿੱਪਣੀ ਕਰਦਿਆਂ



ਪਟਾਕਾ ਸੁੱਟਿਆ ਸੀ, ਜਿਸ ਨਾਲ ਉਨ੍ਹਾਂ ਦੀ ਪੱਗ ਦਾ ਇੱਕ ਲੜ ਸੜ ਗਿਆ ਸੀ।

ਹਾਲਾਂਕਿ, ਸਰੀ ਪੁਲਿਸ ਨੇ ਅਜੇ ਤੱਕ ਇਸ ਮਾਮਲੇ 'ਚ ਕੋਈ ਰਸਮੀ ਕਾਰਵਾਈ ਦੀ ਜਾਣਕਾਰੀ ਨਹੀਂ ਦਿੱਤੀ। ਪੁਲਿਸ ਵੱਲੋਂ ਇਸ ਸਬੰਧੀ ਕੋਈ ਅਧਿਕਾਰਤ ਬਿਆਨ ਵੀ ਜਾਰੀ ਨਹੀਂ ਕੀਤਾ ਗਿਆ। ਗੁਰਦਰਸ਼ਨ ਸਿੰਘ ਨੇ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਅੱਗੇ ਤੋਂ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਸੁਪਰੀਮ ਕੋਰਟ ਨੇ ਮੁੰਬਈ ਧਮਾਕਿਆਂ ਦੇ ਦੋਸ਼ੀਆਂ ਦੀ ਬਰੀ ਕਰਨ 'ਤੇ ਲਾਈ ਰੋਕ

## ✪ ਬਾਂਬੇ ਹਾਈ ਕੋਰਟ ਦਾ ਫੈਸਲਾ ਨਜ਼ੀਰ ਨਹੀਂ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਮੁੰਬਈ ਦੀਆਂ ਲੋਕਲ ਟਰੇਨਾਂ ਵਿਚ 2006 ਦੇ ਸੀਰੀਅਲ ਧਮਾਕਿਆਂ ਦੇ ਮਾਮਲੇ ਵਿਚ ਬਾਂਬੇ ਹਾਈ ਕੋਰਟ ਦੇ ਸਾਰੇ 12 ਦੋਸ਼ੀਆਂ ਨੂੰ ਬਰੀ ਕਰਨ ਵਾਲੇ ਫੈਸਲੇ 'ਤੇ ਰੋਕ ਲਾ ਦਿੱਤੀ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਇਹ ਰੋਕ ਜੇਲ੍ਹ ਤੋਂ ਰਿਹਾਅ ਹੋ ਚੁੱਕੇ ਦੋਸ਼ੀਆਂ ਨੂੰ ਮੁੜ ਜੇਲ੍ਹ ਭੇਜਣ ਲਈ ਨਹੀਂ, ਪਰ ਹਾਈ ਕੋਰਟ ਦਾ ਫੈਸਲਾ ਹੋਰ ਮਾਮਲਿਆਂ 'ਚ ਨਜ਼ੀਰ ਨਹੀਂ ਮੰਨਿਆ ਜਾਵੇਗਾ। ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਜਸਟਿਸ ਐਨ. ਕੋਟਿਸ਼ਵਰ ਸਿੰਘ ਦੀ ਬੈਂਚ ਨੇ ਮਹਾਰਾਸ਼ਟਰ ਸਰਕਾਰ ਦੀ ਅਪੀਲ 'ਤੇ ਸੁਣਵਾਈ ਕਰਦਿਆਂ ਦੋਸ਼ੀਆਂ ਨੂੰ ਨੋਟਿਸ ਜਾਰੀ ਕੀਤਾ।

ਮਹਾਰਾਸ਼ਟਰ ਸਰਕਾਰ ਦੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਦਲੀਲ ਦਿੱਤੀ ਕਿ ਹਾਈ ਕੋਰਟ ਨੇ ਬਹੁਤ ਤਕਨੀਕੀ ਆਧਾਰਾਂ 'ਤੇ ਦੋਸ਼ੀਆਂ ਨੂੰ ਬਰੀ ਕੀਤਾ, ਜਿਵੇਂ ਕਿ ਆਰਡੀਐਕਸ ਦੀ ਬਰਾਮਦਗੀ ਨੂੰ ਭਰੋਸੇਯੋਗ ਨਾ ਮੰਨਣਾ, ਕਿਉਂਕਿ ਜ਼ਬਤ ਵਿਸਫੋਟਕ ਨੂੰ ਲਾਖ ਨਾਲ ਸੀਲ ਨਹੀਂ ਕੀਤਾ ਗਿਆ। ਮਹਿਤਾ ਨੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਵਿਚ ਮਕੋਕਾ ਬਾਰੇ ਟਿੱਪਣੀਆਂ ਹੋਰ ਮਾਮਲਿਆਂ 'ਤੇ ਅਸਰ ਪਾ ਸਕਦੀਆਂ ਹਨ, ਇਸ ਲਈ ਰੋਕ ਜ਼ਰੂਰੀ ਸੀ। ਸੁਪਰੀਮ ਕੋਰਟ ਨੇ ਸਹਿਮਤੀ ਜਤਾਉਂਦਿਆਂ ਫੈਸਲੇ ਨੂੰ ਨਜ਼ੀਰ ਮੰਨਣ 'ਤੇ



ਪਾਬੰਦੀ ਲਾਈ।

11 ਜੁਲਾਈ 2006 ਨੂੰ ਮੁੰਬਈ ਦੀਆਂ ਪੱਛਮੀ ਲਾਈਨ ਦੀਆਂ ਲੋਕਲ ਟਰੇਨਾਂ ਵਿਚ ਹੋਏ ਸੱਤ ਧਮਾਕਿਆਂ ਵਿਚ 187 ਲੋਕ ਮਾਰੇ ਗਏ ਸਨ। ਵਿਸ਼ੇਸ਼ ਅਦਾਲਤ ਨੇ ਪੰਜ ਦੋਸ਼ੀਆਂ ਨੂੰ ਮੌਤ ਅਤੇ ਸੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਪਰ ਹਾਈ ਕੋਰਟ ਨੇ ਸਬੂਤਾਂ ਦੀ ਕਮੀ ਦੱਸ ਕੇ ਸਾਰਿਆਂ ਨੂੰ ਬਰੀ ਕਰ ਦਿੱਤਾ। ਮਹਾਰਾਸ਼ਟਰ ਏਟੀਐਸ ਦਾ ਦਾਅਵਾ ਸੀ ਕਿ ਦੋਸ਼ੀ ਸਿਮੀ ਅਤੇ ਲਸ਼ਕਰ-ਏ-ਤਇਬਾ ਨਾਲ ਜੁੜੇ ਸਨ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਮਾਮਲੇ ਵਿਚ ਅਗਲੀ ਸੁਣਵਾਈ 'ਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹਨ।

# ★ ਮਿੰਨੀ ਕਹਾਣੀਆਂ ★

## ਆਦਤ

ਜ਼ਿੰਦਗੀ ਸੋਹਣੀ ਲੰਘ ਰਹੀ ਸੀ। ਉਹ ਪਤਾ ਨਹੀਂ ਕਿੱਥੋਂ ਇੱਕ ਵਾ ਵਰੋਲੇ ਵਾਂਗ ਆਇਆ ਤੇ ਸਭ ਕੁਝ ਖਲਾਰ ਕੇ ਚਲਾ ਗਿਆ। ਇਹ ਅਕਸਰ ਵਾਪਰਦਾ ਹੈ ਕਹਿਣਾ ਸੌਖਾ ਹੈ ਪਰ ਸਭ ਕੁਝ ਨੂੰ ਫੇਰ ਤੋਂ ਥਾਂ ਸਿਰ ਕਰਨਾ ਇਨ੍ਹਾਂ ਆਸਾਨ ਨਹੀਂ। ਜ਼ਿੰਦਗੀ ਵਿੱਚ ਸਭ ਤੋਂ ਸੌਖਾ ਹੈ ਕਿਸੇ ਦੀ ਆਦਤ ਪੈ ਲੈਣਾ ਤੇ ਸਭ ਤੋਂ ਔਖਾ ਹੈ ਕਿਸੇ ਦੀ ਆਦਤ ਚੋ ਨਿਕਲਣਾ। ਹਾਂ! ਉਹ ਆਦਤ ਹੀ ਤਾਂ ਬਣ ਗਿਆ ਸੀ। ਵੇਲੇ ਕੁਵੇਲੇ ਉਸ ਦਾ ਫੋਨ ਆਉਣਾ ਤੇ ਲੰਬਾ ਸਮਾਂ ਗੱਲ ਬਾਤ ਕਰਨੀ। ਦੁਨੀਆ ਦੇ ਹਰ ਮਸਲੇ ਤੇ ਬਹਿਸ ਤੇ ਅਜੀਬ ਜਿਹੀ ਕੈਫ਼ੀਅਤ ਨਾਲ ਦਿਲ ਦਿਮਾਗ ਦੀਆਂ ਗੱਲਾਂ। ਕੋਈ ਕੁਝ ਵੀ ਕਹੇ ਗੱਲਾਂ ਰੂਹ ਦੀ ਖੁਰਾਕ ਹੁੰਦੀਆਂ। ਗੱਲਾਂ ਰਾਹੀ ਲੋਕ ਦਿਲ ਤੱਕ ਪਹੁੰਚ ਜਾਂਦੇ ਆਦਤ ਜਿਹੀ ਪੈ ਜਾਂਦੀ ਗੱਲ ਕਰਨ ਦੀ। ਫਿਰ ਜਿਸ ਦਿਨ ਗੱਲ ਨਾ ਹੋਵੇ ਕੁਝ ਖਾਲੀ ਜਿਹਾ ਲੱਗਦਾ। ਜਿਵੇਂ ਰੋਟੀ ਖਾ ਕੇ ਵੀ ਭੁੱਖ ਮਹਿਸੂਸ ਹੋਣਾ। ਅਸਲ ਵਿੱਚ ਸਾਨੂੰ ਪਿਆਰ ਤੇ ਆਦਤ ਇੱਕੋ ਜਿਹੇ ਲੱਗਦੇ। ਕਈ ਵਾਰ ਕਿਸੇ ਦੀ ਆਦਤ ਪੈ ਜਾਂਦੀ ਤੇ ਅਸੀਂ ਉਸ ਨੂੰ ਪਿਆਰ ਸਮਝ ਲੈਂਦੇ। ਇਹੀ ਤਾਂ ਹੋਇਆ ਕਿ ਉਸ ਦੀ ਆਦਤ ਪੈ ਗਈ ਸੀ। ਜਿਸ ਦਿਨ ਗੱਲ ਨਾ ਹੁੰਦੀ ਭੁੱਖ ਜਿਹੀ ਮਹਿਸੂਸ ਹੁੰਦੀ ਰਹਿੰਦੀ। ਕਹਿੰਦੇ ਨੇ ਬੰਦੇ ਨੂੰ ਅਫ਼ੀਮ ਦਾ ਨਸ਼ਾ ਲੱਗ ਜਾਵੇ ਤਾਂ ਅਫ਼ੀਮ ਨਾ ਮਿਲਣ ਤੇ ਤੋਟ ਲੱਗ ਜਾਂਦੀ ਇਹ ਗੱਲਾਂ ਤੇ ਆਦਤ ਤੇ ਵੀ ਲਾਗੂ ਹੁੰਦੀ। ਉਸਦਾ ਕਸੂਰ ਸਿਰਫ ਇਹ ਹੈ ਕਿ ਉਹ ਆਦਤ ਬਣ ਗਿਆ। ਹੁਣ ਜਦੋਂ ਉਹ ਨਹੀਂ ਹੈ ਤਾਂ ਮਨ ਤੋ ਇਹ ਤੋਟ ਸਹਿ ਨਹੀਂ ਹੁੰਦੀ। ਬਿਨਾਂ ਕਦੀ ਮਿਲੇ ਵੀ ਕੋਈ ਤੁਹਾਡੇ ਕਿੰਨਾ ਨਜ਼ਦੀਕ ਆ ਜਾਂਦਾ ਹੈ ਕਿ ਤੁਹਾਡੀ ਜ਼ਿੰਦਗੀ ਉਸ ਨੂੰ ਧੁਰੀ ਸਮਝ ਉਸ ਦੁਆਲੇ ਘੁੰਮਣ ਲੱਗਦੀ ਹੈ। ਉਸਦੀ ਅਣਹੋਂਦ ਵਿੱਚ ਸਭ ਖਾਲੀ ਜਿਹਾ ਮਹਿਸੂਸ ਹੁੰਦਾ। ਸ਼ਾਇਦ ਉਹ ਜਿੱਥੇ ਵੀ ਹੈ ਇਹੀ ਮਹਿਸੂਸ ਕਰਦਾ ਹੋਵੇ। ਦੁਨੀਆਂ ਵਿੱਚ ਬਹੁਤ ਲੋਕ ਮਿਲਦੇ ਹਨ ਤੇ ਕੋਈ ਇੱਕ ਦੂਜੇ ਵਰਗਾ ਨਹੀਂ ਹੁੰਦਾ। ਹਰ ਕੋਈ ਆਪਣੇ ਆਪ ਵਿੱਚ ਖਾਸ ਹੁੰਦਾ ਹੈ। ਅਜਿਹੇ ਸ਼ਖ਼ਸ਼ ਭੁੱਲ ਕੇ ਵੀ ਨਹੀਂ ਭੁੱਲਦੇ।

-ਹਰਪ੍ਰੀਤ ਕੌਰ ਸੰਧੂ

## ਮਾਂ ਨਾਲ ਵਾਅਦਾ

ਮਾਂ ਦੇ ਸਸਕਾਰ ਤੋਂ ਬਾਅਦ ਅੱਜ ਤੀਜੇ ਦਿਨ ਸੁਜਾਤਾ ਦੀ ਮਾਂ ਦਾ ਭੋਗ ਸੀ। ਉਹ ਮਸਾਂ ਹੀ ਗੁਰਦੁਆਰਾ ਸਾਹਿਬ ਪਹੁੰਚੀ। ਮੱਥਾ ਟੇਕਦਿਆਂ ਗੁਰੂ ਜੀ ਦੇ ਚਰਨਾਂ 'ਚ ਪਈ ਮਾਂ ਦੀ ਤਸਵੀਰ ਦੇਖਦਿਆਂ ਉਸ ਦੀ ਭੁੱਬ ਨਿਕਲ ਗਈ ਤੇ ਉਹ ਆਪਣੇ ਆਪ ਨੂੰ ਕਾਬੂ ਕਰਦੀ ਇੱਕ ਨੁੱਕਰ ਤੇ ਜਾ ਬੈਠੀ। ਰਾਗੀਆਂ ਵੱਲੋਂ ਵੈਰਾਗਮਈ ਕੀਰਤਨ ਚੱਲ ਰਿਹਾ ਸੀ। ਉਸਦੇ ਹੰਝੂ ਰੁਕ ਨਹੀਂ ਰਹੇ ਸਨ।

ਉਸਨੇ ਦੇਖਿਆ ਉਸਦੀਆਂ ਚਾਰੇ ਭਰਜਾਈਆਂ ਵੰਨ- ਸੁਵੰਨੇ ਸੂਟਾਂ 'ਚ ਮੈਚਿੰਗ ਲਿਪਸਟਿਕ ਲਾਈ ਉਸਦੇ ਕੋਲ ਹੀ ਬੈਠੀਆਂ ਸਨ। ਪਿੱਛੇ ਬੈਠੇ ਰਿਸ਼ਤੇਦਾਰ ਤੇ ਹੋਰ ਲੋਕ ਆਪਣੀਆਂ ਗੱਲਾਂ ਵਿਚ ਮਸ਼ਰੂਫ ਹਨ।



ਬਿਲਕੁਲ ਪਿੱਛੇ ਬੈਠੀਆਂ ਔਰਤਾਂ ਤਾਂ ਗੱਲਾਂ ਕਰਦੀਆਂ ਹੱਸ ਵੀ ਰਹੀਆਂ ਸਨ।

ਇਨੇ ਨੂੰ ਸਟੇਜ ਤੇ ਬੁਲਾਰੇ ਭਾਸ਼ਣ ਦੇਣ ਲੱਗੇ। ਸੁਜਾਤਾ ਸਭ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਬੁਲਾਰੇ ਆਲੇ-ਦੁਆਲੇ ਦੀਆਂ ਗੱਲਾਂ ਕਰਦੇ ਉਸਦੇ ਭਰਾਵਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਰਹੇ ਸਨ। ਜਿਸਨੂੰ ਸੁਣ-ਸੁਣ ਕੇ ਸਭ ਤੋਂ ਅੱਗੇ ਬੈਠੇ ਉਸਦੇ ਚਾਰੇ ਭਰਾ ਖੁਸ਼ ਨਜ਼ਰ ਆ ਰਹੇ ਸਨ। ਪਰ ਉਸਦੀ ਮਾਂ ਬਾਰੇ ਕੋਈ ਕੁਝ ਨਹੀਂ ਬੋਲ ਰਿਹਾ ਸੀ। ਸੁਜਾਤਾ ਦਾ ਦਿਲ ਕੀਤਾ ਕਿ ਉਹ ਹੁਣੇ ਉੱਠ ਕੇ ਭਾਸ਼ਣ ਦੇਣ ਵਾਲੇ ਤੋਂ ਮਾਈਕ ਖੋਹ ਲਵੇ ਤੇ ਚੀਕ-ਚੀਕ ਕੇ ਸਾਰੀ ਸੰਗਤ ਨੂੰ ਦੱਸੇ ਕਿ ਸਾਡੇ ਪਿਓ ਦੇ ਮਰਨ ਤੋਂ ਬਾਅਦ ਕਿਵੇਂ ਸਾਡੀ ਮਾਂ ਨੇ ਮਿਹਨਤ-ਮੁਸ਼ੱਕਤ ਕਰ-ਕਰਕੇ ਸਾਨੂੰ ਪੰਜ ਭੈਣਾਂ ਭਰਾਵਾਂ ਨੂੰ ਪਾਲ਼ਿਆ, ਪੜ੍ਹਇਆ ਤੇ ਸਾਡੇ ਵਿਆਹ ਕੀਤੇ। ਹਰ ਪਲ, ਹਰ ਕਦਮ ਤੇ ਉਸਨੇ ਸਾਡੇ ਲਈ ਕੁਰਬਾਨੀਆਂ ਕੀਤੀਆਂ। ਪਰ.... ਉਹ ਚਾਹ ਕੇ ਵੀ ਕੁਝ ਨਾ ਬੋਲ ਸਕੀ।

ਭੋਗ ਤੋਂ ਬਾਅਦ ਸਾਰੀ ਸੰਗਤ ਲੰਗਰ ਹਾਲ ਵੱਲ ਚਲੀ ਪਈ ਸੀ। ਸਾਰੇ ਆਪਸ ਵਿੱਚ ਗੱਲਾਂ ਕਰਦੇ ਤੁਰਦੇ- ਤੁਰਦੇ ਹੱਸਦੇ ਜਾ ਰਹੇ ਸਨ। ਸੁਜਾਤਾ ਨੂੰ ਤਾਂ ਲੱਗ ਹੀ ਨਹੀਂ ਸੀ ਰਿਹਾ ਕਿ ਇਹ ਸਾਰੇ ਉਸਦੀ ਮਾਂ ਦੇ ਭੋਗ ਤੇ.....। ਸੁਜਾਤਾ ਵੀ ਬੋਝਲ ਕਦਮਾਂ ਨਾਲ ਲੰਗਰ ਹਾਲ ਵੱਲ ਚੱਲ ਪਈ।

ਲੰਗਰ ਹਾਲ 'ਚ ਵੀ ਵਿਆਹ ਵਰਗਾ ਮਾਹੌਲ ਸੀ। ਮੇਜ਼ਾਂ ਤੇ ਖਾਣੇ ਦਾ ਪ੍ਰਬੰਧ ਸੀ ਤੇ ਲੋਕ ਕੁਰਸੀਆਂ ਤੇ ਬੈਠੇ ਖਾਣਾ ਖਾ ਰਹੇ ਸਨ। ਸੁਜਾਤਾ ਨੂੰ ਸਭ ਤੋਂ ਵੱਧ ਦੁੱਖ ਤਾਂ ਉਦੋਂ ਹੋਇਆ ਜਦ ਦੇਖਿਆ ਉਸਦੇ ਭਰਾ ਆਪਣੇ ਯਾਰਾਂ-ਮਿੱਤਰਾਂ ਨਾਲ ਖੜ੍ਹੇ ਹੱਸ ਰਹੇ ਸਨ। ਇਹ ਅੱਜ ਦੇ ਦਿਨ ਤਾਂ ਮਾਂ ਨੂੰ.......। ਤੇ ਭਰੇ ਮਨ ਨਾਲ ਸੁਜਾਤਾ ਬਿਨਾਂ ਲੰਗਰ ਖਾਧੇ ਹੀ ਗੁਰੂ ਮਹਾਰਾਜ ਦੇ ਚਰਨਾਂ 'ਚ ਪਈ ਮਾਂ ਦੀ ਤਸਵੀਰ ਲਾਗੇ ਆ ਬੈਠੀ। ਮਾਂ ਦੀ ਫੋਟੋ ਚੁੱਕ ਉਸਨੇ ਜਿਉਂ ਹੀ ਛਾਤੀ ਨਾਲ ਲਾਈ ਉਸ ਦੀ ਭੁੱਬ ਨਿਕਲ ਗਈ। ' ਮਾਂ.... ਮਾਂ.! ਦੇਖ ਲੈ ਸਭ ਭੁੱਲ ਗਏ ਤੈਨੂੰ। ਤੈਨੂੰ ਕਹਿੰਦੀ ਸੀ ਨਾ ਮੈਂ, ਤੂੰ ਵੀ ਆਪਣੀ ਜ਼ਿੰਦਗੀ ਜੀਅ ਲੈ...ਪਰ ਨਹੀਂ... ਤੂੰ ਤਾਂ ਹਰ ਪਲ ਆਪਣੇ ਪੁੱਤਰਾਂ ਲਈ ਮਰਦੀ ਰਹੀ ਤੇ ਉਨ੍ਹਾਂ ਸਭ ਨੇ ਤੈਨੂੰ ਵਿਸਾਰ ਵੀ ਦਿੱਤਾ। ਪਰ ਮੈਂ....ਮੈਂ....ਤੈਨੂੰ ਕਦੀ ਨਹੀਂ ਭੁੱਲ ਸਕਦੀ ਮਾਂ। ਤੇ ਨਾ ਹੀ ਤੇਰੀਆਂ ਕੁਰਬਾਨੀਆਂ ਨੂੰ। ਮੇਰੇ ਅੰਤਿਮ ਸਾਹ ਤੱਕ ਤੂੰ ਮੇਰੇ ਸੀਨੇ 'ਚ ਜੀਉਂਦੀ ਰਹੇਗੀ.... ਮੇਰੇ ਅੰਤਿਮ ਸਾਹ ਤੱਕ।'

-ਮਨਪ੍ਰੀਤ ਕੌਰ ਭਾਟੀਆ

# ਜਿਨ੍ਹਾਂ ਦਾ ਸਮੁੱਚਾ ਜੀਵਨ ਗੁਰੂ ਤੇ ਸੰਗਤ ਦੀ ਸੇਵਾ ਵਿੱਚ ਬੀਤਿਆ ਬਾਬਾ ਨਿਧਾਨ ਸਿੰਘ ਸਮੇਤ ਚਾਰ ਮਹਾਂਪੁਰਖਾਂ ਨੂੰ ਯਾਦ ਕਰਦਿਆਂ

**4 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਸਾਹਿਬ-ਏ-ਕਮਾਲ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ 'ਤੇ ਸੁਭਾਇਮਾਨ ਕਰਨ ਵਾਲੇ ਅਸਥਾਨ ਸਚਖੰਡ ਸ੍ਰੀ ਹਜ਼ੂਰ ਸਾਹਿਬ ਪ੍ਰਤੀ ਦੇਸ਼ ਦੁਨੀਆਂ ਵਿੱਚ ਵੱਸਣ ਵਾਲਾ ਹਰ ਇਕ ਸਿੱਖ ਦਰਸ਼ਨ-ਦੀਦਾਰ ਕਰਨ ਦੀ ਲੋਚਾ ਰੱਖਦਾ ਹੈ। ਸੇਵਾ, ਸਿਮਰਨ ਤੇ ਪ੍ਰਭੂ ਬੰਦਗੀ ਦੇ ਨਾਲ ਮਨੁੱਖਤਾ ਦੀ ਸੇਵਾ ਨੂੰ ਆਪਣੇ ਜੀਵਨ ਦਾ ਅੰਗ ਬਣਾ ਕੇ ਹਰ ਪਲ ਜੀਵਨ ਬਸਰ ਕਰਨ ਵਾਲੇ ਬਾਬਾ ਨਿਧਾਨ ਸਿੰਘ ਨੇ ਗੁਰਦੁਆਰਾ ਲੰਗਰ ਸਾਹਿਬ ਦੀ ਉਸਾਰੀ ਕਰਕੇ ਇਕ ਅਜਿਹਾ ਕਾਰਜ ਕੀਤਾ, ਜਿਸ ਨੂੰ ਦੇਸ਼ ਦੁਨੀਆਂ ਵਿੱਚ ਵੱਸਣ ਵਾਲੀ ਸਿੱਖ ਸੰਗਤ ਤਨ, ਮਨ, ਧਨ ਨਾਲ ਸਹਿਯੋਗ ਦਿੰਦੀ ਹੈ। ਇਸ ਨਾਮ-ਰਸੀ ਆਤਮਾ ਬਾਬਾ ਨਿਧਾਨ ਸਿੰਘ ਦਾ ਜਨਮ 1882 ਈ: ਵਿੱਚ ਭਾਈ ਉੱਤਮ ਸਿੰਘ ਦੇ ਗ੍ਰਹਿ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨਡਾਲੋਂ ਵਿਖੇ ਹੋਇਆ। ਬਾਬਾ ਜੀ ਬਚਪਨ ਤੋਂ ਹੀ ਇਕਾਂਤ-ਪਸੰਦ, ਕੁਦਰਤ ਪ੍ਰੇਮੀ ਅਤੇ ਰੱਬੀ ਰੰਗ ਵਿੱਚ ਰੰਗੀ ਆਤਮਾ ਦੇ ਮਾਲਕ ਸਨ। ਮੁੱਢਲੀ ਸਿੱਖਿਆ ਇਸੇ ਪਿੰਡ ਦੇ ਸੰਤ ਬਾਬਾ ਦੀਵਾਨ ਸਿੰਘ ਦੇ ਡੇਰੇ ਵਿਖੇ ਹੋਈ। ਆਪਣੇ ਸ਼ਾਂਤ-ਚਿੱਤ ਸੁਭਾਅ ਮੁਤਾਬਿਕ ਪ੍ਰਭੂ-ਬੰਦਗੀ ਨੂੰ ਪਹਿਲ ਦਿੰਦੇ ਸਨ। ਪਿੰਡ ਦੇ ਬਾਕੀ ਨੌਜਵਾਨਾਂ ਨੂੰ ਵੀ ਅਕਾਲ ਪੁਰਖ ਵਾਹਿਗੁਰੂ ਦੇ ਸਿਮਰਨ ਅਤੇ ਸੰਗਤ ਦੀ ਸੇਵਾ ਲਈ ਪ੍ਰੇਰਨਾ ਦਿੰਦੇ ਸਨ। 18 ਸਾਲ ਦੀ ਉਮਰ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਜਦੋਂ ਆਪ ਜੀ ਦੀ ਪਲਟਨ ਝਾਂਸੀ ਵਿਖੇ ਤਾਇਨਾਤ ਸੀ ਤਾਂ ਹਰ ਸਮੇਂ ਸਿਮਰਨ ਕਰਦੇ ਰਹਿਣਾ। ਹਰ ਫੌਜੀ ਜਵਾਨ ਨੂੰ ਵੀ ਪ੍ਰਭੂ ਬੰਦਗੀ ਦੀਆਂ ਬਰਕਤਾਂ ਸਬੰਧੀ ਪ੍ਰੇਰਦੇ ਰਹਿੰਦੇ। ਸੰਗਤ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ, ਸਚਖੰਡ ਸ੍ਰੀ ਹਜ਼ੂਰ ਸਾਹਿਬ ਨੂੰ ਜਾਣ ਵਾਲੀ ਸੰਗਤ ਰੇਲ ਗੱਡੀਆਂ ਰਾਹੀਂ ਝਾਂਸੀ ਰੇਲਵੇ ਸਟੇਸ਼ਨ ਤੋਂ ਹੋ ਕੇ ਜਾਂਦੀ ਸੀ, ਸਾਰੀ ਸਾਰੀ ਰਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਅਸਥਾਨ ਦੇ ਦਰਸ਼ਨ-ਦੀਦਾਰੇ ਕਰਨ ਵਾਲੀ ਸੰਗਤ ਨੂੰ ਜਲ ਛਕਾਉਣਾ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਪ੍ਰੇਮ ਤੇ ਦਰਸ਼ਨ ਦੀਦਾਰੇ ਕਰਨ ਦੀ ਤਾਂਘ ਨੇ ਉਨ੍ਹਾਂ ਨੂੰ ਫੌਜੀ ਨੌਕਰੀ ਨੂੰ ਅਲਵਿਦਾ ਕਹਿਣ ਲਈ ਮਜ਼ਬੂਰ ਕਰ ਦਿੱਤਾ। ਹੁਣ ਆਪ ਜੀ ਇਕ ਨਿਸ਼ਕਾਮ ਸੇਵਾਦਾਰ ਵਜੋਂ ਸਚਖੰਡ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ। ਭਰ ਜਵਾਨੀ ਦੀ ਉਮਰ ਦੇ 12 ਵਰ੍ਹੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਗਤ ਦੀ ਸੇਵਾ ਵਿੱਚ ਬਤੀਤ ਕੀਤੇ।

ਉਨ੍ਹਾਂ ਦੀ ਸੇਵਾ ਦੀ ਕਦਰ ਕਰਨ ਵਾਲੀਆਂ ਮਹਾਨ ਸਿੱਖ ਹਸਤੀਆਂ ਉਨ੍ਹਾਂ ਨੂੰ ਦਿਲ ਤੋਂ ਪਿਆਰ ਕਰਦੀਆਂ ਸਨ। ਪਰ ਕੁਝ ਕੁ ਈਰਖਾਲੂ ਲੋਕਾਂ ਨੇ ਉਨ੍ਹਾਂ ਨੂੰ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਤੋਂ ਬਾਹਰ ਕਰਨ ਲਈ ਬੋਲ-ਕਬੋਲ ਵੀ ਬੋਲੇ। ਹੁਣ ਉਨ੍ਹਾਂ ਦੁਨੀਆਂ ਭਰ ਤੋਂ ਦਰਸ਼ਨ ਕਰਨ ਵਾਲੀ ਸੰਗਤ ਨੂੰ ਜਲ-ਛਕਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ। ਪਰ ਇਸ ਸੇਵਾ ਨੂੰ ਨਿਭਾਉਂਦਿਆਂ ਵੀ ਉਨ੍ਹਾਂ ਨੂੰ ਨਫ਼ਰਤ ਦੀ ਅੱਗ ਵਿੱਚ ਸੜ ਰਹੇ ਲੋਕਾਂ ਦੀ ਘ੍ਰਿਣਾ ਤੇ ਵਧੀਕੀਆਂ ਦਾ ਸ਼ਿਕਾਰ ਹੋਣਾ ਪਿਆ। ਇਕ ਦਿਨ ਉਚਾਟ ਹੋ ਕੇ ਵਾਪਸ ਪੰਜਾਬ ਲਈ ਉਹ ਰੇਲਵੇ ਸਟੇਸ਼ਨ ਨਾਂਦੇੜ ਵਿਖੇ ਪਹੁੰਚ ਗਏ। ਸਟੇਸ਼ਨ ਉੱਤੇ ਹੀ ਇਕ ਨਿੰਮ ਦੇ ਦਰਖ਼ਤ ਹੇਠ ਵੈਰਾਗ ਅਵਸਥਾ ਵਿੱਚ ਬੈਠੇ ਸਨ। ਇਥੇ ਬੈਠਿਆਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਸਿੱਕ, ਅੱਜ ਪੂਰੀ ਹੋ ਗਈ। ਦਸਮੇਸ਼ ਪਿਤਾ ਜੀ ਦੇ ਬਚਨ ਹੱਥ ਮੇਰਾ ਤੇ ਖੀਸਾ ਤੇਰਾ ਨੇ ਬਾਬਾ ਨਿਧਾਨ ਸਿੰਘ ਵਰਗੀ ਵੈਰਾਗੀ ਆਤਮਾ ਨੂੰ ਧੁਰ ਅੰਦਰੋਂ ਹਿਲਾ ਦਿੱਤਾ।

ਹੁਣ ਬਾਬਾ ਨਿਧਾਨ ਸਿੰਘ ਗੋਦਾਵਰੀ ਨਦੀ ਦੇ ਕਿਨਾਰੇ ਦਸਮ ਪਿਤਾ ਜੀ ਦੇ ਪੁਰਾਤਨ ਗੁਰੂ ਕੇ ਲੰਗਰ ਦੇ ਅਸਥਾਨ 'ਤੇ ਪਹੁੰਚ ਗਏ। ਆਪਣੇ ਅੰਤਲੇ ਸੁਆਸਾਂ ਤੱਕ ਇਥੇ ਸੰਗਤ ਦੀ ਸੇਵਾ ਤਨ-ਦੇਹੀ ਨਾਲ ਨਿਭਾਈ। ਇਸੇ ਸਥਾਨ 'ਤੇ ਦੇਸ਼ ਦੀ ਆਜ਼ਾਦੀ ਤੋਂ ਥੋੜ੍ਹੇ ਦਿਨ ਪਹਿਲਾਂ 4 ਅਗਸਤ, 1947 ਈ: ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੇ ਸਰੀਰਕ ਵਿਛੋੜੇ ਤੋਂ ਪਿੱਛੋਂ ਬਾਬਾ ਹਰਨਾਮ ਸਿੰਘ, ਬਾਬਾ ਆਤਮਾ ਸਿੰਘ ਮੋਨੀ ਅਤੇ ਬਾਬਾ ਸ਼ੀਸ਼ਾ ਸਿੰਘ ਨੇ ਇਸ ਅਸਥਾਨ ਦੀ ਮਹਾਨ ਸੇਵਾ ਨੂੰ ਬਾਖ਼ੂਬੀ ਨਿਭਾਇਆ। ਅੱਜ ਇਨ੍ਹਾਂ ਚਾਰਾਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਤਿੰਨ ਦਿਨਾਂ ਗੁਰਮਤਿ ਸਮਾਗਮ ਚੱਲ ਰਹੇ ਹਨ। ਇਸ ਅਸਥਾਨ ਦੇ ਮੌਜੂਦਾ ਸੇਵਾ ਨਿਭਾਉਣ ਵਾਲੇ ਕਾਰਸੇਵਾ ਮੁਖੀ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਵੱਲੋਂ ਦਿਨ ਰਾਤ ਚੱਲਣ ਵਾਲੇ ਗੁਰੂ ਕੇ ਲੰਗਰ ਵਿੱਚੋਂ ਸੰਸਾਰ ਭਰ ਤੋਂ ਆਉਣ ਵਾਲੀ ਸੰਗਤ ਇਥੇ ਗੁਰੂ ਕਾ ਲੰਗਰ ਛਕਦੀ ਹੈ। ਇਸੇ ਅਸਥਾਨ 'ਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚ ਰਹੀ ਰੇਲ ਗੱਡੀਆਂ, ਹਵਾਈ ਜਹਾਜ਼ਾਂ, ਕਾਰਾਂ, ਬੱਸਾਂ ਰਾਹੀਂ ਆਉਣ ਵਾਲੀ ਸੰਗਤ ਨੂੰ ਆਧੁਨਿਕ ਸਹੂਲਤਾਂ ਵਾਲੀਆਂ ਰਿਹਾਇਸ਼ੀ ਬਹੁਮੰਜ਼ਿਲਾਂ ਇਮਾਰਤਾਂ ਰਾਹੀਂ ਸਾਂਭ ਸੰਭਾਲ ਕੀਤੀ ਜਾਂਦੀ ਹੈ। ਨਾਮ-ਬਾਣੀ ਦੇ ਪ੍ਰਵਾਹ ਰਾਤ ਦਿਨ ਚੱਲਦੇ ਰਹਿੰਦੇ ਹਨ। ਵਾਤਾਵਰਣ ਨੂੰ ਬਚਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਨਾਂਦੇੜ ਸ਼ਹਿਰ ਵਿੱਚ ਪੌਦੇ ਲੱਗਵਾ ਕੇ ਸ਼ਹਿਰ ਨੂੰ ਹਰਿਆ-ਭਰਿਆ ਕੀਤਾ ਗਿਆ ਹੈ। ਇਨ੍ਹਾਂ ਸਮਾਗਮਾਂ ਦੌਰਾਨ ਦੇਸ਼ ਭਰ ਤੋਂ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੀ ਹੈ। ਉਥੇ ਕੀਰਤਨੀਏ, ਢਾਡੀ, ਪ੍ਰਚਾਰਕ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਸਿੱਖ ਇਤਿਹਾਸ ਨਾਲ ਜੋੜਦੇ ਹਨ। ਹਰ ਸਾਲ ਵਾਂਗ ਇਸ ਵਾਰ ਵੀ ਇਹ ਸਮਾਗਮ ਯਾਦਗਾਰੀ ਹੋਵੇਗਾ।

*******

## ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ

**ਮੁੱਖ ਕੰਮ:-** ਸ਼੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।

**ਸਮਾਂ:-** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।

**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ:-** ਬਿਨੈਕਾਰ ਆਪਣੀਆਂ ਅਰਜ਼ੀਆਂ 15 ਅਗਸਤ 2025 ਤੋਂ ਪਹਿਲਾਂ ਭੇਜਣ

## JOB TITLE: KEERTANI JATHA OF 3 REQUIRED at Sri Guru Gobind Singh Gurdwara Manchester, U.K.

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.

**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.

**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.

**Duration:** Fixed term contract, 6 months to 1 year.

**Benefits:** Excellent salary, Accommodation will be provided and Access to Gurdwara Sahib's food pantry.

**Must have right to work in U.K.**

**Please contact: Parkash Singh on 07909 517494 or Tel: 0161 2267233**

**Closing Date : Please Apply before 15th August 2025**

**SRI GURU GOBIND SINGH GURDWARA Educational & Cultural Centre, 57 UPPER CHORLTON ROAD, WHALLEY RANGE, MANCHESTER, M16 7RQ.**

www.manchestergurdwara.co.uk - Email:info@manchestergurdwara.co.uk

Charity Registration No. 1104110

## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।


ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:

ਜਾਣਕਾਰੀ ਲਈ ਸੰਪਰਕ: M: 07966 388 388

ਗੁਰਮੀਤ ਸਿੰਘ ਪਲਾਹੀ
-9815802070



# ਕੀ ਕਾਂਗਰਸ ਦੂਜਾ ਅਜ਼ਾਦੀ ਅੰਦੋਲਨ ਲੜੇਗੀ?



**ਕੁਝ ਸਮਾਂ ਪਹਿਲਾਂ ਕਾਂਗਰਸ ਦਾ ਨੌਜਵਾਨ ਨੇਤਾ 'ਰਾਹੁਲ' ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਜਨ-ਯਾਤਰਾ 'ਤੇ ਨਿਕਲਿਆ। ਉਸਨੇ ਜਾਗਰੂਕਤਾ ਲਹਿਰ ਚਲਾਉਣ ਲਈ ਹੰਭਲਾ ਮਾਰਿਆ। ਇਹ ਹੰਭਲਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਸੀ। ਇੰਡੀਆ ਗੱਠਜੋੜ ਦੀ ਸਥਾਪਨਾ ਹੋਈ। ਵਿਰੋਧੀ ਧਿਰਾਂ ਨੇ ਇਕਜੁੱਟਤਾ ਵਿਖਾਉਣ ਦਾ ਯਤਨ ਕੀਤਾ। ਕੁਝ ਕਾਮਯਾਬੀ ਵੀ ਮਿਲੀ ਪਰ ਲੋਕ ਹਿੱਤਾਂ ਨਾਲੋਂ ਸਿਆਸੀ ਧਿਰਾਂ ਦੇ ਸਵਾਰਥੀ ਹਿੱਤ ਭਾਰੂ ਹੋ ਗਏ। "ਇੰਡੀਆ ਗੱਠਜੋੜ" ਕੁਝ ਪ੍ਰਾਪਤ ਨਾ ਕਰ ਸਕਿਆ 'ਤੇ ਕਾਂਗਰਸ ਵੀ ਮਸਾਂ ਥੋੜਾ ਬਹੁਤਾ ਆਪਣਾ ਅਕਸ ਸੁਧਾਰ ਸਕੀ। ਇੰਜ ਜਿਸ ਗੱਲ ਦੀ ਆਸ ਸੀ ਕਿ ਭਾਜਪਾ ਲਈ ਕਾਂਗਰਸ ਵੱਡੀ ਚੁਣੌਤੀ ਬਣੇਗੀ, ਉਹ "ਸਿਆਸੀ ਦੂਰਦਰਸ਼ਤਾ ਅਤੇ ਆਪਸੀ ਅੰਦਰਲੀ ਕਾਟੋ ਕਲੇਸ਼" ਕਾਰਨ ਵੱਡੀਆਂ ਪ੍ਰਾਪਤੀਆਂ ਨਾ ਕਰ ਸਕੀ। ਕਾਰਨ ਕੀ ਇਹੋ ਹੀ ਹੈ ਗਾਂਧੀ-ਨਹਿਰੂ ਪਰਿਵਾਰ ਕਾਂਗਰਸ ਨੂੰ ਅਪਾਣੇ ਹਿੱਤਾਂ ਤੋਂ ਅੱਗੇ ਨਹੀਂ ਵਧਣ ਦੇ ਰਿਹਾ ਜਾਂ ਕਾਰਨ ਕੁਝ ਹੋਰ ਵੀ ਨੇ?**

ਰਾਸ਼ਟਰੀ ਪੱਧਰ 'ਤੇ ਸਿਰਫ਼ ਕਾਂਗਰਸ ਪਾਰਟੀ ਹੀ ਹੈ, ਜਿਹੜੀ ਮੌਜੂਦਾ ਭਾਰਤੀ ਜਨਤਾ ਪਾਰਟੀ ਨੂੰ ਚੁਣੌਤੀ ਦੇ ਸਕਦੀ ਹੈ। ਪਰ ਕਾਂਗਰਸ ਨੂੰ ਸਮਝ ਹੀ ਨਹੀਂ ਆ ਰਿਹਾ, ਕਾਫ਼ੀ ਲੰਮੇ ਸਮੇਂ ਤੋਂ, ਕਿ ਉਸ ਦੀ ਦੇਸ਼ ਭਰ 'ਚ ਭਾਜਪਾ ਦੀ ਪਿੱਠ ਲਾਉਣ ਲਈ ਰਣਨੀਤੀ ਕੀ ਹੋਵੇ?

ਉਧਰ ਭਾਜਪਾ, ਲਗਾਤਾਰ ਕਾਂਗਰਸ ਅਤੇ ਉਸਦੇ ਨੇਤਾਵਾਂ ਨੂੰ ਠਿੱਠ ਕਰਨ ਲਈ ਯਤਨਸ਼ੀਲ ਹੈ। ਉਸਦੇ ਨਵੇਂ, ਪੁਰਾਣੇ ਨੇਤਾਵਾਂ ਦਾ ਅਕਸ ਵਿਗਾੜਨ ਲਈ ਉਹ ਹਰ ਹੀਲਾ ਵਰਤ ਰਹੀ ਹੈ। ਨਰੇਂਦਰ ਮੋਦੀ ਨੇ ਨਹਿਰੂ-ਗਾਂਧੀ ਪਰਿਵਾਰਾਂ ਤੋਂ ਉਹਨਾ ਦੀ ਜ਼ਾਇਦਾਦ ਖੋਹ ਕੇ ਉਹਨਾ ਨੂੰ ਇੰਨੀ ਤਕਲੀਫ਼ ਦਿੱਤੀ ਹੈ ਕਿ ਹੁਣ ਉਸ ਪਰਿਵਾਰ ਤੋਂ ਇਹ ਸਹਿ ਹੀ ਨਹੀਂ ਹੋ ਰਿਹਾ।

ਅਜ਼ਾਦੀ ਦੇ 75 ਵਰ੍ਹਿਆਂ 'ਚ ਨਹਿਰੂ-ਗਾਂਧੀ ਪਰਿਵਾਰ ਦਾ ਕੋਈ ਨਾ ਕੋਈ ਪਰਿਵਾਰਕ ਮੈਂਬਰ ਪ੍ਰਧਾਨ ਮੰਤਰੀ ਰਿਹਾ ਹੈ ਜਾਂ ਇਹ ਪਰਿਵਾਰ ਦੇਸ਼ ਦਾ ਪ੍ਰਧਾਨ ਮੰਤਰੀ ਨੀਅਤ ਕਰਨ ਲਈ ਜ਼ੁੰਮੇਵਾਰ ਰਿਹਾ ਹੈ। ਸਾਲ 1947 ਤੋਂ 1964 ਤੱਕ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਸਨ। ਫਿਰ ਲਾਲ ਬਹਾਦਰ ਸ਼ਾਸਤਰੀ ਆਏ। ਇੰਦਰਾ ਗਾਂਧੀ 1967 ਤੋਂ 1977 ਤੱਕ ਪ੍ਰਧਾਨ ਮੰਤਰੀ ਬਣੇ।

1980 'ਚ ਇੰਦਰਾ ਗਾਂਧੀ ਫਿਰ ਪ੍ਰਧਾਨ ਮੰਤਰੀ ਵਜੋਂ ਪਰਤੇ। ਸਾਲ 1984 'ਚ ਉਹਨਾ ਦੀ ਹੱਤਿਆ ਕਰ ਦਿੱਤੀ ਗਈ। ਵਾਂਗਡੋਰ ਫਿਰ ਰਜੀਵ ਗਾਂਧੀ ਹੱਥ ਆਈ। ਉਹਨਾ ਦੀ ਹੱਤਿਆ 1992 'ਚ ਹੋਈ। ਸੋਨੀਆ ਗਾਂਧੀ ਤਾਕਤਵਰ ਨੇਤਾ ਵਜੋਂ ਉਭਰੀ। ਉਹਨਾ ਆਪ ਪ੍ਰਧਾਨ ਮੰਤਰੀ ਨਾ ਬਣਕੇ ਮੌਕਾ ਨਰਸਿਮਹਾਰਾਓ ਅਤੇ ਮਨਮੋਹਨ ਸਿੰਘ ਨੂੰ ਦਿੱਤਾ। ਫਿਰ ਕਾਂਗਰਸ ਹਾਰੀ ਤੇ ਤਾਕਤ ਨਰੇਂਦਰ ਮੋਦੀ ਹੱਥ ਆਈ, ਜਿਸਨੇ 'ਕਾਂਗਰਸ ਮੁਕਤ ਭਾਰਤ' ਬਨਾਉਣ ਦਾ ਟੀਚਾ ਮਿਥਿਆ। ਪਿਛਲੇ ਗਿਆਰਾਂ ਵਰ੍ਹੇ ਦੇਸ਼ ਲਈ "ਕਾਂਗਰਸੀ ਨੇਤਾਵਾਂ" ਅਨੁਸਾਰ "ਲੋਕਤੰਤਰ ਦੀ ਹੱਤਿਆ" ਦੇ ਵਰ੍ਹੇ ਹਨ।

ਕਾਂਗਰਸੀ ਨੇਤਾ, ਰਾਹੁਲ ਗਾਂਧੀ ਜੋ ਲੋਕ ਸਭਾ 'ਚ ਆਪੋਜ਼ੀਸ਼ਨ ਨੇਤਾ ਹਨ, ਕਹਿ ਰਹੇ ਹਨ ਕਿ ਉਹਨਾ ਨੂੰ ਪਾਰਲੀਮੈਂਟ 'ਚ ਬੋਲਣ ਨਹੀਂ ਦਿੱਤਾ ਜਾ ਰਿਹਾ। ਉਹ ਇਹ ਵੀ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਕਮਜ਼ੋਰ ਪ੍ਰਧਾਨ ਮੰਤਰੀ ਹਨ। ਉਹ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਕੁਝ ਨਹੀਂ ਕਰ ਸਕੇ।

ਜਦੋਂ ਵੀ ਦੇਸ਼ ਦੇ ਪਾਰਲੀਮੈਂਟ ਸ਼ੈਸ਼ਨ ਸ਼ੁਰੂ ਹੁੰਦੇ ਹਨ। ਆਪੋਜ਼ੀਸ਼ਨ ਵਲੋਂ ਖ਼ਾਸ ਕਰਕੇ ਕਾਂਗਰਸ ਵਲੋਂ ਸਦਨ ਦਾ ਬਾਈਕਾਟ ਕਰ ਦਿੱਤਾ ਜਾਂਦਾ ਹੈ। ਭਾਜਪਾ ਦੀ ਸਰਕਾਰ, ਜਿਹੜੀ ਪਹਿਲਾਂ ਹੀ ਨਤੀਸ਼ ਤੇ ਨਾਇਡੂ ਦੀਆਂ ਫਾਹੁੜੀਆਂ 'ਤੇ ਖੜੀ ਹੈ, ਉਹ ਮਨਮਾਨੀਆਂ ਵਾਲੇ ਬਿੱਲ ਪਾਸ ਕਰਵਾਉਂਦੀ ਹੈ, ਦੇਸ਼ ਉਤੇ ਸ਼ਾਨੋ-ਸ਼ੌਕਤ ਨਾਲ ਰਾਜ ਕਰੀ ਜਾਂਦੀ ਹੈ ਅਤੇ ਆਪੋਜ਼ੀਸ਼ਨ ਨਾ ਸੰਸਦ ਦੇ ਅੰਦਰ ਅਤੇ ਨਾ ਹੀ ਬਾਹਰ ਆਪਣੀ ਗੱਲ ਦੇਸ਼ ਵਾਸੀਆਂ ਤੱਕ ਪਹੁੰਚਾਉਂਦੀ ਹੈ।

ਦੇਸ਼ ਦੇ ਲੋਕਾਂ ਦੇ ਵੱਡੇ ਮੁੱਦੇ ਹਨ। ਕਾਂਗਰਸ ਇਹਨਾ ਮੁੱਦਿਆਂ ਨੂੰ ਸੰਸਦ ਵਿੱਚ ਜੇਕਰ ਉਠਾਉਣ 'ਚ ਕਾਮਯਾਬ ਨਹੀਂ ਹੋ ਰਹੀ, ਜਿਵੇਂ ਕਿ ਉਹ ਕਹਿੰਦੀ ਹੈ, ਤਾਂ ਫਿਰ ਉਹ ਆਮ ਜਨਤਾ ਕੋਲ ਉਹਨਾ ਮੁੱਦਿਆਂ ਨੂੰ ਲੈ ਕੇ ਕਿਉਂ ਨਹੀਂ ਜਾਂਦੀ? ਲੋਕ ਸਵਾਲ ਪੁੱਛਦੇ ਹਨ।

ਅੱਜ ਦੇਸ਼ ਦੇ ਲੋਕ "ਐਮਰਜੈਂਸੀ ਦੇ ਦਿਨਾਂ ਵਰਗੇ ਹਾਲਾਤ ਦੇਸ਼ 'ਚ ਵੇਖ ਰਹੇ ਹਨ, ਜਿਥੇ ਲੋਕਾਂ ਨੂੰ ਬੋਲਣ ਦੀ ਅਜ਼ਾਦੀ ਨਹੀਂ, ਉਹ ਅਣ-ਐਲਾਨੀ ਐਮਰਜੈਂਸੀ 'ਚੋਂ ਲੰਘ ਰਹੇ ਹਨ। ਭੁੱਖਣ-ਭਾਣੇ, ਬੇਰੁਜ਼ਗਾਰ, ਛੱਤਾਂ ਤੋਂ ਵਿਹੂਣੇ, ਭੈੜੇ ਹਾਲਾਤ ਉਹਨਾ ਨੂੰ ਉਪਰਾਮ ਕਰ ਰਹੇ ਹਨ ਅਤੇ ਕਾਂਗਰਸ ਜਿਹੜੀ ਭਲੀ-ਭਾਂਤ ਇਸ ਸਥਿਤੀ ਤੋਂ ਵਾਕਿਫ਼ ਹੈ, ਲੋਕਾਂ ਨੂੰ ਲਾਮਬੰਦ ਕਿਉਂ ਨਹੀਂ ਕਰਦੀ? ਕਿਉਂ ਉਹਨਾ ਹਾਲਾਤਾਂ 'ਚ ਚੁੱਪ ਕਰਕੇ ਜਾਂ ਸਿਰਫ਼ ਬਿਆਨ ਦੇ ਕੇ ਬੈਠ ਜਾਂਦੀ ਹੈ, ਜਦੋਂ ਕਿ ਉਸ ਨੂੰ ਲੋਕਾਂ ਦੇ ਭੈੜੇ ਹਾਲਾਤ ਨਿਵਰਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਕੀ ਅੱਜ ਹਾਲਾਤ ਉਸ ਤੋਂ ਵੱਖਰੇ ਹਨ, ਜਦੋਂ ਦੇਸ਼ ਭਰ ਦੇ ਨੇਤਾ ਜੈ ਪ੍ਰਕਾਸ਼ ਨਰਾਇਣ, ਬਾਬੂ ਜਗਜੀਵਨ ਰਾਮ, ਸਮਾਜਵਾਦੀ ਨੇਤਾ ਜਾਰਜ ਫਰਨਾਂਡੈਸ ਲੋਕਾਂ ਨੂੰ ਲਾਮਬੰਦ ਕਰਨ ਲਈ ਦੇਸ਼ ਦੇ ਕੋਨੇ-ਕੋਨੇ ਪਹੁੰਚੇ ਸਨ ਅਤੇ ਉਹਨਾ ਇੰਦਰਾ ਗਾਂਧੀ ਦਾ "ਸਥਿਰ ਪ੍ਰਸ਼ਾਸ਼ਨ" ਹਿਲਾ ਮਾਰਿਆ ਸੀ ਤੇ ਲੋਕਾਂ ਨੂੰ ਕੁਝ ਰਾਹਤ ਦਿੱਤੀ ਸੀ। ਗੱਲ ਵੱਖਰੀ ਹੈ ਕਿ ਉਹ ਆਪਣੀਆਂ ਅਸਪਸ਼ਟ-ਸਪਸ਼ਟ ਨੀਤੀਆਂ ਕਾਰਨ ਅੱਗੇ ਨਹੀਂ ਵੱਧ ਸਕੇ।

ਕੁਝ ਸਮਾਂ ਪਹਿਲਾਂ ਕਾਂਗਰਸ ਦਾ ਨੌਜਵਾਨ ਨੇਤਾ 'ਰਾਹੁਲ' ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਜਨ-ਯਾਤਰਾ 'ਤੇ ਨਿਕਲਿਆ। ਉਸਨੇ ਜਾਗਰੂਕਤਾ ਲਹਿਰ ਚਲਾਉਣ ਲਈ ਹੰਭਲਾ ਮਾਰਿਆ। ਇਹ ਹੰਭਲਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਸੀ। ਇੰਡੀਆ ਗੱਠਜੋੜ ਦੀ ਸਥਾਪਨਾ ਹੋਈ। ਵਿਰੋਧੀ ਧਿਰਾਂ ਨੇ ਇਕਜੁੱਟਤਾ ਵਿਖਾਉਣ ਦਾ ਯਤਨ ਕੀਤਾ। ਕੁਝ ਕਾਮਯਾਬੀ ਵੀ ਮਿਲੀ ਪਰ ਲੋਕ ਹਿੱਤਾਂ ਨਾਲੋਂ ਸਿਆਸੀ ਧਿਰਾਂ ਦੇ ਸਵਾਰਥੀ ਹਿੱਤ ਭਾਰੂ ਹੋ ਗਏ। "ਇੰਡੀਆ ਗੱਠਜੋੜ" ਕੁਝ ਪ੍ਰਾਪਤ ਨਾ ਕਰ ਸਕਿਆ 'ਤੇ ਕਾਂਗਰਸ ਵੀ ਮਸਾਂ ਥੋੜਾ ਬਹੁਤਾ ਆਪਣਾ ਅਕਸ ਸੁਧਾਰ ਸਕੀ। ਇੰਜ ਜਿਸ ਗੱਲ ਦੀ ਆਸ ਸੀ ਕਿ ਭਾਜਪਾ ਲਈ ਕਾਂਗਰਸ ਵੱਡੀ ਚੁਣੌਤੀ ਬਣੇਗੀ, ਉਹ "ਸਿਆਸੀ ਦੂਰਦਰਸ਼ਤਾ ਅਤੇ ਆਪਸੀ ਅੰਦਰਲੀ ਕਾਟੋ ਕਲੇਸ਼" ਕਾਰਨ ਵੱਡੀਆਂ ਪ੍ਰਾਪਤੀਆਂ ਨਾ ਕਰ ਸਕੀ। ਕਾਰਨ ਕੀ ਇਹੋ ਹੀ ਹੈ ਗਾਂਧੀ-ਨਹਿਰੂ ਪਰਿਵਾਰ ਕਾਂਗਰਸ ਨੂੰ ਅਪਾਣੇ ਹਿੱਤਾਂ ਤੋਂ ਅੱਗੇ ਨਹੀਂ ਵਧਣ ਦੇ ਰਿਹਾ ਜਾਂ ਕਾਰਨ ਕੁਝ ਹੋਰ ਵੀ ਨੇ?

ਮਹਾਰਾਸ਼ਟਰ 'ਚ ਕਾਂਗਰਸ ਦੀ ਹਾਰ ਕੀ ਕਹਿੰਦੀ ਹੈ? ਹਰਿਆਣਾ 'ਚ ਜਿੱਤ ਕਿਨਾਰੇ ਪਹੁੰਚੀ ਕਾਂਗਰਸ ਹਾਰ ਕਿਉਂ ਗਈ? ਪੰਜਾਬ 'ਚ ਕਾਂਗਰਸ ਸਾਰਥਿਕ ਵਿਰੋਧੀ ਧਿਰ ਦਾ ਰੋਲ ਅਦਾ ਕਰਨ 'ਚ ਕਾਮਯਾਬ ਕਿਉਂ ਨਹੀਂ ਹੋ ਰਹੀ। ਸਾਫ਼ ਸਪਸ਼ਟ ਜਵਾਬ ਕਾਂਗਰਸ 'ਚ ਫੈਲੀ ਅਨੁਸਾਸ਼ਨਹੀਣਤਾ, ਧੜੇਬਾਜੀ ਅਤ ਸਮੇਂ-ਸਿਰ ਹਾਈਕਮਾਂਡ ਵੱਲੋਂ ਫ਼ੈਸਲੇ ਨਾ ਲੈਣ 'ਚ ਨਾਕਾਮੀ ਹੈ। ਦੇਸ਼ 'ਚ ਕਿੱਡੀਆਂ ਵੱਡੀਆਂ ਘਟਨਾਵਾਂ ਵਾਪਰ ਰਹੀਆਂ ਹਨ। ਧਰਮ ਜਾਤ ਦੇ ਨਾਂਅ ਤੇ ਧਰੁਵੀਕਰਨ ਹੋ ਰਿਹਾ ਹੈ। ਕਾਂਗਰਸ ਚੁੱਪ ਹੈ। ਦੇਸ਼ 'ਚ ਨਿੱਜੀਕਰਨ ਹੋ ਰਿਹਾ ਹੈ, ਕਾਂਗਰਸ ਚੁੱਪ ਹੈ। ਦੇਸ਼ ਦੇ ਕੁਦਰਤੀ ਸਾਧਨ ਵੱਡਿਆਂ ਨੂੰ ਸੌਂਪੇ ਜਾ ਰਹੇ ਹਨ, ਕਾਂਗਰਸ ਸੁਸਤ ਤੇ ਚੁੱਪ ਹੈ। ਦੇਸ਼, ਵਿਸ਼ਵ ਪੱਧਰ 'ਤੇ ਆਪਣੀ ਸਾਖ਼ ਗੁਆ ਰਿਹਾ ਹੈ, ਕਾਂਗਰਸ ਦੀ ਚੁੱਪੀ ਰੜਕਦੀ ਹੈ। ਦੇਸ਼ 'ਚ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ, ਸੰਵਿਧਾਨ ਨੂੰ ਬਦਲਣ ਜਾਂ ਨਵਾਂ ਸੰਵਿਧਾਨ ਬਨਾਉਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ ਤਾਂ ਕਾਂਗਰਸ ਵੱਡੀ ਹਰਕਤ 'ਚ ਕਿਉਂ ਨਹੀਂ ਹੈ? ਕੀ ਸਿਰਫ਼ ਸਦਨ ਦੇ ਬਾਹਰ "ਲੋਕਤੰਤਰ ਦੀ ਹੱਤਿਆ" ਦੇ ਝੰਡੇ ਲਾਕੇ ਪ੍ਰਦਰਸ਼ਨ ਕਰਨ ਨਾਲ 'ਮੋਦੀ ਸ਼ਾਸ਼ਨ" ਦਾ ਖ਼ੂਨੀ ਪੰਜਾ ਬੰਦ ਹੋ ਜਾਏਗਾ?

ਬਿਹਾਰ ਵਿੱਚ ਵੋਟਰਾਂ ਦੇ ਸ਼ੁੱਧੀਕਰਨ ਨਾਲ ਜੋ ਖਿਲਵਾੜ ਹੋ ਰਿਹਾ ਹੈ, ਕੀ ਕਾਂਗਰਸ ਉਸਨੂੰ ਚੋਣ ਕਮਿਸ਼ਨ ਅੱਗੇ ਰੋਕਣ 'ਚ ਕਾਮਯਾਬ ਹੋਈ ਹੈ ਜਾਂ ਹੋ ਸਕੇਗੀ? ਭਾਜਪਾ ਚੋਣ ਕਮਿਸ਼ਨ ਰਾਹੀਂ ਆਪਣੇ ਵਿਰੋਧੀਆਂ ਦੀਆਂ ਵੋਟਾਂ ਚੁਣ-ਚੁਣ ਕੇ ਬਿਹਾਰ 'ਚੋਂ ਕੱਟਵਾ ਰਹੀ ਹੈ, ਤੇ ਕਾਂਗਰਸੀ ਇਸਨੂੰ "ਲੋਕਤੰਤਰ ਦੀ ਹੱਤਿਆ" ਦਾ ਨਾਅ ਦੇ ਕੇ "ਵਿਸ਼ਰਾਮ" 'ਚ ਹਨ।

ਜਿਸ ਢੰਗ ਨਾਲ ਦੇਸ਼ ਉਤੇ ਰਾਜ ਕਰ ਰਹੀ ਦੁਕੜੀ ਆਪਣੇ ਵਿਰੋਧੀਆਂ ਨੂੰ ਇਕੋ ਝਟਕੇ 'ਚ ਹਲਾਲ ਕਰਨਾ ਜਾਣਦੀ ਹੈ, ਉਸਦੀ ਉਦਾਹਰਨ ਦੇਸ਼ ਦੇ ਉਪ ਰਾਸ਼ਟਰਪਤੀ ਸ਼੍ਰੀ ਜਗਦੀਪ ਧਨਖੜ ਦਾ ਕੁਝ ਘੰਟਿਆਂ 'ਚ ਲਿਆ ਜਾਣ ਵਾਲਾ ਅਸਤੀਫ਼ਾ ਹੈ। ਬਿਨ੍ਹਾਂ ਝਿਜਕ, ਬਿਨ੍ਹਾਂ ਕਿਰਕ ਧਨਖੜ ਅਹੁਦੇ ਤੋਂ ਲਾਹ ਦਿੱਤੇ ਗਏ। ਕੀ ਕਾਂਗਰਸ "ਭਾਜਪਾ" ਤੋਂ ਕਿਸੇ ਰਿਐਤ ਦੀ ਉਮੀਦ 'ਤੇ ਬੈਠੀ ਹੈ? ਕੀ ਗਾਂਧੀ ਪਰਿਵਾਰ ਇਸੇ ਗੱਲ 'ਤੇ ਖੁਸ਼ ਹੈ ਕਿ ਕਾਂਗਰਸੀ ਸਰਵੇ-ਸਰਵਾ ਸੋਨੀਆ ਗਾਂਧੀ ਆਪ ਤੇ ਉਸਦੇ ਪੁੱਤ,ਧੀ, ਪਾਰਲੀਮੈਂਟ ਦੇ ਮੈਂਬਰ ਹਨ। ਕੀ ਅੱਗੇ ਉਹਨਾ ਨੂੰ ਕੋਈ ਝਾਕ ਨਹੀਂ ਹੈ?

ਸਵਾਲ ਤਾਂ ਹੁਣ ਇਹ ਉੱਠਦਾ ਹੈ ਕਿ ਉਹਨਾ ਹਾਲਾਤਾਂ ਵਿੱਚ ਜਦੋਂ ਹਾਕਮ ਦੇਸ਼ ਦੇ ਸੰਵਿਧਾਨ 'ਚੋਂ ਧਰਮ ਨਿਰਪੱਖ ਅਤੇ ਸਮਾਜਵਾਦੀ ਸ਼ਬਦ ਨੂੰ ਆਰ. ਐੱਸ. ਐੱਸ. ਦੇ ਦਿਸ਼ਾ-ਨਿਰਦੇਸ਼ਾਂ 'ਤੇ ਖ਼ਤਮ ਕਰਨ 'ਤੇ ਤੁਲਿਆ ਹੈ, ਤਾਂ ਕੀ ਕਾਂਗਰਸ ਦੇਸ਼ ਦੇ ਲੋਕਾਂ ਲਈ ਦੂਜਾ ਅਜ਼ਾਦੀ ਅੰਦੋਲਨ ਲੜਨ ਲਈ ਅੱਗੇ ਆਏਗੀ? ਕੀ ਉਹ ਇਸਦੇ ਸਮਰੱਥ ਰਹਿ ਗਈ ਹੈ?

ਸਵਾਲ ਤਾਂ ਹੁਣ ਇਹ ਉੱਠਦਾ ਹੈ ਕਿ ਹਾਕਮ ਜਮਾਤਾ ਵੱਲੋਂ ਜਦੋਂ ਦੇਸ਼ ਨੂੰ ਨਿੱਜੀਕਰਨ ਵੱਲ ਤੋਰਿਆ ਜਾ ਰਿਹਾ ਹੈ, ਸਾਰੇ ਕੁਦਰਤੀ ਸਾਧਨ ਧੰਨ ਕੁਬੇਰਾਂ ਹੱਥ ਫੜਾਏ ਜਾ ਰਹੇ ਹਨ, ਦੇਸ਼ ਦੀ ਵਿਦੇਸ਼ ਨੀਤੀ "ਜੰਗਬਾਜਾਂ" ਦੇ ਹੱਥ ਹੈ, ਸੁਰੱਖਿਆ ਦੇ ਨਾਅ 'ਤੇ ਜੰਗੀ ਬਜ਼ਟ ਵਧਾਇਆ ਜਾ ਰਿਹਾ ਹੈ ਅਤੇ ਗਰੀਬ ਪੱਖੀ ਸਕੀਮਾਂ ਤੋੜੀਆਂ-ਮਰੋੜੀਆਂ ਜਾ ਰਹੀਆਂ ਹਨ, ਤਾਂ ਕੀ ਕਾਂਗਰਸ ਇਹਨਾ ਨੀਤੀਆਂ ਵਿਰੁੱਧ ਲਾਮਬੰਦੀ ਕਰੇਗੀ? ਕੀ ਉਹ ਇਸਦੇ ਸਮਰੱਥ ਹੈ?

ਸਵਾਲ ਤਾਂ ਇਹ ਹੈ ਕਿ ਬੇਰੋਕ-ਟੋਕ ਕਾਰ-ਪੋਰੇਟ ਰਾਜ ਅਤੇ ਆਰ. ਐੱਸ. ਐੱਸ. ਦਾ ਹਿੰਦੂ ਰਾਸ਼ਟਰ ਸੁਪਨਾ ਕੀ ਕਾਂਗਰਸ ਪੂਰਾ ਹੋਣ ਤੋਂ ਰੋਕਣ ਲਈ ਦੇਸ਼ ਦੇ ਮੂਲ ਨਿਵਾਸੀਆਂ, ਦਹਿਸ਼ਤ ਦੇ ਕਾਲੇ ਸਾਏ 'ਚ ਜੀਊਂਦੇ ਲੋਕਾਂ ਅਤੇ ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਖੜੋਏਗੀ ਅਤੇ ਕੀ ਕਾਂਗਰਸ ਤਿੰਨ ਫੌਜਦਾਰੀ ਕਾਨੂੰਨਾਂ, ਚਾਰ ਕਿਰਤ ਕੋਡ, ਯੂ. ਏ. ਪੀ. ਏ., ਅਫਸਪਾ, ਪਬਲਿਕ ਸਕਿਊਰਿਟੀ ਐਕਟ ਅਤੇ ਅਜਿਹੇ ਹੋਰ ਕਾਲੇ ਕਾਨੂੰਨ ਪ੍ਰਤੀ ਲੋਕ ਉਭਾਰ ਪੈਦਾ ਕਰੇਗੀ? ਕੀ ਕਾਂਗਰਸ ਦਾ ਨੇਤਾ, ਕੀ ਕਾਂਗਰਸ ਦਾ ਕਾਡਰ, ਗੋਦੀ ਮੀਡੀਆਂ ਦੇ ਕੂੜ-ਪ੍ਰਚਾਰ ਦਾ ਭਾਂਡਾ ਭੰਨਕੇ ਲੋਕ ਕਚਿਹਰੀ 'ਚ ਅਸਲ ਤੱਥ ਲਿਆਉਣ ਦੇ ਸਮਰੱਥ ਬਣ ਸਕੇਗੀ?

ਲੋਕਾਂ ਦੀ ਛੋਟੀ ਜਿਹੀ ਉਮੀਦ-ਆਸ ਕਾਂਗਰਸ ਪਾਰਟੀ ਤੋਂ ਹੈ। ਉਸ ਕੋਲ ਦੇਸ਼ ਦੀਆਂ ਦੂਜੀਆਂ ਜ਼ਮਹੂਰੀ ਧਿਰਾਂ ਨਾਲ ਰਲਕੇ ਨਿਰਸਵਾਰਥ ਹੋ ਕੇ ਲੜਨ ਬਿਨ੍ਹਾਂ ਇਹ ਤਹਿ ਕੀਤਿਆਂ ਕਿ ਉਸਨੇ ਪ੍ਰਧਾਨ ਮੰਤਰੀ ਦੀ ਕੁਰਸੀ ਹੀ ਹਥਿਆਉਣੀ ਹੈ, ਇਹ ਮੌਕਾ ਹੈ, ਦੇਸ਼ ਨੂੰ ਡਿਕਟੇਟਰਾਨਾ ਹਾਕਮਾਂ ਤੋਂ ਬਚਾਉਣ ਦਾ।

ਸਿਆਸੀ ਧਿਰ ਕਾਂਗਰਸ, ਜਿਸਨੇ ਇੱਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ, ਦੇਸ਼ ਦੇ ਲੋਕਾਂ 'ਚ ਅਜ਼ਾਦੀ ਦੀ ਅਲਖ ਜਗਾਉਣ ਦਾ ਵੱਡਾ ਕੰਮ ਕੀਤਾ ਸੀ, ਕੀ ਉਹ ਮੁੜ ਆਪਣੀ ਜ਼ੁੰਮੇਵਾਰੀ ਨਿਭਾਏਗੀ? ਕਿਉਂਕਿ ਮੌਜੂਦਾ ਹਾਕਮ ਦੇਸ਼ ਨੂੰ ਕਾਂਗਰਸ ਮੁਕਤ ਤਾਂ ਵੇਖਣਾ ਹੀ ਚਾਹੁੰਦੀ ਹੈ ਪਰ ਨਾਲ-ਨਾਲ ਉਹ ਉਹਨਾ ਆਜ਼ਾਦੀ ਸੰਗਰਾਮੀਆਂ ਦੇ ਸੰਘਰਸ਼ ਅਤੇ ਉਹਨਾ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਦਫ਼ਨ ਕਰਕੇ ਨਵੀਂ ਪੀੜ੍ਹੀ 'ਚ, ਪੁਸਤਕਾਂ ਰਾਹੀਂ, ਮੀਡੀਏ ਰਾਹੀਂ, ਉਹਨਾ ਅਕ੍ਰਿਤਘਣ ਲੋਕਾਂ ਨੂੰ ਅੱਗੇ ਕਰਕੇ "ਦੇਸ਼ ਭਗਤ" ਗਰਦਾਨਣ ਦੇ ਰਾਹ ਹੈ, ਜਿਹੜੇ ਸਮੇਂ-ਸਮੇਂ ਦੇਸ਼ ਦੇ ਗੱਦਾਰਾਂ ਦੀ ਲਿਸਟ 'ਚ ਸ਼ਾਮਲ ਰਹੇ ਹਨ।

ਕਾਂਗਰਸ ਦੀ ਲੀਡਰਸ਼ਿਪ ਲਈ ਇਹ ਸਮਝਣ ਦਾ ਸਮਾਂ ਹੈ ਕਿ ਕੀ ਪਰਿਵਾਰ ਪ੍ਰਸਤੀ ਨਾਲੋਂ "ਦੇਸ਼ ਪ੍ਰਸਤੀ, ਜ਼ਰੂਰੀ ਹੈ।

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)




ਫੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 35

# ਇੱਕ ਮੇਰੀ ਅੱਖ ਕਾਸ਼ਣੀ...

**"ਕੋਰੋਨਾ ਵਾਇਰਸ" ਦੀ ਦਹਿਸ਼ਤ ਹੋਣ ਕਾਰਨ ਉੱਤਰੀ ਲੰਡਨ ਦੀ "ਬਜ਼ੁਰਗ ਸਭਾ" ਦਾ ਮੀਟਿੰਗ ਹਾਲ ਕਈ ਹਫ਼ਤਿਆਂ ਤੋਂ ਸੁੰਨਾਂ "ਭਾਂਅ-ਭਾਂਅ" ਕਰ ਰਿਹਾ ਸੀ। ਮੀਟਿੰਗ ਹਾਲ ਗੁਰੂ ਘਰ ਦੀ ਵਿਸ਼ਾਲ ਇਮਾਰਤ ਦੀ ਇੱਕ ਨੁੱਕਰ ਵਿੱਚ ਹੀ ਸੀ। ਅੱਜ ਤਿੰਨ ਮਹੀਨਿਆਂ ਤੋਂ ਕੁੱਕੜਾਂ ਵਾਂਗ ਖੁੱਡਿਆਂ ਵਿੱਚ 'ਤਾੜੇ' ਲੋਕ ਬਾਹਰ ਨਿਕਲੇ ਸਨ। ਮਸਾਂ ਸੁਖ ਦਾ ਸਾਹ ਆਇਆ ਸੀ। ਨਹੀਂ ਤਾਂ ਸਰਕਾਰ ਅਤੇ ਪ੍ਰਸ਼ਾਸਨ ਦੀਆਂ ਨਸੀਹਤਾਂ, ਪਾਬੰਦੀਆਂ ਨੇ ਲੋਕਾਂ ਦਾ ਘੰਡੀ ਵਿੱਚ ਸਾਹ ਰੋਕੀ ਰੱਖਿਆ ਸੀ। "ਕੋਰੋਨਾਂ - ਕੋਰੋਨਾਂ" ਸੁਣ ਕੇ ਲੋਕਾਂ ਦੇ ਕੰਨ ਪੱਕ ਗਏ ਸਨ। ਸਭਾ ਵਿੱਚੋਂ ਅਜੇ ਅਮਰੀਕ ਸਿੰਘ ਢਿੱਲੋਂ ਹੀ ਬਹੁੜਿਆ ਸੀ, ਬਾਕੀ ਬਜ਼ੁਰਗ ਮਿੱਤਰਾਂ ਦੇ ਪਹੁੰਚਣ ਦੀ ਉਸ ਨੂੰ "ਨਾਨਕਾ ਮੇਲ" ਵਾਂਗ ਉਡੀਕ ਸੀ। ਕੁਝ ਸਮੇਂ ਵਿੱਚ ਹੀ ਘਰਾਂ ਵਿੱਚ ਇਕਲਾਪੇ ਦੇ ਮਾਰੇ ਬਜ਼ੁਰਗ "ਆਹਣ" ਵਾਂਗ ਉੱਤਰ ਆਏ। ਉਹ ਇੱਕ-ਦੂਜੇ ਦੇ ਗਲ਼ ਲੱਗ-ਲੱਗ ਇਉਂ ਮਿਲ ਰਹੇ ਸਨ, ਜਿਵੇਂ ਚੌਦਾਂ ਸਾਲ ਦਾ ਬਣਵਾਸ ਕੱਟ ਕੇ ਆਏ ਹੋਣ!**




## ਕਾਂਡ 17

ਹੁਣ ਵਿਚਾਰਾ ਇੰਡੀਆ ਵੱਲ ਨੂੰ ਮੂੰਹ ਨੀ ਕਰਦਾ...!"

-"ਹੁਣ ਮੂੰਹ ਕਾਹਦਾ ਕਰਨੈ...? ਜਦੋਂ ਨਾਸਾਂ ਨਾਲ਼ ਲਕੀਰਾਂ ਕਢਵਾ ਕੇ ਤੋਰਦੇ ਐ...!"

ਤੀਜੇ ਦਿਨ ਟਿਕਟਾਂ ਮਿਲ਼ ਗਈਆਂ। ਸਾਰੇ ਪ੍ਰੀਵਾਰ ਦੀ ਇੰਗਲੈਂਡ ਜਾਣ ਦੀ "ਫੁੱਲ ਤਿਆਰੀ" ਹੋ ਗਈ। ਅਮਨ ਦਾ ਬਾਪ ਜਿੰਦਰ ਅਤੇ ਮਾਂ ਜਸਮੇਲ ਕੌਰ ਚੰਡੀਗੜ੍ਹ ਕੋਠੀ ਵਿੱਚ ਮਿਲ਼ਣ ਆਏ। ਕੋਚ ਸ਼ਿੰਗਾਰਾ ਸਿਉਂ ਮਿਲ਼ਣ ਲਈ ਵੀ ਨਾ ਆਇਆ। ਪਤਾ ਨਹੀਂ ਉਹ ਕਿੱਧਰ ਮਸ਼ਰੂਫ਼ ਹੋ ਗਿਆ ਸੀ...? ਅਮਨ ਵੀ ਹੁਣ ਇਹੀ ਸੋਚਦੀ ਸੀ ਕਿ ਸ਼ਿੰਗਾਰਾ ਸਿਉਂ ਉਸ ਦੇ ਮੱਥੇ ਨਾ ਲੱਗੇ। ਸ਼ਿੰਗਰਾ ਸਿਉਂ ਨੂੰ ਤੱਕ ਕੇ ਉਸ ਦੇ ਮਨ ਨੂੰ 'ਕੁਛ' ਹੋਣ ਲੱਗ ਪੈਂਦਾ ਸੀ।

ਮਾਂ ਜਸਮੇਲ ਕੌਰ "ਬੁੱਸ - ਬੁੱਸ" ਜਿਹੀ ਕਰ ਰਹੀ ਸੀ। ਪਰ ਅਮਨ ਉਸ ਨੂੰ ਪੱਥਰ ਬਣ ਕੇ ਦੇਖਦੀ ਰਹੀ। ਉਸ ਨੂੰ ਮਾਂ ਭਾਵੁਕ ਘੱਟ, ਸਗੋਂ 'ਪਾਖੰਡ ਕਰਦੀ' ਜ਼ਿਆਦਾ ਲੱਗੀ।

ਅਗਲੇ ਦਿਨ ਉਹਨਾਂ ਦੀ ਫ਼ਲਾਈਟ ਸੀ।

ਇੱਕ 'ਦੇਸੀ' ਏਅਰਲਾਈਨ ਦੀਆਂ ਟਿਕਟਾਂ ਉਹਨਾਂ ਦੇ ਹੱਥ ਵਿੱਚ ਸਨ। ਸਭ ਦੇ ਮੂੰਹ ਉੱਪਰ ਕੋਰੋਨਾ ਦੀ 'ਛਿੱਕਲੀ' ਚੜ੍ਹੀ ਹੋਈ ਸੀ। ਏਅਰਪੋਰਟ ਉਪਰ ਪੁਲੀਸ 'ਗਸ਼ਤ' ਕਰ ਰਹੀ ਸੀ। ਜਿਸ ਦੇ ਮੂੰਹ ਉਪਰ 'ਮਾਸਕ' ਨਾ ਹੁੰਦਾ, ਉਸ ਨੂੰ ਤੁਰੰਤ ਦੋ ਹਜ਼ਾਰ ਰੁਪਏ ਜੁਰਮਾਨੇ ਦੀ ਪਰਚੀ ਕੱਟ ਕੇ ਰਕਮ ਵਸੂਲ ਲਈ ਜਾਂਦੀ। ਜੋ ਨਾ ਦਿੰਦਾ, ਉਸ ਨੂੰ ਅਦਾਲਤ ਪੇਸ਼ ਹੋਣ ਦੀ 'ਧਮਕੀ' ਦੇ ਕੇ ਰਕਮ ਲੈ ਲਈ ਜਾਂਦੀ।

ਕੋਵਿੰਡ ਟੈਸਟ ਕਰਵਾਉਣ ਤੋਂ ਬਾਅਦ ਉਹਨਾਂ ਨੇ 'ਸਰਟੀਫਿਕੇਟ' ਲਏ ਅਤੇ ਸਾਰਾ ਪ੍ਰੀਵਾਰ ਦਿੱਲੀ ਪਹੁੰਚ ਗਿਆ।

ਏਅਰਪੋਰਟ ਉਪਰ ਕੀੜੀ ਦਲ਼ੀਦੀ ਮਰਦੀ ਸੀ। ਜਦ ਉਹ ਪਾਸਪੋਰਟ ਅਤੇ ਟਿਕਟਾਂ ਦਿਖਾ ਕੇ ਅੰਦਰ ਗਏ ਤਾਂ 'ਦੇਸੀ' ਏਅਰਲਾਈਨ ਦੇ ਕਾਊਂਟਰ 'ਤੇ ਇੱਕ ਲੰਮੀਂ ਲਾਈਨ ਲੱਗੀ ਹੋਈ ਸੀ। ਹਰ ਇੱਕ ਦੇ ਮੂੰਹ ਉਪਰ 'ਛਿੱਕਲੀ' ਸੀ। ਬੰਦਾ ਬੰਦੇ ਤੋਂ ਇੰਜ ਡਰ ਰਿਹਾ ਸੀ, ਜਿਵੇਂ ਅਗਲੇ ਨੂੰ ਕੋਈ 'ਚੇਚਕ' ਜਾਂ 'ਪਲੇਗ' ਪਈ ਹੋਈ ਸੀ। ਇਤਨੇ ਸੁੱਚੇ ਹੱਥ ਲੋਕ ਗੁਰਦੁਆਰੇ ਜਾਣ ਵੇਲ਼ੇ ਨਹੀਂ ਕਰਦੇ ਸਨ, ਜਿੰਨੇ ਵਾਰ-ਵਾਰ ਹੁਣ ਕਰ ਰਹੇ ਸਨ। 'ਸੈਨੇਟਾਈਜ਼' ਕਰਨ ਲਈ ਥਾਂ-ਥਾਂ ਬੋਤਲਾਂ ਟੰਗੀਆਂ ਹੋਈਆਂ ਸਨ।

ਅਮਨ ਹੋਰੀਂ ਵੀ ਜਾ ਕੇ ਲਾਈਨ ਵਿੱਚ ਲੱਗ ਗਏ। ਇੱਕ ਅੱਧਗੰਜਾ ਕਰਮਚਾਰੀ ਕਈਆਂ ਨੂੰ ਵਾਪਸ ਮੋੜ ਰਿਹਾ ਸੀ ਅਤੇ ਉਹ ਮਿੰਨਤ ਤਰਲਾ ਕਰ ਰਹੇ ਸਨ। ਪਰ ਖੱਬੀ ਖ਼ਾਨ ਕਰਮਚਾਰੀ ਕਿਸੇ ਦੀ ਵੀ ਨਹੀਂ ਸੁਣ ਰਿਹਾ ਸੀ। ਫ਼ਿਰ ਉਸ ਨੇ ਹਿੰਦੀ ਵਿੱਚ ਸਭ ਨੂੰ ਸੰਬੋਧਨ ਹੋ ਕੇ ਕਿਹਾ, "ਜਿਨ ਕੇ ਪਾਸ 'ਪੈਸਿੰਜਰ ਲੋਕੇਟਰ ਫ਼ਾਰਮ' ਹੈਂ, ਵੋਹ ਆਗੇ ਆ ਜਾਏਂ, ਜਿਨ ਕੇ ਪਾਸ ਨਹੀਂ ਹੈਂ, ਵੋਹ ਲਾਈਨ ਸੇ ਬਾਹਰ ਹੋ ਜਾਏਂ...।"

-"ਇਹ ਸਾਲਾ 'ਪੈਸਿੰਜਰ ਲੋਕੇਟਰ ਫ਼ਾਰਮ' ਹੁਣ ਕੀ ਹੋਇਆ...?" ਡੇਵ ਭੁਚਾਲ਼ 'ਚ ਪਿਆ ਹੋਇਆ ਸੀ।

-"ਔਹਨੂੰ ਗੰਜੇ ਜੇ ਨੂੰ ਪੁੱਛ ਕੇ ਆਉਨੈ...।" ਜਦ ਡੇਵ ਉਸ ਕਰਮਚਾਰੀ ਨੂੰ ਪੁੱਛਣ ਲਈ ਗਿਆ ਤਾਂ ਉਸ ਨੇ ਕੋਈ ਲੜ ਪੱਲਾ ਨਾ ਫੜਾਇਆ। ਬੱਸ ਇਤਨਾ ਆਖ ਕੇ ਪਿੱਛਾ ਛੁਡਾ ਗਿਆ, "ਆਪ ਔਨ ਲਾਈਨ ਨਿਕਾਲ ਲਓ...!"

-"ਤੁਸੀਂ ਔਨ ਲਾਈਨ ਕੱਢੋ, ਪੁੱਤ...।" ਰੌਨੀ ਦੀ ਮਾਂ ਨੇ ਬੱਚਿਆਂ ਨੂੰ ਕਿਹਾ ਤਾਂ ਬੱਚੇ ਭਰਿੰਡਾਂ ਵਾਂਗ ਮੋਬਾਇਲ ਫ਼ੋਨਾਂ ਨੂੰ ਚਿੰਬੜ ਗਏ। ਵੀਹ ਕੁ ਮਿੰਟ ਵਿੱਚ ਉਹਨਾਂ ਨੇ 'ਪੈਸਿੰਜਰ ਲੋਕੇਟਰ ਫ਼ਾਰਮ' ਬਣਾ ਲਏ। ਪਰ ਜਦ ਨੂੰ ਉਹ ਲੋਕੇਟਰ ਫ਼ਾਰਮ ਲੈ ਕੇ ਕਾਊਂਟਰ 'ਤੇ ਪਹੁੰਚੇ ਤਾਂ ਕਾਊਂਟਰ 'ਤੇ ਬੈਠੀ ਇੱਕ ਕੁੜੀ ਨੇ ਕਾਊਂਟਰ ਬੰਦ ਹੋਣ ਦਾ ਅਬਦਾਲੀ ਸੁਨੇਹਾਂ ਸੁਣਾ ਦਿੱਤਾ।

ਉਹ ਦੰਗ ਰਹਿ ਗਏ।

ਉਹ ਹੀ ਨਹੀਂ, ਉਹਨਾਂ ਦੇ ਨਾਲ਼ ਹੋਰ ਖੜ੍ਹੇ ਲੋਕਾਂ ਨੇ ਵੀ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ।

-"ਐਸੇ ਕੈਸੇ ਆਪ ਕਾਊਂਟਰ ਬੰਦ ਕਰ ਸਕਤੇ ਹੈਂ...?"

-"ਫ਼ਲਾਈਟ ਉੜਨੇ ਮੇਂ ਤੋ ਅਭੀ ਦੋ ਘੰਟੇ ਸੇ ਭੀ ਜ਼ਿਆਦਾ ਸਮਾਂ ਪੜਾ ਹੈ..।"

-"ਯੇ ਤੋ ਸਰਾਸਰ ਧੱਕੇਸ਼ਾਹੀ ਹੈ..।"

ਪਰ ਤਿੰਨੇ ਕਾਊਂਟਰਾਂ ਉਪਰੋਂ ਬੀਬੀਆਂ 'ਫ਼ਰਾਰ' ਹੋ ਚੁੱਕੀਆਂ ਸਨ।

ਲੋਕ ਰੌਲ਼ਾ ਪਾਉਂਦੇ ਰਹਿ ਗਏ।

ਕਰੀਬ ਵੀਹ ਕੁ ਮਿੰਟ ਬਾਅਦ ਡੇਵ ਨੂੰ ਇੱਕ ਏਅਰਲਾਈਨ ਦੀ ਕਰਮਚਾਰੀ ਨਜ਼ਰ ਆਈ। ਉਹ ਚੱਕਵੇਂ ਪੈਰੀਂ ਓਧਰ ਨੂੰ ਹੋ ਲਿਆ ਅਤੇ ਸਾਰੀ ਕਹਾਣੀ ਉਸ ਕਰਮਚਾਰੀ ਆਖ ਸੁਣਾਈ। ਉਸ ਕਰਮਚਾਰੀ ਨੇ "ਕਸਟਮਰ ਸਰਵਿਸ" ਵਾਲ਼ੇ ਕਾਊਂਟਰ ਵੱਲ ਉਂਗਲ਼ ਕਰ ਦਿੱਤੀ। ਡੇਵ ਤੁਰੰਤ "ਕਸਟਮਰ ਸਰਵਿਸ" ਵਾਲ਼ੇ ਕਾਊਂਟਰ 'ਤੇ ਪਹੁੰਚ ਗਿਆ। ਪਰ ਪੱਲੇ ਉਸ ਦੇ ਫ਼ਿਰ ਵੀ "ਠਣ ਠਣ ਗੋਪਾਲ" ਹੀ ਪਿਆ। ਉਸ ਕੁੜੀ ਨੇ ਡੇਵ ਦੇ ਹੱਥ ਵਿੱਚ ਇੱਕ ਹੋਰ "ਕਸਟਮਰ ਸਰਵਿਸ" ਵਾਲ਼ੇ ਡਿਪਾਰਟਮੈਂਟ ਦਾ ਫ਼ੋਨ ਨੰਬਰ ਫੜਾ ਦਿੱਤਾ, "ਇਨ ਸੇ ਬਾਤ ਕਰੋ, ਹਮ ਆਪ ਕੀ ਕੋਈ ਮੱਦਦ ਨਹੀਂ ਕਰ ਸਕਤੇ...।" ਕੁੜੀ ਚਿੱਟਾ ਹੀ ਜਵਾਬ ਦੇ ਗਈ। ਉਸ ਨੇ ਅਤੀਅੰਤ 'ਰੁੱਖਾ' ਉੱਤਰ ਮੋੜਿਆ ਸੀ।

ਟੁੱਟੇ ਹੋਏ ਦਿਲ ਨਾਲ਼ ਉਹ ਬਾਹਰ ਨੂੰ ਤੁਰ ਪਏ। ਬਾਹਰ ਆ ਕੇ ਉਹਨਾਂ ਨੇ ਕੁੜੀ ਦੇ ਦਿੱਤੇ ਹੋਏ ਨੰਬਰ 'ਤੇ ਕਾਲ ਕੀਤੀ ਤਾਂ ਅਗਲੀ ਕੁੜੀ ਦਾ ਨਾਂ "ਖੁਸ਼ੀ" ਸੀ। ਡੇਵ ਨੇ ਸਾਰੀ ਸੱਚਾਈ ਉਸ ਕੁੜੀ ਨੂੰ ਦੱਸੀ। ਉਸ ਕੁੜੀ ਨੇ ਇੱਕ 'ਪੇਸ਼ਕਸ਼' ਕੀਤੀ ਕਿ ਇਸ ਫ਼ਲਾਈਟ ਵਾਲ਼ੀਆਂ ਤੁਹਾਡੀ ਟਿਕਟਾਂ ਤਾਂ ਗਈਆਂ ਅਤੇ ਨਾ ਹੀ ਉਹ 'ਰੀਫੰਡ' ਹੋ ਸਕਦੀਆਂ ਸਨ। ਸੋ ਤੁਹਾਨੂੰ ਇੱਕ ਪੈਸਾ ਵੀ ਵਾਪਸ ਨਹੀਂ ਮਿਲੇਗਾ। ਪਰ ਮੈਂ ਤੁਹਾਨੂੰ ਇੱਕ ਟਿਕਟ ਹੁਣ ਅੱਸੀ ਹਜ਼ਾਰ ਵਿੱਚ ਦੇ ਸਕਦੀ ਹਾਂ, ਜੇ ਲੈਣੀ ਹੈ ਤਾਂ ਜਲਦੀ ਦੱਸੋ...। ਫ਼ਸੇ ਡੇਵ ਨੇ 'ਹਾਂ' ਕਰ ਦਿੱਤੀ। ਆਪਣੇ 'ਕਰੈਡਿਟ ਕਾਰਡ' ਨਾਲ਼ ਚਾਰ ਲੱਖ ਰੁਪਏ ਦਾ ਭੁਗਤਾਨ ਕਰ ਕੇ ਪੰਜ ਟਿਕਟਾਂ ਲੈ ਲਈਆਂ ਅਤੇ ਫ਼ਿਰ ਏਅਰਪੋਰਟ ਅੰਦਰ ਦਾਖਲ ਹੋ ਗਏ।

ਫ਼ਲਾਈਟ ਰਾਤ ਦੇ ਇੱਕ ਵੱਜ ਕੇ ਚਾਲੀ ਮਿੰਟ ਦੀ ਸੀ।

ਜਿਵੇਂ ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ, ਵਾਂਗ ਡੇਵ ਪੰਜ ਘੰਟੇ ਪਹਿਲਾਂ ਹੀ ਕਾਊਂਟਰ 'ਤੇ ਜਾ ਕੇ 'ਪੈਸਿੰਜਰ ਲੋਕੇਟਰ ਫ਼ਾਰਮ' ਬਾਰੇ ਪਤਾ ਕਰਨ ਵਿੱਚ ਰੁੱਝ ਗਿਆ। ਜੋ ਪੈਸਿੰਜਰ ਲੋਕੇਟਰ ਫ਼ਾਰਮ ਉਹਨਾਂ ਕੋਲ਼ ਸਨ, ਉਹ ਤਾਂ ਪਿਛਲੇ ਦਿਨ ਵਾਲ਼ੇ ਸਨ। ਹੁਣ ਤਾਂ ਰਾਤ ਦੇ ਬਾਰਾਂ ਵਜੇ ਤੋਂ ਬਾਅਦ ਅਗਲਾ ਦਿਨ ਸ਼ੁਰੂ ਹੋ ਜਾਣਾ ਸੀ। ਇਸ ਲਈ ਉਹਨਾਂ ਨੂੰ ਮੁੜ 'ਨਵੇਂ' ਪੈਸਿੰਜਰ ਲੋਕੇਟਰ ਫ਼ਾਰਮ ਬਣਾਉਣੇ ਹੋਣਗੇ। ਡੇਵ ਨੇ ਮਿੰਨੀ ਅਤੇ ਰੌਨੀ ਨੂੰ ਕੰਮ ਲਾ ਦਿੱਤਾ। ਬੱਚੇ ਇੰਡੀਆ ਦੇ ਭ੍ਰਿਸ਼ਟ ਸਿਸਟਮ ਕਰ ਕੇ 'ਖਿਝੇ' ਪਏ ਸਨ। ਉਹਨਾਂ ਨੇ 'ਪੈਸਿੰਜਰ ਲੋਕੇਟਰ ਫ਼ਾਰਮ' ਔਨ ਲਾਈਨ ਹੀ ਬਣਾ ਲਏ।

ਜਦੋਂ ਰਾਤ ਨੂੰ ਇੱਕ ਵੱਜ ਕੇ ਚਾਲ਼ੀ ਮਿੰਟ 'ਤੇ ਜਹਾਜ਼ ਦਿੱਲੀ ਤੋਂ ਉਡਿਆ ਤਾਂ ਸਾਰੇ ਟੱਬਰ ਨੇ ਧਰਤੀ ਨੂੰ 'ਨਮਸਕਾਰ' ਕੀਤਾ ਅਤੇ ਮੁੜ ਬਿਨਾ ਕਿਸੇ ਜ਼ਰੂਰੀ ਕੰਮ ਤੋਂ ਇੰਡੀਆ ਆਉਣ ਤੋਂ ਤੌਬਾ ਕੀਤੀ।

ਅਗਲੇ ਦਿਨ ਡੇਵ ਮਾਨਸਿਕ ਪੱਖੋਂ 'ਹਲਕਾ' ਜਿਹਾ ਹੋਣ ਲਈ ਗੁਰੂ ਘਰ ਚਲਿਆ ਗਿਆ।

"ਕੋਰੋਨਾ ਵਾਇਰਸ" ਦੀ ਦਹਿਸ਼ਤ ਹੋਣ ਕਾਰਨ ਉੱਤਰੀ ਲੰਡਨ ਦੀ "ਬਜ਼ੁਰਗ ਸਭਾ" ਦਾ ਮੀਟਿੰਗ ਹਾਲ ਕਈ ਹਫ਼ਤਿਆਂ ਤੋਂ ਸੁੰਨਾਂ "ਭਾਂਅ-ਭਾਂਅ" ਕਰ ਰਿਹਾ ਸੀ। ਮੀਟਿੰਗ ਹਾਲ ਗੁਰੂ ਘਰ ਦੀ ਵਿਸ਼ਾਲ ਇਮਾਰਤ ਦੀ ਇੱਕ ਨੁੱਕਰ ਵਿੱਚ ਹੀ ਸੀ। ਅੱਜ ਤਿੰਨ ਮਹੀਨਿਆਂ ਤੋਂ ਕੁੱਕੜਾਂ ਵਾਂਗ ਖੁੱਡਿਆਂ ਵਿੱਚ 'ਤਾੜੇ' ਲੋਕ ਬਾਹਰ ਨਿਕਲੇ ਸਨ। ਮਸਾਂ ਸੁਖ ਦਾ ਸਾਹ ਆਇਆ ਸੀ। ਨਹੀਂ ਤਾਂ ਸਰਕਾਰ ਅਤੇ ਪ੍ਰਸ਼ਾਸਨ ਦੀਆਂ ਨਸੀਹਤਾਂ, ਪਾਬੰਦੀਆਂ ਨੇ ਲੋਕਾਂ ਦਾ ਘੰਡੀ ਵਿੱਚ ਸਾਹ ਰੋਕੀ ਰੱਖਿਆ ਸੀ। "ਕੋਰੋਨਾਂ - ਕੋਰੋਨਾਂ" ਸੁਣ ਕੇ ਲੋਕਾਂ ਦੇ ਕੰਨ ਪੱਕ ਗਏ ਸਨ। ਸਭਾ ਵਿੱਚੋਂ ਅਜੇ ਅਮਰੀਕ ਸਿੰਘ ਢਿੱਲੋਂ ਹੀ ਬਹੁੜਿਆ ਸੀ, ਬਾਕੀ ਬਜ਼ੁਰਗ ਮਿੱਤਰਾਂ ਦੇ ਪਹੁੰਚਣ ਦੀ ਉਸ ਨੂੰ "ਨਾਨਕਾ ਮੇਲ" ਵਾਂਗ ਉਡੀਕ ਸੀ। ਕੁਝ ਸਮੇਂ ਵਿੱਚ ਹੀ ਘਰਾਂ ਵਿੱਚ ਇਕਲਾਪੇ ਦੇ ਮਾਰੇ ਬਜ਼ੁਰਗ "ਆਹਣ" ਵਾਂਗ ਉੱਤਰ ਆਏ। ਉਹ ਇੱਕ-ਦੂਜੇ ਦੇ ਗਲ਼ ਲੱਗ-ਲੱਗ ਇਉਂ ਮਿਲ਼ ਰਹੇ ਸਨ, ਜਿਵੇਂ ਚੌਦਾਂ ਸਾਲ ਦਾ ਬਣਵਾਸ ਕੱਟ ਕੇ ਆਏ ਹੋਣ!

-"ਲੈ ਬਈ ਅੱਜ ਤਾਂ ਸੁੱਖ ਨਾ' ਰੰਗ ਭਾਗ ਲੱਗ-ਗੇ...!"

-"ਤਾਂ ਹੀ ਤਾਂ ਸਿਆਣੇ ਕਹਿੰਦੇ ਐ, ਬਈ ਬੰਦਿਆਂ ਨਾਲ਼ ਈ ਰੌਣਕਾਂ ਹੁੰਦੀਐਂ...!"

-"ਸੁਣਾਓ ਜੀ ਢਿੱਲੋਂ ਸਾਅਬ, ਸਿਹਤਾਂ ਕਾਇਮ ਨੇ...?" ਦਿਲਬਾਗ ਸਿੰਘ ਚਾਹਲ ਨੇ ਆਉਣ ਸਾਰ ਅਮਰੀਕ ਸਿੰਘ ਢਿੱਲੋਂ ਨਾਲ਼ ਹੱਥ ਮਿਲਾਇਆ, ਜਿਵੇਂ ਕੋਈ ਸਿਆਸੀ ਸੰਧੀ ਕਰਨੀ ਹੋਵੇ।

-"ਜਮਾਂ ਈ ਲੋਟ ਐਂ ਚਾਹਲ ਸਾਅਬ, ਤੁਸੀਂ ਦੱਸੋ...?" ਅਮਰੀਕ ਸਿੰਘ ਢਿੱਲੋਂ ਦਾ ਬੋਲ ਦਿਲਬਾਗ ਸਿੰਘ ਚਾਹਲ ਨੂੰ "ਖੁਸ਼ਿਆ-ਖੁਸ਼ਿਆ" ਜਿਹਾ ਲੱਗਿਆ।

-"ਕਿਵੇਂ ਪੈਂਚਰ ਜੇ ਹੋਏ ਬੋਲਦੇ ਓਂ...? ਕਿਤੇ ਕਰੋਨਾ ਤਾਂ ਨੀ ਕਲੋਲ ਕਰ ਗਿਆ...?" ਚਾਹਲ ਨੇ ਵਿਅੰਗ ਕਸਿਆ।

-"ਜੇ ਕਰੋਨੇ ਨੇ ਕਲੋਲ ਕੀਤੀ ਹੁੰਦੀ, ਹੁਣ ਨੂੰ ਐਥੇ ਬੈਠੇ ਹੁੰਦੇ...? ਫ਼ੇਰ ਤਾਂ ਹੁਣ ਨੂੰ ਚੜ੍ਹ ਗਏ ਹੁੰਦੇ ਤੱਕੜ 'ਤੇ...!"

-"ਹੁਣ ਨੂੰ ਤਾਂ ਸਹਿਜ ਪਾਠ ਦਾ ਭੋਗ ਵੀ ਪੈ ਗਿਆ ਹੁੰਦਾ, ਚਾਹਲ ਸਾਅਬ...!" ਅਖਾੜਾ ਪਿੰਡ ਵਾਲ਼ੇ ਸ਼ਰਮਾਂ ਜੀ ਨੇ ਗੱਲ ਅੱਧ ਵਿੱਚ ਹੀ ਬੋਚ ਕੇ ਰੇਖ 'ਚ ਮੇਖ ਮਾਰੀ।

ਚਲਦਾ...

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-11**

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਡਾ: ਕਿਰਨਪ੍ਰੀਤ ਕੌਰ ਬਾਠ



**ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਹਿੰਦੂ ਰਹੁ-ਰੀਤਾਂ ਨੂੰ ਮੁੱਢੋਂ ਨਕਾਰਦੇ ਹੋਏ ਬੇਦੀ ਦੁਆਲੇ ਫੇਰੇ ਲੈਣ ਤੋਂ ਇਨਕਾਰ ਕੀਤਾ ਸੀ, ਏਹੀ ਕਾਰਨ ਸੀ ਕਿ ਸਮਾਜ ਨੇ ਉਹਨਾਂ ਉੱਤੇ ਕੰਧ ਸੁੱਟ ਕੇ ਮਾਰਨ ਦੀ ਅਸਫਲ ਚਾਲ ਚੱਲੀ ਸੀ। ਗੁਰੂ ਨਾਨਕ ਸਾਹਿਬ ਦਾ ਵਿਆਹ ਮੂਲ-ਮੰਤਰ ਦੁਆਲੇ ਫੇਰੇ ਲੈ ਕੇ ਹੋਇਆ। ਗੁਰੂ ਅੰਗਦ ਸਾਹਿਬ ਅਤੇ ਗੁਰੂ ਅਮਰਦਾਸ ਸਾਹਿਬ ਤਾਂ ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਜੁੜਨ ਤੋਂ ਪਹਿਲਾਂ ਹੀ ਵਿਆਹੇ ਸੀ। ਗੁਰੂ ਰਾਮਦਾਸ ਸਾਹਿਬ ਨੇ ਸਿੱਖਾਂ ਲਈ ਆਨੰਦ ਕਾਰਜ ਦੀ ਮਰਿਆਦਾ ਬਣਾਉਂਦੇ ਹੋਏ ਲਾਵਾਂ ਦੀ ਬਾਣੀ ਲਿਖੀ ਜੋ ਔਰਤ-ਮਰਦ ਨੂੰ ਸਰੀਰ ਤੋਂ ਵੱਧ ਰੂਹਾਨੀ ਤੌਰ ਉੱਤੇ ਜੋੜਦੀ ਹੈ। ਲਾਵਾਂ ਦੀ ਮਰਿਆਦਾ ਨਾਲ ਸਿੱਖਾਂ ਦਾ ਆਪਣਾ ਸੱਭਿਆਚਾਰ, ਜਿਸ ਵਿੱਚ ਜਨਮ, ਮਰਣ, ਵਿਆਹ ਆਦਿ ਦੀਆਂ ਰਸਮਾਂ ਦੀ ਖ਼ਾਸ ਥਾਂ ਹੁੰਦੀ ਹੈ, ਵੀ ਪ੍ਰਭਾਸ਼ਿਤ ਹੋ ਗਿਆ।**

ਪਰ ਸਾਡੇ ਦੁਸ਼ਮਣ ਨੂੰ ਅੱਜ ਵੀ ਯਾਦ ਹੈ ਕਿ ਇਸ ਨਗਰੀ ਵਸਾਉਣ ਪਿੱਛੇ ਮੁੱਖ ਉਦੇਸ਼ 'ਸਾਚ ਧਰਮ ਕੀ ਕਰਿ ਦੀਨੀ ਵਾਰਿ ॥' (ਅੰਗ 430) ਹੈ; ਸੱਚੇ ਧਰਮ ਨੂੰ ਬਚਾਉਣ ਲਈ ਹੀ ਇਸ ਨਗਰੀ ਦੀ ਸਥਾਪਨਾ ਹੋਈ ਸੀ। ਓਸ ਵਾੜ ਨੂੰ ਅੱਜ ਅਸੀਂ ਆਪ ਹੀ ਖੋਰਾ ਲਾਉਣ ਨੂੰ ਉਤਾਵਲੇ ਹਾਂ।

**ਸਿੱਖਾਂ ਦੀ ਅੱਡਰੀ ਹੋਂਦ ਹਸਤੀ ਨੂੰ ਨਿਖਾਰਨਾ:**

ਬੇਸ਼ੱਕ ਗੁਰੂ ਸਾਹਿਬ ਦੇ ਜੀਵਨ ਕਾਲ ਵਿੱਚ ਐਸੀਆਂ ਕਈ ਘਟਨਾਵਾਂ ਹਨ ਜੋ ਜ਼ਿਕਰ ਮੰਗਦੀਆਂ ਹਨ, ਪਰ ਇੱਥੇ ਵਿਸ਼ੇ ਨੂੰ ਸੰਖੇਪ ਅਤੇ ਸੀਮਿਤ ਰੱਖਣ ਕਾਰਨ ਸਭ ਦਾ ਜ਼ਿਕਰ ਨਹੀਂ ਕਰ ਰਹੀ ਪਰ ਕੁਝ ਘਟਨਾਵਾਂ ਵੱਲ ਧਿਆਨ ਦਿਵਾਉਣਾ ਚਾਹਾਂਗੀ। ਸਿੱਖਾਂ ਕੋਲ ਆਪਣੀ ਭਾਸ਼ਾ ਸੀ, ਗੁਰਬਾਣੀ ਦੇ ਰੂਪ ਵਿੱਚ ਆਪਣੀ ਸਿਧਾਂਤਕ ਵਿਚਾਰਧਾਰਾ, ਆਪਣੀ ਵੱਖਰੀ ਜੀਵਨ-ਸ਼ੈਲੀ ਅਤੇ ਆਪਣੇ ਨਗਰ ਵੀ ਹੋ ਗਏ ਸਨ। ਹੁਣ ਲੋੜ ਸੀ ਸਿੱਖਾਂ ਦੀ ਮਰਿਆਦਾ ਕਾਇਮ ਕਰਨ ਦੀ, ਓਸ ਵੇਲ਼ੇ ਜਦ ਸੱਭਿਆਚਾਰਕ ਤੌਰ 'ਤੇ ਲੋਕ ਮਰਗ ਉੱਤੇ ਪਿਟਦੇ ਜਾਂ ਫਿਰ ਰੁਦਾਲੀਆਂ ਬੁਲਾ ਕੇ ਸਿਆਪਾ ਕਰਦੇ ਸਨ, ਗੁਰੂ ਨਾਨਕ ਸਾਹਿਬ ਨੇ ਅਲਾਹੁਣੀਆਂ ਉਚਾਰ,
ਸਹਿਜ ਦੀ ਵਾੜ ਲਾਈ ਸੀ:

ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ
ਜਾਵਹਿ ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਜਾਣੋ ॥
ਮਰਣੁ ਮੁਣਸਾਂ ਸੂਰਿਆ ਹਕੁ ਹੈ
ਜੋ ਹੋਇ ਮਰਹਿ ਪਰਵਾਣੋ ॥3॥
(ਅੰਗ 579)

ਜਿਸ ਮੌਤ ਨੂੰ ਬੁਰਾ ਮੰਨਿਆ ਜਾਂਦਾ ਸੀ, ਓਸੇ ਮੌਤ ਨੂੰ ਇੱਕ ਹੁਨਰ ਸਿਰਫ਼ ਗੁਰੂ ਨਾਨਕ ਹੀ ਬਣਾ ਸਕਦੇ ਹਨ । ਜਨਮ ਵੇਲ਼ੇ ਦੇ ਸੰਸਕਾਰ ਤਾਂ ਗੁਰੂ ਨਾਨਕ ਪਹਿਲਾਂ ਹੀ ਸਿੱਖਾਂ ਦੇ ਵੱਖਰੇ ਕਰ ਗਏ ਸਨ, ਅਲਾਹੁਣੀਆਂ ਦੇ ਨਾਲ ਮੌਤ ਵੇਲ਼ੇ ਦੇ ਸੰਸਕਾਰ ਵੀ ਵੱਖ ਹੋ ਗਏ।

ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਹਿੰਦੂ ਰਹੁ-ਰੀਤਾਂ ਨੂੰ ਮੁੱਢੋਂ ਨਕਾਰਦੇ ਹੋਏ ਬੇਦੀ ਦੁਆਲੇ ਫੇਰੇ ਲੈਣ ਤੋਂ ਇਨਕਾਰ ਕੀਤਾ ਸੀ, ਏਹੀ ਕਾਰਨ ਸੀ ਕਿ ਸਮਾਜ ਨੇ ਉਹਨਾਂ ਉੱਤੇ ਕੰਧ ਸੁੱਟ ਕੇ ਮਾਰਨ ਦੀ ਅਸਫਲ ਚਾਲ ਚੱਲੀ ਸੀ। ਗੁਰੂ ਨਾਨਕ ਸਾਹਿਬ ਦਾ ਵਿਆਹ ਮੂਲ-ਮੰਤਰ ਦੁਆਲੇ ਫੇਰੇ ਲੈ ਕੇ ਹੋਇਆ। ਗੁਰੂ ਅੰਗਦ ਸਾਹਿਬ ਅਤੇ ਗੁਰੂ ਅਮਰਦਾਸ ਸਾਹਿਬ ਤਾਂ ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਜੁੜਨ ਤੋਂ ਪਹਿਲਾਂ ਹੀ ਵਿਆਹੇ ਸੀ। ਗੁਰੂ ਰਾਮਦਾਸ ਸਾਹਿਬ ਨੇ ਸਿੱਖਾਂ ਲਈ ਆਨੰਦ ਕਾਰਜ ਦੀ ਮਰਿਆਦਾ ਬਣਾਉਂਦੇ ਹੋਏ ਲਾਵਾਂ ਦੀ ਬਾਣੀ ਲਿਖੀ ਜੋ ਔਰਤ-ਮਰਦ ਨੂੰ ਸਰੀਰ ਤੋਂ ਵੱਧ ਰੂਹਾਨੀ ਤੌਰ ਉੱਤੇ ਜੋੜਦੀ ਹੈ। ਲਾਵਾਂ ਦੀ ਮਰਿਆਦਾ ਨਾਲ ਸਿੱਖਾਂ ਦਾ ਆਪਣਾ ਸੱਭਿਆਚਾਰ, ਜਿਸ ਵਿੱਚ ਜਨਮ, ਮਰਣ, ਵਿਆਹ ਆਦਿ ਦੀਆਂ ਰਸਮਾਂ ਦੀ ਖ਼ਾਸ ਥਾਂ ਹੁੰਦੀ ਹੈ, ਵੀ ਪ੍ਰਭਾਸ਼ਿਤ ਹੋ ਗਿਆ।

**ਸਿੱਖਾਂ ਨੂੰ 'ਮਾਂਗਤ' ਪੱਖ ਵਿੱਚੋਂ ਕੱਢ 'ਦਾਤੇ' ਪੱਖ ਵਿੱਚ ਕਰ ਦੇਣਾ:**

ਅੰਮ੍ਰਿਤਸਰ ਸਾਹਿਬ ਦੇ ਵੱਸਣ ਨਾਲ ਗੁਰਸਿੱਖਾਂ ਕੋਲ ਆਪਣੀ ਇੱਕ ਤਾਕਤ ਆ ਗਈ ਸੀ, ਇੱਥੇ ਆਪਣੀ ਕਮਾਈ ਦੇ ਉਹ ਆਪ ਮਾਲਕ ਸਨ। ਗੁਰੂ ਸਾਹਿਬ ਹਰ ਰੋਜ਼ ਇੱਥੇ 'ਆਸਾ ਦੀ ਵਾਰ' ਦੇ ਦੀਵਾਨ ਸਜਾ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਅਤੇ ਗੁਰਬਾਣੀ ਰਾਹੀਂ ਉਹਨਾਂ ਦੀ ਮੱਤ ਉੱਚੀ ਕਰਦੇ। ਉਹਨਾਂ ਨੂੰ ਪਰਿਵਾਰ ਵਿੱਚ ਰਹਿੰਦੇ ਹੋਏ, ਸੰਸਾਰੀ ਰਸ ਮਾਣਦੇ ਹੋਏ ਜੋਗੀਸਰ ਜੋਗੀ ਬਣ ਜਾਣ ਦੀ ਇੱਕ ਅਨੋਖੀ ਜੁਗਤ ਦੱਸਦੇ:

ਘਰਬਾਰੀ ਪਰਵਾਰ ਵਿਚਿ ਭੋਗ
ਭੁਗਤਿ ਰਾਜੋ ਰਸੁ ਭੋਗੀ ॥
ਆਸਾ ਵਿਚਿ ਨਿਰਾਸ
ਹੁਇ ਜੋਗ ਜੁਗਤਿ ਜੋਗੀਸੁਰ ਜੋਗੀ ॥
(ਭਾਈ ਗੁਰਦਾਸ ਵਾਰ 24)

ਸਿੱਖ ਗੁਰੂ ਚਰਨਾਂ ਵਿੱਚ ਰਹਿਣ 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥1॥' (ਅੰਗ 724) ਦਾ ਅਭਿਆਸ ਦਿਨ-ਰਾਤ ਕਰ ਰਹੇ ਸਨ। ਇਸੇ ਅਭਿਆਸ ਨੇ ਓਹਨਾਂ ਨੂੰ ਸੋਝੀ ਦਿੱਤੀ ਕਿ ਓਹਨਾਂ ਦੇ ਅੰਦਰੋਂ ਮੌਤ ਦਾ ਭੈਅ ਵੀ ਮੁੱਕਣ ਲੱਗਾ। ਜਦੋਂ ਇਨਸਾਨ ਦੀ ਅਵਸਥਾ ਇਹ ਹੋ ਜਾਵੇ ਕਿ ਉਹ ਦੁਨੀਆ ਵਿੱਚ ਰਹਿੰਦਾ ਹੋਇਆ ਵੀ ਦੁਨੀਆ ਤੋਂ ਪਰੇ ਰਹਿਣਾ ਸਿੱਖ ਜਾਵੇ ਤਾਂ ਉਹ ਦੁਨਿਆਵੀ ਮਾਇਆ ਵਿੱਚ ਨਹੀਂ ਫਸਦਾ।

ਗੁਰੂ ਸਾਹਿਬ ਨੇ ਗੁਰਸਿੱਖਾਂ ਦੇ ਮਨਾਂ ਵਿੱਚ ਐਸੀ ਅਮੀਰੀ ਭਰੀ ਕਿ ਉਹਨਾਂ ਨੂੰ ਅਸਲੀ ਖ਼ਜ਼ਾਨੇ ਦੀ ਸੋਝੀ ਪੈਣ ਲੱਗੀ, ਉਹਨਾਂ ਨੂੰ ਆਪਣੀ ਅਮੀਰੀ ਦਾ ਅਹਿਸਾਸ ਹੋਣ ਲੱਗਾ। ਗੁਰਬਾਣੀ ਨੂੰ ਸੱਚ ਕਰ ਮੰਨਣ ਵਾਲ਼ੇ ਇਹ ਜਾਣਦੇ ਸਨ ਕਿ ਗੁਰੂ ਦੇ ਹਰ ਬਚਨ ਵਿੱਚ ਗੁਰਸਿੱਖਾਂ ਲਈ ਜਿੱਥੇ ਇੱਕ ਉਪਦੇਸ ਹੈ, ਓਥੇ ਹੀ ਇੱਕ ਵਾਅਦਾ ਵੀ ਹੈ। ਸੋ ਜਦੋਂ ਪਾਤਸ਼ਾਹ ਫ਼ੁਰਮਾਉਂਦੇ ਹਨ :

ਹਮ ਧਨਵੰਤ ਭਾਗਠ ਸਚ ਨਾਇ ॥
ਹਰਿ ਗੁਣ ਗਾਵਹ ਸਹਜਿ ਸੁਭਾਇ ॥1॥ ਰਹਾਉ ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥1॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥
ਭਰੇ ਭੰਡਾਰ ਅਖੂਟ ਅਤੋਲ ॥2॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥3॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥
**ਸੁ ਏਤੁ ਖਜਾਨੈ ਲਇਆ ਰਲਾਇ ॥4॥31॥100॥**
(ਅੰਗ 186)

ਤਾਂ ਸਿੱਖ ਜਾਣਦੇ ਹਨ ਕਿ ਗੁਰੂ ਸਾਹਿਬ ਨੇ ਨਾਮ ਦੇ ਖ਼ਜ਼ਾਨੇ ਦੀ ਗੱਲ ਵੀ ਕੀਤੀ ਹੈ ਪਰ ਨਾਲ਼ ਹੀ ਉਹਨਾਂ ਗੁਰਸਿੱਖਾਂ ਨੂੰ ਇਹ ਹੁਕਮ ਵੀ ਦਿੱਤਾ ਹੈ ਕਿ ਰਲ-ਮਿਲ ਖਾਣ ਨਾਲ ਕੁਝ ਘੱਟਣਾ ਨਹੀਂ ਸਗੋਂ ਵਧਣਾ ਹੀ ਹੈ। ਗੁਰੂ ਉੱਤੇ ਭਰੋਸਾ ਹੀ ਸਿੱਖਾਂ ਨੂੰ ਮਾਂਗਤ ਪੱਖ ਵਿੱਚੋਂ ਕੱਢ ਦਾਨੀ ਬਣਾ ਰਿਹਾ ਸੀ। ਸਿੱਖ ਮੰਗਣ ਦੀ ਬਿਰਤੀ ਛੱਡ, ਦੇਣ ਦੀ ਬਿਰਤੀ ਦਾ ਅਭਿਆਸ ਕਰ ਰਹੇ ਸਨ। ਉਹ ਦੇ ਕੇ ਵੰਡ ਕੇ ਖ਼ੁਸ਼ ਹੁੰਦੇ ਸਨ। ਇਸੇ ਅਭਿਆਸ ਨੇ ਸਾਨੂੰ ਅੱਜ ਦੁਨੀਆ ਵਿੱਚ ਖੁੱਲ੍ਹ-ਦਿਲੇ, ਵੱਡੇ-ਦਿਲ ਵਾਲ਼ੇ, ਦਾਨੀ ਤੇ ਪਤਾ ਨਹੀਂ ਕਿਹੜੇ-ਕਿਹੜੇ ਵਿਸ਼ੇਸ਼ਣ ਦਿਵਾਏ ਹਨ।

ਗੁਰੂ ਰਾਮਦਾਸ ਸਾਹਿਬ ਸਿੱਖਾਂ ਨੂੰ ਦੁੱਖ-ਸੁੱਖ ਸਮਸਰ ਕਰ ਜਾਣਨ ਦਾ ਸਿਧਾਂਤਕ ਅਭਿਆਸ ਕਰਵਾ ਰਹੇ ਸਨ:

ਦੁਖ ਸੁਖ ਸਮਸਰਿ ਗੁਰਮਤੀ
ਸੰਪੈ ਹਰਖ ਨ ਆਪਦਾ ਸੋਗੀ
ਦੇਹ ਬਿਦੇਹੀ ਲੋਗ ਅਲੋਗੀ
(ਭਾਈ ਗੁਰਦਾਸ ਵਾਰ 24, ਪਉੜੀ 15)

ਏਹੀ ਅਭਿਆਸ ਆਉਣ ਵਾਲ਼ੇ ਸਮੇਂ ਵਿੱਚ ਸਿੱਖਾਂ ਦੇ ਕੰਮ ਆਉਣਾ ਸੀ।

**ਗੁਰੂ ਅਰਜਨ ਦੇਵ ਜੀ**

**ਸਾਡੇ ਗੁਰੂ 'ਅਵਰ ਉਪਦੇਸੈ ਆਪਿ ਨ ਕਰੈ॥**
ਆਵਤ ਜਾਵਤ ਜਨਮੈ ਮਰੈ'
(ਅੰਗ 269)


ਦੇ ਵਾਕਾਂ ਉੱਤੇ ਪਹਿਰੇ ਦਿੰਦਿਆਂ ਜੋ ਵੀ ਸਿੱਖਾਂ ਨੂੰ ਸਮਝਾ ਜਾਂ ਪੜ੍ਹਾ ਰਹੇ ਸਨ, ਉਹ ਆਪ ਪ੍ਰੈਕਟੀਕਲ ਰੂਪ ਵਿੱਚ ਪਹਿਲਾਂ ਕਰ ਕੇ ਵਿਖਾਉਂਦੇ ਸਨ। ਅੱਜ ਜੋ ਦੇਹਧਾਰੀਆਂ ਪਿੱਛੇ ਲੱਗ ਓਹਨਾਂ ਨੂੰ 'ਪੂਰਾ ਗੁਰੂ', 'ਸਤਿਗੁਰੂ', 'ਮਹਾਪੁਰਸ਼' ਅਤੇ ਪਤਾ ਨਹੀਂ ਕੀ-ਕੀ ਦਿੰਦੇ ਹਨ, ਉਹ ਸਾਰੇ ਆਪਣੀ ਮੱਤ ਨੂੰ ਜ਼ਰਾ ਘੋਖਣ ਦੀ ਕੋਸ਼ਿਸ਼ ਕਰੋ। ਓਹਨਾਂ ਵਿੱਚੋਂ ਇੱਕ ਵੀ ਐਸਾ ਦਸ ਦਿਓ ਜੋ ਆਪਣੇ ਕਹਿਣ ਉੱਤੇ ਆਪ ਪਹਿਰਾ ਦੇ ਰਿਹਾ ਹੋਵੇ: ਜੋ ਤੁਹਾਨੂੰ ਕਹਿੰਦੇ ਨੇ ਮੀਟ ਆਂਡਾ ਖਾਣਾ ਤਾਂ ਦੂਰ, ਖਾਣ ਵਾਲ਼ੇ ਦੇ ਕੋਲ਼ ਵੀ ਨਹੀਂ ਬੈਠਣਾ ਉਹ ਆਪ ਲੋਕਾਂ ਦੀਆਂ ਜ਼ਮੀਨਾਂ ਦੱਬੀ ਓਹਨਾਂ ਦਾ ਮਾਸ ਖਾ ਰਹੇ ਹੁੰਦੇ ਹਨ, ਅਜਿਹੇ ਢੋਂਗੀਆਂ ਲਈ ਹੀ ਪਾਤਸ਼ਾਹ ਲਿਖਦੇ ਹਨ:

**ਗੈਂਡਾ ਮਾਰਿ ਹੋਮ ਜਗ ਕੀਏ**
**ਦੇਵਤਿਆ ਕੀ ਬਾਣੇ ॥**
**ਮਾਸੁ ਛੋਡਿ ਬੈਸਿ ਨਕੁ**
**ਪਕੜਹਿ ਰਾਤੀ ਮਾਣਸ ਖਾਣੇ ॥**
**ਫੜੁ ਕਰਿ ਲੋਕਾਂ ਨੋ ਦਿਖਲਾਵਹਿ**
**ਗਿਆਨੁ ਧਿਆਨੁ ਨਹੀ ਸੂਝੈ ॥**
**ਨਾਨਕ ਅੰਧੇ ਸਿਉ ਕਿਆ ਕਹੀਐ**
**ਕਹੈ ਨ ਕਹਿਆ ਬੂਝੈ ॥**
**ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ**
**ਰਿਦੈ ਸਿ ਲੋਚਨ ਨਾਹੀ ॥**
(ਅੰਗ 1289)

ਜੋ ਤੁਹਾਨੂੰ ਇਹ ਸਮਝਾ ਰਹੇ ਹੁੰਦੇ ਹਨ ਕਿ ਤੁਸੀਂ ਮਾਇਆ ਪਿੱਛੇ ਪੈ ਰੱਬ ਨੂੰ ਭੁੱਲ ਗਏ ਹੋ, ਉਹ ਆਪ ਵੱਡੀ ਤੋਂ ਵੱਡੀ ਗੱਡੀ ਵਿੱਚ ਘੁੰਮ ਰਹੇ ਹੁੰਦੇ ਹਨ। ਕੋਈ ਹੋਰ ਐਸੇ ਦੇਹਧਾਰੀਆਂ ਨੂੰ ਮੰਨੇ ਤਾਂ ਹੈਰਾਨੀ ਨਹੀਂ ਹੁੰਦੀ ਪਰ ਜੇ ਕੋਈ ਸਿੱਖ ਕਿਸੇ ਦੇਹਧਾਰੀ ਦੇ ਕਦਮਾਂ ਵਿੱਚ ਬੈਠਾ ਹੋਵੇ ਤਾਂ ਅਸਚਰਜ ਹੁੰਦਾ ਹੈ ਕਿਉਂਕਿ ਸਿੱਖ ਤਾਂ ਉਸ ਗੁਰੂ ਦੇ ਲੜ ਲੱਗੇ ਸੀ, ਜਿਸ ਨੇ ਜੋ ਕਿਹਾ ਜਾਂ ਸਮਝਾਇਆ ਉਹ ਆਪ ਪਹਿਲਾਂ ਕੀਤਾ। ਇਹ ਜੋ ਸਹਿਜ ਅਤੇ ਨਿਰਭੈਅ ਸਖ਼ਸ਼ੀਅਤ ਗੁਰਸਿੱਖਾਂ ਦੀ ਘੜੀ ਜਾ ਰਹੀ ਸੀ, ਜਿਸ ਦੇ ਤਹਿਤ ਗੁਰਸਿੱਖਾਂ ਨੂੰ

'ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ
ਆਉ ਹਮਾਰੈ ਪਾਸਿ ॥1॥' (ਅੰਗ 1102)

ਦੇ ਸਿਧਾਂਤ ਦਾ ਬਾਣੀ-ਰੂਪ ਵਿੱਚ ਅਭਿਆਸ ਕਰਵਾਇਆ ਜਾ ਰਿਹਾ ਸੀ, ਪੰਜਵੇਂ ਜਾਮੇ ਵਿੱਚ ਗੁਰੂ ਨਾਨਕ ਸਾਹਿਬ ਓਸੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਸਿੱਖਾਂ ਨੂੰ ਪ੍ਰਤੱਖ ਜਿਓਂ ਕੇ ਵਿਖਾਉਂਦੇ ਹਨ।




ਚਲਦਾ.....

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 29 'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?

**ਊਤਮ ਬਾਣੀ:**

ਜਿਸ ਤਰ੍ਹਾਂ ਕਿ ਅਗਲੇ ਗੁਰਵਾਕਾਂ ਤੋਂ ਜ਼ਾਹਿਰ ਹੈ, ਪ੍ਰਭੂ ਦੇ ਸੇਵਕਾਂ, ਭਗਤਾਂ, ਗੁਰਮੁਖਾਂ ਤੇ ਪ੍ਰਭੂ ਦੀ ਬਾਣੀ ਨੂੰ ਉੱਤਮ ਬਾਣੀ ਕਿਹਾ ਗਿਆ ਹੈ । ਹਰੀ ਦੇ ਸੰਤ ਜਨ ਉੱਤਮ ਪੁਰਸ਼ ਹੁੰਦੇ ਹਨ; ਉਹਨਾਂ ਦੀ ਬਾਣੀ ਉੱਤਮ (ਸ਼੍ਰੋਮਣੀ) ਹੁੰਦੀ ਹੈ, ਆਪਣੇ ਮੂੰਹੋਂ ਉਹ ਲੋਕਾਂ ਦੀ ਭਲਾਈ ਵਾਸਤੇ ਬੋਲਦੇ ਹਨ। ਜਿਹੜਾ ਮਨੁੱਖ ਸੰਤ ਜਨਾਂ ਦੀ ਉੱਤਮ ਬਾਣੀ ਸ਼ਰਧਾ ਤੇ ਭਗਤੀ ਭਾਵਨਾ ਨਾਲ਼ ਸੁਣਦਾ ਹੈ, ਪਰਮਾਤਮਾ ਕਿਰਪਾ ਕਰ ਕੇ ਉਸ ਨੂੰ (ਭਵ-ਸਾਗਰ ਤੋਂ) ਪਾਰ ਲੰਘਾ ਦਿੰਦਾ ਹੈ । "ਹਰਿਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥ ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥1॥ ਅੰਗ 493"। ਭਗਤ ਜਨਾਂ ਦੀ ਬਾਣੀ ਉੱਤਮ ਹੁੰਦੀ ਹੈ, ਉਹ ਸਦਾ ਬੇਅੰਤ ਪ੍ਰਭੂ (ਜਿਸਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ) ਦੀ ਅਨੋਖੀ ਨਾ ਕਥੀ ਜਾਣ ਵਾਲ਼ੀ ਕਥਾ ਕਰਦੇ ਰਹਿੰਦੇ ਹਨ, ਜਿਸ ਸਦਕਾ ਉਹਨਾਂ ਦਾ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ, ਉਹ ਆਪ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ ਤੇ ਆਪਣੀ ਕੁਲ ਨੂੰ ਭੀ ਪਾਰ ਲੰਘਾ ਲੈਂਦੇ ਹਨ । "ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ ॥ ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ ॥4॥ ਅੰਗ 507" । ਭਗਤਾਂ ਦੀ ਬਾਣੀ ਉੱਤਮ ਹੁੰਦੀ ਹੈ ਤੇ ਹਰ ਜੁਗ ਵਿਚ ਵਿਆਪਕ ਰਹਿੰਦੀ ਹੈ । "ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥20॥ ਅੰਗ 909" । ਗੁਰਮੁਖ ਦੀ ਬਾਣੀ ਸਦਾ ਥਿਰ ਤੇ ਉੱਤਮ ਹੁੰਦੀ ਹੈ । "ਗੁਰਮੁਖਿ ਸਚੀ ਊਤਮ ਬਾਣੀ ॥ ਅੰਗ 1058" । ਗੁਰਮੁਖ ਪ੍ਰਭੂ ਦੇ ਨਾਮ ਵਿਚ ਰੰਗੇ, ਗੁਰੂ ਦੇ ਸ਼ਬਦ ਦੀ ਵਿਚਾਰ (ਭਾਵ ਸਿਮਰਨ) ਕਰਕੇ, ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ । ਉਹ ਪਭੂ ਦੇ ਨਾਮ ਨੂੰ ਧਿਆ ਕੇ, ਨਾਮ ਨੂੰ ਹਿਰਦੇ ਵਿਚ ਵਸਾ ਕੇ, ਜਿਉਂਦੇ ਜੀ (ਮਾਇਆ ਦੇ ਬੰਧਨਾਂ ਤੋਂ) ਮੁਕਤ ਹੋ ਜਾਂਦੇ ਹਨ । ਉਹਨਾਂ ਦਾ ਮਨ ਤੇ ਤਨ ਨਿਰਮਲ ਹੁੰਦਾ ਹੈ, ਉਹਨਾਂ ਦੀ ਮਤਿ ਨਿਰਮਲ ਤੇ ਉੱਤਮ ਹੁੰਦੀ ਹੈ ਤੇ ਉਹਨਾਂ ਦੀ ਬਾਣੀ ਵੀ ਉੱਤਮ ਹੁੰਦੀ ਹੈ । ਉਹ ਇਕ ਪਰਮੇਸ਼ਰ ਨੂੰ ਹੀ ਜਾਣਦੇ ਹਨ ਤੇ ਇਕ ਪਰਮੇਸ਼ਰ ਤੋਂ ਬਿਨਾ ਹੋਰ ਕਿਸੇ ਦੂਜੇ ਨੂੰ ਨਹੀਂ ਜਾਣਦੇ । "ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ ॥ ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ ॥ ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥ ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ॥3॥ ਅੰਗ 1259" । ਪ੍ਰਭੂ ਨੇ ਕਿਰਪਾ ਕਰਕੇ ਜਿਸਨੂੰ ਆਪਣਾ ਬਣਾ ਲਿਆ ਉਸਦੀ ਬਾਣੀ ਉੱਤਮ ਹੁੰਦੀ ਹੈ । "ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥ ਅੰਗ 1220" । ਉਸ ਸਦਾ-ਥਿਰ ਪ੍ਰਭੂ ਨੇ ਕਈਆਂ ਨੂੰ ਆਪਣੇ ਸਦਾ-ਥਿਰ ਨਾਮ (ਜਪਣ) ਵਿਚ ਲਾਇਆ ਹੋਇਆ ਹੈ । ਪ੍ਰਭੂ ਉਹਨਾਂ ਨੂੰ ਆਪਣੀ ਉੱਤਮ ਬਾਣੀ ਤੇ ਗੁਰੂ ਦਾ ਸ਼ਬਦ ਸੁਣਾਉਂਦਾ ਹੈ । "ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ॥ ਊਤਮ ਬਾਣੀ ਸਬਦੁ ਸੁਣਾਏ ॥ ਅੰਗ 664" । ਪ੍ਰਭੂ ਦੇ ਗੁਣ ਗਾ ਕੇ ਸਭ ਤੋਂ ਉੱਚਾ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦਾ) ਦਰਜਾ ਪ੍ਰਾਪਤ ਕਰ ਲਿਆ ਹੈ; ਪ੍ਰਭੂ ਦੀ ਬਾਣੀ ਉੱਤਮ ਹੈ । "ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥ ਅੰਗ 781" । ਹੇ ਸੰਤੋ! ਐਸੇ ਪ੍ਰਭੂ ਦੀ ਸੇਵਾ ਕਰੋ (ਭਾਵ ਉਸਦਾ ਨਾਮ ਜਪੋ, ਉਸਨੂੰ ਖਲਕਤ ਵਿਚ ਵਸਦਾ ਜਾਣ ਕੇ ਖਲਕਤ ਦੀ ਸੇਵਾ ਕਰੋ) ਜਿਸਦੀ ਬਾਣੀ ਉੱਤਮ ਹੈ । "ਸੋ ਐਸਾ ਹਰਿ ਸੇਵਹੁ ਸੰਤਹੁ ਜਾ ਕੀ ਊਤਮ ਬਾਣੀ ਹੇ ॥2॥ ਅੰਗ 1070" । ਅਤੇ, ਸ੍ਰਿਸ਼ਟੀ ਦੇ ਪਾਲਣਹਾਰ ਦੀ ਉੱਤਮ ਬਾਣੀ ਗਾਓ । "ਊਤਮ ਬਾਣੀ ਗਾਉ ਗੋੁਪਾਲਾ ॥ ਅੰਗ 1085" ।

**ਰੂੜੀ ਬਾਣੀ:**

(ਹਰ ਕੰਮ 'ਚ) ਮਾਹਰ ਮਾਲਕ ਪ੍ਰਭੂ ਸੁੰਦਰ ਹੈ ਤੇ ਗੁਰੂ ਦੀ ਬਾਣੀ ਵੀ ਸੁੰਦਰ ਹੈ । "ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥ ਅੰਗ 421" । ਹੇ ਸੋਹਣੇ ਤੇ ਖੁਸ਼ਵਾਕ ਮਨ ਤੂੰ ਪ੍ਰਭੂ ਪ੍ਰੇਮ ਦਾ ਸੱਚਾ ਰੰਗ ਚੜ੍ਹਾ! ਜੇ ਤੂੰ ਪ੍ਰਭੂ ਦੀ ਸੁੰਦਰ ਬਾਣੀ ਨਾਲ਼ ਆਪਣੇ ਆਪ ਨੂੰ ਰੰਗੇਂ ਤਾਂ ਇਹ ਰੰਗ ਨਾ ਲੱਥੇਗਾ ਤੇ ਨਾ ਕਿਤੇ ਜਾਏਗਾ । "ਏ ਮਨ ਰੂੜ੍ਹੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥ ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥1॥ ਰਹਾਉ ॥ ਅੰਗ 427" । ਸਤਿਗੁਰੂ ਦੀ ਸੁੰਦਰ ਬਾਣੀ ਦੀ ਰਾਹੀਂ, ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਹੀ, ਪ੍ਰਭੂ ਮਿਲਿਆ ਹੈ । ਇਸ ਤਰ੍ਹਾਂ ਆਪਾ-ਭਾਵ ਦੂਰ ਹੋ ਗਿਆ, ਜਨਮ ਮਰਨ ਦਾ ਦੁੱਖ ਕੱਟਿਆ ਗਿਆ ਤੇ ਜੀਵ-ਇਸਤ੍ਰੀ ਨੇ ਖਸਮ ਪ੍ਰਭੂ ਨੂੰ ਪਾ ਲਿਆ । "ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ॥ ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥47॥ ਅੰਗ 936" ।

**ਗੁਰਬਾਣੀ ਨੂੰ ਵਿਚਾਰਨ ਦਾ ਹੁਕਮ ਹੈ!**

ਹੇ ਪ੍ਰਭੂ! ਤੇਰੇ ਲਾਸਾਨੀ ਸੁੰਦਰਤਾ ਵਾਲ਼ੇ ਤੇ ਪਾਰਾਵਾਰ ਤੋਂ ਰਹਿਤ ਬਚਨ ਸੰਤਾਂ ਦਾ ਆਸਰਾ ਹਨ ਤੇ ਉਹ ਬਾਣੀ ਨੂੰ ਵਿਚਾਰਦੇ ਹਨ । "ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥ ਅੰਗ 80" । ਲੇਕਿਨ ਬਾਣੀ ਕੋਈ ਵਿਰਲਾ ਹੀ ਵਿਚਾਰਦਾ ਹੈ, ਜੇ ਕੋਈ ਗੁਰਮੁਖ ਹੋਵੇ ਤਾਂ। ਇਹ ਬਾਣੀ ਮਹਾਂਪੁਰਖਾਂ ਦੀ ਹੈ, ਜਿਸ (ਦੀ ਵਿਚਾਰ) ਨਾਲ਼ ਮਨੁੱਖ (ਦੇ ਮਨ) ਦਾ ਸ੍ਵੈ-ਸਰੂਪ (ਅੰਤਰ ਆਤਮੇ 'ਚ) ਵਿਚ ਵਾਸਾ ਹੋ ਜਾਂਦਾ ਹੈ "ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥40॥ ਅੰਗ 935" । ਇਕੋ ਗੁਰ ਪਰਮੇਸ਼ਰ ਹੈ, ਇਕ ਹੀ ਬਾਣੀ ਹੈ ਤੇ ਇਕ (ਉਸਦੇ) ਸ਼ਬਦ ਦੀ ਹੀ ਵਿਚਾਰ ਕਰਨੀ ਚਾਹੀਦੀ ਹੈ । "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਅੰਗ 646" । ਹੇ ਅਉਧੂ! ਜੇਹੜੇ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦੇ ਹਨ ਉਹ ਚੌਹਾਂ ਜੁਗਾਂ ਵਿਚ ਹੀ ਸੂਰਮੇ ਹਨ (ਭਾਵ, ਕਾਮਾਦਿਕ ਵਿਕਾਰ ਉਹਨਾਂ ਉਤੇ ਜ਼ੋਰ ਨਹੀਂ ਪਾ ਸਕਦੇ) । ਪ੍ਰਭੂ ਦੀ ਭਗਤੀ ਰਾਹੀਂ ਉਹ ਗੁਰਬਾਣੀ ਨੂੰ ਵਿਚਾਰਦੇ ਹਨ; ਭਾਵ ਆਪਣੇ ਸੋਚ-ਮੰਡਲ ਵਿਚ ਟਿਕਾਈ ਰੱਖਦੇ ਹਨ । "ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥23॥ ਅੰਗ 908" । ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਰੂਪੀ ਖ਼ਜ਼ਾਨਾ ਹੈ, ਗੁਰਬਾਣੀ ਦੀ ਵੀਚਾਰ ਹੈ, ਉਹਨਾਂ ਦੇ ਮੂੰਹ ਉਸ ਸਦਾ ਥਿਰ (ਰੱਬੀ) ਦਰਬਾਰ ਵਿਚ ਸਦਾ ਰੌਸ਼ਨ ਰਹਿੰਦੇ ਹਨ । "ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ ਅੰਗ 1422" ।

**ਬਾਕੀ ਹਿਸਾ ਅਗਲੇ ਹਫ਼ਤੇ**

ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.............................................................................
ADDRESS.........................................................................
......................................POST CODE....................................
TEL.................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**
*www.panjabtimes.uk Email: Panjabtimes@aol.com*

## ਮਿੰਨੀ ਕਹਾਣੀ

# ਪੰਜਵੀਂ ਧੀ

ਚੌਥੀ ਲੜਕੀ ਦੇ ਜਨਮ ਤੋਂ ਬਾਦ ਉਹ ਬਹੁਤ ਉਦਾਸ ਰਹਿਣ ਲੱਗ ਪਈ ਸੀ। ਜਦੋਂ ਵੀ ਉਹ ਆਪਣੇ ਪੇਕੇ ਘਰ ਜਾਂਦੀ ਤਾਂ ਬਾਪ ਨੂੰ ਦੁੱਖ ਦੱਸਦੀ, "ਇਹਨਾਂ ਲੜਕੀਆਂ ਕਾਰਨ ਸਹੁਰੇ ਘਰ ਵਿੱਚ ਮੇਰੀ ਕਦਰ ਨਹੀਂ ਹੈ, ਮੈਨੂੰ ਸਦਾ ਤਾਹਨੇ ਸੁਣਨੇ ਪੈਂਦੇ ਹਨ।" ਧੀਏ ਇਹ ਵੀ ਤਾਂ ਪੁੱਤਰਾਂ ਬਰਾਬਰ ਹੀ ਹਨ, ਕਈ ਲੋਕ ਇਹਨਾਂ ਨੂੰ ਵੀ ਤਰਸਦੇ ਹਨ, "ਬਾਪ ਦੀਆਂ ਧਰਵਾਸ ਬੰਨ੍ਹਦੀਆਂ ਗੱਲਾਂ ਸਹੁਰੇ ਘਰ ਆਕੇ ਉਸਨੂੰ ਚੰਗੀਆਂ ਨਹੀਂ ਸੀ ਲੱਗਦੀਆਂ।

ਤੇ ਅੱਜ....ਲੱਗਭੱਗ ਤੀਹ ਸਾਲ ਬਾਦ....ਉਸਦੇ ਬਾਪ ਦੀਆਂ ਆਪਣੀ ਧੀ ਲਈ ਮੰਗੀਆਂ ਮੰਨਤਾਂ ਸਦਕਾ ਜਨਮਿਆਂ ਪੁੱਤਰ ਪੜ੍ਹ ਲਿਖ ਕੇ ਵਿਦੇਸ਼ ਜਾ ਚੁੱਕਾ ਸੀ ਤੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਚੁੱਕਾ ਸੀ। ਦੋਵੇਂ ਪਤੀ-ਪਤਨੀ ਹੁਣ ਘਰ ਵਿੱਚ ਇਕੱਲੇ ਹੀ ਰਹਿ ਰਹੇ ਸਨ। ਚਾਰੇ ਧੀਆਂ ਆਪਣੇ ਘਰ ਪਰਿਵਾਰਾਂ ਵਿੱਚ ਸਨ। "ਚੌਥੀ ਧੀ" ਜਿਸਦੇ ਜਨਮ ਤੇ ਦੋਵੇਂ ਪਤੀ-ਪਤਨੀ ਇੰਨਾ ਉਦਾਸ ਹੋ ਗਏ ਸਨ, ਹਰ ਹ.ਫਤੇ ਉਨ੍ਹਾਂ ਨੂੰ ਮਿਲਣ ਆਉਂਦੀ ਤੇ ਆਪਣੇ ਨਾਲ ਲੈ ਜਾਣ ਦੀ ਜ਼ਿਦ ਕਰਕੇ, ਨਿਰਾਸ਼ ਹੋ ਕੇ ਵਾਪਸ ਚਲੇ ਜਾਂਦੀ।

ਅੱਜ ਰਾਤ ਉਹ ਮੰਜੇ ਤੇ ਪਈ ਸੋਚਾਂ ਵਿੱਚ ਗੁਆਚ ਗਈ....ਜੇ ਪੰਜਵੀਂ ਵੀ "ਧੀ" ਹੀ ਹੁੰਦੀ ਤਾਂ.....ਉਸ ਲਈ ਵਰ ਲੱਭ ਕੇ ਘਰ ਜਵਾਈ" ਬਣਾ ਲੈਂਦੇ, ਆਪਣੀ ਧੀ ਦੇ ਛੋਟੇ ਛੋਟੇ ਬੱਚਿਆਂ ਨੂੰ ਗੋਦੀ ਵਿੱਚ ਖਿਡਾ ਕੇ ਪਾਲਦੀ, ਮੋਢਿਆਂ ਉੱਤੇ ਚੁੱਕ ਕੇ ਵੱਡੇ ਸਾਰੇ ਵਿਹੜੇ ਵਿੱਚ ਘੁੰਮਦੀ.....ਸੋਚਦੀ ਦੀ ਪਤਾ ਨਹੀਂ ਕਦੋਂ ਉਸਦੀ ਅੱਖ ਲੱਗ ਗਈ। ਸਵੇਰੇ ਜਲਦੀ ਉੱਠ ਕੇ, ਅੱਧੀ-ਅਧੂਰੀ ਨੀਂਦ ਅੱਖਾਂ ਵਿੱਚ ਮਲ਼ਦੀ ਹੋਈ, ਕੁੱਬੇ -ਕੁੱਬੇ ਤੁਰਦੀ ਉਹ ਆਪਣੇ ਬਜ਼ੁਰਗ ਤੇ ਬੀਮਾਰ ਪਤੀ ਦੀ ਸੇਵਾ ਵਿੱਚ ਜੁਟ ਗਈ।

ਦਵਿੰਦਰ ਕੌਰ

## ਕਹਾਣੀ

ਰਣਵੀਰ ਸਿੰਘ ਰਾਣਾ
ranbirclair@gmail.com

# ਸਮੇ ਦੇ ਰੰਗ



ਮੈਂ ਤੇ ਘੋਲੀ ਇਕੱਠੇ ਕੁਝ ਮਹੀਨਿਆਂ ਦੇ ਫਰਕ ਨਾਲ ਜੰਮੇ, ਇਕੱਠੇ ਗਲੀਆਂ ਵਿੱਚ ਖੇਡੇ, ਇਕੱਠੇ ਸਕੂਲ ਵਿੱਚ ਪੜੇ, ਇਕੱਠੀਆਂ ਨੇ ਗੌਣ ਵਾਲੇ, 'ਤੇ ਮੇਲੇ ਵੇਖੇ, ਯਾਰੀ ਪੱਕੀ ਸੀ। ਦੀਵਾਲੀ ਦੁਸਹਿਰੇ 'ਤੇ ਵੀ ਇਕੱਠੇ ਸ਼ਹਿਰ ਨੂੰ ਜਾਂਦੇ। ਅੱਜ ਵੀ ਮੈਂ 'ਤੇ ਘੋਲੀ ਸਾਈਕਲ 'ਤੇ ਸ਼ਹਿਰ 'ਤੋਂ ਆ ਰਹੇ ਸੀ। ਮਾਰਚ ਦਾ ਅਖੀਰ ਸੀ। ਮੌਸਮ ਬਹੁਤ ਹੀ ਸੁਹਾਵਣਾ ਸੀ। ਮੈਂ ਸਾਈਕਲ ਚਲਾ ਰਿਹਾ ਸੀ। ਘੋਲੀ ਸਾਈਕਲ ਦੇ ਪਿੱਛੇ ਬੈਠਾ, ਕਦੇ ਕਦੇ ਮਿਰਜਾ ਗਾ ਰਿਹਾ ਸੀ। ਮੈਂ ਸਰੂਰ ਵਿੱਚ ਆਇਆ ਹੌਲੀ ਹੌਲੀ ਸਾਈਕਲ ਦੇ ਪੈਡਲਾਂ ਮਾਰੀ ਜਾ ਰਿਹਾ ਸੀ। ਘੋਲੀ ਇੱਕ ਦਮ ਤਭਕੇ ਆਖਣ ਲੱਗਾ। ...''ਉਧਰ ਵੇਖ ?'' ਉਧਰ ਇੱਕ ਕੁੜੀ ਨਲਕੇ 'ਤੇ ਆਪਣੀਆਂ ਅੱਡੀਆਂ ਕੂਚ ਰਹੀ ਸੀ। ਘੋਲੀ ਆਖਣ ਲੱਗਾ, 'ਮੋੜ ਗੱਡੀ ਦਾ ਸਟੇਅਰਿੰਗ ਨਲਕੇ ਵੱਲ ਨੂੰ, ਅੱਜ ਮੈਂ ਤੈਨੂੰ ਏਸ ਕੁੜੀ ਦੇ ਹੱਥੋਂ ਕੜਕ ਜਿਹੀ ਚਾਹ ਪਿਲਾ ਕੇ ਲਿਜਾਵੇਗਾਂ। 'ਮੈਂ ਆਖਿਆ ਉਹ ਕਿੱਦਾਂ ? ਘੋਲੀ ਆਖੇ, ਤੂੰ ਚੱਲ ਤਾਂ ਸਹੀ ਨਲਕੇ ਦੇ ਕੋਲ ? ਜਦੋਂ ਅਸੀਂ ਨਲਕੇ ਵੱਲ ਨੂੰ ਸਾਈਕਲ ਸਿੱਧਾ ਕੀਤਾ, ਉਹ ਕੁੜੀ ਸਾਨੂੰ ਵੇਖ ਕੇ ਉਠ ਕੇ ਫੱਟਾਂ ਫੱਟ ਅੰਦਰ ਜਾ ਵੜੀ। ਘੋਲੀ ਆਖਣ ਲੱਗਾ, "ਤੂੰ ਨਲਕੇ ਨੂੰ ਹੌਲੀ ਹੌਲੀ ਗੇੜ, ਮੈਂ ਹੌਲੀ ਹੌਲੀ ਪਾਣੀ ਪੀ ਜਾਂਦਾ, ਬੱਸ ਉਸ ਕੁੜੀ ਨੇ ਹੁਣੇ ਆ ਕੇ ਆਖਣਾ, ਵੀਰ ਜੀ ਚਾਹ ਪੀ ਕੇ ਜਾਇਓ ?'' ਤੂੰ ਚੁੱਪ ਹੀ ਰਹੀ, ਵਿੱਚ ਬੋਲ ਨਾ ਪਈ, "ਇਹ ਨਾ ਆਖ ਦੇਵੀ, ਚਾਹ ਦੀ ਕੋਈ ਲੋੜ ਨੀ, ਅਸੀਂ ਤਾਂ ਪਾਣੀ ਪੀਣ ਆਏ ਸੀ ?" ਮੇਰੀ ਸਾਰੀ ਸਕੀਮ ਨਾ ਫੇਲ ਕਰ ਦੇਵੀ। ਮੈਂ ਹੌਲੀ ਹੌਲੀ ਨਲਕਾ ਗੇੜੀ ਗਿਆ, ਘੋਲੀ ਕਿਤੇ ਕਿਤੇ ਪਾਣੀ ਦੀ ਇੱਕ ਘੁੱਟ ਅੰਦਰ ਲੰਘਾਈ ਜਾਵੇ, ਸਾਡੀ ਦੋਵੇਂ ਦੀ ਨਿਗ੍ਹਾ ਦਰਵਾਜ਼ੇ ਵੱਲ ਲੱਗੀ ਹੋਈ। ਹੁਣ ਵੀ ਕੁੜੀ ਬਾਹਰ ਨਿਕਲੀ, ਹੁਣ ਵੀ ਆਈ, ਆਖੇਗੀ ! "ਵੀਰ ਜੀ, ਚਾਹ ਪੀ ਕੇ ਜਾਇਓ ?'' ਪਰ ਕਿੱਥੇ ! ਸਾਡਾ ਤਾਂ ਅੱਧਾ ਘੰਟਾ ਇਸ "ਕੁੱਤੇ ਝਾਕ "ਵਿੱਚ ਲੰਘ ਗਿਆ। ਘੋਲੀ ਅੱਕ ਕੇ ਆਖਣ ਲੱਗਾ, 'ਛੱਡ ਯਾਰ ! ਚੱਲੀਏ ਪਿੰਡ ਨੂੰ, ਮੇਰਾ ਤਾਂ ਇਸ "ਕੁੱਤੇ ਝਾਕ'' ਵਿੱਚ ਪਾਣੀ ਪੀ ਪੀ ਕੇ ਢਿੱਡ ਪਾਟਣਾ ਆ ਗਿਆ।' ਮੈਂ ਘੋਲੀ ਨੂੰ ਆਖਿਆ ਕੋਈ ਨੀ, ਮੈ ਤੈਨੂੰ ਪਿੰਡ ਜਾ ਕੇ 'ਕਾੜਨੀ ਵਾਲਾ ਦੁੱਧ 'ਪਿਲਾਵਾਂਗਾ। ਘੋਲੀ ਹੌਕਾ ਜਿਹਾ ਲੈ ਕੇ ਮੈਨੂੰ ਆਖਣ, "ਯਾਰ ਜਿਹੜੀ ਇਹਦੇ ਹੱਥੋਂ ਚਾਹ ਪੀ ਕੇ ਸੁਆਦ ਆਉਣਾ ਸੀ, ਉਹ ਤੇਰੇ ਦੁੱਧ ਵਿੱਚ ਕਿੱਥੇ ?'' ਮੈਂ ਆਖਿਆ ਸ਼ਾਇਦ ਉਹ ਕੱਲੀ ਘਰ ਹੋਵੇ, ਮਾਂ ਪਿਓ ਨਾ ਘਰ ਹੌਣ, ਸ਼ਾਇਦ ਵਿਚਾਰੀ ਡਰ ਗਈ ਹੋਵੇ। ਘੋਲੀ ਆਖਣ ਲੱਗਾ। "ਛੱਡ ਯਾਰ ! ਤੂੰ ਬਹੁਤੀ ਇਹਦੀ ਹਾਮੀ ਨਾ ਭਰ, ਮੈਨੂੰ ਤਾਂ ਇਹ ਘਰ 'ਨੰਗੇ ਭੁੱਖਿਆਂ 'ਦਾ ਲੱਗਦਾ।''

ਇਸ ਕੁੜੀ ਦਾ ਨਾਂ ਰਾਜੇ ਸੀ, ਇਹ ਸਾਡੇ ਨਾਲ ਹੀ ਪੜ੍ਹਦੀ ਸੀ ਸਾਡਾ ਪਿੰਡ ਸਕੂਲ ਦੇ ਲਹਿੰਦੇ ਪਾਸੇ ਸੀ। ਇਹਦਾ ਪਿੰਡ ਸਕੂਲ ਦੇ ਚੜ੍ਹਦੇ ਪਾਸੇ ਸੀ। ਇਹਨਾਂ ਦਾ ਘਰ ਪਿੰਡ 'ਤੋਂ ਬਾਹਰ ਨਹਿਰ ਤੇ ਕੋਲ ਇਕੱਲਾ ਘਰ ਸੀ, ਵਿਹੜਾ ਖੁੱਲਾ ਸੀ। ਵਿਹੜੇ ਵਿੱਚ ਨਲਕਾ ਸੀ। ਜਿੱਥੇ ਇਹ ਨਲਕਾ ਆਪਣੇ ਘਰ ਲਈ ਵਰਤਿਆ ਜਾਂਦਾ, ਉੱਥੇ ਲੰਘਦੇ ਰਾਹਗੀਰਾਂ ਵੀ ਇਸ ਨਲਕੇ ਤੋਂ ਪਾਣੀ ਪੀ ਕੇ ਆਪਣੀ ਪਿਆਸ ਬੁਝਾ ਜਾਂਦੇ। ਕਈ ਵਾਰ ਸਕੂਲ ਵਿੱਚ ਵੜਦਿਆਂ ਦਾ ਮੇਰੇ 'ਤੇ ਘੋਲੀ ਦਾ ਇਹਦੇ ਨਾਲ ਟਾਕਰਾ ਹੋ ਜਾਂਦੇ ਇਹ ਵੀ 'ਤੇ ਅਸੀਂ ਵੀ ਸਿਰ ਹਿਲਾ ਕੇ, 'ਤੇ ਅਸੀਂ ਵੀ ਸਿਰ ਹਿਲਾ ਕੇ ਮੂੰਹ ਵਿੱਚ ਹੀ 'ਸਤਿ ਸ਼੍ਰੀ ਅਕਾਲ 'ਬੁਲਾ ਦਿੰਦੇ। ਬਸ ਇੰਨੀ ਕੁ ਸਾਂਝ ਸੀ।

ਸਕੂਲ ਤੋਂ ਬਾਅਦ ਮੈਂ ਪ੍ਰਦੇਸ਼ ਆ ਗਿਆ, ਘੋਲੀ ਕਾਲਜ ਚਲਾ ਗਿਆ, ਕਾਲਜ ਤੋਂ ਬਾਅਦ ਘੋਲੀ ਨੂੰ ਨੌਕਰੀ ਦੀ ਆਸ ਮੱਧਮ ਪੈਂਦੀ ਦਿਸਦੀ ਕਰਕੇ ਘੋਲੀ ਨੇ ਵੀ ਰੁੱਖ ਪ੍ਰਦੇਸ਼ਾਂ ਵੱਲ ਨੂੰ ਕੀਤਾ। ਇੱਕ ਏਜੰਟ ਨੂੰ ਪੈਸੇ ਦੇ ਕੇ, ਛੇ ਮਹੀਨਿਆਂ ਦੀ 'ਖੁੱਜਲ ਖੁਆਰੀ ''ਤੋਂ ਬਾਅਦ ਅਮਰੀਕਾ ਆ ਵੜਿਆ। ਇਥੇ ਪੇਪਰ 'ਤੋਂ ਬਗੈਰ ਕੱਚੇ ਬੰਦਿਆਂ ਨੂੰ ਕੰਮ ਕਿੱਥੇ ਮਿਲਦਾ। ਘੋਲੀ ਰੋਜ਼ ਸਵੇਰੇ ਘਰੋਂ ਨਿਕਲ ਜਾਂਦਾ ਥਾਂ ਥਾਂ ਜਾ ਕੇ ਪੁੱਛਦਾ, ਹਰ ਰੋਜ਼ ਬੇ ਆਸ ਹੋ ਕੇ ਮੁੜ ਦਾ, ਰੋਜ਼ ਅਰਦਾਸ ਕਰਦਾ। "ਹੇ ਸੱਚਿਆਂ ਪਾਤਸ਼ਾਹ ! ਜਿੱਥੇ ਤੂੰ ਮੈਨੂੰ ਅੱਗੇ ਛੇ ਮਹੀਨੇ ਮੌਤ ਦੇ ਮੂੰਹ ਵਿੱਚੋਂ ਬਚਾ ਕੇ ਲਿਆਇਆ, ਆਹ ਵੀ ਮੇਰਾ ਬੇੜਾ ਬੰਨੇ ਲਾ।" ਜਿਥੇ ਘੋਲੀ ਜਿਸ ਜਾਣੂ ਦੇ ਘਰ ਰਹਿੰਦਾ ਸੀ, ਉਹ ਘੋਲੀ ਨੂੰ ਰੋਜ਼ ਸੁਣਾਉਂਦਾ। "ਵੇਖ ਮੈਂ ਤੇਰਾ ਡੇਢ ਮਹੀਨਾ ਲੰਘਾਂ ਦਿੱਤਾ ਬਗੈਰ ਕਿਰਾਏ 'ਤੋਂ, ਹੁਣ ਤੂੰ ਆਪਣਾ ਪ੍ਰਬੰਧ ਕਿਤੇ ਹੋਰ ਕਰ, ਇਹ ਨਾ ਹੋਵੇ, ਤੈਨੂੰ ਸਾਂਭ ਨੂੰ ਮੇਰਾ 'ਡੀਵੋਰਸ 'ਹੋ ਜਾਵੇ।" ਘੋਲੀ ਦਿਨ ਰਾਤ ਸੋਚਦਾ ਕੋਲ ਇੱਕ ਪੈਸੇ ਦੀ ਧੇਲੀ ਨਹੀਂ, ਅੱਗੇ ਕੰਮ ਮਿਲਣ ਦੀ ਆਸ ਮੱਧਮ ਪਈ ਜਾਂਦੀ।

ਅੱਜ ਘੋਲੀ ਦੀ ਜਿੱਦਾ ਅਰਦਾਸ ਸੁਣੀ ਗਈ ਹੋਵੇ, ਇੱਕ ਅੰਕਲ ਜਿਹੜਾ ਸਬਜ਼ੀਆਂ ਫ਼ਾਰਮਰਾਂ ਵਿੱਚੋਂ ਲਿਆ ਕੇ ਗੁਰੂ-ਘਰ ਦਿੰਦਾ ਸੀ,ਘੋਲੀ ਉਹਦੀ ਵੈਨ ਵਿੱਚੋਂ ਜਾ ਕੇ ਸਬਜ਼ੀਆਂ ਕੱਢਣ ਲੱਗ ਪਿਆ, ਨਾਲੇ ਅੰਕਲ ਨੂੰ ਪੁੱਛਿਆ। "ਅੰਕਲ ਕੋਈ ਕੰਮ ਹੋਵੇ ਤਾਂ ਦੱਸਣਾ, ਮੈਂ ਵਿਹਲਾ ਹਾ ? "ਅੰਕਲ ਆਖਣ ਲੱਗਾ ਅੱਜ ਕੱਲ੍ਹ ਇੱਕ ਦੋ ਬੰਦੇ ਕੰਮ 'ਤੋਂ ਹੱਟਣ ਵਾਲੇ ਨੇ,ਆਹ ਲੈ ਫੜ ਮੇਰੇ ਟੈਲੀਫ਼ੋਨ ਕਰਦਾ ਰਹੀ, ਪੈਸੇ ਭਾਵੇਂ ਥੋੜੇ ਨੇ, ਪਰ ਘਰ ਬਹਿਣ ਨਾਲੋਂ ਚੰਗਾ ਕੁੱਝ ਨਾ ਕੁਝ ਤਾਂ ਜੇਬ ਵਿੱਚ ਪੈਂਦਾ ਆ। ਤੀਜੇ ਦਿਨ ਘੋਲੀ ਨੇ ਅੰਕਲ ਨੂੰ ਟੈਲੀਫ਼ੋਨ ਕੀਤਾ ਅੰਕਲ ਨੇ ਘੋਲੀ ਨੂੰ ਚੰਗੀ ਖ਼ਬਰ ਦਿੱਤੀ। "ਕਾਕਾ ਕੱਲ੍ਹ ਨੂੰ ਤਿਆਰ ਰਹੀ, ਇੱਥੇ ਇੱਕ ਬੰਦੇ ਦੀ ਲੋੜ ਆ ?" ਮੈਂ ਤੈਨੂੰ ਸਵੇਰੇ ਚੁੱਕ ਲਵਾਂਗਾ। ਜਦੋਂ ਘੋਲੀ ਸ਼ਾਮ ਨੂੰ ਘਰ ਵਾਪਸ ਮੁੜਿਆ, ਤਾਂ ਘਰ ਵਾਲੇ ਨੇ ਘੋਲੀ ਦਾ ਸਮਾਨ ਘਰ ਦੇ ਬਾਹਰ ਰੱਖਿਆ ਹੋਇਆ ਸੀ। ਘੋਲੀ ਨੇ ਅੰਕਲ ਦਾ ਮਿੰਨਤ ਤਰਲਾ ਲਿਆ, ਅੰਕਲ ਜੀ ! ਕਿਤੇ ਮੇਰੇ ਰਹਿਣ ਦਾ ਇੰਤਜ਼ਾਮ ਜੇ ਕਰ ਦੇਵੇ ? ਮੈਂ ਤਾਂ ਇਸ ਦੇਸ਼ ਵਿੱਚ ਨਵਾਂ ਹਾਂ। ਅੰਕਲ ਘੋਲੀ ਨੂੰ ਆਪਣੇ ਘਰ ਆਪਣੇ ਨਾਲ ਹੀ ਲੈ ਗਿਆ, "ਚੱਲ ਜਿੰਨਾ ਚਿਰ ਤੇਰਾ ਕੋਈ ਥਾਂ ਟਿਕਾਣਾ ਨਹੀਂ ਬਣਦਾ, ਤੂੰ ਮੇਰੇ ਘਰ ਰਹਿ ਲੈ ਦੋ ਚਾਰ ਦਿਨ ਲਈ। ਦੋ ਕੁ ਦਿਨਾਂ ਵਿੱਚ ਅੰਕਲ ਨੇ ਘੋਲੀ ਨੇ ਇੱਕ ਸਿਆਣੇ ਬਜ਼ੁਰਗ ਦੇ ਘਰ ਕਮਰਾਂ ਕਿਰਾਏ ਤੇ ਲੈ ਕੇ ਦੇ ਦਿੱਤਾ। ਗੱਲ ਕਾਹਦੀ ! ਇਹ ਅੰਕਲ ਘੋਲੀ ਨੂੰ ਪ੍ਰਦੇਸ਼ ਵਿੱਚ ਰੱਬ ਬਣ ਕੇ ਬਹੁੜਿਆ। ਘੋਲੀ ਜਿੱਥੇ ਸਖ਼ਤ ਮਿਹਨਤੀ ਸੀ, ਉੱਥੇ ਇਮਾਨਦਾਰ ਵੀ ਬਹੁਤ ਸੀ। ਮਜਾਲ ਕਿ ਨਿੱਕੀ ਸੂਈ ਵੀ ਇੱਧਰ ਉੱਧਰ ਕਰ ਦੇਵੇ। ਪੇਪਰ ਨਾ ਹੋਣ ਕਰਕੇ ਕੈਸ਼ ਮਿਲਦੀ ਤਨਖ਼ਾਹ ਅੰਕਲ ਨੂੰ ਫੜਾ ਦਿੰਦਾ। ਅੰਕਲ ਹਰ ਮੌਕੇ ਘੋਲੀ ਦੀ ਮਦਦ ਕਰਦਾ। ਕਦੇ ਕਦੇ ਹੱਸ ਵੀ ਛੱਡਦਾ। "ਜੇ ਦੁਨੀਆ ਵਿੱਚ ਮਾੜੇ ਬੰਦੇ ਬਹੁਤ ਨੇ, ਥੋੜੇ ਚੰਗੇ ਵੀ ਹੈਗੇ "ਅੰਕਲ ਘੋਲੀ ਦੇ ਪਿੰਡ ਵੀ ਦੋ ਵਾਰ ਜਾ ਆਇਆ। ਘੋਲੀ ਦੇ ਮਨ ਵਿੱਚ ਅੰਕਲ ਬਹੁਤ ਸਤਿਕਾਰ ਸੀ। ਘੋਲੀ ਹਰ ਵੇਲੇ ਸੋਚਦਾ, 'ਜੇ ਅੰਕਲ ਮੇਰੀ ਬਾਂਹ ਨਾ ਫੜਦਾ ਪਤਾ ਨੀ ਕਿੱਥੇ ਧੱਕੇ ਖਾਣੇ ਸੀ ? ਮੇਰੀ ਉਮਰ ਵੀ ਅੰਕਲ ਨੂੰ ਲੱਗ ਜਾਵੇ। ਅੰਕਲ ਨੇ ਹੇਠ ਉਤੇ ਕਰਕੇ ਘੋਲੀ ਨੂੰ ਪੀ-ਆਰ ਦਿਵਾ ਦਿਤੀ। ਘੋਲੀ ਦੇ ਸਿਰਾਂ ਮਣਾਂ ਮੂੰਹੀ ਭਾਰ ਲੱਥਾ। ਘੋਲੀ ਨੇ ਹੁਣ ਵਧੀਆ ਜੌਬ ਲੱਭ ਲਈ, ਅੰਕਲ 'ਤੋਂ ਦੂਰ ਕਿਸੇ ਹੋਰ ਟਾਊਨ ਜਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਪਰ ਹਰੇਕ ਵੀਕੈਂਡ 'ਤੇ ਅੰਕਲ ਨੂੰ ਟੈਲੀਫ਼ੋਨ ਕਰਕੇ ਹਾਲ ਚਾਲ ਪੁੱਛ ਲੈਂਦਾ।

ਅੱਜ ਘੋਲੀ ਐਤਵਾਰ ਵਾਲੇ ਦਿਨ ਤਿਆਰ ਹੋ ਕੇ ਗੁਰੂ ਘਰ ਨੂੰ ਤੁਰਨ ਲੱਗਾ, ਉਦੋਂ ਅੰਕਲ ਦਾ ਟੈਲੀਫੂਨ ਆ ਗਿਆ।

....ਕਾਕਾ ਤੇਰੇ ਤਾਈਂ ਇੱਕ ਕੰਮ ਸੀ, ਜੇ ਤੂੰ ਕਰ ਸਕਦਾ ਹੋਵੇ ? ਸਾਡੇ ਵੱਲ ਨੂੰ ਆ ਜਾ, ਜੇ ਤੇਰੇ ਕੋਲ ਟਾਈਮ ਹੋਵੇ ? ਅੰਕਲ ਜੀ ਤੁਹਾਡੇ ਲਈ ਤਾਂ ਮੇਰੇ ਕੋਲ ਟਾਈਮ ਹੀ ਟਾਈਮ ਆ, ਮੈਂ ਤਾਂ ਨਦੀ ਚੀਰ ਕੇ ਆ ਜਾਵਾਂਗਾ। ਅੱਜ ਅੰਕਲ ਨੇ ਪਹਿਲੀ ਵਾਰ ਘੋਲੀ ਨੂੰ ਕੋਈ ਕੰਮ ਕਹਿਆ ਸੀ, ਘੋਲੀ ਨੇ ਅੰਕਲ ਦੇ ਘਰ ਵੱਲ ਨੂੰ ਗੱਡੀ ਪਾ ਲਈ, ਅੰਕਲ ਹੀ ਘੋਲੀ ਦਾ ਰੱਬ ਸੀ, ਤਿੰਨ ਘੰਟੇ ਦੀ ਡਰਾਈਵ ਕਰਕੇ ਅੰਕਲ ਦੀ ਡੋਰ ਬਿੱਲ ਜਾ ਖੜਕਾਈ।

ਅੰਕਲ ਆਖਣ ਲੱਗਾ। ''ਗੱਲ ਇੱਦਾਂ ਆ, ਬੇਟਾ ਜੀ ! ਆਹ ਤੇਰੀ ਆਂਟੀ ਦੀ ਭੈਣ ਦੀ ਕੁੜੀ ਮੰਗਾ ਕੇ ਵਿਆਹ ਕੀਤਾ ਸੀ, ਪਤਾ ਨੀ ਐਨੀ ਦੇਰ ਬਾਅਦ ਕੀ ਸੱਪ ਸੁੰਘ ਗਿਆ, ਸਾਲ ਪਹਿਲਾਂ ਡੀਵੋਰਸ ਹੋ ਗਿਆ, ਹਾਲੇ ਕੋਈ ਬੱਚਾ ਨਹੀਂ ਹੋਇਆ, ਨਹੀਂ ਤਾਂ ਬੱਚੇ ਨਾਲ ਜ਼ਿੰਦਗੀ ਕੱਟ ਲੈਣੀ ਸੀ। ਤੇਰੀ ਹਮਉਮਰ ਆ।''

''ਜੇ ਕਹੇ ਤਾਂ ਗੱਲ....।''

'ਅੰਕਲ ਇਹ ਕੋਈ ਪੁੱਛਣ ਵਾਲੀ ਗੱਲ ਆ ?'

ਅੱਗੇ ਕਦੇ ਤੁਸੀਂ ਮੇਰਾ ਕਦੇ ਮਾੜਾ ਸੋਚਿਆ। ਇਹ ਤਾਂ ਮੇਰੇ ਲਈ ਖ਼ੁਸ਼ੀ ਦੀ ਗੱਲ ਹੋਵੇਗੀ, ਤੁਹਾਡੇ ਕੀਤੇ ਹੋਏ ਅਹਿਸਾਨ ਦਾ ਮੈਂ ਥੋੜਾ ਜਿਹਾ ਵੀ ਮੁੱਲ ਮੋੜ ਸਕਾਂਗਾ। ਜੇ ਤੇਰੀ ਬੇਟਾ ਜੀ, ਹਾਂ ਤਾਂ ਅੱਗੇ ਗੱਲ ਚਲਾਈਏ ? ਜੇ ਫੋਟੋ ਵੇਖਣੀ ਹੋਵੇ, ਜਾਂ ਮਿਲਣਾ ਹੋਵੇ ? ਅੰਕਲ ਜੀ ! ਕੀ ਗੱਲ ਕਰਦੇ ਹੋ, ਮੇਰੇ ਵਲੋਂ ਸਤਿ ਬਚਨ ਨੇ।

ਘੋਲੀ ਸੋਚਦਾ ਵਿਆਹ ਤਾ ਐਤਕੀਂ ਪਿੰਡ ਜਾ ਕੇ ਕਰਾਉਣਾ ਸੀ, ਉੱਥੇ ਮੈਨੂੰ ਰਿਸ਼ਤੇ ਘੱਟ 'ਤੇ ਅਮਰੀਕਾ ਨੂੰ ਰਿਸ਼ਤੇ ਵੱਧ ਆਉਣੇ ਸੀ। ਨਾਲੇ ਅੱਜਕਲ੍ਹ ਜੋ ਪੜਦੇ ਸੁਣਦੇ ਆ, ਅਗਲੀਆਂ ਪੀ -ਆਰ ਦੀ ਵੇਟ ਕਰਦੀਆਂ, ਫੇਰ ਤੂੰ ਕੌਣ, ਮੈਂ ਕੌਣ ? ਇਹ ਤਾਂ ਚੰਗਾ ਅੰਕਲ ਹੁਣੀ ਵਿੱਚ ਨੇ, ਕੱਲ ਨੂੰ ਕੋਈ ਵੀਹ - ਇਕੀ ਹੁੰਦੀ ਆ, ਅੰਕਲ ਵਿੱਚ ਹੈਗਾ, ਕੋਈ ਖਤਰਾ ਨਹੀਂ ?

ਇੱਕ ਦਿਨ ਘੋਲੀ ਦਾ ਮੈਨੂੰ ਟੈਲੀਫ਼ੋਨ ਆ ਗਿਆ। ਸਿੱਧਾ ਮੈਨੂੰ ਆਖਣ ਲੱਗਾ। "ਮੇਰਾ ਵਿਆਹ ਆ, ਚੁੱਪ ਕਰਕੇ ਜਹਾਜ਼ੇ ਚੜ੍ਹਿਆ, ਕੋਈ ਬਹਾਨਾ ਨਹੀਂ ?'' ਘੋਲੀ ਨੇ ਵਿਆਹ ਸਿਰਫ਼ ਪੰਜ ਬੰਦੇ ਅਸੀ ਗਏ। ਘੋਲੀ ਆਖਣ ਲੱਗਾ, ਪਾਰਟੀ ਪਿੰਡ ਜਾ ਕੇ ਕਰਾਂਗੇ ? ਤੂੰ ਮਾਰਚ ਵਿੱਚ ਪਿੰਡ ਹੌਣਾ ਚਾਹੀਦਾ ? ਮੈਂ ਸਤਿ ਬਚਨ ਕਹਿ ਕੇ ਹੱਥ ਜੋੜ ਦਿੱਤੇ। ਮੈਨੂੰ ਸਿਰਫ਼ ਕੰਮ ਤੋਂ ਤਿੰਨ ਦਿਨ ਦੀ ਛੁੱਟੀ ਮਿਲੀ। ਇਕ ਦਿਨ ਘੋਲੀ ਦੇ ਵਿਆਹ ਤੇ ਲੰਘ ਗਿਆ, ਇਕ ਦਿਨ ਚਾਚੇ ਦੇ ਮੁੰਡਿਆਂ ਨੂੰ ਮਿਲਣ ਚਲਾ ਗਿਆ ਇਕ ਦਿਨ ਆਪਣੀ ਭੂਆ ਦੇ ਘਰ ਘੋਲੀ ਹੁਣਾ ਨੂੰ ਰੋਟੀ 'ਤੇ ਸੱਦ ਲਿਆ। ਨਾ ਘੋਲੀ ਨਾਲ ਨਾ ਉਹਦੀ ਘਰਵਾਲੀ ਨਾਲ ਬਹੁਤੀ ਗੱਲ ਬਾਤ ਨਾ ਹੋ ਸਕੀ।

ਫ਼ਰਵਰੀ ਵਿੱਚ ਮੈਂ ਪਿੰਡ ਪਹੁੰਚ ਗਿਆ। ਕੰਮ 'ਤੋਂ ਛੁੱਟੀ ਨਾ ਸਹੀ ਮਿਲਣ ਕਰਕੇ ਮੇਰਾ 'ਤੇ ਘੋਲੀ ਦਾ ਪਿੰਡ ਸਿਰਫ਼ ਤਿੰਨ ਦਿਨਾਂ ਦਾ ਮੇਲਾ ਹੌਣਾ ਸੀ। ਮੈਂ ਘੋਲੀ ਨੂੰ ਸਰਪ੍ਰਾਈਜ਼ ਦੇਣ ਲਈ, ਵਾਜੇ ਵਾਲੇ, 'ਤੇ ਢੋਲ ਵਾਲ਼ੇ ਕਰਕੇ ਪਿੰਡ ਦੇ ਜੂਹ 'ਤੋਂ ਫੁੱਲਾਂ ਦੇ ਹਾਰ ਪਾ ਕੇ ਦੋਨੋ ਮੀਆਂ ਬੀਬੀ ਲਿਆਂਦੇ। ਦੂਜੇ ਦਿਨ ਮੈਨੂੰ ਜ਼ਰੂਰੀ ਕੰਮ ਕਰਕੇ ਜਾਣਾ ਪਿਆ, ਆਉਂਦਿਆਂ ਨੂੰ ਕਾਫੀ ਹਨੇਰਾ ਹੋ ਗਿਆ। ਮੈਥੋ ਘੋਲੀ ਨੂੰ ਮਿਲ ਨਾ ਹੋਇਆ। ਦੂਜੇ ਦਿਨ ਜਦੋਂ ਮੈਂ ਘੋਲੀ ਦੇ ਘਰ ਗਿਆ, ਘੋਲੀ ਦੀ ਮਾਤਾ ਆਖਣ ਲੱਗੀ, "ਪੁੱਤ ਉਹ ਤਾਂ ਅੱਜ ਆਪਣੀ ਵਹੁਟੀ ਨੂੰ ਉਹਦੇ ਪੇਕੇ ਲੈ ਕੇ ਘਰਦਿਆ ਨੂੰ ਮਿਲਾਉਣ ਗਿਆ ਹੋਇਆ ? "ਪਤਾ ਨੀ ਕਦੋਂ ਆਵੇਗਾ। ਮੈਂ ਘਰ ਮੁੜਿਆ ਤਾਂ ਮੈਨੂੰ ਮੇਰੀ ਮਾਤਾ ਕਹਿਣ ਲੱਗੀ, 'ਪੁੱਤ ਮੇਰੀ ਦੁਆਈ ਮੁੱਕ ਗਈ, ਜਾ ਭੱਜ ਕੇ ਲਿਆ ਦੇ ?'' ਸ਼ਹਿਰ ਕਿਹੜਾ ਬਹੁਤਾ ਦੂਰ ਸੀ, ਮੈਂ ਸਾਈਕਲ ਸਹਿਰ ਵੱਲ ਨੂੰ ਸਿੱਧਾ ਕਰ ਲਿਆ। ਅੱਧੇ ਘੰਟੇ ਬਾਅਦ ਮੈਂ ਦੁਆ ਲੈ ਕੇ ਪਿੰਡ ਵੱਲ ਨੂੰ ਵਾਪਸ ਆ ਰਿਹਾ ਸੀ, ਅੱਜ ਮੈਂ ਉਹ ਮਕਾਨ ਵੇਖਿਆ, ਜਿਸ ਨੂੰ ਚਾਰ ਦੀਵਾਰੀ ਕੀਤੀ ਹੋਈ ਸੀ, ਪਰ ਉਸ ਦਾ ਗੇਟ ਖੁੱਲ੍ਹਾ ਸੀ। ਮੇਰੀ ਨਿਗ੍ਹਾ ਉਸ ਨਲਕੇ 'ਤੇ ਪਈ, ਮੈਨੂੰ ਉਹ ਐਨੇ ਵਰ੍ਹੇ ਪਹਿਲਾਂ ਮੇਰੇ 'ਤੇ ਘੋਲੀ ਨਾਲ ਹੋਈ ਘਟਨਾ ਇੰਨ ਬਿਨ ਯਾਦ ਆਈ। ਮੇਰੇ ਸਾਈਕਲ ਦੀਆਂ ਆਪਣੇ ਆਪ ਬਰੇਕਾਂ ਲੱਗ ਗਈਆਂ। ਮੈਂ ਉਸ ਨਲਕੇ ਵੱਲ ਵੇਖ ਕੇ ਯਾਦਾਂ ਵਿੱਚ ਖੋ ਗਿਆ, ਸੋਚਾਂ ! ਇਹ ਨਲਕੇ ਪਾਣੀ ਤਾਂ ਹੁਣ ਦਿੰਦਾ ਨਹੀਂ ਹੋਵੇਗਾ, ਇਹਨਾਂ ਕਿਉ ਰੱਖਿਆ ਹੋਇਆ, ਸ਼ਾਇਦ ਕਿਸੇ ਬਜ਼ੁਰਗ ਨੇ ਲੁਆਇਆ ਹੌਣਾ, ਉਹਦੀ ਨਿਸ਼ਾਨੀ ਹੋਵੇਗੀ। ਹਾਲੇ ਮੈਂ ਇਹਨਾਂ ਸੋਚਾਂ ਵਿੱਚ ਹੀ ਸੀ। ਮੇਰੇ ਕੰਨੀ ਆਵਾਜ਼ ਪਈ, "ਵੀਰ ਜੀ ਅੰਦਰ ਆ ਜਾਓ, ਬਾਹਰ ਖੜ੍ਹੇ ਕੀ ਕਰਦੇ ਹੋ, ਤੁਹਾਡਾ ਮਿੱਤਰ ਅੰਦਰ ਬੈਠਾ ?'' ਜਦ ਮੈਂ ਉਧਰ ਵੇਖਿਆ। ''ਹੈ'' ਇਹ ਰਾਜੇ ! ਇਹ ਘੋਲੀ ਦੀ ਵਾਈਫ ? ਜਦੋਂ ਮੈਂ ਅੰਦਰ ਗਿਆ ਘੋਲੀ ਚੌੜਾ ਹੋ ਕੇ ਸੋਫ਼ੇ 'ਤੇ ਬੈਠਾ ਸੀ। ਹੱਥ ਮਿਲਾ ਕੇ, 'ਤੇ ਜੱਫੀ ਪਾ ਕੇ ਘੋਲੀ ਨਾਲ਼ ਸੋਫ਼ੇ 'ਤੇ ਬੈਠ ਗਿਆ। ਉਦੋਂ ਰਾਜੇ ਸਾਡੇ ਲਈ ਚਾਹ, ਬਰਫ਼ੀ, ਲੱਡੂ, ਸੁੱਕੇ ਮੇਵੇ, ਪਿੰਨੀਆਂ, ਹੋਰ ਪਤਾ ਨੀ ਕੀ ਕੁੱਝ, ਸਾਰਾ ਟੇਬਲ ਭਰਿਆ ਪਿਆ ਸੀ। ਘੋਲੀ ਮੇਰੇ ਵੱਲ ਵੇਖ ਵੇਖ ਅੱਖਾਂ ਵਿੱਚ ਹੱਸ ਰਿਹਾ ਸੀ। ਮਿੱਤਰ ਤਾਂ ਮਿੱਤਰਾਂ ਦੀ ਅੱਖਾਂ ਦੀ ਬੋਲੀ ਸਮਝ ਲੈਂਦੇ ਨੇ। ਜਿਦਾਂ ਘੋਲੀ ਮੈਨੂੰ ਕਹਿ ਰਿਹਾ ਹੋਵੇ, "ਵੇਖ ਲੈ ! ਜਿਸ ਕੁੜੀ ਨੇ ਕਦੇ ਆਪਾਂ ਨੂੰ ਚਾਹ ਦਾ ਨਾਂ ਨਹੀਂ ਲਿਆ ਸੀ, ਅੱਜ ਵੇਖ ਲੈ, ਸਾਰਾ ਟੇਬਲ ਭਰੀਂ ਬੈਠੀ ਆ, ਕੱਲਾ ਟੇਬਲ ਨੀ, ਆਪਣੇ ਨਾਲ ਬੈਠੀ ਚਾਹ ਵੀ ਪੀ ਰਹੀ ਆ।''

ਘੋਲੀ ਦੀਆਂ ਅੱਖਾਂ ਦੀਆਂ ਮੈਂ ਇਹ ਗੱਲਾਂ ਸਮਝ ਕੇ, ਮੈਂ ਵੀ ਘੋਲੀ ਨੂੰ ਅੱਖਾਂ ਵਿੱਚ ਕਹਿਆ, "ਇਹ ਸਭ "ਸਮੇਂ ਦੇ ਰੰਗ'' ਹੁੰਦੇ ਨੇ "ਪਤਾ ਲੱਗਦਾ ਕੱਲ ਨੂੰ ਸਮਾਂ ਮਨੁੱਖ ਤੋਂ ਕੀ ਕੁੱਝ ਕਰਾ ਸਕਦਾ।

*******

# ਮਾਨਵਤਾ ਦਾ ਅਮਰ ਪੁਜਾਰੀ –ਭਗਤ ਪੂਰਨ ਸਿੰਘ ਪਿੰਗਲਵਾੜਾ


**5 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼**

*–ਭਗਵਾਨ ਸਿੰਘ ਜੌਹਲ*

ਸਮੁੱਚੀ ਮਨੁੱਖਤਾ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕਰਨ ਵਾਲੇ ਅਤੇ ਮਨੁੱਖੀ ਦਰਦ ਨਾਲ ਓਤ-ਪ੍ਰੋਤ ਭਗਤ ਪੂਰਨ ਸਿੰਘ ਅਤੇ ਪਿੰਗਲਵਾੜਾ ਦੋਵੇਂ ਸ਼ਬਦ ਆਪਸ ਵਿੱਚ ਰਲਗੱਡ ਹੋ ਚੁੱਕੇ ਹਨ। ਜਦੋਂ ਪਿੰਗਲਵਾੜਾ ਸ਼ਬਦ ਸਹਿਜ-ਸੁਭਾਅ ਹੀ ਜ਼ਿਹਨ ਵਿੱਚ ਆਉਂਦਾ ਹੈ ਤਾਂ ਭਗਤ ਪੂਰਨ ਸਿੰਘ ਦਾ ਸਰੂਪ ਧਿਆਨ ਗੋਚਰੇ ਆ ਜਾਂਦਾ ਹੈ। ਉਨ੍ਹਾਂ 88 ਵਰ੍ਹੇ ਆਪਣਾ ਘਰ ਨਹੀਂ ਵਸਾਇਆ, ਬਿਨਾਂ ਕਿਸੇ ਜਾਤ, ਮਜ਼੍ਹਬ, ਨਸਲੀ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਕਰ ਦਿੱਤੇ। ਸਾਰੀ ਜ਼ਿੰਦਗੀ ਲੋਕ-ਭਲੇ ਦੇ ਦਰਦ ਨੂੰ ਹੰਢਾਉਂਦੇ ਸਨੇਹ ਤੇ ਪਿਆਰ ਦੀ ਖੁਸ਼ਬੂ ਵੰਡਦੇ ਰਹੇ। ਅੱਜ ਸਮੁੱਚੀ ਲੋਕਾਈ ਲਈ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੋ ਕੇ ਅੱਜ ਤੋਂ 60-65 ਸਾਲ ਪਹਿਲਾਂ ਸਮਾਜ ਨੂੰ ਜਾਗ੍ਰਿਤ ਕਰਨਾ ਸ਼ੁਰੂ ਕੀਤਾ। ਅੱਜ ਅਸੀਂ ਘੱਟ ਰਹੇ ਪਾਣੀ ਦੇ ਪੱਧਰ, ਪ੍ਰਦੂਸ਼ਣ, ਵੱਧ ਰਹੀ ਅਬਾਦੀ, ਦਰਖੱਤਾਂ ਤੋਂ ਸੱਖਣੀ ਧਰਤੀ ਦੀਆਂ ਗੰਭੀਰ ਸਮੱਸਿਆਵਾਂ ਦੇ ਖਤਰਿਆਂ ਤੋਂ ਆਪਣੀ ਆਉਣ ਵਾਲੀ ਨਸਲ ਨੂੰ ਸੁਚੇਤ ਕਰਦਿਆਂ ਭਗਤ ਜੀ ਨੂੰ ਯਾਦ ਕਰ ਰਹੇ ਹਾਂ। ਉਨ੍ਹਾਂ ਇਸ ਕਾਰਜ ਨੂੰ ਪੁਸਤਕ-ਟ੍ਰੈਕਟ ਅਤੇ ਲੇਖ ਆਦਿ ਲਿਖ ਕੇ ਤਾਂ ਕਾਰਜ ਕਰਨਾ ਹੀ ਸੀ, ਸਗੋਂ ਦੇਸ਼ ਭਰ ਦੇ ਸਕੂਲਾਂ, ਕਾਲਜਾਂ ਵਿੱਚ ਸਮਾਜ ਦੇ ਬੁੱਧੀਜੀਵੀ ਅਤੇ ਵਿੱਦਿਆਰਥੀ ਵਰਗ ਤੱਕ ਪੈਦਲ ਚੱਲ ਕੇ ਲਹਿਰ ਦਾ ਸੁਪਨਾ ਸਾਕਾਰ ਕਰਨ ਦੇ ਯਤਨ ਕੀਤੇ। ਭਗਤ ਜੀ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਜੋਵਾਲ ਰੋਹਣੇ ਦੇ ਇਕ ਹਿੰਦੂ ਪਰਿਵਾਰ ਦੇ ਲਾਲਾ ਸਿੱਧੂ ਮੱਲ ਖੱਤਰੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖ ਤੋਂ 4 ਜੂਨ, 1904 ਈ: ਨੂੰ ਹੋਇਆ। ਪਿਤਾ ਜੀ ਸ਼ਾਹੂਕਾਰੇ ਦਾ ਧੰਦਾ ਕਰਦੇ ਸਨ। ਭਗਤ ਜੀ ਦਾ ਮੁੱਢਲਾ ਨਾਂਅ ਰਾਮਜੀ ਦਾਸ ਸੀ। 1914 ਈ: ਦੇ ਭਿਆਨਕ ਦਿਲ-ਕੰਬਾਊ ਕਾਲ ਨੇ ਭਗਤ ਜੀ ਦੇ ਪਰਿਵਾਰ ਨੂੰ ਬਰਬਾਦ ਕਰ ਦਿੱਤਾ। ਸਾਰਾ ਪਰਿਵਾਰ ਦਰ-ਦਰ ਭਟਕਣ ਲਈ ਮਜ਼ਬੂਰ ਹੋ ਗਿਆ। ਕੁਝ ਸਮਾਂ ਖੰਨਾ ਸ਼ਹਿਰ ਵਿੱਚ ਵੀ ਸਿੱਖਿਆ ਹਾਸਲ ਕੀਤੀ।

ਭਗਤ ਜੀ ਜ਼ਿਕਰ ਕਰਦੇ ਹੋਏ ਕਹਿੰਦੇ ਹੁੰਦੇ ਸਨ, ਇਕ ਵਾਰ ਉਨ੍ਹਾਂ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿੱਚ ਪਟਿਆਲਾ ਦੇ ਮਹਾਰਾਜਾ ਸ. ਭੁਪਿੰਦਰ ਸਿੰਘ ਨੂੰ ਗੁਰ-ਦੁਆਰਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਨੂੰ ਨਤਮਸਤਕ ਹੁੰਦਿਆਂ ਤੱਕਿਆ। ਉਨ੍ਹਾਂ ਦੇ ਸੁੰਦਰ ਸਰੂਪ, ਸ਼ਾਹੀ ਸੱਜ-ਧੱਜ ਨੂੰ ਦੇਖ ਕੇ ਅਤੇ ਉਨ੍ਹਾਂ ਦੇ ਨਾਲ ਆਏ ਸ਼ਾਹੀ ਅਹਿਲਕਾਰਾਂ ਦੇ ਸਿੱਖੀ ਸਰੂਪ ਨੂੰ ਦੇਖ ਕੇ ਮੇਰੇ ਬਾਲ-ਮਨ ਉੱਪਰ ਡੂੰਘਾ ਅਸਰ ਹੋਇਆ। ਹੁਣ ਉਨ੍ਹਾਂ ਦੇ ਮਨ ਹੀ ਮਨ ਅੰਦਰ ਸਿੱਖੀ ਸਰੂਪ ਧਾਰਨ ਕਰਨ ਲਈ ਚਾਅ ਪੈਦਾ ਹੋ ਗਿਆ। ਆਪ ਜੀ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੂੰ ਸਿੱਖੀ ਮਾਰਗ ਵੱਲ ਪ੍ਰੇਰਿਤ ਕਰਨ ਵਾਲਿਆਂ ਵਿੱਚ ਸ. ਤੇਜਾ ਸਿੰਘ ਸਮੁੰਦਰੀ, ਸ. ਬ. ਮਹਿਤਾਬ ਸਿੰਘ ਅਤੇ ਸ. ਤੇਜਾ ਸਿੰਘ ਚੂਹੜਕਾਣਾ ਵਰਗੀਆਂ ਸ਼ਖ਼ਸੀਅਤਾਂ ਦਾ ਵੀ ਯੋਗਦਾਨ ਹੈ। ਰਾਮਜੀ ਦਾਸ ਤੋਂ ਅੰਮ੍ਰਿਤ ਛੱਕ ਕੇ ਬਣੇ ਭਗਤ ਪੂਰਨ ਸਿੰਘ। ਬਚਪਨ ਵਿੱਚ ਪ੍ਰਭੂ ਦੀ ਪ੍ਰਾਪਤੀ ਦੀ ਇੱਛਾ ਵਿੱਚੋਂ ਹੀ ਮਨੁੱਖਤਾ ਦੀ ਸੇਵਾ ਦਾ ਅੰਕੁਰ ਪ੍ਰਗਟ ਹੋਇਆ। ਇਹ ਸੇਵਾ ਕਾਰਜ ਪੂਰਨ ਰੂਪ ਵਿੱਚ 1924 ਈ: ਵਿੱਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਤੋਂ ਆਰੰਭ ਹੋਇਆ। ਆਪ ਜੀ ਦਾ ਵਿਸ਼ਵਾਸ ਸੀ ਕਿ ਗੁਰਦੁਆਰਾ ਸਾਹਿਬਾਨ ਸੰਸਾਰ ਵਿੱਚ ਸਭ ਤੋਂ ਵੱਡੇ ਸਮਾਜਿਕ ਅਤੇ ਅਧਿਆਤਮਕ ਕੇਂਦਰ ਹਨ। ਪਿੰਗਲਿਆਂ, ਅਪਾਹਜਾਂ ਦੀ ਸੇਵਾ ਕਰਨ ਦੀ ਲਗਨ ਇਕ ਚਾਰ ਸਾਲਾ ਦੇ ਬੇਸਹਾਰਾ ਅਪਾਹਜ ਬਾਲਕ ਨੂੰ ਲਾਵਾਰਸ ਹਾਲਤ ਵਿੱਚ ਮਿਲਣ ਤੋਂ ਬਾਅਦ ਸ਼ੁਰੂ ਹੋਈ। ਇਹ ਬੱਚਾ ਗੁਰਦੁਆਰਾ ਡੇਹਰਾ ਸਾਹਿਬ ਤੋਂ ਲਾਵਾਰਸ ਹਾਲਤ ਵਿੱਚ ਮਿਲਿਆ। ਭਗਤ ਜੀ ਨੇ ਇਸ ਬੱਚੇ ਦਾ ਨਾਂਅ ਪਿਆਰਾ ਰੱਖਿਆ ਅਤੇ ਲਗਾਤਾਰ 14 ਸਾਲ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਪਾਲਿਆ ਅਤੇ ਵੱਡਾ ਕੀਤਾ। ਇਸ ਬਾਲਕ ਨੂੰ ਸੰਭਾਲਣ ਲਈ ਕੋਈ ਟਿਕਾਣਾ ਜਾਂ ਥਾਂ ਨਹੀਂ ਸੀ। ਦੇਸ਼ ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਵਿਖੇ ਪੂਰਨ ਰੂਪ ਵਿੱਚ ਲੋਕ ਸੇਵਾ ਨੂੰ ਸਮਰਪਿਤ ਹੋ ਗਏ।

ਅੱਜ ਇਹੋ ਭਗਤ ਜੀ ਵੱਲੋਂ ਸਥਾਪਿਤ ਪਿੰਗਲਵਾੜਾ ਬੋਹੜ ਦੇ ਦਰੱਖਤ ਦਾ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ। ਭਗਤ ਜੀ ਵੱਲੋਂ ਕੀਤੇ ਇਨ੍ਹਾਂ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਪਦਮਸ਼੍ਰੀ ਐਵਾਰਡ, ਹਾਰਮਨੀ ਐਵਾਰਡ, ਲੋਕ ਰਤਨ ਐਵਾਰਡ, ਭਾਈ ਘਨੱਈਆ ਐਵਾਰਡ ਆਦਿ ਪ੍ਰਾਪਤ ਹੋਏ। 1984 ਈ: ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਸਮੇਂ ਭਗਤ ਜੀ ਨੇ ਪਦਮਸ਼੍ਰੀ ਐਵਾਰਡ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤਾ। ਭਗਤ ਜੀ 5 ਅਗਸਤ, 1992 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੀ ਹਯਾਤੀ ਦੌਰਾਨ ਪਿੰਗਲਵਾੜੇ ਦੀ ਸੇਵਾ ਡਾ: ਇੰਦਰਜੀਤ ਕੌਰ ਨੂੰ ਸੰਭਾਲ ਦਿੱਤੀ। ਅੱਜ ਡਾ: ਬੀਬੀ ਇੰਦਰਜੀਤ ਪਿੰਗਲਵਾੜਾ ਸੰਸਥਾ ਦੇ ਸਮੂਹ ਟਰੱਸਟੀਜ਼ ਦੇ ਸਹਿਯੋਗ ਨਾਲ ਪਿੰਗਲਵਾੜਾ ਸੰਸਥਾ ਨੂੰ ਵਿਸ਼ਾਲ ਸੰਸਥਾ ਦਾ ਰੂਪ ਦੇ ਚੁੱਕੇ ਹਨ। ਅੱਜ ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਸੰਗਰੂਰ, ਪਲਸੌਰ (ਚੰਡੀਗੜ੍ਹ) ਗੋਇੰਦਵਾਲ ਸਾਹਿਬ, ਜਲੰਧਰ, ਪੰਡੋਰੀ ਵੜੈਚ ਵਿਖੇ ਸਾਰੀਆਂ ਬਰਾਂਚਾਂ ਵਿੱਚ ਬੇਸਹਾਰਾ ਲੋਕਾਂ ਨੂੰ ਸੰਭਾਲਿਆ ਜਾ ਰਿਹਾ ਹੈ। ਮਾਨਾਂਵਾਲਾ ਜੀ.ਟੀ. ਰੋਡ (ਅੰਮ੍ਰਿਤਸਰ) ਵਿਖੇ ਆਧੁਨਿਕ ਇਮਾਰਤਾਂ ਵਿੱਚ ਫਿਜ਼ਿਉਥੈਰੇਪੀ, ਬਨਾਵਟੀ ਅੰਗ ਕੇਂਦਰ, ਭਗਤ ਪੂਰਨ ਸਿੰਘ ਆਦਰਸ਼ ਸਕੂਲ, ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮੰਦ ਬੁੱਧੀ ਬੱਚਿਆਂ ਦਾ ਕੇਂਦਰ, ਗਊਸ਼ਾਲਾ, ਵਿਸ਼ਾਲ ਨਰਸਰੀ ਕਾਰਜਸ਼ੀਲ ਹਨ। ਪਿੰਗਲਵਾੜਾ ਅੰਮ੍ਰਿਤਸਰ ਵਿਖੇ ਡਿਸਪੈਂਸਰੀ, ਮਾਤਾ ਮਹਿਤਾਬ ਕੌਰ, ਭਾਈ ਪਿਆਰਾ ਸਿੰਘ ਵਾਰਡਾਂ, ਟਰੌਮਾ ਵੈਨ ਦੀ ਸਹੂਲਤ, ਲਾਵਾਰਸ, ਅਪਾਹਜ, ਮੰਦਬੁੱਧੀ ਰੋਗੀਆਂ ਦੀ ਸੇਵਾ ਨਿਭਾਈ ਜਾ ਰਹੀ ਹੈ। ਇਨ੍ਹਾਂ ਸਾਰੀਆਂ ਬਰਾਂਚਾਂ ਵਿੱਚ ਹਜ਼ਾਰਾਂ ਲੋੜਵੰਦ ਰੋਗੀਆਂ ਦੀ ਸੇਵਾ ਲਈ ਵੱਡੀ ਗਿਣਤੀ ਵਿੱਚ ਸਟਾਫ ਡਾ: ਬੀਬੀ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਸੇਵਾ ਨਿਭਾਅ ਰਿਹਾ ਹੈ। ਭਗਤ ਜੀ ਦੀ ਯਾਦ ਵਿੱਚ ਲਗਾਤਾਰ ਵੱਖ-ਵੱਖ ਸਮਾਗਮ ਰਚੇ ਜਾ ਰਹੇ ਹਨ। 5 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਤੇ ਸ਼ਰਧਾਂਜਲੀ ਸਮਾਗਮ ਹੋਵੇਗਾ।


ਭਗਤ ਪੂਰਨ ਸਿੰਘ

Email : bhagwansinghjohal@gmail.com

# ਕੈਨੇਡਾ 'ਚ ਟਰਾਲੇ ਚੋਰੀ ਕਰਨ ਦੇ ਦੋਸ਼ ਹੇਠ ਭਾਰਤੀ ਗ੍ਰਿਫਤਾਰ

ਪੀਲ ਪੁਲੀਸ ਨੇ ਕੈਲੇਡਨ ਦੇ ਰਹਿਣ ਵਾਲੇ ਭਾਰਤੀ ਦੇ ਘਰ ਛਾਪਾ ਮਾਰ ਕੇ ਉਥੋਂ ਚੋਰੀ ਕੀਤੇ 6 ਟਰਾਲੇ ਬਰਾਮਦ ਕੀਤੇ ਹਨ, ਜਿਨ੍ਹਾਂ ਦੀ ਪਛਾਣ ਲੁਕੋਣ ਲਈ ਉਨ੍ਹਾਂ ਦੇ ਨੰਬਰਾਂ ਅਤੇ ਹੁਲੀਏ ਨਾਲ ਤੋੜ ਫੋੜ ਕੀਤੀ ਗਈ ਹੋਈ ਸੀ। ਫੜੇ ਗਏ ਵਿਅਕਤੀ ਦੀ ਪਛਾਣ ਕੈਲੇਡਨ ਦੇ ਰਹਿਣ ਵਾਲੇ 24 ਸਾਲਾ ਸਤਵਿੰਦਰ ਸਿੰਘ ਵਜੋਂ ਕੀਤੀ ਗਈ ਹੈ। ਉਸ ਫ਼ਰਸਤੋਂਤੇ ਦੋਸ਼ ਹਨ ਕਿ ਉਹ ਟਰਾਲੇ ਚੋਰੀ ਕਰਦਾ ਸੀ ਤੇ ਘਰ ਲਿਆ ਕੇ ਟਰਾਲਿਆਂ ਦੇ ਨੰਬਰਾਂ ਅਤੇ ਹੁਲੀਏ ਦੀ ਭੰਨ-ਤੋੜ ਕਰ ਕੇ ਉਨ੍ਹਾਂ ਨੂੰ ਅਗਾਂਹ ਵੇਚ ਦਿੰਦਾ ਸੀ।ਮੌਕੇ ਤੇ ਉਸ ਤੋਂ 6 ਟਰਾਲੇ ਬਰਾਮਦ ਕੀਤੇ ਗਏ ਹਨ। ਪੁਲੀਸ ਅਨੁਸਾਰ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਮੁਚੱਲਕੇ ਉੱਤੇ ਜ਼ਮਾਨਤ ਤੇ ਰਿਹਾਅ ਕਰ ਦਿੱਤਾ।


**ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ**

ਇਸ ਗੁਰਦੁਆਰਾ ਸਾਹਿਬ ਵਿਖੇ ਇੱਕ ਗ੍ਰੰਥੀ ਸਿੰਘ ਦੀ ਲੋੜ ਹੈ, ਜਿਹੜਾ ਕਥਾ ਕੀਰਤਨ ਕਰ ਸਕਦਾ ਹੋਵੇ, ਤਬਲਾ ਵਜਾਉਣ ਜਾਣਦਾ ਹੋਵੇ ਅਤੇ ਗੁਰੂ ਘਰ ਵਿਖੇ ਹੋਰ ਸੇਵਾਵਾਂ ਦੌਰਾਨ ਹੈਡ ਗ੍ਰੰਥੀ ਦੀ ਮਦਦ ਕਰ ਸਕਦਾ ਹੋਵੇ । ਉਹ ਸਿੱਖ ਮਰਿਯਾਦਾ ਵਿਚ ਪੂਰਾ ਅਤੇ ਨਿਤਨੇਮੀ ਹੋਵੇ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ । ਚਾਹਵਾਨ ਪ੍ਰਚਾਰਕ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰਨ ਜਾਂ ਆਪਣੀਆਂ ਅਰਜ਼ੀਆਂ ਲਿਖ ਕੇ ਭੇਜਣ ਦੀ ਮਿਹਰਬਾਨੀ ਕਰਨ ਜੀ। ਅਰਜ਼ੀਆਂ ਭੇਜਣ ਦੀ ਆਖਰੀ ਤਾਰੀਕ 23 ਅਗਸਤ 2025 ਹੈ।

**1 VACANCY- Job Title: Religious Worker- Tier-5- Full Time**

**Duration**: Contract (1 Year)

**Job Purpose:** To carry out the non-pastoral duties and to assist the Minister of Religion and to meet the service needs of Sikh community.

**Duties & Responsibilities:-** Performing Kirtan, Akhand path, Sehaj path and Kitchen sewa. Be honest, reliable, collect, manage and ensure administration of Ardas money. Must pay the highest respect to the Guru Maharaj ji as well as public (Guru Ki Sadh Sangat) is essential; be present in main hall Saturday/Sunday until the Diwan Samapthy, unless you are required/agreed via Temple elsewhere on duty. Undertake any other reasonable duties/activities in pursuing the Organization's religious programs. On occasions the candidate maybe required to carry out Kirtan for family functions at the homes of the devotees.

- Benefits include full board and lodges. Salary: National Minimum Wage for 30 hours a week.

**Personnel Specification:**

The post holder will need to display the following: 1. Previous experience holding a similar role is essential. 2. Knowledge and understanding of the Sikh Religion and Guru Granth Sahib. 3. Strong motivation and empathy towards the aims and objectives of the organisation. 4. Strong organizational skills. 5. Good communication and interpersonal skills. 6. Ability to work off own initiative as well as within a team. 7. Willingness to work unsocia! hours. Knowledge of musical instruments vastly used in Sikh Faith.

**Other details:** Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing Date: 23rd August 2025**

**Apply/ Contact: via Phone 01384 238936, or Email:sdevsingh56@googlemail.com**

**GURDWARA GURU TEG BAHADHUR SAHIB JI**
**7 VICAR STREET, DUDLEY, WEST MIDLANDS, DY2 8RQ**

ਲੜੀਵਾਰ ਨਾਵਲ

ਕਮਲ ਗਿੱਲ

Mob : +44 07454 394684



**ਕਿਸ਼ਤ-35**

# ਗੰਧਲੇ ਰਿਸ਼ਤੇ

**ਹਾਲੇ ਅਸੀ ਕਿਚਨ 'ਚ ਆਪਣੇ ਜੂਸ ਦੀ ਮਸ਼ੀਨ ਹੀ ਧੋ ਸਵਾਰ ਰਹੇ ਸੀ ਕਿ ਬਾਹਰ ਡੋਰ 'ਤੇ ਕਿਸੇ ਦੇ ਆਉਣ ਦੀ ਦਸਤਕ ਹੁੰਦੀ ਹੈ। ਕੈਲਾਸ਼ ਬਿਨਾਂ ਕੁੱਝ ਬੋਲੇ ਡੋਰ 'ਤੇ ਆਏ ਮਹਿਮਾਨ ਦਾ ਸਵਾਗਤ ਕਰਨ ਤੁਰ ਪੈਂਦੇ ਹਨ ਜਿਵੇ ਉਹ ਆਉਣ ਵਾਲੇ ਇਸ ਮਹਿਮਾਨ ਤੋਂ ਪਹਿਲਾਂ ਹੀ ਜਾਣੂੰ ਸਨ। ਕੁਝ ਕੁ ਮਿੰਟਾਂ ਬਆਦ ਉਹ ਹੱਥ 'ਚ ਪੀਜ਼ੇ ਦਾ ਡੱਬਾਂ ਤੇ ਕੁੱਝ ਹੋਰ ਖਾਣ-ਪੀਣ ਦਾ ਸਾਮਾਨ ਲੈ ਕੇ ਆਉਂਦੇ ਹਨ ਤੇ ਡਾਇਨਿੰਗ ਟੇਬਲ ਤੇ ਟਕਾ ਦਿੰਦੇ ਹਨ।**

**"ਆ ਜਾ ਬਈ ਕੁੜੀਏ ਆਪਣੇ ਦੋਹਾਂ ਦੇ ਜੂਸ ਵਾਲੇ ਗਲਾਸ ਵੀ ਇੱਥੇ ਹੀ ਚੁੱਕ ਲਿਆ।" ਚੇਅਰ ਤੇ ਸੈੱਟ ਹੋ ਕੇ ਬਹਿੰਦਿਆਂ ਉਹਨਾਂ ਆਖਿਆ।'' "ਤੁਸੀਂ ਆਹ ਐਵੇਂ ਇੰਨਾਂ ਖਰਚਾ ਕਿਉਂ ਕਰ ਲਿਆ। ਹਾਏ ਆਹ ਕਿੰਨਾਂ ਕੁੱਝ ਮੰਗਾਂ ਲਿਆ ਤੁਸੀਂ। ਆਪਾਂ ਦੋ ਜੀਅ ਸੀ ਘਰ 'ਚ ਆਪਾਂ ਅਰਾਮ ਨਾਲ ਆਪੇ ਕੁਝ ਗਰਿੱਲ-ਗਰੁਲ 'ਚ ਰੱਖ ਕੇ ਖਾ ਲੈਣਾ ਸੀ। ਇਸ ਦੀ ਕੋਈ ਲੋੜ ਨਹੀਂ ਸੀ।''**

ਮੈਂ ਧਿਆਨ ਨਾਲ ਸੀਰੀਸ ਵੇਖਣ ਲੱਗ ਗਈ। ਕੁੱਝ ਕੁ ਮਿੰਟ ਬਾਅਦ ਮੈਂ ਦੇਖਿਆ ਕੈਲਾਸ਼ ਮੇਰੇ ਪਿੱਛੇ ਖੜ੍ਹੀ ਮੁਸਕੁਰਾ ਰਹੀ ਸੀ।"

''ਉਹ ਸੌਰੀ ਕੈਲਾਸ਼ ਜੀ ਮੈਨੂੰ ਪਤਾ ਹੀ ਨਹੀਂ ਲੱਗਾ ਤੁਸੀਂ ਕਦ ਮਗਰ ਆ ਕੇ ਖੜ੍ਹ ਗਏ। ਟੀਵੀ ਦੀ ਆਵਾਜ਼ ਜ਼ਿਆਦਾ ਤਾਂ ਨਹੀਂ ਸੀ! ਸੋਰੀ ਸੋਰੀ, ਮੈਨੂੰ ਯਾਦ ਹੀ ਨਹੀਂ ਰਿਹਾ ਕਿ ਤੁਸੀਂ ਫੂਨ 'ਤੇ ਹੋ।''

''ਇੱਕਦਮ ਟੀਵੀ ਦੀ ਆਵਾਜ਼ ਹੌਲੀ ਕਰਦਿਆਂ ਮੈਂ ਆਖਿਆ।

"ਉਹ ਨੋ ਬੀਰਾ ਡੋਂਟ ਵਰੀ, ਕੈਰੀ ਆਨ ਰਾਜੇ, ਤੁਸੀਂ ਆਰਾਮ ਨਾਲ ਦੇਖੋ ਟੀਵੀ। ਫੂਨ ਤਾਂ ਬਹੁਤ ਦੇਰ ਦਾ ਮੈਂ ਕੱਟ ਦਿੱਤਾ ਸੀ। ਰਵੀ ਕਿੰਝ ਠੀਕ ਹੈ ਉਹ ਵੀ ਤੈਨੂੰ ਮਿਸ ਕਰਦਾ ਹੋਣਾ।''

"ਹਾਂਜੀ ਹੁਣ ਕੱਲੇ ਹਨ ਘਰ ਸੋ ਕੱਲਿਆਂ ਦਾ ਮਨ ਔਖਾ ਲੱਗਦਾ।''

"ਹਾਂ ਤੂੰ ਸਹੀ ਕਹਿ ਰਹੀ ਹੈ, ਜਦ ਇਕੱਲੇ ਰਹਿਣ ਦੀ ਆਦਤ ਨਾ ਹੋਵੇ ਫਿਰ ਕੰਧਾਂ ਖਾਣ ਨੂੰ ਆਉਂਦੀਆਂ ਹਨ ਪਰ ਜਦ ਆਦਤ ਪੈ ਜਾਏ ਕੱਲੇ ਰਹਿਣ ਦੀ ਤਾਂ ਹਰ ਚੀਜ਼ ਤੁਹਾਡੀ ਗੱਲਾਂ ਦੇ ਹੁੰਗਾਰੇ ਭਰਦੀ ਲੱਗਦੀ ਹੈ। ਚਾਹੇ ਉਹ ਬਾਹਰ ਉੱਗੇ ਵੇਲ-ਬੂਟੇ ਹੀ ਕਿਉਂ ਨਾ ਹੋਣ ਬੀਰਾ ।''

"ਹਾਂਜੀ ਇਹ ਗੱਲ ਤਾਂ ਹੈ। ਤੁਸੀਂ ਤਾਂ ਬਹੁਤ ਸੋਹਣੀ ਸਪੈਨਿਸ਼ ਬੋਲ ਲੈਂਦੇ ਹੋ।''

"ਮੈਂ ਹੈਰਾਨ ਜਿਹੀ ਹੋ ਸਵਾਲ ਪੁੱਛਿਆ।

''ਹਾਂ ਬੀਰਾ ਜਿਸ ਦੇਸ਼ 'ਚ ਰਹਿਣਾ ਸਿਖ ਲਿਆ, ਉਸ ਦੀ ਬੋਲੀ ਵੀ ਤਾਂ ਸਿੱਖਣੀ ਹੀ ਪੈਣੀ ਸੀ। ਫਰੈੱਸ਼ ਜੂਸ ਪੀਏਂਗੀ ਕਿ ਚਾਹ ਕਿ ਕੌਫੀ ਬਣਾਵਾਂ ਤੇਰੇ ਲਈ? ਕੀ ਮਨ ਕਰਦਾ ਤੇਰਾ ਪੀਣ ਨੂੰ?''

"ਨਹੀਂ-ਨਹੀਂ ਕੁਝ ਵੀ ਨਹੀਂ, ਤੁਸੀਂ ਆਰਾਮ ਨਾਲ ਬੈਠ ਜਾਓ ਇੱਥੇ ਮੇਰੇ ਕੋਲ। ''ਮੈਂ ਸੋਫੇ ਵੱਲ ਹੱਥ ਕਰਦਿਆਂ ਕਿਹਾ।''

"ਆਹ ਬਹੁਤ ਸੋਹਣੀ ਸੀਰੀਜ਼ ਹੈ ਬੀਰਾ 'ਲੋਸਟ'। ਤੂੰ ਵੀ ਜ਼ਰੂਰ ਦੇਖੀਂ, ਕਾਫੀ ਲੰਬੀ ਹੈ ਪਰ ਬਹੁਤ ਵਧੀਆ ਐਪੀਸੋਡ ਹਨ ਇਸ ਦੇ। ਇਹ ਆਸਟਰੇਲੀਆ ਤੋਂ ਫਲਾਇਟ ਅਮਰੀਕਾ ਨੂੰ ਤੁਰੀ ਸੀ ਤੇ ਰਾਹ 'ਚ ਕਿਸੇ ਆਈਲੈਂਡ ਤੇ ਇਨ੍ਹਾਂ ਦਾ ਜਹਾਜ਼ ਕਰੈਸ਼ ਹੋ ਗਿਆ। ਉਹ ਬਚੇ ਹੋਏ ਕੋਈ ਚਾਲੀ-ਪੰਤਾਲੀ ਸਰਵਾਇਵਰਾਂ ਦੀ ਕਹਾਣੀ ਹੈ ਕਿ ਕਿਵੇਂ ਉਹ ਉਸ ਆਈਲੈਂਡ 'ਤੇ ਜਿਉਂਦੇ ਰਹਿਣ ਲਈ ਸੰਘਰਸ਼ ਕਰਦੇ ਹਨ। ਜ਼ਰੂਰ ਦੇਖੀਂ ਇਹ ਸੀਰੀਜ ਬੀਰਾ ਕਦੇ ਸਮ੍ਹਾਂ ਕੱਢ ਕੇ।''

"ਜੀ ਜ਼ਰੂਰ ਮੈਂ ਤਾਂ ਆਹ ਹੁਣ ਹੀ ਪੰਜ-ਸੱਤ ਮਿੰਟ ਦੇਖੀ ਉਹ ਹੀ ਵਧੀਆ ਲੱਗੀ।''

''ਚੱਲ ਦੱਸ ਫਿਰ ਕੀ ਪੀਏਗੀ?''

"ਚੱਲੋ ਤੁਸੀਂ ਜੇ ਬਾਹਲਾਂ ਕਹਿੰਦੇ ਹੋ ਤਾਂ ਫਿਰ ਆਪਾਂ ਆਪਣੀ ਗਾਰਡਨ ਦੇ ਫਰੈਸ਼ ਸੰਗਤਰਿਆਂ ਦਾ ਜੂਸ ਕੱਢਦੇ ਹਾਂ।''

''ਲੈ ਆ ਹੋਈ ਨਾ ਗੱਲ, ਐਵੇ ਨਾਂਹ-ਨਾਂਹ ਨਾ ਕਰੀ ਜਾਇਆ ਕਰ ਤੇਰਾ ਆਪਣਾ ਘਰ ਆ। ਅਗਾਂਹ ਜਦ ਵੀ ਤੂੰ ਤੇ ਰਵੀ ਨੇ ਇੱਥੇ ਲੈਂਜਰੋਟੀ ਕਦੇ ਆਉਣਾ ਹੋਇਆ ਇੱਥੇ ਹੀ ਰਹਿਣਾ। ਲੋੜ ਨਹੀ ਐਵੇਂ ਹੋਟਲਾਂ 'ਚ ਪੈਸੇ ਪੱਟਣ ਦੀ।''

"ਹਾਂ-ਹਾਂ ਠੀਕ ਹੈ, ਕੋਈ ਨਾ ਹੁਣ ਇੱਦਾਂ ਹੀ ਕਰਿਆ ਕਰਾਂਗੇ। ਤੁਸੀ ਪਹਿਲਾਂ ਯੂਕੇ ਗੇੜੀ ਮਾਰੋ ਹੁਣ ਉਸ ਤੋ ਬਾਅਦ ਅਸੀਂ ਦੁਬਾਰਾ ਆਵਾਂਗੇ।''

"ਯੂਕੇ ਦਾ ਨਾਮ ਸੁਣਦਿਆਂ ਉਹ ਸੁੰਨ ਜਿਹੀ ਹੀ ਹੋ ਜਾਂਦੀ, ਪਤਾ ਨਹੀਂ ਕਿੰਨਾਂ ਮਨ ਅੱਕਿਆ ਸੀ ਉਸ ਦਾ ਉਥੋਂ।

ਅਸੀਂ ਦੋਵਾਂ ਨੇ ਬਾਹਰ ਜਾ ਕੇ ਪੰਜ-ਸੱਤ ਤਾਜ਼ੇ ਮੋਟੇ-ਮੋਟੇ ਸੰਤਰੇ ਤੋੜੇ ਤੇ ਮੈਂ ਉਨ੍ਹਾਂ ਦਾ ਫਰੈੱਸ਼ ਜੂਸ ਕੱਢਿਆ। ਅਸੀਂ ਵਿੱਚ ਇੱਕ ਗੱਠੀ ਅੱਧਰਕ, ਇੱਕ ਛੋਟਾ ਜਿਹਾ ਟੁੱਕੜਾ ਕੱਚੀ ਹਲਦੀ ਥੋੜੀ ਕਾਲੀ ਮਿਰਚ ਅਤੇ ਥੋੜ੍ਹਾ ਜਿਹਾ ਗੁਲਾਬੀ ਲੂਣ ਵੀ ਪਾਇਆ।"

''ਵਾਹ ਵਈ ਵਾਹ ਬੀਰਾ ਤੂੰ ਤੇ ਕਮਾਲ ਹੀ ਕਰਤੀ, ਇੰਨਾਂ ਸਵਾਦ ਜੂਸ ਮੇਰੇ ਤੋਂ ਤਾਂ ਕਦੇ ਨਹੀਂ ਬਣਦਾ।"

ਹਾਲੇ ਅਸੀ ਕਿਚਨ 'ਚ ਆਪਣੇ ਜੂਸ ਦੀ ਮਸ਼ੀਨ ਹੀ ਧੋ ਸਵਾਰ ਰਹੇ ਸੀ ਕਿ ਬਾਹਰ ਡੋਰ 'ਤੇ ਕਿਸੇ ਦੇ ਆਉਣ ਦੀ ਦਸਤਕ ਹੁੰਦੀ ਹੈ। ਕੈਲਾਸ਼ ਬਿਨਾਂ ਕੁੱਝ ਬੋਲੇ ਡੋਰ 'ਤੇ ਆਏ ਮਹਿਮਾਨ ਦਾ ਸਵਾਗਤ ਕਰਨ ਤੁਰ ਪੈਂਦੇ ਹਨ ਜਿਵੇ ਉਹ ਆਉਣ ਵਾਲੇ ਇਸ ਮਹਿਮਾਨ ਤੋਂ ਪਹਿਲਾਂ ਹੀ ਜਾਣੂੰ ਸਨ। ਕੁਝ ਕੁ ਮਿੰਟਾਂ ਬਆਦ ਉਹ ਹੱਥ 'ਚ ਪੀਜ਼ੇ ਦਾ ਡੱਬਾਂ ਤੇ ਕੁੱਝ ਹੋਰ ਖਾਣ-ਪੀਣ ਦਾ ਸਾਮਾਨ ਲੈ ਕੇ ਆਉਂਦੇ ਹਨ ਤੇ ਡਾਇਨਿੰਗ ਟੇਬਲ ਤੇ ਟਕਾ ਦਿੰਦੇ ਹਨ।

"ਆ ਜਾ ਬਈ ਕੁੜੀਏ ਆਪਣੇ ਦੋਹਾਂ ਦੇ ਜੂਸ ਵਾਲੇ ਗਲਾਸ ਵੀ ਇੱਥੇ ਹੀ ਚੁੱਕ ਲਿਆ।" ਚੇਅਰ ਤੇ ਸੈੱਟ ਹੋ ਕੇ ਬਹਿੰਦਿਆਂ ਉਹਨਾਂ ਆਖਿਆ।''

"ਤੁਸੀਂ ਆਹ ਐਵੇਂ ਇੰਨਾਂ ਖਰਚਾ ਕਿਉਂ ਕਰ ਲਿਆ। ਹਾਏ ਆਹ ਕਿੰਨਾਂ ਕੁੱਝ ਮੰਗਾਂ ਲਿਆ ਤੁਸੀਂ। ਆਪਾਂ ਦੋ ਜੀਅ ਸੀ ਘਰ 'ਚ ਆਪਾਂ ਅਰਾਮ ਨਾਲ ਆਪੇ ਕੁਝ ਗਰਿੱਲ-ਗਰੁਲ 'ਚ ਰੱਖ ਕੇ ਖਾ ਲੈਣਾ ਸੀ। ਇਸ ਦੀ ਕੋਈ ਲੋੜ ਨਹੀਂ ਸੀ।''

''ਲੈ ਹੁਣ ਮੈਂ ਤੈਨੂੰ ਇੱਕਲਾਂ ਮੇਰੀਆਂ ਪੁਰਾਣੀਆਂ ਗੱਲਾਂ ਦਾ ਟੋਰਚਰ ਸੁਣਾ-ਸੁਣਾ ਥੋੜਾ ਮਾਰਨਾ। ਤੇਰੀ ਮਾੜੀ-ਮੋਟੀ ਸੇਵਾ ਵੀ ਤਾਂ ਕਰਾਂ।''

"ਇੰਨਾਂ ਆਖ ਉਹ ਹੱਸ ਪਈ, ਮੈਂ ਵੀ ਨਾਲ ਹੀ ਹੱਸ ਪਈ।

ਕਮਰੇ 'ਚ ਦੁਬਾਰਾ ਰੌਣਕ ਆ ਗਈ। ਉਸ ਦੀ ਮੁਸਕੁਰਾਹਟ ਨਾਲ ਇੱਕਦਮ ਘਰ ਰੁਸ਼ਨਾ ਜਿਹਾ ਜਾਂਦਾ ਤੇ ਜਦ ਉਹ ਦੁਖੀ ਹੁੰਦੀ ਤਾਂ ਇੰਝ ਲੱਗਦਾ ਜਿਵੇਂ ਸਾਰਾ ਘਰ ਵੀ ਉਸ ਨਾਲ ਉਦਾਸ ਹੋ ਗਿਆ ਹੋਵੇ।

ਖਾ-ਪੀ ਅਸੀਂ ਫਿਰ ਭਾਂਡੇ ਸਾਂਭ ਲਏ। ਮੇਰੇ ਲਈ ਬਿਲਕੁੱਲ ਘਰ ਵਾਲਾ ਹੀ ਮਾਹੌਲ ਸੀ। ਉਸ ਦੀਆਂ ਗੱਲਾਂ, ਉਸ ਘਰ ਦਾ ਮਾਹੌਲ ਸਭ ਕੁਝ ਵਿਚ ਅਪਣੱਤ ਸੀ।ਇਸ ਵਾਰ ਰਵੀ ਦਾ ਫੂਨ ਆਏ ਤੇ ਮੈ ਕੈਲਾਸ਼ ਜੀ ਦੀ ਵੀ ਰਵੀ ਨਾਲ ਗੱਲ ਕਰਾਈ। ਉਹ ਵੀ ਤਾਜ ਹੁਣਾਂ ਵਾਂਗ ਹੀ ਖੁਸ਼ ਸਨ ਕਿ ਅਸੀਂ ਦੋਵੇਂ ਇੱਕ-ਦੂਜੇ ਦੀ ਕੰਪਨੀ ਇੰਨਜੁਆਏ ਕਰ ਰਹੇ ਹਾਂ।

ਕੋਈ ਅੱਠ ਕੁ ਦਾ ਸਮਾਂ ਹੋ ਚੱਲਾ ਸੀ ਖਾਣਾ ਖਾ ਅਸੀਂ ਦੋਵੇਂ ਬੀਚ 'ਤੇ ਵਾਕ ਕਰਨ ਨਿਕਲ ਗਈਆਂ। ਘਰੋਂ ਨਿਕਲਦਿਆਂ ਹੀ ਬ੍ਰਇਨ ਮਿਲ ਗਿਆ। ਕੈਲਾਸ਼ ਜੀ ਨੂੰ ਬੜਾ ਖੁਸ਼ ਹੋ ਕੇ ਮਿਲਿਆ। ਉਹ ਬਾਹਰ ਪਾਇਪ ਲਗਾ ਕੇ ਆਪਣੀ ਕਾਰ ਧੋ ਰਿਹਾ ਸੀ।

"ਕੈਲੀ ਹੂ ਇਜ਼ ਸ਼ੀ? '' ''ਮੇਰੇ ਵੱਲ ਇਸ਼ਾਰਾ ਕਰ ਉਸ ਨੇ ਪੁੱਛਿਆ।

"ਬ੍ਰਇਨ ਸ਼ੀਜ ਬੀਰਾ, ਫਰੋਮ ਯੂਅਰ ਮਦਰਲੈਂਡ।" ਸ਼ੀਜ ਲਾਇਕ ਮਾਈ ਡੋਟਰ ਟੂ ਮੀ।'' ਮੁਸਕੁਰਾ ਕੇ ਉਨ੍ਹਾਂ ਨੇ ਮੇਰਾ ਪਰਿਚੇ ਦਿੱਤਾ।

ਬ੍ਰਇਨ ਨੇ ਬੜੇ ਹੀ ਪਿਆਰ ਨਾਲ ਮੇਰੇ ਨਾਲ ਵੀ ਗੱਲ ਕੀਤੀ ਤੇ ਗੱਲਾਂ-ਗੱਲਾਂ ਵਿਚ ਉਸ ਨੇ ਕੈਲਾਸ਼ ਜੀ ਨੂੰ ਹੋਰ ਤਰਾਂ-ਟਮਾਟਰ ਵੀ ਗਿਫਟ ਕੀਤੇ ਕਿ ਤੁਹਾਡੇ ਘਰੇ ਮਹਿਮਾਨ ਆਏ ਹੋਏ ਹਨ ਇਹਨਾਂ ਨੂੰ ਫਰੈਸ਼ ਸਲਾਦ ਖਿਲਾਓ।

ਖ਼ੈਰ ਬ੍ਰਇਨ ਨਾਲ ਕੁਝ ਦੇਰ ਗੱਲਬਾਤ ਕਰਨ ਬਾਅਦ ਅਸੀਂ ਅਗਾਹ ਬੀਚ ਵੱਲ ਨੂੰ ਮੋੜ ਕੱਟ ਲਿਆ।

ਮੌਸਮ ਬਹੁਤ ਸੋਹਣਾ ਸੀ। ਨਿੱਗੀ ਨਿੱਗੀ ਜਿਹੀ ਸ਼ਾਮ, ਕੋਲ ਠਾਠਾਂ ਮਾਰਦਾ ਸਮੁੰਦਰ। ਸਾਡੇ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਲੋਕ ਵਾਕ ਕਰਨ ਨਿਕਲੇ ਹੋਏ ਸਨ।




ਕੈਲਾਸ਼ ਜੀ ਨੇ ਰਾਹ 'ਚ ਜਾਂਦਿਆਂ-ਜਾਂਦਿਆ ਮੈਨੂੰ ਆਪਣੀ ਕੈਫੀ ਵੀ ਦਿਖਾਈ। ਸ਼ਾਮ ਦਾ ਸਮਾਂ ਹੋਣ ਕਰਕੇ ਉਹ ਬੰਦ ਪਈ ਸੀ।"

''ਕੈਲਾਸ਼ ਜੀ ਅੱਜ ਤੇ ਬੜੀ ਰੌਣਕ ਹੈ ਬੀਚ 'ਤੇ।'' ''ਮੈਂ ਸਾਰੇ ਪਾਸੇ ਨਜ਼ਰ ਘੁੰਮਾ ਕੇ ਦੇਖਿਆ, ਸ਼ਾਇਦ ਵੀਕ ਐਂਡ ਹੋਣ ਕਰ ਕੇ ਆਪਣੇ ਪੰਜਾਬੀ ਵੀ ਬਹੁਤ ਸਾਰੇ ਸੈਰ ਤੇ ਬੱਚਿਆ ਨਾਲ ਆਏ ਹੋਏ ਸਨ।

'ਸਤਿ ਸ੍ਰੀ ਅਕਾਲ ਆਂਟੀ ਜੀ।''' ਅਚਾਨਕ ਮੇਰੇ ਕੰਨਾਂ ਵਿੱਚ ਮਿੱਠੀ ਜਿਹੀ ਸਤਿ ਸ੍ਰੀ ਅਕਾਲ ਪਈ।

ਪਿਛਾਂਹ ਮੁੜ ਕੇ ਦੇਖਿਆ ਤਾਂ ਪਲਾਂ ਵਿੱਚ ਹੀ ਇੱਕੀ ਭੋਲੀ ਜਿਹੀ ਬੱਚੀ ਨੇ ਕੈਲਾਸ਼ ਜੀ ਨੂੰ ਮਗਰੋਂ ਆਣ ਜੱਫੀ ਪਾ ਲਈ ।"

''ਓਹ ਸਤਿ ਸ੍ਰੀ ਅਕਾਲ ਮੇਰਾ ਬੱਚਾ ਕਿਵੇਂ ਹੋ ਤੁਸੀਂ? ਇੱਥੇ ਇਕੱਲੇ ਵਾਕ ਲਈ ਆਏ ਹੋ?''

"ਨਹੀਂ ਨਹੀਂ ਆਂਟੀ ਜੀ ਨਾਨਾ ਜੀ ਨਾਨੀ ਵੀ ਨਾਲ ਹਨ।'''' ਪਿਛਾਂਹ ਆਇਸ ਕ੍ਰੀਮ ਦੀ ਦੁਕਾਨ ਕੋਲ ਬੈਂਚ 'ਤੇ ਬੈਠੇ ਬਜ਼ੁਰਗ ਜੋੜੇ ਵਲ ਹੱਥ ਕਰ ਕੇ ਉਸ ਬੱਚੀ ਨੇ ਦੱਸਿਆ। ਕੈਲਾਸ਼ ਨੇ ਉਸ ਜੋੜੇ ਵੱਲ ਦੂਰੋਂ ਦੇਖਿਆ ਅਤੇ ਹੱਥ ਜੋੜ ਸਤਿ ਸ੍ਰੀ ਅਕਾਲ ਕਹੀ।

"ਆਂਟੀ ਜੀ ਮੈਨੂੰ ਨਾਨੀ ਨੇ ਭੇਜਿਆ ਹੈ, ਕਹਿੰਦੇ ਆਂਟੀ ਨੂੰ ਪੁੱਛ ਕੇ ਆ ਸਾਡੇ ਘਰ ਬਤਾਉਂ ਤੇ ਸ਼ਿਮਲਾ ਮਿਰਚਾਂ ਬਹੁਤ ਲੱਗੇ ਹਨ। ਕੱਲ ਤੁਹਾਡੇ ਦੇ ਜਾਣ ਨਾਨੀ? ਨਾਨੀ ਕਹਿੰਦੇ ਸੀ ਪੁੱਛ ਆਈਂ ਕਿ ਤੁਸੀਂ ਘਰ ਹੀ ਹੋ ਕੱਲ ਦੱਸ ਕੁ ਵਜੇ।''


"ਬੱਚੀ ਦੀ ਆਵਾਜ਼ ਬਹੁਤ ਮਿੱਠੀ ਸੀ ਕੋਈ ਬਾਰਾਂ-ਤੇਰ੍ਹਾਂ ਕੁ ਵਰ੍ਹਿਆਂ ਦੀ ਪਰ ਦੇਖਣ ਨੂੰ ਲੰਬੀ ਝੰਮੀ ਅੱਖਾਂ 'ਤੇ ਐਨਕਾਂ ਪੜ੍ਹਨ ਨੂੰ ਹੁਸ਼ਿਆਰ ਲੱਗਣ ਵਾਲੀ ਬਹੁਤ ਹੀ ਪਿਆਰੀ ਜਿਹੀ ਬੱਚੀ। ਦੇਖਦਿਆਂ ਹੀ ਮੇਰਾ ਮਨ ਮੋਹ ਗਈ । ਉਹ ਦੂਰ ਬੈਠਾ ਬਜ਼ੁਰਗ ਜੋੜਾ ਵੀ ਬਹੁਤ ਭਲਾ ਜਿਹਾ ਲੱਗ ਰਿਹਾ ਸੀ।"

''ਕੋਈ ਗੱਲ ਨਹੀਂ ਪੁੱਤ ਤੁਸੀਂ ਨਾਨੀ ਨੂੰ ਕਹੋ ਉਹ ਤਕਲੀਫ ਨਾ ਕਰਨ ਮੈਂ ਆਪ ਹੀ ਲੈ ਜਾਂਵਾਂਗੀ। ਥੈਂਕਸ ਆ ਲੋਟ ਮੇਰਾ ਬੱਚਾ। "ਹੋਰ ਪੜ੍ਹਾਈ ਕਿਵੇਂ ਚੱਲ ਰਹੀ ਹੈ ਤੁਹਾਡੀ ਜਸਲੀਨ?''

**ਚਲਦਾ....**

# ਬੱਚਿਆਂ ਦੀ ਸਾਦੀ ਰਜਿਸਟ੍ਰੇਸ਼ਨ ਕਰਾਉਣੀ ਹੋਈ ਸੌਖੀ

ਮੇਜਰ ਸਿੰਘ ਨਾਭਾ
ਮੋ. 9463553962





ਬੱਚਿਆਂ ਲਈ ਜੋ ਵੀ ਅਸੀਂ ਕਰ ਸਕਦੇ ਹਾਂ ਉਹ ਕਰ ਦੇਣਾ ਚਾਹੀਦਾ ਹੈ ਕਿਉਂ ਕਿ ਪਤਾ ਨਹੀਂ ਕਿਸ ਸਮੇਂ ਕੋਈ ਬਣਾਇਆ ਦਸਤਾਵੇਜ਼ ਕਦੋਂ ਕੰਮ ਆ ਜਾਵੇ। ਮੇਰੇ ਗੁਆਂਢ ਵਿੱਚ ਰਹਿੰਦੇ ਮੇਰੇ ਦੋਸਤ ਸੁਖਚੈਨ ਸਿੰਘ ਢੀਂਡਸਾ ਨੇ ਬੇਟੀ ਦੇ ਵਿਆਹ ਦੀ ਰਜਿਸਟ੍ਰੇਸ਼ਨ ਕਰਾਉਣ ਲਈ ਮੈਨੂੰ ਗਵਾਹੀ ਪਾਉਣ ਬਾਰੇ ਫੋਨ 'ਤੇ ਦੱਸਿਆ ਅਤੇ ਆਧਾਰ ਕਾਰਡ ਦੀ ਕਾਪੀ ਭੇਜਣ ਲਈ ਕਿਹਾ। ਮੈਂ ਆਧਾਰ ਕਾਰਡ ਦੀ ਕਾਪੀ ਵਟਸਐੱਪ 'ਤੇ ਭੇਜ ਦਿੱਤੀ। ਉਸ ਨੇ ਕੇਫੈ ਤੋਂ ਫਾਈਲ ਤਿਆਰ ਕਰਵਾ ਕੇ ਸੋਮਵਾਰ ਸਵੇਰੇ 11ਵਜੇ ਦਾ ਸਮਾਂ ਲੈ ਲਿਆ ਹੋਇਆ ਸੀ। ਵਿਆਹ ਦੀ ਰਜ਼ਿਸਟ੍ਰੇਸ਼ਨ ਦਾ ਕੰਮ ਉਸ ਦੇ ਘਰ ਹੀ ਹੋਣਾ ਸੀ।

ਦੋਸਤ ਨੇ ਦੱਸਿਆ ਕਿ ਹੁਣ ਤਾਂ ਘਰ ਹੀ ਆਨ ਲਾਈਨ ਮੈਰਿਜ਼ ਰਜ਼ਿਸਟ੍ਰੇਸ਼ਨ ਹੋ ਜਾਂਦੀ ਹੈ। ਉਨ੍ਹਾਂ ਨੂੰ ਵੀ ਅਸਲ ਸਥਿਤੀ ਦਾ ਪੂਰਾ ਪਤਾ ਨਹੀਂ ਸੀ ਇਸ ਕਰਕੇ ਉਨ੍ਹਾਂ ਕੈਫੇ ਰਾਹੀਂ ਇਹ ਕੰਮ ਕਰਾਉਣ ਨੂੰ ਠੀਕ ਸਮਝਿਆ। ਮੈਂ ਉਨ੍ਹਾਂ ਦੇ ਘਰ ਜਾ ਸਾਰਾ ਪ੍ਰੋਸੈਸ ਸਮਝ ਲਿਆ ਪਰ ਮੈਨੂੰ ਅਸਲ ਗੱਲ ਦਾ ਅਜੇ ਪਤਾ ਨਹੀਂ ਸੀ ਕਿ ਨਾਲ ਆਇਆ ਲੜਕਾ ਸ਼ਾਇਦ ਉਸ ਕੈਫੇ ਵਾਲੇ ਦੀ ਮਦਦ ਲਈ ਆਇਆ ਹੋਵੇ। ਬਾਅਦ 'ਚ ਪਤਾ ਲੱਗਾ ਕਿ ਉਹ ਤਾਂ ਦੋਸਤ ਵਲੋਂ ਅਪਾਇੰਟਮੈਂਟ ਲੈਣ ਕਾਰਨ ਸਰਕਾਰ ਦੀ ਈ-ਡੋਰ ਸਰਵਿਸ ਤਹਿਤ ਸੁਵਿਧਾ ਕੇਂਦਰ ਵਲੋਂ ਆਇਆ ਸੀ। ਮੈਨੂੰ ਵੀ ਇਹ ਕੰਮ ਸੌਖਾ ਲੱਗਿਆ, ਮੈਂ ਵੀ ਬੇਟੀ ਦੇ ਵਿਆਹ ਦੀ ਰਜ਼ਿਸਟ੍ਰੇਸ਼ਨ ਕਰਾਉਣ ਦਾ ਮਨ ਬਣਾ ਲਿਆ। ਮੈਨੂੰ ਪਹਿਲਾਂ ਇਹ ਕੰਮ ਗੁੰਝਲਦਾਰ ਲੱਗਦਾ ਸੀ ਮੇਰੀ ਬੇਟੀ ਨੇ ਵੀ ਮੈਨੂੰ ਇੱਕ ਵਾਰ ਉਨ੍ਹਾਂ ਦੇ ਵਿਆਹ ਦੀ ਰਜ਼ਿਸਟ੍ਰੇਸ਼ਨ ਕਰਾਉਣ ਦੀ ਗੱਲ ਕੀਤੀ ਸੀ ਪਰ ਤਹਿਸੀਲ ਜਾ ਕੇ ਗਵਾਹਾਂ ਆਦਿ ਅਤੇ 300 ਕਿ:ਮੀ: ਤੋਂ ਲੜਕੇ ਅਤੇ ਉਸਦੇ ਮਾਪਿਆਂ ਦਾ ਆਉਣ ਦੇ ਪ੍ਰੋਗਰਾਮ ਨੂੰ ਅੰਤਿਮ ਛੂਹ ਨਾ ਦੇ ਸਕੇ।

ਸਮਾਂ ਲੰਘਦਾ ਗਿਆ। ਵਿਆਹ ਨੂੰ ਤਿੰਨ ਸਾਲ ਤੋਂ ਉੱਪਰ ਹੋ ਗਏ, ਹੁਣ ਵਾਧੂ ਪੈਨਲਟੀ ਵੀ ਲੱਗਣੀ ਸੀ ਤ਼ਹਿਸੀਲ 'ਚੋਂ ਜਾ ਕੇ ਫਾਈਲ ਬਣਵਾਉਣ ਦੀ ਘੋਲ ਹੀ ਰਹੀ ਥੋੜੇ ਦਿਨਾਂ ਬਾਅਦ ਮੈਂ ਕੈਫੇ ਵਾਲੇ ਲੜਕੇ ਤੋਂ ਲੋੜੀਂਦੇ ਦਸਤਾਵੇਜ਼ ਪੁੱਛ ਕੇ ਉਸ ਨੂੰ ਫਾਈਲ ਤਿਆਰ ਕਰਨ ਲਈ ਕਹਿ ਦਿੱਤਾ। ਸਾਰੇ ਡਾਕੂਮੈਂਟਸ ਮੈਂ ਉਸ ਨੂੰ ਭੇਜ ਦਿੱਤੇ ਤੇ ਉਸ ਨੇ ਪੀ.ਡੀ.ਐਫ. ਫਾਈਲ ਬਣਾ ਮੈਨੂੰ ਭੇਜ ਦਿੱਤੀ ਅਤੇ ਹਲਫੀਆ ਬਿਆਨ ਟਾਈਪ ਕਰਕੇ ਦੇ ਦਿੱਤਾ। ਮੈਂ ਲੇਟ ਫੀਸ ਸਮੇਤ ਬਣਦੇ 3500 ਰੁ: ਦੇ ਅਸਟਾਮ ਖਰੀਦ ਲਏ ਅਤੇ ਇੱਕ 50 ਰੁ: ਦਾ ਅਸਟਾਮ ਲੈ ਲਿਆ।

ਮੇਰੇ ਮਨ 'ਚ ਸੀ ਕਿ ਕੈਫੇ ਵਾਲਾ ਵੱਧ ਤੋਂ ਵੱਧ ਹਜ਼ਾਰ ਰੁ: ਲੈ ਲਵੇਗਾ। ਪਰ ਜਦ ਉਸ ਨੇ ਮੈਨੂੰ ਕਿਹਾ 'ਫੀਸ ਦਾ ਪਤਾ ਤੁਹਾਨੂੰ' ਮੈਂ ਨਾ 'ਚ ਜਵਾਬ ਦੇ ਦਿੱਤਾ। ਉਸ ਨੇ ਦੱਸਿਆਂ ਕਿ ਬਾਰ੍ਹਾਂ ਹਜ਼ਾਰ ਹੈ ਜਿਸ 'ਚੋਂ ਅਸਟਾਮਾਂ ਦੇ ਪੈਸੇ ਘਟਾ ਲੈਣਾ। ਇਸ ਤਰ੍ਹਾਂ ਬਾਕੀ ਛੇ ਹਜ਼ਾਰ ਦੇ ਕਰੀਬ ਦੇਣਾ ਬਣਦਾ ਸੀ। ਮੈਨੂੰ ਕੁਝ ਜ਼ਿਆਦਾ ਲੱਗਿਆ। ਮੈਂ ਆਪਣੇ ਦੋਸਤ ਅਮਰੀਕ ਸਿੰਘ ਜਿਸ ਦਾ ਭਰਾ ਇਹੋ ਕੰਮ ਕਰਦਾ ਹੈ ਉਸ ਨੂੰ ਫਾਈਲ ਤਿਆਰ ਕਰਨ ਦੇ ਜੋ ਪੈਸੇ ਲੱਗਦੇ ਨੇ,ਪਤਾ ਕਰਕੇ ਦੱਸਣ ਲਈ ਕਿਹਾ ਤਾਂ ਉਸ ਨੇ ਪਤਾ ਕਰ ਲਗ ਭਗ ਹਜ਼ਾਰ ਰੁਪਏ ਦਾ ਕੰਮ ਦੱਸਿਆ।

ਬਾਕੀ ਮੈਂ ਸਾਈਟ 'ਤੇ ਸਰਚ ਮਾਰ ਕੇ ਫੀਸਾਂ ਬਾਰੇ ਜਾਣ ਗਿਆ ਸੀ। ਅਚਾਨਕ ਇਸ ਮਾਮਲੇ 'ਚ ਮੇਰਾ ਇੱਕ ਲੈਕਚਰਾਰ ਦੋਸਤ ਜਿਸਨੇ ਉਸੇ ਕੈਫੇ ਤੋਂ ਆਪਣੀ ਬੇਟੀ ਦੇ ਵਿਆਹ ਦੀ ਰਜ਼ਿਸਟ੍ਰੇਸ਼ਨ ਕਰਵਾਈ ਸੀ ਉਹ ਮਿਲ ਗਿਆ ਤਾਂ ਉਸ ਨੇ ਮੈਨੂੰ ਸਾਰੀ ਕਹਾਣੀ ਦੱਸ ਦਿਤੀ ਕਿ ਉਹ ਤਾਂ ਫਸ ਹੀ ਗਿਆ ਸੀ ਤੁਸੀਂ ਸਿੱਧੇ 1076 ਨੰਬਰ ਤੋਂ ਫੋਨ ਕਰਕੇ ਅਪਾਇੰਟਮੈਂਟ ਲੈ ਲਵੋ ਆਪਣੇ ਆਪ ਹੀ ਸਵਿਧਾ ਕੇਂਦਰ ਤੋਂ ਕਰਮਚਾਰੀ ਘਰ ਆ ਕੇ ਰਸਿਟ੍ਰੇਸ਼ਨ ਕਰ ਜਾਵੇਗਾ। ਫਿਰ ਮੈਨੂੰ ਪਤਾ ਲੱਗਾ ਕਿ ਉਹ ਲੜਕਾ ਤਾਂ ਦੋਸਤ ਵਲੋਂ ਅਪਾਇੰਟਮੈਂਟ ਲੈਣ ਕਾਰਨ ਸਰਕਾਰ ਦੀ ਈ-ਡੋਰ ਸਰਵਿਸ ਤਹਿਤ ਸੁਵਿਧਾ ਕੇਂਦਰ ਵਲੋਂ ਆਇਆ ਸੀ।

ਮੇਰੇ ਮਨ ਨੂੰ ਗੱਲ ਜਚ ਗਈ, ਮੈਂ ਕੈਫੇ ਵਾਲੇ ਲੜਕੇ ਨੂੰ ਉਸਦੀ ਟਾਈਪ ਕੀਤੇ ਕੰਮ ਦੇ ਪੈਸੇ ਪੁੱਛ ਕੇ ਉਸ ਪੇਮੈਂਟ ਕਰ ਦਿੱਤੀ। ਮੈਂ ਬੱਚਿਆਂ ਨਾਲ ਮਸ਼ਵਰਾ ਕਰ ਕੇ ਰਜਿਸਟ੍ਰੇਸ਼ਨ ਦਾ ਦਿਨ ਮੁਕੱਰਰ ਕਰ 1076 ਨੰਬਰ 'ਤੇ ਡਾਇਲ ਕਰ ਅਪਾਇੰਟਮੈਂਟ ਲੈ ਲਈ। ਫੋਨ ਤੇ ਗੱਲ ਕਰ ਰਹੀ ਲੜਕੀ ਨੇ ਸਾਰਾ ਕੁਝ ਜਿਵੇਂ ਲੋੜੀਂਦੇ ਡਾਕੂਮੈਂਟਸ ਤਿਆਰ ਰੱਖਣ, ਬਣਦੀ ਪ੍ਰੋਸੈਸਿੰਗ ਫੀਸ 1450 ਰੁ: ਅਤੇ ਅਪਰੇਟਰ ਦੀ 50 ਰੁ: ਫੀਸ ਅਤੇ ਸਟੈਂਪ ਪੇਪਰ ਫੀਸ 3500 ਰੁ: ਦੇ ਲੇਟ ਫੀਸ ਸਮੇਤ ਅਸਟਾਮ ਦੇ ਰੂਪ 'ਚ ਲੈਣ ਬਾਰੇ ਸਮਝਾ ਦਿੱਤਾ। ਵਿਆਹ ਤੋਂ ਤਿੰਨ ਮਹੀਨੇ ਦੇ ਅੰਦਰ 1500 ਰੁ: ਹੀ ਫੀਸ ਲੱਗਦੀ ਹੈ। ਲੇਟ ਰਜ਼ਿਸਟ੍ਰੇਸ਼ਨ ਕਰਾਉਣ ਵਾਲਿਆਂ ਨੂੰ 50 ਰੁ: ਦਾ ਹਲਫੀਆ ਬਿਆਨ ਨੋਟਰੀ ਤੋਂ ਤਸਦੀਕ ਕਰਾ ਕੇ ਦੇਣਾ ਹੁੰਦਾ ਹੈ ਜਿਸ 'ਚ ਲੇਟ ਰਜ਼ਿਸਟ੍ਰੇਸ਼ਨ ਕਰਾਉਣ ਦਾ ਕਾਰਨ ਦੱਸਣਾ ਹੁੰਦਾ ਹੈ। ਇਹੀ ਕੁੱਲ ਖਰਚਾ ਹੋਣਾ ਹੁੰਦਾ ਹੈ। ਮੈਂ ਤਾਂ ਅਰਜ਼ੀ ਫਾਰਮ ਟਾਈਪ ਕਰਵਾ ਲਿਆ ਕਿਉਂ ਕਿ ਪਤਾ ਨਹੀਂ ਸੀ। ਪਰ ਇਹ ਸਰਕਾਰੀ ਸਾਈਟ ਤੋਂ ਡਾਊਨਲੋਡ ਕਰ ਕੇ ਆਪਣੇ ਹੱਥ ਨਾਲ ਭਰ ਸਕਦੇ ਹਾਂ। ਜੇ ਕੁਝ ਪਤਾ ਨਹੀਂ ਚਲਦਾ ਤਾਂ ਸਬੰਧਤ ਕਰਮਚਾਰੀ ਆਪ ਹੀ ਭਰ ਲਵੇਗਾ।

ਲੜਕੇ ਵਲੋਂ ਮਾਂ ਬਾਪ 'ਚੋਂ ਇੱਕ, ਉਨ੍ਹਾਂ ਵਲੋਂ ਇੱਕ ਗਵਾਹ, ਇਸੇ ਤਰ੍ਹਾਂ ਲੜਕੀ ਵਲੋਂ ਵੀ। ਲੜਕਾ-ਲੜਕੀ ਦੇ ਅਧਾਰ ਕਾਰਡ, ਦਸਵੀਂ ਦੇ ਸਰਟੀਫਿਕੇਟ, ਦੋ-ਦੋ ਫੋਟੋ, ਮਾਂ-ਬਾਪ ਦੋਹਾਂ ਪਾਸਿਆਂ ਦੇ ਆਧਾਰ ਕਾਰਡ, ਗਵਾਹਾਂ ਦੇ ਆਧਾਰ ਕਾਰਡ, ਵਿਆਹ ਦੀਆਂ ਚਾਰ ਫੋਟੋਆਂ, ਆਨੰਦ ਕਾਰਜ ਹੋਣ ਦਾ ਗੁਰਦੁਆਰਾ ਸਾਹਿਬ ਵਲੋਂ ਸਰਟੀਫੀਕੇਟ ਜਾਂ ਜਿਸ ਧਰਮ ਦੀ ਰੀਤ ਅਨੁਸਾਰ ਵਿਆਹ ਹੋਇਆ ਉਥੋਂ ਜਾਰੀ ਸਰਟੀਫੀਕੇਟ ਤਿਆਰ ਹੋਣੇ ਚਾਹੀਦੇ ਹਨ। ਦੂਸਰੇ ਪਾਸੇ ਦੇ ਗਵਾਹ ਦੀ ਥਾਂ ਕੋਈ ਵੀ ਸਰਕਾਰੀ ਮੁਲਾਜ਼ਮ ਗਵਾਹੀ ਦੇ ਸਕਦਾ ਹੈ, ਜਿਸਦਾ ਆਧਾਰ ਕਾਰਡ ਅਤੇ ਸਨਾਖਤੀ ਕਾਰਡ ਹੋਣਾ ਚਾਹੀਦਾ ਹੈ। ਕੰਮ ਘਰ ਹੀ ਹੋਣ ਨਾਲ ਮਨ ਨੂੰ ਖੁਸੀ ਤਾਂ ਹੁੰਦੀ ਹੀ ਹੈ ਪੈਸੇ ਦੀ ਬਚਤ ਹੋ ਗਈ। ਬੇਟੀ ਦਾ ਮੈਰਿਜ਼ ਸਰਟੀਫੀਕੇਟ ਨੌਵੇਂ ਦਿਨ ਇਸ਼ੂ ਹੋ ਗਿਆ। ਬੇਟੀ ਨੂੰ ਵਿਭਾਗ ਵਲੋਂ ਭੇਜੇ ਲਿੰਕ ਤੋਂ ਉਸ ਨੇ ਸਰਟੀਫੀਕੇਟ ਡਾਊਨਲੋਡ ਕਰ ਮੈਨੂੰ ਭੇਜਿਆ ਤਾਂ ਦੇਖ ਕੇ ਮਨ ਨੂੰ ਬਹੁਤ ਖੁਸ਼ੀ ਹੋਈ। ਸਰਕਾਰ ਦਾ 'ਭਗਵੰਤ ਮਾਨ ਸਰਕਾਰ ਤੁਹਾਡੇ ਦਵਾਰ' ਦੇ ਤਹਿਤ 'ਡੋਰ ਸਟੈਪ ਡਲਿਵਰੀ' ਦੀ ਸਰਵਿਸ ਆਮ ਲੋਕਾਂ ਲਈ ਦਿੱਤੀ ਬਹੁਤ ਹੀ ਸਲਾਘਾਯੋਗ ਹੈ। ਨਹੀਂ ਤਾਂ ਕਈ ਕਈ ਘੰਟੇ ਦਫਤਰਾਂ 'ਚ ਧੱਕੇ ਖਾਂਣੇ ਪੈਂਦੇ ਸੀ ਬਹੁਤੇ ਤਾਂ ਇਸੇ ਕਰਕੇ ਵਿਆਹ ਰਜਿਸ਼ਟ੍ਰੇਸ਼ਨ ਕਰਾਉਣ ਤੋਂ ਖੁੰਝ ਜਾਂਦੇ ਸੀ।

ਹੁਣ ਇਸ ਨਾਲ ਸਰਕਾਰ ਦੀ ਆਮਦਨ ਵੀ ਵਧੇਗੀ। ਸੋ ਸਾਨੂੰ ਇਨ੍ਹਾਂ ਵੈਬਸਾਈਟ 'ਤੇ ਪਾਈਆਂ 401 ਡੋਰ ਸਟੈਪ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

*******

## ਬਾਲ ਕਹਾਣੀ : ਕਬੂਤਰ ਅਤੇ ਖਰਗੋਸ਼

ਜੰਗਲ ਦੇ ਵਿੱਚ ਬਹੁਤ ਸਾਰੇ ਜਾਨਵਰ ਅਤੇ ਪੰਛੀ ਰਹਿੰਦੇ ਸਨ। ਉੱਥੇ ਇੱਕ ਕਬੂਤਰ ਅਤੇ ਖਰਗੋਸ਼ ਵੀ ਰਹਿੰਦਾ ਸੀ, ਪਰ ਦੋਵੇਂ ਇੱਕ-ਦੂਸਰੇ ਦੇ ਦੁਸ਼ਮਣ ਬਣੇ ਹੋਏ ਸਨ। ਇੱਥੋਂ ਤੱਕ ਕਿ ਇੱਕ - ਦੂਸਰੇ ਦੇ ਘਰਾਂ ਨੂੰ ਤੇ ਇੱਕ-ਦੂਸਰੇ ਦੇ ਭੋਜਨ ਨੂੰ ਨੁਕਸਾਨ ਵੀ ਪਹੁੰਚਾ ਦਿੰਦੇ ਸਨ। ਖਰਗੋਸ਼ ਕਦੇ ਕਬੂਤਰ ਦਾ ਦਾਣਾ ਖਾ ਲੈਂਦਾ ਤੇ ਕਦੇ ਕਬੂਤਰ ਵੀ ਖਰਗੋਸ਼ ਦੀਆਂ ਗਾਜਰਾਂ ਚੁਰਾ ਲੈਂਦਾ ਤੇ ਇੱਧਰ-ਉਧਰ ਸੁੱਟ ਦਿੰਦਾ। ਦੋਵੇਂ ਇੱਕ-ਦੂਸਰੇ ਨੂੰ ਤੰਗ-ਪਰੇਸ਼ਾਨ ਕਰਨ ਅਤੇ ਨੀਵਾਂ ਦਿਖਾਉਣ ਵਿੱਚ ਹੀ ਆਪਣਾ ਸਮਾਂ ਅਤੇ ਧਿਆਨ ਵਿਅਰਥ ਗੁਆ ਰਹੇ ਸਨ। ਇੱਕ-ਦਿਨ ਦੋਵਾਂ ਦੀ ਖੂਬ ਲੜਾਈ ਹੋਈ। ਜੰਗਲ ਦਾ ਰਾਜਾ ਸ਼ੇਰ ਇੱਕ ਵਿਆਹ ਦੇ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ਼ ਗਿਆ ਹੋਇਆ ਸੀ। ਉਸਨੇ ਆਪਣੇ ਪਿੱਛੋਂ ਕਾਲੇ ਰੰਗ ਦੇ ਭਾਲੂ ਨੂੰ ਜੰਗਲ ਦਾ ਰਾਜਾ ਬਣਾ ਦਿੱਤਾ ਸੀ। ਭਾਲੂ ਬੜਾ ਸਮਝਦਾਰ ਸੀ। ਖਰਗੋਸ਼ ਭਾਲੂ ਕੋਲ ਪਹੁੰਚਿਆ ਤੇ ਰੋਣ ਲੱਗਿਆ। ਭਾਲੂ ਨੇ ਕਿਹਾ, "ਰੋਅ ਨਾ ਭਾਈ, ਪਿਆਰੇ ਖਰਗੋਸ਼! ਕੀ ਗੱਲ ਹੋਈ?" ਖਰਗੋਸ਼ ਤਾਂ ਰੋਂਦਾ ਹੀ ਰਿਹਾ, ਚੁੱਪ ਹੀ ਨਹੀਂ ਸੀ ਹੋ ਰਿਹਾ। ਭਾਲੂ ਨੇ ਉਸ ਨੂੰ ਥਾਪੀ ਦਿੱਤੀ ਤੇ ਕਿਹਾ, "ਖਰਗੋਸ਼ ਭਾਈ! ਗੱਲ ਤਾਂ ਦੱਸ ਆਖਿਰ ਗੱਲ ਕੀ ਹੋਈ?" ਰੋਂਦਾ - ਰੋਂਦਾ ਖਰਗੋਸ਼ ਬੋਲਿਆ, "ਮਹਾਰਾਜ! ਮੇਰਾ ਭੋਜਨ ਅਤੇ ਗਾਜਰਾਂ ਆਦਿ ਮੇਰੇ ਗੁਆਂਢ ਵਿੱਚ ਰਹਿੰਦਾ ਕਬੂਤਰ ਖਾ ਲੈਂਦਾ ਹੈ ਤੇ ਉਹਨਾਂ ਨੂੰ ਨੁਕਸਾਨ ਪਹੁੰਚਾ ਦਿੰਦਾ ਹੈ। ਇਸਲਈ ਮੈਂ ਬਹੁਤ ਦੁਖੀ ਹਾਂ। ਜਦੋਂ ਮੈਂ ਉਸਨੂੰ ਫੜਨ ਦੀ ਕੋਸ਼ਿਸ਼ ਕਰਦਾ ਹਾਂ ਤਾਂ ਉਡਾਰੀ ਮਾਰ ਲੈਂਦਾ।" ਫਿਰ ਸਮਝਦਾਰ ਭਾਲੂ ਨੇ ਕਬੂਤਰ ਨੂੰ ਬੁਲਾਇਆ ਤਾਂ ਕਬੂਤਰ ਵੀ ਰੋਣ ਲੱਗਾ ਤੇ ਉਸਨੇ ਕਿਹਾ, "ਮਹਾਰਾਜ! ਖਰਗੋਸ਼ ਵੀ ਮੇਰਾ ਦਾਣਾ ਚੋਰੀ ਕਰ ਲੈਂਦਾ ਹੈ ਤੇ ਕਈ ਵਾਰ ਮੇਰੇ ਆਲ੍ਹਣੇ ਨੂੰ ਨੁਕਸਾਨ ਪਹੁੰਚਾਉਣ ਦੀ ਵੀ ਕੋਸ਼ਿਸ਼ ਕਰਦਾ ਹੈ। ਇੱਕ ਵਾਰ ਤਾਂ ਇਸ ਨੇ ਮੇਰੇ ਅੰਡੇ ਵੀ ਹੇਠਾਂ ਸੁੱਟ ਦਿੱਤੇ ਸਨ।" ਇਹ ਗੱਲ ਸੁਣ ਕੇ ਭਾਲੂ ਰਾਜਾ ਦੋਵਾਂ ਦੀ ਗੱਲ ਸਮਝ ਗਿਆ। ਉਸਨੇ ਦੋਵਾਂ ਨੂੰ ਪਿਆਰ ਨਾਲ਼ ਸਮਝਾਇਆ, "ਦੇਖੋ! ਅਸੀਂ ਸਾਰੇ ਇਸ ਜੰਗਲ ਵਿੱਚ ਭੈਣ-ਭਰਾ ਹਾਂ। ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੋਣੀ ਚਾਹੀਦੀ। ਅਸੀਂ ਤਾਂ ਰਲ਼-ਮਿਲ਼ ਕੇ ਰਹਿਣਾ ਹੈ ਅਤੇ ਆਪਣੇ ਜੰਗਲ ਨੂੰ ਖੁਸ਼ਹਾਲ ਬਣਾਉਣਾ ਹੈ।" ਖਰਗੋਸ਼ ਅਤੇ ਕਬੂਤਰ ਦੋਵੇਂ ਭਾਲੂ ਮਹਾਰਾਜ ਦੀ ਗੱਲ ਸਮਝ ਚੁੱਕੇ ਸਨ। ਸਿਆਣਾ ਭਾਲੂ ਬਹੁਤ ਖੁਸ਼ ਹੋਇਆ। ਉਸ ਨੇ ਦੋਵਾਂ ਨੂੰ ਕਿਹਾ, "ਤੁਸੀਂ ਹੁਣ ਤੋਂ ਰਲ਼-ਮਿਲ਼ ਕੇ ਰਹੋ ਤੇ ਸਭ ਦਾ ਸਹਿਯੋਗ ਕਰਦੇ ਰਹੋ।" ਦੋਵਾਂ ਨੇ ਇੱਕ - ਦੂਸਰੇ ਨੂੰ ਆਪਣਾ ਦੋਸਤ ਬਣਾ ਲਿਆ ਤੇ ਰਲ਼-ਮਿਲ਼ ਕੇ ਰਹਿਣ ਲੱਗੇ।

ਸਿੱਖਿਆ : ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਇੱਕ-ਦੂਸਰੇ ਨਾਲ ਦੁਸ਼ਮਣੀ ਨਹੀਂ, ਸਗੋਂ ਦੋਸਤੀ ਕਰਨੀ ਚਾਹੀਦੀ ਹੈ। ਇੱਕ-ਦੂਸਰੇ ਦਾ ਨੁਕਸਾਨ ਨਹੀਂ, ਸਗੋਂ ਇੱਕ - ਦੂਸਰੇ ਦਾ ਫਾਇਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇੱਕ-ਦੂਸਰੇ ਨਾਲ ਈਰਖਾ ਨਹੀਂ, ਸਗੋਂ ਇੱਕ-ਦੂਸਰੇ ਨਾਲ਼ ਪ੍ਰੇਮ ਨਾਲ਼ ਰਹਿ ਕੇ ਸਭ ਦੀ ਭਲਾਈ ਕਰਨੀ ਚਾਹੀਦੀ ਹੈ।

ਸੰਜੀਵ ਧਰਮਾਣੀ ਸ੍ਰੀ ਅਨੰਦਪੁਰ ਸਾਹਿਬ 9478561356

ਵਰਿੰਦਰ ਸਿੰਘ ਨਿਮਾਣਾ

# ਅੰਬੀਆਂ ਦੀ ਧਰਤਿ, ਹੁਸ਼ਿਆਰਪੁਰ

ਦਰਿਆ ਬਿਆਸ ਤੇ ਸਤਲੁਜ ਵਿਚਕਾਰ ਪੈਂਦੇ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਪੰਜਾਬ ਵਿਚ ਆਪਣੀ ਭੂਗੋਲਿਕ ਵਿਲੱਖਣਤਾ ਤੇ ਕੁਦਰਤੀ ਸੁਹੱਪਣ ਕਰਕੇ 'ਬਾਗ਼ਾਂ ਦੀ ਧਰਤੀ' ਹੋਣ ਦਾ ਮਾਣ ਹਾਸਿਲ ਹੈ। ਇਸ ਇਲਾਕੇ ਦੀ ਮਿੱਟੀ ਦੀ ਤਾਸੀਰ, ਭੂਗੋਲਿਕ ਬਣਤਰ ਤੇ ਲੋਕਾਂ ਦੀ ਬਿਰਖ ਬੂਟਿਆਂ ਨਾਲ ਪੁਰਾਣੀ ਸਾਂਝ ਅਜੇ ਵੀ ਇਸ ਜ਼ਿਲ੍ਹੇ ਨੂੰ ਪੰਜਾਬ ਵਿਚ ਸਭ ਤੋਂ ਜ਼ਿਆਦਾ ਫਲ਼ ਪੈਦਾ ਕਰਨ ਵਾਲੇ ਇਲਾਕਿਆਂ ਵਿਚ ਸ਼ੁਮਾਰ ਕਰਾਉਂਦੀ ਹੈ। ਸ਼ਿਵਾਲਿਕ ਦੀਆਂ ਨੀਲੀਆਂ ਪਹਾੜੀਆਂ ਦੇ ਪਿੱਛੇ ਬਰਫ਼ਾਂ ਨਾਲ ਲੱਦੀਆਂ ਚੋਟੀਆਂ ਦੇ ਦੀਦਾਰ ਕਰਾਉਣ ਵਾਲੇ ਇਸ ਇਲਾਕੇ ਵਿਚ ਅਜੇ ਵੀ ਕਾਫੀ ਰਕਬਾ ਬਾਗ਼ਬਾਨੀ ਅਧੀਨ ਹੋਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਜ਼ਿਲ੍ਹੇ ਨੂੰ 'ਪੰਜਾਬ ਦਾ ਬਾਗ਼' ਹੋਣ ਦਾ ਮਾਣ ਕਿਉਂ ਹਾਸਿਲ ਹੈ ? ਪੰਜਾਬ 'ਚ ਆਮ ਤੌਰ 'ਤੇ ਅੰਬ ਦੀ ਕਾਸ਼ਤ ਨੀਮ ਪਹਾੜੀ ਜ਼ਿਲ੍ਹਿਆਂ ਰੋਪੜ, ਨਵਾਂ ਸ਼ਹਿਰ, ਗੁਰਦਾਸਪੁਰ, ਫਤਿਹਗੜ੍ਹ ਸਾਹਿਬ ਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ 'ਚ ਹੁੰਦੀ ਰਹੀ ਹੈ। ਪੰਜਾਬ ਵਿਚ ਸ਼ਿਵਾਲਿਕ ਦੇ ਪੈਰਾਂ 'ਚ ਪੈਂਦੇ ਦੋਆਬੇ ਇਲਾਕੇ ਦਾ ਪਹਾੜੀ, ਨੀਮ ਪਹਾੜੀ ਤੇ ਮੈਦਾਨੀ ਇਲਾਕਾ ਆਪਣੀ ਭੂਗੋਲਿਕ ਤਾਸੀਰ ਕਰਕੇ ਅੰਬ ਵਰਗੇ ਫਲ਼ਦਾਰ ਰੁੱਖਾਂ ਨਾਲ ਵੀ ਆਪਣੀ ਸਾਂਝ ਬਣਾਈ ਰੱਖਣ ਵਿਚ ਕਾਮਯਾਬ ਰਿਹਾ ਹੈ। ਬਰਸਾਤਾਂ ਦੇ ਦਿਨਾਂ 'ਚ ਪਏ ਮੀਹਾਂ ਤੇ ਪਹਾੜੀ ਖੱਡਾਂ ਦੇ ਪਾਣੀ ਨਾਲ ਸਾਲ ਦੇ ਕਈ ਕਈ ਮਹੀਨੇ ਵਗਦੇ ਚੋਆਂ ਨਾਲ ਰੁੱਖਾਂ ਲਈ ਪਾਣੀ ਦਾ ਲੋੜੀਂਦਾ ਪੱਧਰ ਬਰਕਰਾਰ ਰਹਿਣ ਕਰਕੇ ਇੱਥੇ ਅੰਬ ਜਿਹੇ ਫਲ਼ਦਾਰ ਰੁੱਖਾਂ ਦੇ ਪੈਦਾ ਹੋਣ ਤੇ ਵਧਣ ਫੁਲਣ ਲਈ ਸਬੱਬ ਬਣੇ ਹਨ। ਵੰਡ ਤੋਂ ਪਹਿਲਾਂ ਰਿਆਸਤੀ ਪ੍ਰਬੰਧ ਦੌਰਾਨ ਇਸ ਇਲਾਕੇ ਵਿਚ ਰਾਜਿਆਂ ਮਹਾਰਾਜਿਆਂ ਵਲੋਂ ਆਪਣੀਆਂ ਆਰਾਮਗਾਹਾਂ ਉੱਤੇ ਸਰੀਰਕ ਤੰਦਰੁਸਤੀ ਤੇ ਰੂਹ ਦੀ ਤ੍ਰਿਪਤੀ ਵਾਸਤੇ ਬਾਗ਼ ਬਗੀਚੇ ਤੇ ਫਲ਼ਦਾਰ ਬਿਰਖ ਬੂਟੇ ਲਾਉਣ ਦਾ ਰਿਵਾਜ ਪ੍ਰਚੱਲਿਤ ਸੀ। ਇਸ ਇਲਾਕੇ ਦੇ ਬਾਗ਼ ਬਗੀਚਿਆਂ ਖਾਸ ਕਰ ਅੰਬਾਂ ਨਾਲ ਵੱਖ ਵੱਖ ਵਰਗਾਂ ਦੇ ਲੋਕਾਂ ਦੀ ਭਾਵੁਕ, ਸਮਾਜਿਕ ਤੇ ਮਾਨਸਿਕ ਸਾਂਝ ਦੀਆਂ ਕਈ ਕਥਾ ਕਹਾਣੀਆਂ ਵੀ ਪ੍ਰਚਲਿਤ ਹਨ। ਰਿਆਸਤੀ ਪ੍ਰਬੰਧ ਦੌਰਾਨ ਮਹਾਰਾਜਾ ਜੰਮੂ ਹੁਸ਼ਿਆਰਪੁਰ ਇਲਾਕੇ ਦੇ ਦੇਸੀ ਅੰਬਾਂ ਦਾ ਏਨਾ ਕਾਇਲ ਸੀ ਕਿ ਉਸਨੇ ਆਪਣੇ ਇਲਾਕੇ ਵਿਚ ਇੱਥੋਂ ਕਈ ਵਾਰ ਅੰਬਾਂ ਦੇ ਬੂਟੇ ਲਾਉਣ ਦੇ ਬੜੇ ਯਤਨ ਕੀਤੇ। ਉਸ ਇਲਾਕੇ ਦੀ ਮਿੱਟੀ ਦੀ ਤਾਸੀਰ ਅੰਬਾਂ ਦੇ ਅਨੁਕੂਲ ਨਾ ਹੋਣ ਕਰਕੇ ਕਿਸੇ ਸਿਆਣੇ ਦੇ ਕਹਿਣ 'ਤੇ ਉਸ ਨੇ ਹੁਸ਼ਿਆਰਪੁਰ ਦੇ ਹਰਿਆਣਾ ਇਲਾਕੇ ਤੋਂ ਖੱਚਰਾਂ ਦੀ ਮਦਦ ਨਾਲ ਮਿੱਟੀ ਦੀ ਢੋਆ-ਢੁਆਈ ਆਪਣੇ ਇਲਾਕੇ ਵੱਲ ਕਰਵਾਈ ਤਾਂ ਜੋ ਇਸ ਮਿੱਟੀ ਵਿਚ ਅੰਬਾਂ ਦੇ ਬੂਟੇ ਲਾਏ ਜਾ ਸਕਣ। ਹਰਿਆਣਾ ਕਸਬੇ ਦੇ ਬਾਹਰਵਾਰ ਉੱਤਰ ਦਿਸ਼ਾ ਵਿਚ ਮੁੱਖ ਸੜਕ 'ਤੇ ਉਹ ਜਗ੍ਹਾ ਜਿੱਥੋਂ ਬਾਦਸ਼ਾਹ ਵਲੋਂ ਮਿੱਟੀ ਪੁਟਵਾਈ ਗਈ, ਨੂੰ ਅਜੇ ਵੀ ਬਾਦਸ਼ਾਹ ਦੇ ਟੋਭੇ ਨਾਲ ਜਾਣਿਆਂ ਜਾਂਦਾ ਹੈ। ਹੁਸ਼ਿਆਰਪੁਰ ਦੇ ਪਿੰਡ ਭੂੰਗਾ ਵਿਖੇ ਕਪੂਰਥਲਾ ਰਿਆਸਤ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਪੈਰਿਸ ਤੋਂ ਨਕਸ਼ਾ ਮੰਗਵਾ ਕੇ ਸ਼ਾਹੀ ਹਵੇਲੀ ਵਰਗੀ ਆਪਣੀ ਆਰਾਮਗਾਹ ਦੁਆਲੇ ਅੰਬਾਂ ਦਾ ਬਾਗ਼ ਲਵਾਇਆ ਜੋ ਅੱਜ ਵੀ 'ਕਾਲੇ ਬਾਗ਼' ਦੇ ਨਾਮ ਨਾਲ ਮਸ਼ਹੂਰ ਹੈ। ਇਸ ਬਾਗ਼ ਵਿਚ ਅੰਬਾਂ ਦੇ ਦਰੱਖਤ ਏਨੇ ਸੰਘਣੇ ਸਨ ਕਿ ਗਰਮ ਰੁੱਤ ਦੀਆ ਤਿੱਖੜ ਦੁਪਿਹਰਾਂ ਦੌਰਾਨ ਵੀ ਸੂਰਜ ਦੀ ਰੋਸ਼ਨੀ ਧਰਤੀ ਤੱਕ ਨਹੀਂ ਪਹੁੰਚਿਆ ਕਰਦੀ ਸੀ। ਇਸ ਬਾਗ਼ 'ਚ 'ਕਾਲੇ ਅੰਬ' ਨਾਂਅ ਦੀ ਬੜੀ ਹੀ ਸੁਆਦੀ ਅੰਬਾਂ ਦੀ ਕਿਸਮ ਇਲਾਕੇ 'ਚ ਪ੍ਰਚੱਲਿਤ ਰਹੀ ਹੈ। ਕਸਬਾ ਹਰਿਆਣਾ ਕੋਲ ਪੈਂਦੇ ਪਿੰਡ ਬੱਸੀ ਉਮਰ ਖਾਨ ਵਿਖੇ ਮੁਸਲਮਾਨ ਜ਼ੈਲਦਾਰ ਵਲੋਂ ਲਗਾਏ ਅੰਬਾਂ ਦੇ ਬਾਗ਼ ਦੇ ਫਲ਼ ਨੂੰ ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚੋਂ ਪੁਰਾਣੇ ਜ਼ਮਾਨੇ ਵਿਚ ਇਨਾਮ ਸਨਮਾਨ ਮਿਲਦੇ ਰਹੇ, ਜਿਸ ਕਰਕੇ ਇਹ ਬਾਗ਼ ਅਜੇ ਵੀ 'ਇਨਾਮੀ ਬਾਗ਼' ਦੇ ਨਾਮ ਨਾਲ ਮਸ਼ਹੂਰ ਹੈ। ਇਸ ਬਾਗ਼ ਦੇ ਇਨਾਮੀ ਅੰਬ, ਇਨਾਮੀ ਛੱਲੀ, ਸੰਧੂਰੀ ਛੱਲੀ, ਛੋਟਾ ਸੰਧੂਰੀ, ਪੀਲਾ ਸੰਧੂਰੀ, ਆਂਡਾ, ਬੇਰ, ਗੋਲਾ, ਬੱਡ, ਕੰਘੀ, ਕਿਤਾਬੀ ਅੰਬ, ਸੌਂਫੀ, ਸੰਧੂਰੀ, ਸਫੈਦਾ, ਆੜੂ, ਲੱਡੂ ਆਦਿ ਕਿਸਮਾਂ ਆਦਿ ਰਵਾਇਤੀ ਕਿਸਮਾਂ ਅੰਬ ਪ੍ਰੇਮੀਆਂ ਨੂੰ ਆਪਣੇ ਖੁਸ਼ਬੋਦਾਰ ਸੁਆਦ ਨਾਲ ਰੂਹ ਨੂੰ ਤ੍ਰਿਪਤ ਕਰਦੀਆਂ ਹਨ। ਅੰਗਰੇਜ਼ਾਂ ਦੇ ਜ਼ਮਾਨੇ ਦੌਰਾਨ ਵੀ ਅੰਗਰੇਜ਼ ਅਫਸਰ ਵੀ ਰਾਜਿਆਂ ਦੀਆਂ ਪੁਰਾਣੀਆਂ ਆਰਾਮਗਾਹਾਂ ਵਿਚ ਲੱਗੇ ਫਲ਼ਦਾਰ ਬੂਟਿਆਂ ਤੇ ਬਾਗ਼ ਬਗੀਚਿਆਂ ਦੇ ਤਾਜ਼ੇ ਖੁਸ਼ਬੋਦਾਰ ਤੇ ਰੂਹ ਨੂੰ ਨਸ਼ਿਆਉਣ ਵਾਲੇ ਸਵਾਦੀ ਫਲ਼ਾਂ ਦਾ ਅਨੰਦ ਮਾਣਦੇ ਰਹੇ ਹਨ। ਜ਼ਿਮੀਂਦਾਰ ਜ਼ੈਲਦਾਰਾਂ ਦੀ ਰੀਸੇ ਆਮ ਲੋਕਾਂ 'ਚ ਵੀ ਆਪਣੇ ਖੇਤਾਂ ਬੰਨਿਆਂ, ਖੂਹਾਂ ਤੇ ਹੋਰ ਥਾਵਾਂ 'ਤੇ ਅੰਬ ਦਾ ਰੁੱਖ ਲਾਉਣ 'ਤੇ ਉਨ੍ਹਾਂ ਨੂੰ ਪਾਲਣ ਦਾ ਰੁਝਾਨ ਕਾਫੀ ਦੇਰ ਤੱਕ ਚਲਦਾ ਰਿਹਾ, ਜਿਸ ਕਰਕੇ ਆਮ ਲੋਕਾਂ ਵਿਚ ਫਲ਼ ਦੇ ਬੂਟੇ ਲਾਉਣ ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਦੀ ਕੁਦਰਤੀ ਸੋਝੀ ਵਿਕਸਤ ਹੋਈ। ਬਲਾਕ ਭੂੰਗਾ ਵਿਚ ਅਜੇ ਵੀ ਬਾਗ਼ਬਾਨੀ ਵਿਚ ਮਾਹਿਰ ਪਰਿਵਾਰ ਆਪਣੀਆਂ ਫਲ਼ਾਂ ਦੀਆ ਨਰਸਰੀਆਂ ਤੋਂ ਹਰ ਸਾਲ ਹਜ਼ਾਰਾਂ ਨਵੇਂ ਪੌਦੇ ਤਿਆਰ ਕਰਕੇ ਗੁਆਂਢੀ ਜ਼ਿਲ੍ਹਿਆਂ ਤੇ ਸੂਬਿਆਂ ਤੱਕ ਪਹੁੰਚਾ ਕੇ ਆਪਣਾ ਚੰਗਾ ਕਾਰੋਬਾਰ ਕਰ ਰਹੇ ਹਨ। ਅੰਬ ਦਾ ਫਲ਼ ਕਈ ਪੜਾਵਾਂ 'ਚ ਆਮ ਲੋਕਾਂ ਦੀ ਸਾਦ ਮੁਰਾਦੀ ਖੁਰਾਕ ਜਿਵੇਂ ਕਦੇ ਚਟਣੀ, ਕਦੇ ਮਲਾਂਜੀ ਤੇ ਕਦੇ ਆਚਾਰ ਦੇ ਰੂਪ ਵੀ ਵਰਤਿਆ ਜਾਣ ਕਰਕੇ ਵੀ ਆਮ ਲੋਕਾਂ 'ਚ ਵਿਸ਼ੇਸ਼ ਥਾਂ ਰੱਖਦਾ ਸੀ। ਅੰਬਾਂ ਦੇ ਬਾਗ਼ਾਂ ਦੀ ਬਹੁਤਾਤ ਹੋਣ ਕਰਕੇ ਇਸ ਇਲਾਕੇ ਦੇ ਸੈਂਕੜੇ ਲੋਕਾਂ ਵਲੋਂ ਅੰਬਾਂ ਦੇ ਮੌਸਮ ਵਿਚ ਅੰਬਾਂ ਦੇ ਬਾਗ਼ ਖਰੀਦ ਕੇ ਦੂਰ ਦੁਰਾਡੇ ਫਲ਼ ਭੇਜਣ ਦਾ ਕਾਰੋਬਾਰ ਕਰਕੇ ਆਪਣਾ ਰੋਟੀ ਰੋਜ਼ਗਾਰ ਵੀ ਚਲਾਇਆ ਜਾਂਦਾ ਰਿਹਾ ਹੈ। ਪਿਛਲੀ ਸਦੀ ਦੇ ਛੇਵੇਂ ਸੱਤਵੇਂ ਦਹਾਕੇ ਤੱਕ ਹੁਸ਼ਿਆਰਪੁਰ ਦਾ ਕਾਫੀ ਰਕਬਾ ਅੰਬਾਂ ਦੇ ਝੁੰਡਾਂ ਨਾਲ ਭਰਿਆ ਨਜ਼ਰ ਆਇਆ ਕਰਦਾ ਤੇ ਮੀਹਾਂ ਦੀ ਰੁੱਤੇ ਅੰਬਾਂ ਦੇ ਬਾਗ਼ਾਂ 'ਚ ਵਾਹਵਾ ਰੌਣਕਾਂ ਲੱਗੀਆਂ ਰਹਿੰਦੀਆਂ। ਅੰਬਾਂ ਦੇ ਬਾਗ਼ਾਂ ਤੋਂ ਕਾਰੋਬਾਰ ਕਰਨ ਆਉਂਦੇ ਵਪਾਰੀ ਤੇ ਅੰਬਾਂ ਦੀ ਰਾਖੀ ਤੇ ਸਾਂਭ ਸੰਭਾਲ ਕਰਨ ਆਏ ਲਿੱਸੇ ਤੇ ਕੰਮਾਂ ਦੇ ਮਾਰੇ ਕਿਰਤੀ ਕਾਮੇ ਦੇਸੀ ਅੰਬ ਚੂਪ ਚੂਪ ਕੇ ਨੌ ਬਰ ਨੌ ਹੋ ਕੇ ਆਪਣੇ ਘਰਾਂ ਨੂੰ ਪਰਤਦੇ ਸਨ। ਹਾਲਾਂਕਿ ਕਿ ਵਾਢੀਆਂ ਤੋਂ ਬਾਦ ਸਾਉਣ ਮਹੀਨਾ ਚੜ੍ਹਨ ਤੱਕ ਅੰਬਾਂ ਦੇ ਬਾਗ਼ਾਂ ਦੇ ਰਾਖਿਆਂ ਤੇ ਵਪਾਰੀਆਂ ਨੂੰ ਫਲ਼ ਦੇ ਪੱਕਣ ਤੱਕ ਦੇ ਕਈ ਪੜਾਵਾਂ, ਦਿਨ ਰਾਤ ਦੀ ਬੇਆਰਾਮੀ ਤੇ ਬੇਚੈਨੀ ਨੂੰ ਬਰਦਾਸ਼ਿਤ ਕਰਨਾ ਪੈਂਦਾ, ਪਰ ਅੰਬਾਂ ਦੇ ਬਾਗ਼ਾਂ ਵਿਚ ਹਾੜ੍ਹ ਦੇ ਛਰਾਟਿਆਂ ਨਾਲ ਅੰਬ ਦਰੱਖਤਾਂ 'ਤੇ ਟਪਕਣ ਸਾਰ ਜਦੋਂ ਲੋਕ ਅੰਬ ਚੂਪਣ ਲਈ



ਬਾਗ਼ਾਂ ਵੱਲ ਵਹੀਰਾਂ ਘੱਤਦੇ ਤਾਂ ਅੰਬਾਂ ਦੇ ਕਾਰੋਬਾਰੀਆ ਤੇ ਕਾਮਿਆਂ ਦੀ ਕਈ ਮਹੀਨਿਆਂ ਦੀ ਥਕਾਵਟ ਤੇ ਬੇਆਰਾਮੀ ਦੂਰ ਕਿੱਧਰੇ ਉਡ ਪੁਡ ਜਾਇਆ ਕਰਦੀ। ਵੱਖ ਵੱਖ ਤਰ੍ਹਾਂ ਦੀਆ ਢਾਂਗੀਆਂ ਨਾਲ ਅੰਬ ਦੇ ਦਰੱਖਤ ਤੋਂ ਆਚਾਰ ਲਈ ਤੇ ਫਿਰ ਪੱਕਿਆ ਫਲ਼ ਲਾਹੁਣ ਵਾਲੇ ਕਾਰੀਗਰ ਕਾਮਿਆਂ ਦੀ ਆਪਣੇ ਟੋਲੇ ਵਿਚ ਜ਼ਿਆਦਾ ਪੁੱਛ ਪ੍ਰਤੀਤ ਹੋਇਆ ਕਰਦੀ ਸੀ। ਹੁਸ਼ਿਆਰਪੁਰ ਦੇ ਕਈ ਇਲਾਕਿਆਂ 'ਚ ਮੌਜੂਦ ਦੇਸੀ ਅੰਬਾਂ ਦੇ ਟਪਕਣ ਦੇ ਦਿਨਾਂ 'ਚ ਅੰਬਾਂ ਦੀਆਂ ਸ਼ੌਕੀਨ ਰਿਸ਼ਤੇਦਾਰੀਆਂ ਨੂੰ ਇਨ੍ਹਾਂ ਫਲ਼ਾਂ ਦੀ ਸੌਗਾਤ ਭੇਜਣ ਦਾ ਰਿਵਾਜ ਅਜੇ ਵੀ ਪ੍ਰਚੱਲਿਤ ਹੈ। ਹੁਸ਼ਿਆਰਪੁਰ ਦੇ ਅੰਬਾਂ ਨੂੰ ਬੇਸ਼ੁਮਾਰ ਪਿਆਰ ਕਰਨ ਵਾਲੇ ਇਸੇ ਜ਼ਿਲ੍ਹੇ ਦੇ ਪਿੰਡ ਬੋਦਲਾਂ ਨਾਲ ਸਬੰਧਿਤ ਉਘੇ ਬਨਸਪਤੀ ਵਿਗਿਆਨੀ, ਸਾਹਿਤ ਤੇ ਕਲਾ ਪ੍ਰੇਮੀ ਡਾ. ਮਹਿੰਦਰ ਸਿੰਘ ਰੰਧਾਵਾ ਆਪਣੀ ਸਵੈ ਜੀਵਨੀ 'ਆਪ ਬੀਤੀ' ਵਿਚ ਅੰਬਾਂ ਬਾਰੇ ਲਿਖਦੇ ਹਨ ; ਜੁਲਾਈ ਵਿਚ ਅੰਬ ਬਹੁਤ ਹੁੰਦੇ ਹਨ। ਪਿਉਂਦੀ ਕਿਸਮਾਂ ਵਿਚ ਮੈਨੂੰ ਚੌਸਾ ਸਮਰ ਬਹਿਸ਼ਤ ਬਹੁਤ ਪਸੰਦ ਹੈ। ਇਹ ਸੱਚਮੁੱਚ ਹੀ ਸਵਰਗ ਦਾ ਫਲ਼ ਹੈ। ਦੁਸਹਿਰੀ, ਬਨਾਰਸੀ, ਲੰਗੜਾ, ਰਾਟੌਲ ਅਤੇ ਲਖ਼ਨਊ ਦਾ ਸਫੇਦਾ ਭੀ ਬੜੀਆ ਅੱਛੀਆਂ ਕਿਸਮਾਂ ਹਨ, ਚੂਪਣ ਵਾਲੇ ਅੰਬਾਂ ਵਿਚੋਂ ਪਤਲੀ ਰਸ ਵਾਲੀਆ ਕਿਸਮਾਂ ਬੜੀਆ ਸਵਾਦਲੀਆਂ ਹੁੰਦੀਆਂ ਹਨ। ਮੈ ਭਰਿਆ ਟੋਕਰਾ ਚੂਪ ਜਾਂਦਾ ਹਾਂ। ਗਰਮੀ ਦੂਰ ਕਰਨ ਲਈ ਠੰਢੇ ਦੁੱਧ ਦਾ ਇੱਕ ਗਿਲਾਸ ਪੀ ਲੈਂਦਾ ਹਾਂ ਅਤੇ ਬੜਾ ਆਰਾਮ ਤੇ ਆਨੰਦ ਮਹਿਸੂਸ ਕਰਦਾ ਹਾਂ। ਅੰਬ ਚੂਪਣਾ ਮੈ ਪੇਂਡੂ ਜੀਵਨ ਦਾ ਸਭ ਤੋਂ ਵੱਡਾ ਸੁਆਦ ਗਿਣਦਾ ਹਾਂ।'

ਕੁਦਰਤੀ ਮਾਹੌਲ 'ਚ ਲਿਸ਼ਕਦੀਆਂ ਧੁੱਪਾਂ ਤੇ ਹਾੜ੍ਹ ਸਾਉਣ ਦੀ ਰੁੱਤੇ ਮੀਂਹ ਵਰ੍ਹਾਉਣ ਤੁਰੀਆਂ ਹਵਾਵਾਂ ਨਾਲ ਖਹਿ ਖਹਿ ਕੇ ਪੱਕਿਆ ਅੰਬ ਸਿਹਤਮੰਦ ਹੋਣ ਲਈ ਕੁਦਰਤੀ ਔਸ਼ਧੀ ਹੋ ਨਿਬੜਦਾ ਸੀ। ਇਸ ਇਲਾਕੇ ਦੀਆਂ ਕੁੜੀਆਂ ਜਦੋਂ ਕਿਸੇ ਹੋਰ ਇਲਾਕੇ 'ਚ ਵਿਆਹੀਆਂ ਜਾਂਦੀਆ ਤਾਂ ਉਹ ਦੂਰ ਦੁਰਾਡੇ ਬੈਠੀਆਂ ਆਪਣੇ ਮਾਪਿਆਂ ਦੇ ਘਰਾਂ ਦੀਆਂ ਮੌਜ ਬਹਾਰਾਂ ਦੇ ਨਾਲ ਨਾਲ ਇਸ ਇਲਾਕੇ ਦੇ ਦੇਸੀ ਅੰਬਾਂ ਦੀ ਖੁਸ਼ਬੋ ਤੇ ਦਿਲਕਸ਼ ਸੁਆਦ ਨੂੰ ਵੀ ਜ਼ਰੂਰ ਯਾਦ ਕਰਿਆ ਕਰਦੀਆਂ। ਇਸ ਇਲਾਕੇ 'ਚ ਆਪਣੀਆਂ ਰਿਸ਼ਤੇਦਾਰੀਆ ਜਾਂ ਵਿਆਹ ਸ਼ਾਦੀ ਮੌਕੇ ਦੂਜੇ ਇਲਾਕਿਆਂ ਤੋਂ ਆਉਣ ਵਾਲੇ ਬੰਦੇ ਅੰਬਾਂ ਦੇ ਇਲਾਕੇ ਨੂੰ 'ਆਹ ਆ ਗਿਆ ਬਈ ਅੰਬੀਆਂ ਦਾ ਦੇਸ਼...ਆਖ ਕੇ ਵਡਿਆਇਆ ਕਰਦੇ। 'ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ਼ ਦੋਆਬਾ' ਵਰਗੀ ਲੋਕ ਬੋਲੀ ਦੇ ਅਰਥ ਸਹੀ ਤੇ ਸੱਚੇ ਸੱਚੇ ਲੱਗਿਆ ਕਰਦੇ। ਅੰਬਾਂ ਦੀ ਰੁੱਤੇ ਅਜੇ ਵੀ ਅੰਬਾਂ ਦੇ ਸ਼ੌਕੀਨ ਦੂਰੋਂ-ਦੂਰੋਂ ਕਸਬਾ ਹਰਿਆਣਾ ਦੇ ਇਨਾਮੀ ਬਾਗ਼ ਤੇ ਇਲਾਕੇ 'ਚ ਪੈਂਦੇ ਦੇਸੀ ਅੰਬਾਂ ਦਾਂ ਮੌਸਮੀ ਸੁਆਦ ਮਾਨਣ ਲਈ ਜ਼ਰੂਰ ਦੇ ਹਨ। ਇਨ੍ਹਾਂ ਨਾਵਾਂ 'ਚ ਕੂਕਿਆਂ ਦੀ ਛੱਲੀ, ਬਜਰੌੜ ਦੀ ਬੱਡ, ਹਰਿਆਣੇ ਦੀ ਕੰਘੀ, ਭਾਗੋਵਾਲ ਦੀ ਛੱਲੀ, ਗੋਲਾ, ਤੋਤਾਪਰੀ, ਸਫੈਦਾ, ਆੜੂ, ਸ਼ੇਖ, ਇਨਾਮੀ, ਸੰਧੂਰੀ ਛੱਲੀ, ਸੰਧੂਰੀ, ਸੌਂਫੀ, ਲੰਗੜਾ, ਲਾਲਟੈਣ, ਲੱਡੂ, ਗਾਜਰੀ, ਸਿੱਪੀ, ਥਾਣੇਦਾਰ ਆਦਿ ਕਿਸਮਾਂ ਲੋਕਾਂ 'ਚ ਪ੍ਰਚਲਿਤ ਸਨ। ਪੁਰਾਣੇ ਬਜ਼ੁਰਗ ਤਾਂ ਅਜੇ ਵੀ ਦੇਸੀ ਅੰਬ ਦਾ ਆਕਾਰ ਤੇ ਸੁਆਦ ਤੋਂ ਉਸਦੇ ਇਲਾਕੇ ਦਾ ਅੰਦਾਜ਼ਾ ਲਾ ਲੈਂਦੇ ਹਨ। ਹੁਸ਼ਿਆਰਪੁਰ 'ਚ ਅਜੇ ਵੀ ਦੇਸੀ ਤੇ ਦੁਸਹਿਰੀ ਅੰਬਾਂ ਲਈ ਕਰੀਬ 1500 ਹੈਕਟੇਅਰ ਰਕਬਾ ਇਲਾਕੇ ਦੀ ਅੰਬ ਵਿਰਾਸਤ ਦੀ ਗਵਾਹੀ ਭਰਦਾ ਹੈ। ਇਲਾਕੇ ਦੀ ਅੰਬ ਵਿਰਾਸਤ ਨੂੰ ਸਦੀਵੀ ਰੂਪ 'ਚ ਸੰਭਾਲਣ ਦੇ ਮੰਤਵ ਨਾਲ ਹੀ ਹੁਸ਼ਿਆਰਪੁਰ ਜ਼ਿਲ੍ਹੇ ਪਿੰਡ ਬੋਦਲਾਂ ਨਾਲ ਸਬੰਧਿਤ ਉਘੇ ਬਨਸਪਤੀ ਵਿਗਿਆਨੀ ਡਾ. ਮਹਿੰਦਰ ਸਿੰਘ ਰੰਧਾਵਾ ਨੇ ਆਪਣੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਕਾਰਜਕਾਲ ਦੌਰਾਨ ਆਪਣੇ ਜੱਦੀ ਇਲਾਕੇ 'ਚ ਪਿੰਡ ਗੰਗੀਆਂ ਨੇੜੇ ਦਸੂਹਾ ਵਿਖੇ 1972 ਵਿਚ ਨਿਵੇਕਲੀ ਕਿਸਮ ਦਾ 'ਫਲ਼ ਖੋਜ ਕੇਂਦਰ' ਵੀ ਸਥਾਪਿਤ ਕਰਵਾਇਆ। ਉਨ੍ਹਾਂ ਉਸ ਸਮੇਂ ਹੁਸ਼ਿਆਰਪੁਰ ਤੇ ਪੰਜਾਬ ਤੇ ਹੋਰ ਥਾਵਾਂ 'ਚ ਸਰਵੇ ਕਰਵਾ ਕੇ ਬਹੁਤ ਸਾਰੀਆਂ ਦੇਸੀ ਅੰਬਾਂ ਦੀਆਂ ਚੂਪਣ ਵਾਲੀਆਂ ਵਧੀਆ ਕਿਸਮਾਂ ਨੂੰ ਇਸ ਕੇਂਦਰ 'ਚ ਸੰਭਾਲਣ ਦਾ ਯਤਨ ਕੀਤਾ। ਇਸ ਫਲ਼ ਖੋਜ ਕੇਂਦਰ ਵਿਚ ਉਸ ਵੇਲੇ ਤੋਂ ਸੰਭਾਲੀਆਂ ਅੰਬਾਂ ਦੀਆਂ ਦੇਸੀ ਕਿਸਮਾਂ ਨੂੰ ਯੂਨੀਵਰਸਿਟੀ ਵਲੋਂ ਆਪਣੇ ਨਾਂਅ ਦਿੱਤੇ ਗਏ ਹਨ ਤੇ ਇਨ੍ਹਾਂ ਨਾਵਾਂ ਤੋਂ ਹੀ ਨਵੇਂ ਬੂਟੇ ਤਿਆਰ ਕੀਤੇ ਜਾਂਦੇ ਹਨ।

ਬਾਗ਼ਬਾਨੀ ਮਾਹਿਰਾਂ ਵਲੋਂ ਉੱਤਮ ਕਿਸਮ ਦੇ ਅੰਬਾਂ ਦੀਆਂ ਚੂਪਣ ਵਾਲੀਆਂ ਕਿਸਮਾਂ ਨੂੰ ਸੰਭਾਲਣ ਦੇ ਨਾਲ ਨਾਲ ਇਨ੍ਹਾਂ ਬੂਟਿਆਂ ਦੇ ਫਲ਼ਾਂ ਦੇ ਸੁਆਦ, ਖੁਸ਼ਬੋ, ਆਕਾਰ ਤੇ ਪੱਕਣ ਦੇ ਸਮੇਂ ਨੂੰ ਲੈ ਵੀ ਬੜੀ ਬਾਰੀਕ ਖੋਜ ਪੜਤਾਲ ਕੀਤੀ ਗਈ ਹੈ। ਇਸ ਤੋਂ ਇਲਾਵਾ ਕਸਬਾ ਹਰਿਆਣਾ ਕੋਲ ਬੱਸੀ ਉਮਰ ਖਾਨ ਦਾ ਕਈ ਦਹਾਕੇ ਪੁਰਾਣਾ ਅੰਬਾਂ ਦਾ 'ਇਨਾਮੀ ਬਾਗ਼' ਸਰਕਾਰ ਵਲੋਂ 'ਫਸਟ ਨੈਸ਼ਨਲ ਬਾਇਓਡਾਇਵਰਸਿਟੀ ਹੈਰੀਟੇਜ ਸਾਈਟ ਆਫ ਪੰਜਾਬ' ਘੋਸ਼ਿਤ ਹੋ ਚੁੱਕਾ ਹੈ। ਇਥੇ ਹਰ ਸਾਲ ਅੰਬਾਂ ਦੇ ਮੌਸਮ ਵਿਚ ਦੂਰ ਦੁਰਾਡੇ ਤੋਂ ਅੰਬਾਂ ਦੇ ਸ਼ੌਕੀਨ ਬਾਗ਼ 'ਚ ਮੌਜੂਦ ਦੇਸੀ ਦੁਰਲੱਭ ਕਿਸਮਾਂ ਦਾ ਸੁਆਦ ਮਾਨਣ ਲਈ ਜ਼ਰੂਰ ਪਹੁੰਚਦੇ ਹਨ। ਗੜ੍ਹਦੀਵਾਲਾ ਨਜ਼ਦੀਕ 'ਮਹੰਤਾਂ ਦਾ ਬਾਗ਼' ਵੀ ਦੇਸੀ ਅੰਬਾਂ ਦੀਆ ਕਿਸਮਾਂ ਵਾਲੇ ਪੁਰਾਣੇ ਬਾਗ਼ ਵਜੋਂ ਜਾਣਿਆਂ ਜਾਂਦਾ ਹੈ। ਹੁਸ਼ਿਆਰਪੁਰ ਪ੍ਰਸ਼ਾਸਨ ਵਲੋਂ ਜ਼ਿਲ੍ਹੇ ਵਿਚ ਅੰਬ ਦਾ ਦਰੱਖਤ ਵੱਢਣ 'ਤੇ ਪਾਬੰਦੀ ਲਾਉਣ ਨਾਲ ਜਿੱਥੇ ਇਲਾਕੇ ਵਿਚ ਕਈ ਦਹਾਕੇ ਪੁਰਾਣੇ ਅੰਬਾਂ ਦੇ ਦਰੱਖਤਾਂ ਨੂੰ ਨਵੀ ਜ਼ਿੰਦਗੀ ਮਿਲੀ ਹੈ, ਨਾਲ ਹੀ ਵੱਖ ਵੱਖ ਸਮਾਜ ਸੇਵੀ ਸੰਗਠਨਾਂ ਤੇ ਵਾਤਾਵਰਨ ਪ੍ਰੇਮੀਆਂ ਵਲੋਂ ਇਲਾਕੇ 'ਚ ਦੇਸੀ ਅੰਬਾਂ ਦੀਆਂ ਅਲੋਪ ਹੋ ਰਹੀਆਂ ਕਿਸਮਾਂ ਨੂੰ ਬਚਾਉਣ ਅਤੇ ਸੰਭਾਲਣ ਲਈ ਕੀਤੇ ਜਾ ਰਹੇ ਯਤਨਾ ਦੀ ਬਦੌਲਤ ਇਲਾਕੇ ਦੇ ਲੋਕਾਂ 'ਚ ਦੇਸੀ ਤੇ ਪਿਉਂਦ ਕੀਤੇ ਅੰਬ ਲਾਉਣ ਦਾ ਰੁਝਾਨ ਪੈਦਾ ਹੋਇਆ ਹੈ। ਫਲ਼ਾਂ ਦੇ ਸ਼ੌਕੀਨ ਆਪਣੇ ਘਰੇਲੂ ਬਗੀਚਿਆਂ ਵਿਚ ਲਾ ਕੇ ਇਲਾਕੇ ਦੀ ਕੁਦਰਤੀ ਭੂਗੋਲਿਕ ਸੌਗਾਤ ਨੂੰ ਸੰਭਾਲਣ ਦਾ ਯਤਨ ਕਰ ਰਹੇ ਹਨ।

# ਸਾਉਣ ਦਾ ਮਹੀਨਾ ਤੀਆਂ ਤੇ ਸਾਡਾ ਸਭਿਆਚਾਰ

**ਗੁਰਬਿੰਦਰ ਸਿੰਘ ਮਾਣਕ**



ਪੰਜ ਪਾਣੀਆਂ ਦੀ ਧਰਤੀ ਪੰਜਾਬ ਦੇ ਖਿੱਤੇ ਵਿਚ ਵਸੇ ਬਾਸ਼ਿੰਦਿਆਂ ਨੂੰ, ਕੁਦਰਤ ਨੇ ਸਾਰੀਆਂ ਰੁੱਤਾਂ ਨਾਲ ਨਿਵਾਜਿਆ ਹੋਇਆ ਹੈ। ਹਰ ਰੁੱਤ ਹੀ ਨਿਵੇਕਲੇ ਰੰਗਾਂ ਵਿਚ ਰੰਗੀ ਹੋਈ, ਮਨੁੱਖੀ ਜੀਵਨ ਨੂੰ ਵੱਖਰੇ ਨਜ਼ਾਰੇ ਬਖਸ਼ਦੀ ਹੈ। ਸਾਵਣ ਦੇ ਮਹੀਨੇ ਨੂੰ ਮੁੱਖ ਤੌਰ 'ਤੇ ਬਰਸਾਤ ਦਾ ਮਹੀਨਾ ਮੰਨਿਆਂ ਜਾਂਦਾ ਹੈ। ਜੇਠ-ਹਾੜ੍ਹ ਦੀਆਂ ਤਪਦੀਆਂ ਧੁੱਪਾਂ, ਵਗਦੀਆਂ ਲੋਆਂ, ਔੜ ਕਾਰਨ ਝੁਲਸੀਆਂ ਫ਼ਸਲਾਂ ਤੇ ਹੁੰਮਸ ਭਰੀ ਗਰਮੀ ਤੋਂ ਅੱਕੇ ਹੋਏ ਲੋਕ, ਕੁਦਰਤ ਅੱਗੇ ਜੋਦੜੀਆਂ ਕਰਦੇ ਕਿ ਹੁਣ ਮੀਂਹ ਪਾ ਕੇ, ਸੜਦੀ ਧਰਤੀ ਤੇ ਧਰਤੀ ਦੇ ਜੀਵਾਂ ਨੂੰ ਨਿਹਾਲ-ਨਿਹਾਲ ਕਰ ਦਿਉ। ਮਨੁੱਖ, ਪਸ਼ੂ ਪੰਛੀ ਸਾਰੇ ਗਰਮੀ ਤੋਂ ਬਚਣ ਲਈ, ਭਰਵੇਂ ਰੁੱਖਾਂ ਦੀਆਂ ਛਾਵਾਂ ਹੇਠ ਹੀ ਤਿੱਖੜ ਦੁਪਹਿਰੇ ਕੱਟਦੇ। ਮੀਂਹ ਵਰ੍ਹਦੇ ਤਾਂ ਫ਼ਸਲਾਂ ਦੇ ਨੇਪਰੇ ਚੜ੍ਹਨ ਦੀ ਆਸ ਬੱਝ ਜਾਂਦੀ। ਇਸੇ ਕਾਰਨ ਹੀ ਜਦੋਂ ਸਾਉਣ ਦਾ ਮਹੀਨਾ ਚੜ੍ਹਦਾ ਤਾਂ ਲੋਕਾਂ ਨੂੰ ਆਸ ਬੱਝਦੀ ਕਿ ਹੁਣ ਬਰਸਾਤ ਆਪਣਾ ਰੰਗ ਦਿਖਾਏਗੀ ਤੇ ਤਪਦੇ ਤਨ-ਮਨ ਨੂੰ ਠੰਢਾ-ਠਾਰ ਕਰੇਗੀ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਬਾਰਹ ਮਾਹ ਬਾਣੀ ਵਿਚ ਗੁਰੂ ਸਾਹਿਬਾਨ ਨੇ ਦੇਸੀ ਮਹੀਨਿਆਂ ਦਾ ਵਿਸਥਾਰ ਨਾਲ ਵਰਨਣ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿਚ ਅਤੇ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿਚ ਬਾਰਹ ਮਾਹ ਦਾ ਉਚਾਰਨ ਕੀਤਾ ਹੈ। ਸੰਗਰਾਂਦ ਵਾਲੇ ਦਿਨ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਬਾਰਹ ਮਾਹ ਦਾ ਪਾਠ ਹੀ ਕੀਤਾ ਜਾਂਦਾ ਹੈ। ਸਾਵਣ ਮਹੀਨੇ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ;

ਸਾਵਣਿ ਸਰਸੀ ਕਾਮਣੀ
ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ
ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ
ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ
ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ
ਸੰਮ੍ਰਥ ਪੁਰਖ ਅਪਾਰੁ...॥

ਗੁਰੂ ਸਾਹਿਬ ਸਾਵਣ ਮਹੀਨੇ ਵਿਚ ਵਰਖਾ ਦੀ ਉਦਾਹਰਨ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਵਰਖਾ ਨਾਲ ਹਰ ਪਾਸੇ ਹਰਿਆਲੀ ਛਾ ਜਾਂਦੀ ਹੈ ਤੇ ਤਪਦੇ ਮਨਾਂ ਨੂੰ ਠੰਢਕ ਦਾ ਅਨੁਭਵ ਹੁੰਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਪ੍ਰਭੂ ਦੇ ਨਾਮ ਦੀ ਆਤਮਕ ਬੂੰਦ ਦਾ ਅਨੁਭਵ ਕਰਕੇ ਜੀਵ ਦਾ ਮਨ ਤ੍ਰਿਪਤ ਹੋ ਜਾਂਦਾ ਹੈ। ਇਹ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ-ਇਸਤਰੀਆਂ ਦੇ ਮਨ ਵਿਚ ਖੇੜਾ ਲੈ ਆਉਂਦਾ ਹੈ, ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਗਲ ਵਿਚ ਰੱਬ ਦੇ ਨਾਂਅ ਦਾ ਹਾਰ ਪਾਇਆ ਹੋਇਆ ਹੈ। ਸੁਹਾਗਣ ਔਰਤਾਂ ਦੇ ਕਈ ਤਿਉਹਾਰ ਇਸ ਮਹੀਨੇ ਆਉਂਦੇ ਹਨ। ਜੇਠ ਹਾੜ ਦੀ ਵਰ੍ਹਦੀ ਅੱਗ ਤੋਂ ਬਾਅਦ, ਸਾਉਣ ਮਹੀਨੇ ਦੀਆਂ ਫੁਹਾਰਾਂ ਮਨਾਂ ਵਿਚ ਖੁਸ਼ੀਆਂ ਤੇ ਖੇੜਿਆਂ ਦਾ ਸੰਚਾਰ ਕਰਦੀਆਂ ਹਨ ਤੇ ਮਨ ਮਚਲ ਉੱਠਦਾ ਹੈ।

ਪੰਜਾਬੀ ਜਨ-ਜੀਵਨ ਵਿਚ ਸਾਉਣ ਦੀ ਰੁੱਤ ਦਾ ਵਿਸ਼ੇਸ਼ ਮਹੱਤਵ ਹੈ। ਖੇਤੀ-ਬਾੜੀ ਦਾ ਸੱਭਿਆਚਾਰ ਹੋਣ ਕਾਰਨ ਹਰ ਕੋਈ ਬਰਸਾਤ ਦੇ ਮੌਸਮ ਦੀ ਬੇਸਬਰੀ ਨਾਲ ਉਡੀਕ ਕਰਦਾ ਹੈ। ਵਰਖਾ ਕੇਵਲ ਮਨੁੱਖੀ ਤਨ ਮਨ ਨੂੰ ਹੀ ਨਹੀਂ ਠਾਰਦੀ, ਸਗੋਂ ਪੂਰੀ ਕਾਇਨਾਤ ਹੀ ਕੁਦਰਤ ਦੀ ਇਸ ਅਪਾਰ ਬਖਸ਼ਿਸ਼ ਨਾਲ ਖੇੜੇ ਵਿਚ ਆ ਜਾਂਦੀ ਹੈ। ਉਨ੍ਹਾਂ ਸਮਿਆਂ ਵਿਚ ਸਿੰਚਾਈ ਦੇ ਅੱਜ ਵਰਗੇ ਸਾਧਨਾਂ ਦੀ ਅਣਹੋਂਦ ਕਾਰਨ, ਸਭ ਕੁਝ ਰੱਬੀ ਮਿਹਰ 'ਤੇ ਹੀ ਨਿਰਭਰ ਸੀ। ਜੇ ਕਦੇ ਬਰਸਾਤ ਨਾ ਹੁੰਦੀ ਤਾਂ ਲੋਕ ਅਰਦਾਸਾਂ ਕਰਦੇ, 'ਰੱਬਾ! ਰੱਬਾ! ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ।' ਖੇਤੀ ਦਾ ਤਾਂ ਸਾਰਾ ਦਾਰੋਮਦਾਰ ਹੀ ਬਰਸਾਤ 'ਤੇ ਨਿਰਭਰ ਸੀ। ਕਿਸਾਨ ਖੂਹਾਂ ਨਾਲ ਫ਼ਸਲਾਂ ਸਿੰਜਦੇ, ਪਰ ਹਰ ਕੋਈ ਮੀਹਾਂ ਦੀ ਉਡੀਕ ਕਰਦਾ। ਲੋਕ ਗੀਤਾਂ ਵਿਚ ਵੀ ਅਜਿਹੇ ਭਾਵਾਂ ਦੀ ਤਰਜਮਾਨੀ ਹੋਈ ਹੈ 'ਸਾਉਣ ਮਹੀਨਾ ਭਾਗੀਂ ਭਰਿਆ ਠੰਢੀਆਂ ਵਗਣ ਹਵਾਵਾਂ। ਧੰਨਭਾਗ ਦੁਨੀਆਂ ਦੇ, ਖੇਤੀਂ ਆਈਆਂ ਬਹਾਰਾਂ...।'

ਕੁਦਰਤ ਦੇ ਇਸ ਵਰਤਾਰੇ ਵਿਚ ਬਹੁਤ ਅਨਿਸ਼ਚਤਤਾ ਹੈ, ਇਹ ਪੁਰਾਣੇ ਸਮਿਆਂ ਵਿਚ ਵੀ ਸੀ ਤੇ ਅੱਜ ਵੀ ਹੈ। ਕਈ ਵਾਰ ਹੜ੍ਹਾਂ ਨਾਲ ਵੱਡੇ ਪੱਧਰ 'ਤੇ ਤਬਾਹੀ ਮਚ ਜਾਂਦੀ ਹੈ। ਕੀਮਤੀ ਜਾਨਾਂ, ਘਰ, ਫ਼ਸਲਾਂ, ਪਸ਼ੂ ਗੱਲ ਕੀ ਬਹੁਤ ਕੁਝ ਹੜ੍ਹਾਂ ਦੀ ਭੇਟ ਚੜ੍ਹ ਜਾਂਦਾ ਹੈ। ਕਈ ਵਾਰ ਬਹੁਤ ਸਖਤ ਸੋਕਾ ਪੈ ਜਾਂਦਾ ਤਾਂ ਫ਼ਸਲਾਂ ਵੀ ਝੁਲਸ ਜਾਂਦੀਆਂ ਤਾਂ ਲੋਕ ਬੇਬਸ ਹੋ ਜਾਂਦੇ ਹਨ। ਮਾਲਵੇ ਦੀ ਇਕ ਲੋਕ-ਬੋਲੀ ਵਿਚ ਅਜਿਹਾ ਵਰਨਣ ਮਿਲਦਾ ਹੈ ;

ਪਿੰਡਾਂ ਵਿਚੋਂ ਪਿੰਡ ਸੁਣੀਦਾ
ਪਿੰਡ ਸੁਣੀਦਾ ਚੀਮਾ,
ਸਾਉਣ ਮਹੀਨੇ ਮੀਂਹ ਨਾ ਪੈਂਦਾ
ਸੁੱਕੀਆਂ ਵਗਣ ਜ਼ਮੀਨਾਂ...
ਤੂੜੀ ਖਾ ਖਾ ਬਲਦ ਹਾਰ ਗਏ...
ਗੱਭਰੂ ਗਿੱਝ ਗਏ ਫੀਮਾਂ...
ਤੇਰੀ ਬੈਠਕ ਨੇ ਪੱਟਿਆ
ਕਬੂਤਰ ਚੀਨਾ...।'

ਸਾਉਣੀ ਦੀ ਰੁੱਤੇ ਮੱਕੀ ਦੇ ਨਾਲ ਖ਼ਰਬੂਜੇ, ਹਦਵਾਣੇ, ਤਰਾਂ ਤੇ ਘਰ ਦੀ ਵਰਤੋਂ ਲਈ ਸਬਜ਼ੀਆਂ ਬੀਜੀਆਂ ਜਾਂਦੀਆਂ। ਦੁਪਹਿਰਾਂ ਨੂੰ ਛੱਲੀਆ ਭੁੰਨ ਕੇ ਚੱਬਣੀਆਂ ਤੇ ਘਰ ਦੀ ਚਾਟੀ ਦੀ ਲੱਸੀ ਪੀ ਕੇ ਹੀ ਡੰਗ ਸਾਰ ਲੈਣਾ। ਉਨ੍ਹਾਂ ਸਮਿਆਂ ਵਿਚ ਬਹੁਤ ਹੱਦ ਤੱਕ ਘਰ ਕੱਚੇ ਹੀ ਹੁੰਦੇ ਸਨ। ਬਰਸਾਤਾਂ ਦੇ ਦਿਨੀਂ ਜੇ ਝੜੀ ਲੱਗ ਜਾਣੀ ਤਾਂ ਕੋਠੇ ਚੋਣ ਲੱਗ ਜਾਣੇ। ਕਈ ਵਾਰ ਵਰ੍ਹਦੇ ਮੀਂਹ ਵਿਚ ਹੀ ਘਰ ਦੀਆਂ ਸੁਆਣੀਆਂ ਨੇ ਕੋਠੇ 'ਤੇ ਜਾ ਕੇ ਬਨੇਰੇ ਦੇ ਨਾਲ ਨਾਲ ਹੱਥ ਫੇਰਨਾ ਤਾਂ ਕਿ ਛੱਤ ਦੀਆਂ ਤਰੇੜਾਂ ਆਦਿ ਵਿਚ ਮਿੱਟੀ ਭਰ ਜਾਏ ਤੇ ਛੱਤ ਨਾ ਚੋਵੇ। ਜੇ ਮੀਂਹ ਵਧੇਰੇ ਹੋਣੇ ਤਾਂ ਇਹ ਸਿਲਸਿਲਾ ਕਈ ਦਿਨਾਂ ਤੱਕ ਚਲਦਾ ਰਹਿੰਦਾ। ਜੀਵਨ ਔਕੜਾਂ ਤੇ ਦੁਸ਼ਵਾਰੀਆਂ ਨਾਲ ਭਰ ਜਾਂਦਾ। ਚੁੱਲ੍ਹਾ-ਚੌਂਕਾ ਤੇ ਬਾਲਣ ਵੀ ਭਿੱਜ ਜਾਣ ਕਾਰਨ, ਘਰ ਦੀਆਂ ਸੁਆਣੀਆਂ ਲਈ ਰੋਟੀ-ਟੁੱਕ ਕਰਨਾ ਡਾਢਾ ਔਖਾ ਹੋ ਜਾਂਦਾ। ਇਸ ਦੇ ਬਾਵਜੂਦ ਲੋਕ ਮੀਂਹਾਂ ਨੂੰ ਕੁਦਰਤ ਦਾ ਵਰਦਾਨ ਸਮਝਦੇ ਤੇ ਕਾਦਰ ਅੱਗੇ ਸਿਰ ਝੁਕਾਅ ਕੇ ਸ਼ੁਕਰਾਨੇ ਕਰਦੇ।

ਸਾਵਣ ਮਹੀਨੇ ਵਿਚ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ। ਇਹ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਪੁੰਨਿਆ ਤੱਕ ਚਲਦੀਆਂ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਉਣ ਕੱਟਣ ਲਈ ਪੇਕਿਆਂ ਦੇ ਘਰੀਂ ਆਉਂਦੀਆਂ। ਸਹੇਲੀਆਂ ਨੂੰ ਮਿਲਣ ਦਾ ਚਾਅ ਸਾਂਭਿਆ ਨਾ ਜਾਂਦਾ। ਰੁੱਖਾਂ ਨਾਲ ਪੀਘਾਂ ਪੈਂਦੀਆਂ ਤੇ ਗਿੱਧੇ ਦਾ ਪਿੜ ਬੱਝਦਾ।

ਹੱਥਾਂ 'ਤੇ ਮਹਿੰਦੀ, ਰੰਗ-ਬਰੰਗੀਆਂ ਚੂੜੀਆਂ ਚੜ੍ਹਾ ਕੇ, ਪੂਰਾ ਹਾਰ-ਸ਼ਿੰਗਾਰ ਕਰਕੇ, ਮੁਟਿਆਰਾਂ ਪੂਰੀ ਸੱਜ-ਧੱਜ ਨਾਲ, ਸਖੀਆਂ-ਸਹੇਲੀਆਂ, ਨਣਾਨਾਂ-ਭਰਜਾਈਆਂ ਤੇ ਚਾਚੀਆਂ ਤਾਈਆਂ ਸੰਗ, ਹਾਸੇ-ਠੱਠੇ ਕਰਦੀਆਂ ਤੀਆਂ ਦੇ ਪਿੜ 'ਚ ਪਹੁੰਚਦੀਆਂ। ਬੋਲੀਆਂ ਦੇ ਛਰਾਟਿਆਂ ਨਾਲ ਗਿੱਧੇ ਦੀ ਧਮਾਲ ਪੈਂਦੀ। ਪੀਂਘ ਦੇ ਹੁਲਾਰਿਆਂ ਨਾਲ ਕੁੜੀਆਂ ਨ੍ਹੇਰੀ ਲਿਆ ਦਿੰਦੀਆਂ। ਲੋਕ-ਗੀਤਾਂ ਵਿਚ ਅਜਿਹੇ ਦ੍ਰਿਸ਼ ਦਾ ਇੰਜ ਵਰਨਣ ਕੀਤਾ ਗਿਆ ਹੈ;

ਸਾਉਣ ਮਹੀਨਾ ਦਿਨ ਤੀਆਂ ਦੇ
ਸਭੇ ਸਹੇਲੀਆਂ ਆਈਆਂ
ਨੀ ਸੰਤੋ ਸ਼ਾਮੋ ਹੋਈਆਂ ਕੱਠੀਆਂ,
ਵੱਡੇ ਘਰਾਂ ਦੀਆਂ ਜਾਈਆਂ...

ਪੰਜਾਬੀ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਵੀ ਇਕ ਕਵਿਤਾ ਵਿਚ ਇਸ ਰੁੱਤ ਦੇ ਤਿਉਹਾਰ ਵਿਚ ਮੇਲ੍ਹਦੀਆਂ ਮੁਟਿਆਰਾਂ ਦਾ ਭਰਪੂਰ ਜ਼ਿਕਰ ਕੀਤਾ ਹੈ

ਪੇਕੀਂ ਬੈਠੀਆਂ ਤਾਈਂ ਦਿਹਾਰ ਆਏ,
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ,
ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ,
ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ,
ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ,
ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ
ਗਿੱਧੇ ਵੱਜਦੇ ਕਿਲਕਲੀ ਮਚਦੀ ਏ,
ਘਟਾ ਕਾਲੀਆਂ ਵੇਖ ਕੇ ਛਾਈਆਂ ਨੇ...।'

ਘਰਾਂ ਦੇ ਫਿਕਰਾਂ ਤੇ ਦੁਸ਼ਵਾਰੀਆਂ ਨੂੰ ਭੁੱਲ-ਭੁਲਾ ਕੇ ਮੁਟਿਆਰਾਂ ਖੁਸ਼ੀ ਵਿਚ ਖੀਵੀਆਂ ਹੋ ਹੋ ਗਿੱਧੇ ਦੇ ਪਿੜ ਵਿਚ ਝੂੰਮਦੀਆਂ। ਇਕ ਦੂਜੀ ਨਾਲ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰੀ ਜਾਂਦੀਆਂ ਤੇ ਖੁਸ਼ੀਆਂ ਤੇ ਚਾਵਾਂ ਦੇ ਪਲਾਂ ਨੂੰ ਵੀ ਮਾਣੀ ਜਾਦੀਆਂ। ਲੋਕ-ਗੀਤਾਂ ਦੇ ਸਿਰਜਣਹਾਰਿਆਂ ਨੇ ਕਿਸੇ ਅਜਿਹੇ ਪਲ ਨੂੰ ਹੀ ਬਿਆਨਿਆ ਜਾਪਦਾ ਹੈ;

ਸਾਉਣ ਮਹੀਨਾ ਦਿਨ ਤੀਆਂ ਦੇ
ਸੱਭੇ ਸਹੇਲੀਆਂ ਆਈਆਂ,
ਭਿੱਜ ਗਈ ਰੂਹ ਮਿੱਤਰਾ
ਸਾਉਣ ਘਟਾ ਚੜ੍ਹ ਆਈਆਂ...।
ਸਾਉਣ ਦਾ ਮਹੀਨਾ ਬਾਗ਼ਾਂ ਵਿਚ
ਬੋਲਣ ਮੋਰ ਵੇ...
ਅਸਾਂ ਨਹੀਂ ਸੌਹਰੇ ਜਾਣਾ ਗੱਡੀ ਨੂੰ
ਖਾਲੀ ਮੋੜ ਵੇ...।

ਇਸ ਰੁੱਤੇ ਘਰਾਂ ਵਿਚ ਸੁਆਣੀਆਂ ਖੀਰਾਂ ਤੇ ਪੂੜਿਆਂ ਦੇ ਪਕਵਾਨ ਬਣਾਉਂਦੀਆਂ। ਸਾਉਣ ਦੀਆਂ ਫੁਹਾਰਾਂ ਨਾਲ ਚਲਦੀਆਂ ਠੰਢੀਆਂ ਹਵਾਵਾਂ ਨਾਲ ਮਨ ਖਿੜ ਉੱਠਦੇ। ਮੀਂਹ ਵਰ੍ਹਦੇ ਤਾਂ ਫ਼ਸਲਾਂ ਝੂੰਮ ਉੱਠਦੀਆਂ ਤੇ ਕਿਸਾਨਾਂ ਦੇ ਚਿਹਰੇ ਵੀ ਖਿੜ ਜਾਂਦੇ। ਮਿਹਨਤ ਵਰ ਆਈ ਜਾਪਦੀ ਤੇ ਭਵਿੱਖ ਲਈ ਕੋਠੀ ਦੇ ਭਰਨ ਦੀ ਆਸ ਵੀ ਬੱਝਦੀ। ਪੰਜਾਬੀਅਤ ਨੂੰ ਪ੍ਰਣਾਏ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਵਿਚ ਸਾਉਣ ਮਹੀਨੇ ਦਾ ਅਜਿਹਾ ਸਜੀਵ ਚਿਤਰ ਪੇਸ਼ ਕੀਤਾ ਹੈ ਕਿ ਰੂਹ ਨਸ਼ਿਆ ਜਾਂਦੀ ਹੈ;

ਸਾਉਣ ਮਾਂਹ ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ ਟਹਿਕੀਆਂ ਡਾਲੀਆਂ ਨੇ,
ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ,
ਨਦੀਆਂ ਨਾਲਿਆ ਜੂਹਾਂ ਹੰਘਾਲੀਆਂ ਨੇ,
ਧਾਈਂ ਉੱਸਰੇ, ਨਿੱਸਰੀ ਚਰ੍ਹੀ ਮੱਕੀ,
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ...।

ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਅਜੋਕੇ ਮਨੁੱਖ ਦੇ ਖਾਣ-ਪੀਣ, ਪਹਿਰਾਵਾ ਤੇ ਜੀਵਨ-ਜਾਚ ਵਿਚ ਵੱਡੀ ਤਬਦੀਲੀ ਆ ਗਈ ਹੈ। ਹੁਣ ਪਹਿਲਾਂ ਵਾਂਗ ਨਾ ਤੀਆਂ ਲਗਦੀਆਂ ਹਨ ਤੇ ਨਾ ਹੀ ਮਨਾਂ ਵਿਚ ਨੱਚਣ ਦਾ ਚਾਅ ਰਿਹਾ ਹੈ। ਪਰ ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਧਰਤੀ ਦੀ ਖੁਸ਼ਹਾਲੀ, ਫ਼ਸਲਾਂ ਤੇ ਹਰਿਆਲੀ ਲਈ ਬਰਸਾਤ ਦੀ ਅੱਜ ਵੀ, ਪਹਿਲਾਂ ਵਾਂਗ ਹੀ ਉਡੀਕ ਹੁੰਦੀ ਹੈ। ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਵਰਖਾ ਕੁਦਰਤ ਵਲੋਂ ਬਖਸ਼ਿਆ ਸਭ ਤੋਂ ਵੱਡਾ ਜਲ-ਸੋਮਾ ਤੇ ਵਰਦਾਨ ਹੈ।

# • ਪੰਜਾਬੀ ਫ਼ਿਲਮ ਦਰਪਣ •

## ਮਾਝੇ ਦੇ ਸਟਾਰ ਕਲਾਕਾਰ ਇੱਕ ਕਿਰਨ ਦੂਜੀ ਕੌਰ ਸੁਖਵੰਤ ਤੇ ਤੀਸਰਾ ਸ਼ੰਮੀ ਖਾਨ



ਸ਼ੰਮੀ ਖਾਨ ਨੇ ਅਸ਼ੋਕ ਪੁਰੀ ਦੀ ਦੇਸ਼ ਭਗਤੀ ਤੇ ਬਣੀ ਫ਼ਿਲਮ "ਕ੍ਰਾਂਤੀਦੂਤ" ਦਾ ਗੀਤ ਗਾ ਕਿ ਪਿੱਠਵਰਤੀ ਫ਼ਿਲਮ ਗਾਇਕ ਹੋਣ ਦਾ ਮਾਣ ਪ੍ਰਾਪਤ ਕਰ ਲਿਆ ਹੈ। ਸ਼ੰਮੀ ਖਾਨ ਖੁਦ ਲੰਬੀ ਤੇ ਮਿੱਠੀ ਹੇਕ ਦਾ ਮਾਲਿਕ ਹੈ ਤੇ ਓਸ ਨਾਲ ਕਿਰਨ ਰੰਧਾਵਾ ਹੈ ਜਿਸ ਨੂੰ ਮਾਝੇ ਦੀ ਸਤਵਿੰਦਰ ਬਿੱਟੀ ਕਿਹਾ ਜਾਂਦਾ ਹੈ ।ਕਿਰਨ ਰੰਧਾਵਾ ਦੇ ਅੰਦਾਜ਼ ਪਿਆਰੇ ,ਸ਼ੰਮੀ ਖਾਨ ਦੀ ਨੱਚ ਟੱਪ ਸੁਰੀਲਾ ਗਾ ਲੋਕ ਮੰਤ੍ਰ ਮੁਗਧ ਕਰਨ ਵਾਲੀ ਗਾਇਕੀ ਦੋਵੇਂ ਸਟਾਰ ਆਫ ਰਿਆੜਕੀ ਮਾਝਾ ਹਨ। "ਕੋਹੇਨੂਰ" ਤੇ "ਜੱਟ ਲਾਈਫ" ਨਾਲ ਇਹ ਜੋੜੀ ਮਾਲਵੇ ਤੱਕ ਪਹੁੰਚ ਰਹੀ ਹੈ। ਨਾਲ ਬੈਠੀ ਕੌਰ ਸੁਖਵੰਤ ਦੀ ਆਵਾਜ਼ ਦੁਨੀਆਂ ਤੇ ਸਰਦਾਰੀ ਹੈ ਤੇ ਸ਼ਾਹੀ ਕੁਲਵਿੰਦਰ ਨਾਲ ਕੌਰ ਸੁਖਵੰਤ ਇੰਜ ਸਟੇਜ ਤੇ ਜੱਚਦੀ ਜਿਵੇਂ ਗਾਨੇ ਖੇਡਣ ਬੈਠੀ ਨਵ ਵਿਆਹੀ ਜੋੜੀ। ਸ਼ਾਹੀ ਕੁਲਵਿੰਦਰ ਨੇ ਲਲਿਤ ਮਹਿਤਾ ਦੀ ਫ਼ਿਲਮ "ਪਿੰਜਰਾ" ਦੇ ਗੀਤ ਗਾਏ ਨੇ ਤੇ ਓਸ ਨੂੰ ਦੂਜਾ ਮਹਿੰਦਰ ਕਪੂਰ ਕਿਹਾ ਜਾਂਦਾ ਹੈ। ਮਾਣ ਨੇ ਕਿਰਨ ਰੰਧਾਵਾ, ਕੌਰ ਸੁਖਵੰਤ ਤੇ ਸ਼ੰਮੀ ਖਾਨ ਮਾਝੇ ਰਿਆੜਕੀ ਦਾ ਤੇ ਹੁਣ ਦੋਆਬੇ ਤੇ ਮਾਲਵੇ ਵੱਲ ਵੀ ਇਹਨਾਂ ਦੀ ਚਰਚਾ ਪੂਰੀ ਹੈ। ਸੱਤੇ ਖੈਰਾਂ ਹੋਵਣ ਤਿੱਕੜੀ ਦੀਆਂ ਤੇ ਸ਼ਾਹੀ ਕੁਲਵਿੰਦਰ ਜੈ ਹੋ।

## ਕੁਲਦੀਪ ਦੋਸਾਂਝ ਤੇ ਮਮਤਾ ਪਟਿਆਲੇ ਵਾਲੀ ਬੋਲੀ ਹਰਬੀਰ ਢੀਂਡਸਾ ਕਹਿੰਦੇ ਨੇ ਤੁਹਾਡਾ ਹੈ ਅੜਬ ਸਹੁਰਾ




ਹਰਬੀਰ ਸਿੰਘ ਢੀਂਡਸਾ ਨੂੰ ਪੰਜਾਬੀਆਂ ਦੀਆਂ ਅਸੀਸਾਂ ਲੱਗਣ ਰੱਜ ਰੱਜ ਕਿ ਓਸ ਨੇ ਭਈਆ ਵਾਦ, ਦਾਜ, ਰਿਸ਼ਤੇ ਨਾਤੇ ਤੇ ਹੋਰ ਕਈ ਸਮਾਜਿਕ ਮੁੱਦੇ ਆਪਣੀ ਫ਼ਿਲਮ ਵਿੱਚ ਪੈਣੇ ਲਾਜ਼ਮੀ ਕੀਤੇ ਨੇ ਤੇ ਫ਼ਿਲਮ ਹੁੰਦੀ ਵੀ ਪੂਰੀ ਮਨੋਰੰਜਕ ਹੈ। ਮਿਊਜ਼ਿਕ ਹੱਟ ਟੀਵੀ ਓਸ ਦਾ ਕਾਮਯਾਬ ਫ਼ਿਲਮ ਪਰਚਮ ਜਿਸ ਨੇ ਹੁਣ "ਅੜਬ ਸਹੁਰਾ" ਰਲੀਜ਼ ਕੀਤੀ ਕਿ ਹਿੱਟ ਹੋਈ। ਕਾਰਨ ਹਰ ਨੂੰਹ ਵਿਹੰਦੀ ਕਿ ਅਸਲ ਵਿੱਚ "ਅੜਬ ਸਹੁਰਾ" ਕਿਸ ਤਰਾਂ ਦਾ ਹੁੰਦਾ ਤੇ ਹਰ ਸਹੁਰਾ ਦੇਖ ਰਿਹਾ ਫ਼ਿਲਮ ਕਿ ਕਿਵੇਂ ਬਣ ਜਾਵਾਂ "ਅੜਬ ਸਹੁਰਾ"। ਇਹ ਫ਼ਿਲਮ ਕੁਲਦੀਪ ਦੋਸਾਂਝ, ਮਮਤਾ ਪਟਿਆਲੇ ਵਾਲੀ ਦੀ ਐਕਟਿੰਗ ਨੇ ਸ਼ਾਨਦਾਰ ਬਣਦੀ ਕੀਤੀ ਹੈ ਹਰਬੀਰ ਸਿੰਘ ਢੀਂਡਸਾ ਦੀ ਹਿੱਟ ਫ਼ਿਲਮ "ਘਰ ਛੱਡਣੇ ਸੌਖੇ ਨਹੀਂ" ਵੀ ਰਹੀ ਹੈ ਪਰ "ਅੜਬ ਸਹੁਰਾ" ਤਾਂ ਕਮਾਲ ਕਰ ਰਹੀ ਹੈ। ਮੁਬਾਰਕ ਨਿਰਮਾਤਾ ਐਕਟਰ ਤੇ ਨਿਰਦੇਸ਼ਕ ਹਰਬੀਰ ਸਿੰਘ ਢੀਂਡਸਾ ਨੂੰ ਤੇ ਜੈ ਹੋ ਭਾਈ ਮੇਰੇ ਭਾਈ ਜਦ ਵੀ ਤੇਰੀ ਫ਼ਿਲਮ ਆਈ ਸਮਾਜਿਕ ਮੁੱਦੇ ਵੀ ਨਾਲ ਲਿਆਈ ਖ਼ੁਸ਼ਬੋ ਲਾ ਕਿ ਲਾਲੇ ਦੀ ਜਾਨ। ਕੁਲਦੀਪ ਦੋਸਾਂਝ ਤੇ ਮਮਤਾ ਤੋਂ ਪਹਿਲਾਂ ਐਰੀ ਝਿੰਜਰ, ਦੀਪ ਲੁਧਿਆਣਵੀ ਤੇ ਪਰਮ ਸਿੱਧੂ ਨੂੰ ਸਟਾਰ ਢੀਂਡਸਾ ਸਾਬ ਨੇ ਹੀ ਬਣਾਇਆ ਕੋਈ ਚਾਹੇ ਜੀ ਜੀ ਐਨੀ ਮੇਰੀ ਬਾਤ ਓਤੋਂ ਪਈ ਰਾਤ।

## ਨੇਤਾ ਤੇ ਅਭਿਨੇਤਰੀ ਤੇਜੀ ਸੰਧੂ ਬਣਾ ਰਹੀ ਹੁਣ ਨਵੀਂ ਫ਼ਿਲਮ ਵਸੀਹਤ



ਕਿਸਮਤ ਦੀਆਂ ਲੀਕਾਂ ਨੇ ਦੁੱਖ ਵੀ ਤੇਜੀ ਸੰਧੂ ਨੂੰ ਬਹੁਤ ਦਿੱਤੇ ਪਰ ਇਹ ਜੱਟੀ ਘਬਰਾਉ ਦੀ ਸਥਿਤੀ ਵਿੱਚ ਨਹੀਂ ਆਈ। ਪੰਜਾਬੀ ਫ਼ਿਲਮਾਂ ਦੀ ਐਕਟ੍ਰੈਸ ਤੇ ਲੇਖਿਕਾ ਤੇਜੀ ਸੰਧੂ ਨਿਰਦੇਸ਼ਕ ਵੀ ਹੈ ਤੇ ਹੁਣ ਨਿਰਮਾਤ੍ਰੀ ਵੀ ਬਣੀ ਹੈ। ਜੀ ਜੀ ਭਾਜਪਾ ਪੰਜਾਬ ਕਿਸਾਨ ਮੋਰਚਾ ਔਰਤਾਂ ਦੀ ਉੱਪ ਪ੍ਰਧਾਨ ਤੇਜੀ ਸੰਧੂ ਨੇ "ਵਸੀਹਤ" ਫ਼ਿਲਮ ਐਲਾਨ ਦਿੱਤੀ ਹੈ ਤੇ ਇਸ ਦੀ ਓਹ ਨਿਰਮਾਤਾ ਵੀ ਹੈ ਜਦ ਕਿ ਨਿਰਦੇਸ਼ਕ ਤੇਜੀ ਗੈਰੀ ਸੰਧੂ ਦਾ ਨਾਮ ਜਾਣਾ ਹੈ। ਤੇਜੀ ਸੰਧੂ ਨੇ ਇੰਦਰਜੀਤ ਨਿੱਕੂ, ਸਨਾ ਤੇ ਯੋਗਰਾਜ ਸਿੰਘ ਤੋਂ ਬੱਬੂ ਮਾਨ ਤੱਕ ਨਾਲ ਐਕਟਿੰਗ ਕੀਤੀ ਹੈ। ਕਿਸੇ ਸਮੇਂ ਪਾਣੀ ਦੀਆਂ ਬੁਛਾੜਾਂ ਵਿਚੋਂ ਅਨਮੋਲ ਗਗਨ ਮਾਨ ਨੂੰ ਬਚਾ ਕਿ ਬਾਹਰ ਲਿਆਈ ਤੇਜੀ ਸੰਧੂ ਇਸ ਖ਼ਬਰ ਤੇ ਫੋਟੋ ਨਾਲ ਖ਼ੂਬ ਵਾਇਰਲ ਹੋਈ ਹੈ। ਖ਼ੈਰ ਆਪਣਾ ਕੰਮ ਫ਼ਿਲਮੀ ਸੁ ਤੋ ਤੇਜੀ ਸੰਧੂ ਮਹਾਰੀ ਅਬ ਇੱਕ ਸਟੈਂਡਰਡ ਦੀ ਫ਼ਿਲਮ ਬਣਾਏ ਓਸ ਵੱਲ ਜੁੱਟ ਗਈ ਸੁ। ਤੇਜੀ ਸੰਧੂ ਨੇ "ਰੰਗਲਾ ਪੰਜਾਬ" ਤੇ ਗ੍ਰੇਟ ਸਰਦਾਰ ਫ਼ਿਲਮ ਨਾਲ ਦਰਸ਼ਕ ਮੋਹ ਲਏ ਸਨ। ਹੁਣ ਤੇਜੀ ਸੰਧੂ ਦੀ "ਵਸੀਹਤ" ਦੀਆਂ ਖਬਰਾਂ ਆਪ ਦੇ ਸਨਮੁੱਖ ਹੋਇਆ ਕਰਨਗੀਆਂ ਅੱਲਾਹ ਮਿਆਂ ਖ਼ੈਰ ਕਰੇ।

## ਨਮਤਾਜ ਖਾਨ ਤੇ ਖੁਸ਼ੀ ਸੈਣੀ ਇਹੋ ਜੋੜੀ ਮਾਡਲਿੰਗ ਵਿੱਚ ਲੈਣੀ

ਨਮਤਾਜ ਖਾਂ ਮੁੰਡਾ ਖੁੰਡਾ ਕਾਮਯਾਬ ਵੀਡਿਓ ਐਲਬਮ ਨਿਰਦੇਸ਼ਕ ਹੈ ਤੇ ਓਸ ਦੇ ਨਿਰਦੇਸ਼ਤ ਗਾਣੇ ਤਹਿਲਕਾ ਮਚਾਉਣ ਵਾਲੇ ਹੁੰਦੇ ਹਨ। ਓਸ ਦੀ ਟੀਮ ਤੁਗਲਕ ਜਲਦੀ



ਵੱਡੀ ਫ਼ਿਲਮ ਪੰਜਾਬੀ ਦੀ ਕਰੇਗੀ।ਇਸ ਸਕਸ਼ ਦੀ ਖਾਸ ਗੱਲ ਕਿ ਇਹ ਜਿਸ ਨੂੰ ਸਟਾਰ ਬਣਾਉਣਾ ਚਾਹੁੰਦੇ ਹਨ ਉਸ ਤੇ ਪੂਰਾ ਜ਼ੋਰ ਲਾ ਦਿੱਤਾ ਬਣ ਗਈ ਗੱਲ। ਨਮਤਾਜ ਨੇ ਖੁਸ਼ੀ ਸੈਣੀ ਜਿਹੜੀ ਟੋਪ ਮੇਕ ਅੱਪ ਓਵਰ ਹੈ ਤੇ ਪਿਆਰੀ ਮਾਡਲ ਹੈ ਨਾਲ ਆਪਣੀ ਮਾਡਲਿੰਗ ਜੋੜੀ ਸਫਲ ਬਣਾਈ ਹੈ। ਦੋਵੇਂ ਵੀਡਿਓ ਵਿੱਚ ਰੋਮੀਉ ਜੁਲੀਅਟ ਲੱਗਦੇ ਹਨ। ਨਮਤਾਜ ਆਖਦੇ ਨੇ ਕਿ ਖੁਸ਼ੀ ਵਿੱਚ ਅਦਾਵਾਂ ਦੀ ਕਮੀ ਨਹੀਂ ਤੇ ਖੁਸ਼ੀ ਹਰ ਕੰਮ ਖੁਸ਼ੀ ਨਾਲ ਕਰਦੀ ਹੈ ਜਦ ਕਿ ਖੁਸ਼ੀ ਨੇ ਕਿਹਾ ਕਿ ਨਮਤਾਜ ਦਾ ਕੰਮ ਲੈਣ ਦਾ ਅੰਦਾਜ ਨਰਮ ਸੁਭਾਅ ਨਾਲ ਕੰਮ ਹੈ ਤੇ ਕਲਾਕਾਰ ਆਪਣਾ ਬੈਸਟ ਦੇਣ ਲਈ ਤਤਪਰ ਰਹਿੰਦਾ ਹੈ। ਜਲਦੀ ਹੀ ਇਹ ਨਮ ਤੇ ਸੈਣੀ ਦੀ ਜੋੜੀ ਫ਼ਿਲਮਾਂ ਲਈ ਲੀੜੇ ਲੱਤੇ ਸੋਹਣੇ ਪਾਈ ਪਰਦੇ ਤੇ ਨਜ਼ਰ ਆਏਗੀ। ਅੱਜਕਲ ਖਾਨ ਸਾਬ ਤੇ ਸੈਣੀ ਸਾਹਿਬਾਂ ਦੀ ਫ਼ਿਲਮ ਲਈ ਡਬਿੰਗ ਜ਼ਾਰੀ ਹੈ। ਸਫ਼ੇ ਫਿਲਮੀ ਤੇ ਮਾਡਲਿੰਗ ਇਤਿਹਾਸ ਦੇ ਇਹ ਜੋੜੀ ਸੁਨਹਿਰੇ ਬਣਾਏ ਸਾਡੀਆਂ ਦੁਆਵਾਂ ਨੇ ਤੇ ਮਨੋਰੰਜਨ ਨਗਰੀ ਨੂੰ ਨਮਤਾਜ ਖਾਨ ਤੇ ਖੁਸ਼ੀ ਸੈਣੀ ਜਿਹੀਆਂ ਪਿਆਰੀਆਂ ਤੇ ਟੈਲੇਂਟ ਵਾਲੀਆਂ ਜੋੜੀਆਂ ਦੀ ਲੋੜ ਹੈ।

## ਅਵਤਾਰ ਲਾਖਾ ਦੀ ਪੰਜਾਬ ਪੰਜਾਬੀ ਪੰਜਾਬੀਅਤ ਵਾਲੀ ਸੋਚ ਨੂੰ ਸਲਾਮ

ਯੂ ਐਸ ਏ ਰਹਿੰਦੇ ਨੇ ਅਵਤਾਰ ਲਾਖਾ ਪਰ ਦਿਲ ਪੰਜਾਬ ਵਿੱਚ ਲੱਗਿਆ ਰਹਿੰਦਾ ਹੈ। ਅਵਤਾਰ ਰਿਕਾਰਡ ਦੇ ਜ਼ਰੀਏ ਓਹ ਲੋਕਾਂ ਲਈ ਮਿੱਠੇ ਮਿੱਠੇ ਨਗਮੇ ਲਿਆਉਂਦੇ ਹਨ। ਅਵਤਾਰ ਲਾਖਾ ਦੀ ਸੋਚ ਪੰਜਾਬ ਪ੍ਰਤੀ ਹੈ ਕਿ ਪੰਜਾਬ ਸਦਾ ਬੁਲੰਦ ਰਹੇ ਸ਼ਾਂਤ ਤੇ ਹੱਸਦਾ ਖੇਡਦਾ ਰਹੇ। ਅਵਤਾਰ ਲਾਖਾ ਦੇ ਖ਼ਿਆਲ ਪੰਜਾਬੀ ਬੋਲੀ ਦੇ ਵਿਕਾਸ ਲਈ ਗੀਤਾਂ ਤੇ ਸੰਗੀਤ ਦੀ ਦੇਣ ਵਧੀਆ ਹੋਏ ਵੱਲ ਰਹਿੰਦੇ ਹਨ। ਓਹਨਾਂ ਨੇ ਲੋਪੋਕੇ ਬ੍ਰਦਰਜ਼ ਦੀਆਂ ਆਵਾਜ਼ਾਂ ਵਿੱਚ ਪੰਜਾਬ ਦੀ ਨਕਸ਼ ਨੁਹਾਰ ਤੇ ਫੇਰ ਗੀਤ ਲਿਆਂਦੇ ਜਿਹੜੇ ਚਰਚਾ ਵਿੱਚ ਰਹੇ ਹਨ। ਓਹਨਾਂ ਨੇ ਭਰਭੂਰ ਸਿੰਘ ਜਿਹੇ ਟੈਲੇਂਟ ਸਾਹਮਣੇ ਲਿਆ ਪ੍ਰਮੋਟ ਕੀਤੇ ਹਨ। ਸੁਖਦੇਵ ਸਾਹਿਲ ਦੀ ਦਰਦ ਭਰੀ ਆਵਾਜ਼ ਵਿੱਚ ਗੀਤ, ਗ਼ਜ਼ਲ ਤੇ ਮਹਿਫ਼ਿਲ ਦੇਖ ਸਜਾ ਓਹ ਖੁਦ ਸੰਤੁਸ਼ਟ ਹੁੰਦੇ ਹਨ। ਪੰਜਾਬੀ ਮਾਡਲ ਤੇ ਐਕਟ੍ਰੈਸ ਓਹਨਾਂ ਦੀ ਸੰਗੀਤ ਕੰਪਨੀ ਅਵਤਾਰ ਰਿਕਾਰਡ ਨਾਲ ਕੰਮ ਲਈ ਤਿਆਰ ਹਨ। ਅਵਤਾਰ ਲਾਖਾ ਦੀ ਇਸ ਮਨੋਰੰਜਕ ਸਰਗਰਮ ਜ਼ਿੰਦਗੀ ਨੂੰ ਹੋਰ ਹੁਲਾਰਾ ਸ਼੍ਰੀਮਤੀ ਅਵਤਾਰ ਲਾਖਾ ਦਿੰਦੇ ਹਨ। ਸਲਾਮਤ ਰਹੇ ਪੰਜਾਬ,ਪੰਜਾਬੀ ਤੇ ਪੰਜਾਬੀਅਤ ਇਹੀ ਦੁਆ ਓਹ ਕਰਦੇ ਨੇ ਪੰਜਾਬੀ ਫ਼ਿਲਮਾਂ ਤੇ ਮਿਊਜ਼ਿਕ ਨੂੰ ਅਹਿਮ ਦੇਣ ਦਿੰਦੇ ਰਹਿਣ ਅਵਤਾਰ ਲਾਖਾ ਅਸੀਂ ਦੁਆ ਕਰਦੇ ਹਾਂ ਜੈ ਹੋ।

## ਮਣੀ ਬੋਪਾਰਾਏ ਬਾਲੀਵੁੱਡ ਵਿੱਚ ਸਟਾਰ ਬਣਨ ਦੇ ਵੱਲ

ਟਾਈਗਰ ਹਰਮੀਕ ਸਿੰਘ ਆਪਣੇ ਐਕਟਰ ਤੇ ਡਾਇਰੈਕਟਰ ਪਤੀ ਨਾਲ ਹੱਦ ਤੋਂ ਜਿਆਦਾ ਵਿਸ਼ਵਾਸ,ਜਨਮ ਜਨਮਾਂਤਰਾਂ ਦਾ ਪ੍ਰੇਮ ਤੇ ਸੁਭਾਅ ਪਿਆਰਾ, ਸ਼ਾਂਤ ਤੇ ਐਕਟਿੰਗ ਕਿਸ ਵੀ ਕਿਰਦਾਰ ਵਿੱਚ ਪੂਰੀ ਜਾਨ ਦਾ ਨਾਂਅ ਹੀ ਦੂਸਰਾ ਮਣੀ ਬੋਪਾਰਾਏ ਹੈ। ਖੁਸ਼ਖਬਰੀ ਕਿ ਓ ਟੀ ਪਲੇਟਫਾਰਮ ਤੇ ਚਰਚਿਤ ਸੁਹੱਪਣ ਦੀ ਮਣੀ ਮਣੀ ਬੋਪਾਰਾਏ ਹੁਣ ਬਾਲੀਵੁੱਡ ਵਿੱਚ ਸ਼ਾਨ ਨਾਲ ਪਹੁੰਚ



ਚੁੱਕੀ ਹੈ। ਕੁੰਦਨ ਧੀਮਾਨ ਜਿਸ "ਢੂੰਡ" ਫ਼ਿਲਮ ਦੇ ਡੀ ਓ ਪੀ ਨੇ ਓਹ ਫ਼ਿਲਮ ਮਣੀ ਬੋਪਾਰਾਏ ਕਰ ਰਹੀ ਹੈ ਤੇ ਫ਼ਿਲਮ ਦੇ ਡਾਇਰੈਕਟਰ ਸ਼ਿਵ ਕੁਮਾਰ ਮੰਨਦੇ ਹਨ ਕਿ ਜਿਸ ਕਲਾਕਾਰ ਦੀ "ਢੂੰਡ" ਸੁ ਓਹ ਮਣੀ ਰੂਪ ਵਿੱਚ ਮਿਲਿਆ ਹੈ। "ਹਾਂ ਮੈਂ ਪਾਗਲ ਹਾਂ" ਚਰਚਾ ਵਿੱਚ ਹੈ ਤੇ ਮਣੀ ਖੁਦ ਖੁਸ਼ ਹੈ ਕਿ ਬਾਲੀਵੁੱਡ ਹਰੇਕ ਕਲਾਕਾਰ ਦਾ ਮੁੱਖ ਸਪਨਾ ਹੁੰਦਾ ਹੈ। ਮਣੀ ਬੋਪਾਰਾਏ ਦੀ ਅਦਾ ਤੇ ਗਲੈਮਰ ਹੈ ਕਿ ਕੁੱਝ ਸਾਲ ਪਹਿਲੇ ਆਸਟ੍ਰੇਲੀਆ ਸ਼ੋ ਵਿੱਚ ਓਹ ਹਿੱਟ ਰਹੀ ਸੀ ਤੇ ਯੋਗਰਾਜ ਸਿੰਘ ਨੇ ਵੀ ਮਣੀ ਦੀ ਸਿਫਤ ਕੀਤੀ ਸੀ। ਆਸ ਕਰੀਏ ਕਿ ਮਣੀ ਬੋਪਾਰਾਏ ਹਰਿਆਣਾ ਤੇ ਪੰਜਾਬ ਦਾ ਨਾਂ ਹੁਣ ਬੀ ਟਾਊਨ ਵਿੱਚ ਉੱਚਾ ਕਰੇਗੀ।

ਮਣੀ ਬੋਪਾਰਾਏ ਨੂੰ ਹਿੰਦੀ ਫ਼ਿਲਮ ਜਗਤ ਵਿੱਚ ਆਉਣ ਤੇ ਮੁਬਾਰਕ ਜੈ ਹੋ ਤੇ ਲਿਖ ਕਿ ਲੈ ਲਓ ਮਣੀ ਮਣੀ ਹਿੰਦੀ ਫ਼ਿਲਮਾਂ ਵਿੱਚ ਹੋਈ ਕਿ ਹੋਈ।

-ਅੰਮ੍ਰਿਤ ਪਵਾਰ

ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥

# ਮਹਾਨ ਤਪੱਸਵੀ, ਪਰਉਪਕਾਰੀ, ਬ੍ਰਹਮਗਿਆਨੀ, ਨਾਮ ਰਸੀਏ ਧੰਨ ਧੰਨ ਬਾਬਾ ਭਗਤੂ ਜੀ ਦੀ ਪਵਿੱਤਰ ਯਾਦ ਵਿੱਚ

# ਮਹਾਨ ਸਮਾਗਮ

## 29, 30, 31, ਅਗਸਤ 2025 ਨੂੰ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਲੈਸਟਰ ਵਿਖੇ ਹੋਣਗੇ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਮਹਾਨ ਤਪੱਸਵੀ ਬਾਬਾ ਭਗਤੂ ਜੀ ਵੱਲੋਂ ਕੌਮ ਲਈ ਕੀਤੇ ਮਹਾਨ ਸੇਵਾ ਕਾਰਜਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਹੋਇਆਂ ਉਨ੍ਹਾਂ ਦਾ ਮਹਾਨ ਸਾਲਾਨਾ ਸਮਾਗਮ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਲੈਸਟਰ ਵਿਖੇ 29, 30, 31 ਅਗਸਤ 2025 ਨੂੰ ਸਮੂਹ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਪੰਥ ਦੇ ਮਹਾਨ ਪੁਰਸ਼ਾਂ ਦੇ ਸਮਾਗਮ ਮਨਾਉਣ ਨਾਲ ਹੋਰ ਸੰਗਤਾਂ ਨੂੰ ਵੀ ਪੰਥ ਦੀ ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ, ਇਸ ਲਈ ਆਓ ਸਾਰੇ ਮਿਲ ਕੇ ਗੁਰੂ ਚਰਨਾਂ ਵਿੱਚ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕਰੀਏ। ਪਿੰਡ ਮੋਰਾਂਵਾਲੀ ਦੀ ਇੰਗਲੈਂਡ ਨਿਵਾਸੀ ਅਤੇ ਲੈਸਟਰ ਦੀਆਂ ਗੁਰੂ ਨਾਨਕ ਨਾਮ ਲੇਵਾ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਦੀ ਸ਼ੋਭਾ ਵਧਾਉਣ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਹਾਜ਼ਰੀ ਭਰਨ ਦੀ ਕਿਰਪਾਲਤਾ ਕਰੋ ਜੀ।



Guru Piarey Khalsa Ji,

Waheguru Ji Ka Khalsa. Waheguru Ji Ki Fateh.

The sadh sangat of Moranwali Nivasi will be celebrating the Barsi of Dhan Dhan Baba Bhagtu Ji. The Barsi will be celebrated at Guru Tegh Bahadur Gurdwara, Leicester on 29, 30, 31, August 2025. The Barsi will commemorate Baba Ji's Jiwan, which enriched in sewa and simran. Baba Ji spent most of his life doing Sewa and simran, and also encouraged others to follow in his footsteps. At Pind Moranwali stands a Historical Gurdwara Sahib named Gurdwara Baba Bhagtu Ji. People from near and far visit this holy place to pay homage to this great Mahapurkh. Baba Ji's Jiwan was simple, he encouraged others to follow this way, as by doing sewa and simran everything can be achieved, and also it brings you nearer to Guru Maharaj Ji. As Guru Maharaj states in their bani, Vich Duniya Sev Kamaiye Ta Dharge Behsan Paiye. Lets all get together and remember Baba Ji's Jiwan, and not only that lets bring our children to this glorious event and let them experience what Baba Ji did for mankind. We must not forget that the children of today are the future of tomorrow.

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
29 ਅਗਸਤ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
31 ਅਗਸਤ 2025 ਦਿਨ ਐਤਵਾਰ ਸਵੇਰੇ 10 ਵਜੇ

*ਉਪਰੰਤ ਦੀਵਾਨ ਸਜੇਗਾ ਜਿਸ ਵਿੱਚ ਹੇਠ ਲਿਖੇ ਜਥੇ ਪਹੁੰਚ ਰਹੇ ਹਨ:*

* ਕੀਰਤਨ: ਗੁਰੂ ਘਰ ਦਾ ਹਜੂਰੀ ਰਾਗੀ ਜਥਾ
* ਕੀਰਤਨ: ਭਾਈ ਤਰਕਲਬੀਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ ਵਾਲੇ)
* ਕਥਾ: ਗਿਆਨੀ ਬਲਬੀਰ ਸਿੰਘ ਜੀ (ਦਮਦਮੀ ਟਕਸਾਲ)
* ਢਾਡੀ ਜੱਥਾ: ਭਾਈ ਜਸਵਿੰਦਰ ਸਿੰਘ ਸਿੱਧੂ ਜੀ

ਬਾਬਾ ਜੀ ਦੀ ਜੀਵਨੀ 'ਤੇ ਚਾਨਣ ਪਾਇਆ ਜਾਵੇਗਾ

**ਤਿੰਨੇ ਦਿਨ ਦੇਗ ਅਤੇ ਲੰਗਰਾਂ ਦੀ ਸੇਵਾ ਹੋਵੇਗੀ**

**ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:**

**ਜਥੇਦਾਰ ਕਸ਼ਮੀਰ ਸਿੰਘ ਮੋਰਾਂਵਾਲੀ 0786 484 9209**


| | | | |
|---|---|---|---|
| * ਸ: ਜੋਰਾਵਰ ਸਿੰਘ ਬ੍ਰਮਿੰਘਮ | 07976 662 512 | * ਸ: ਰੇਸ਼ਮ ਸਿੰਘ ਰਾਏ | 0116 276 0560 |
| * ਸ: ਹਰਭਜਨ ਸਿੰਘ ਬ੍ਰਮਿੰਘਮ | 0121 429 7426 | * ਸ: ਮਹਿੰਦਰ ਸਿੰਘ ਰਾਏ ਲੈਸਟਰ | 07828 315 988 |
| * ਸ: ਬਲਵੀਰ ਸਿੰਘ ਹੀਰ ਵਿਲੇਨਹਾਲ | 0780 278 8511 | * ਬੀਬੀ ਸੁਰਜੀਤ ਕੌਰ ਰਾਏ | 0116 273 8917 |
| * ਸ: ਪਰਮਜੀਤ ਸਿੰਘ ਰਾਏ ਲੈਸਟਰ | 07817 276 158 | * ਬੀਬੀ ਸ਼ਿੰਦਰ ਕੌਰ ਰਾਏ | 0116 276 3591 |

# GURU TEG BAHADUR GURDWARA

106 EAST PARK ROAD, LEICESTER, LE5 4QB. TEL: 0116 274 2453

# ਭਾਜਪਾ ਸਰਕਾਰ ਦੀ ਤਾਨਾਸ਼ਾਹੀ ਅਤੇ ਔਰੰਗਜ਼ੇਬ ਦੀ ਤਾਨਾਸ਼ਾਹੀ 'ਚ ਫ਼ਰਕ ਕੀ ਹੈ ?

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477








(ਨੋਟ : ਇਹ ਲੇਖ 12 ਦਸੰਬਰ 2019 ਨੂੰ ਓਦੋਂ ਲਿਖਿਆ ਗਿਆ, ਜਦੋਂ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਦੇ ਇੱਕ ਰੋਡ 'ਤੇ 'ਔਰੰਗਜ਼ੇਬ ਲੇਨ' ਦੇ ਸਾਈਨ-ਬੋਰਡ 'ਤੇ ਕਾਲ਼ੀ ਸ਼ਿਆਹੀ ਪਾ ਕੇ ਸੜਕਾਂ ਦੇ ਸਾਈਨ-ਬੋਰਡਾਂ ਅਤੇ ਪਾਠ-ਪੁਸਤਕਾਂ 'ਚੋਂ ਮੁਗ਼ਲ ਬਾਦਸ਼ਾਹਾਂ ਦਾ ਨਾਂ ਹਟਾਉਣ ਦੀ ਮੰਗ ਕੀਤੀ ਸੀ।)

ਆਰ. ਐੱਸ. ਐੱਸ. ਤੇ ਭਾਜਪਾ ਸਰਕਾਰ ਦੇ ਸਿੱਖ-ਮੁਸਲਿਮ ਭਾਈਚਾਰਕ ਸਾਂਝ ਨੂੰ ਤੋੜਨ ਵਾਲ਼ੇ ਏਜੰਡੇ ਦੀ ਪੂਰਤੀ ਲਈ ਦਿੱਲੀ ਦੀ ਇੱਕ ਸੜਕ 'ਤੇ 'ਔਰੰਗਜ਼ੇਬ ਲੇਨ' ਦੇ ਲੱਗੇ ਸਾਈਨ-ਬੋਰਡ ਉੱਤੇ ਮਨਜਿੰਦਰ ਸਿੰਘ ਸਿਰਸਾ ਤੇ ਉਸ ਦੇ ਸਾਥੀਆਂ ਨੇ ਕਾਲਖ਼ ਪੋਚ ਕੇ ਇਹ ਸੁਨੇਹਾ ਦਿੱਤਾ ਹੈ ਕਿ ਔਰੰਗਜ਼ੇਬ, ਹਿੰਦੂ ਵਿਰੋਧੀ ਤਾਨਾਸ਼ਾਹੀ ਬਾਦਸ਼ਾਹ ਸੀ।

ਪਿਛਲੇ ਹਫ਼ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਵਾਲ਼ੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਭੇਖੀ ਸਿੱਖ ਤੇ ਉਸ ਦੇ ਭੇਖੀ ਸਿੱਖ ਸਾਥੀਆਂ ਨੇ ਭਾਰਤ ਦੀ ਰਾਜਧਾਨੀ ਦਿੱਲੀ ਦੀ ਇੱਕ ਸੜਕ ਜਿਸ ਦਾ ਨਾਂਅ ਸਤਾਰਵੀਂ-ਅਠਾਰਵੀਂ ਸਦੀ ਦੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਨਾਂਅ ਉੱਤੇ 'ਔਰੰਗਜ਼ੇਬ ਰੋਡ' ਹੈ, ਦੇ ਬੋਰਡ ਉੱਤੇ ਕਾਲਖ਼ ਪੋਚ ਦਿੱਤੀ ਅਤੇ ਇਸ ਦੀ ਵੀਡੀਓ ਬਣਾ ਕੇ ਟੀ.ਵੀ. ਚੈਨਲਾਂ ਉੱਤੇ ਪ੍ਰਮੁੱਖਤਾ ਨਾਲ਼ ਵਿਖਾਈ ਗਈ।

ਭੇਖੀ ਸਿੱਖ ਮਨਜਿੰਦਰ ਸਿੰਘ ਸਿਰਸਾ ਤੇ ਉਸ ਦੇ ਭੇਖੀ ਸਿੱਖ ਸਾਥੀਆਂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਦਿੱਲੀ ਦੇ ਤਤਕਾਲੀਨ ਬਾਦਸ਼ਾਹ ਔਰੰਗਜ਼ੇਬ ਨੇ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਵਾਇਆ ਸੀ, ਇਸ ਕਰਕੇ ਉਹ ਦਿੱਲੀ ਦੇ ਤਤਕਾਲੀਨ ਬਾਦਸ਼ਾਹ ਔਰੰਗਜ਼ੇਬ ਨੂੰ ਨਫ਼ਰਤ ਕਰਦੇ ਹਨ ਅਤੇ ਉਹ ਭਾਰਤ ਵਿੱਚ ਘੱਟ-ਗਿਣਤੀਆਂ ਦਾ ਘਾਣ ਕਰਨ ਵਾਲ਼ੇ, ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਉਣ ਵਾਲ਼ੇ ਅਤੇ ਲੋਕਤੰਤਰ ਦੇ ਮੂੰਹ 'ਤੇ ਕਾਲਖ਼ ਪੋਚਣ ਵਾਲ਼ੇ 'ਮਨੂੰ ਸਿਮਰਤੀ' ਦੇ ਵਿਧਾਨ ਨੂੰ ਲੋਕਾਂ ਉੱਤੇ ਗੁੰਡਾਗਰਦੀ ਨਾਲ਼ ਥੋਪਣ ਵਾਲ਼ੀ ਆਰ.ਐੱਸ.ਐੱਸ. ਤੇ ਭਾਜਪਾ ਸਰਕਾਰ ਨਾਲ਼ ਪਿਆਰ ਕਰਦੇ ਹਨ। ਮਨਜਿੰਦਰ ਸਿੰਘ ਸਿਰਸਾ ਆਰ.ਐੱਸ.ਐੱਸ. ਦੇ ਉਹਨਾਂ ਪ੍ਰਚਾਰਕਾਂ ਦੇ ਕੁਹਾੜੇ ਦਾ ਦਸਤਾ ਬਣਿਆ ਹੋਇਆ ਹੈ ਜਿਹੜੇ ਸਰਕਾਰੀ ਬਲਬੂਤੇ 'ਤੇ ਇਹ ਪ੍ਰਚਾਰ ਕਰ ਰਹੇ ਹਨ ਕਿ "ਹਿੰਦੂਵਾਦ ਸਭ ਤੋਂ ਪੁਰਾਣਾ ਧਰਮ ਹੈ"। ਹਿੰਦੂਵਾਦ ਦੀ ਪ੍ਰਾਚੀਨਤਾ ਨੂੰ ਸਿੱਧ ਕਰਨ ਲਈ ਉਹ ਆਦਿ-ਧਰਮ ਨੂੰ ਸਨਾਤਨ ਧਰਮ ਵਜੋਂ ਪ੍ਰਚਾਰਦੇ ਹਨ। ਹਿੰਦੂਵਾਦੀ ਤਾਕਤਾਂ ਨੇ ਆਦਿ-ਧਰਮ ਨੂੰ ਸਨਾਤਨ ਧਰਮ ਦਾ ਨਾਂਅ ਦੇ ਕੇ ਹਿੰਦੂਵਾਦ ਦਾ ਨਵੀਨੀਕਰਨ ਕੀਤਾ ਹੈ। ਉਹ ਹੁਣ ਸਨਾਤਨ ਧਰਮ ਨੂੰ ਹਿੰਦੂਵਾਦ ਦਾ ਮੁੱਢਲਾ ਸਰੂਪ ਦੱਸਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਹਿੰਦੂਵਾਦ ਸਭ ਵਿਲੱਖਣਤਾਵਾਂ ਨੂੰ ਆਪਣੇ ਵਿੱਚ ਸੰਮਿਲਤ ਕਰਨ ਦੀ ਸਮਰੱਥਾ ਰੱਖਦਾ ਹੈ।

ਹਿੰਦੂ ਰਾਸ਼ਟਰ ਦੇ ਮੁਦਈ ਆਰ.ਐੱਸ.ਐੱਸ. ਦੇ ਮੌਜੂਦਾ ਮੁਖੀ 'ਮੋਹਨ ਭਾਗਵਤ' ਤਾਂ ਐਲਾਨੀਆ ਕਹਿ ਰਿਹਾ ਹੈ ਕਿ ਹਿੰਦੂ ਧਰਮ (ਸਨਾਤਨ ਧਰਮ) ਦੇ ਵਿੱਚ ਹੋਰ ਪੰਥਾਂ ਨੂੰ ਹਜ਼ਮ ਕਰ ਜਾਣ ਦੀ ਤਾਕਤ ਹੈ। ਇਹ ਹਾਜ਼ਮਾ ਥੋੜਾ ਵਿਗੜ ਗਿਆ ਸੀ ਜਿਸ ਦੇ ਸਿੱਟੇ ਅਸੀਂ ਭੁਗਤ ਰਹੇ ਹਾਂ।

ਹਿੰਦੂ ਧਰਮ ਵਿੱਚ ਦੂਜਿਆਂ ਨੂੰ ਸੰਮਿਲਤ ਕਰਨ ਦਾ ਹਾਜ਼ਮਾ ਹੁਣ ਦਰੁਸਤ ਕੀਤਾ ਜਾ ਰਿਹਾ ਹੈ (ਪ੍ਰਿੰਟ ਮੀਡੀਏ ਵਿੱਚ ਛਪਿਆ ਮੋਹਨ ਭਾਗਵਤ ਦਾ ਇੱਕ ਬਿਆਨ)।

ਮਨਜਿੰਦਰ ਸਿੰਘ ਸਿਰਸਾ, ਮੋਹਨ ਭਾਗਵਤ ਦੇ ਉਕਤ ਏਜੰਡੇ ਨੂੰ ਪੂਰਾ ਕਰਨ ਲਈ ਹਮੇਸ਼ਾਂ ਪੱਬਾਂ ਭਾਰ ਹੋਇਆ ਰਹਿੰਦਾ ਹੈ। "ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਹਿੰਦੂਤਵ ਦੇ ਦੋ ਨਿਸ਼ਾਨੇ ਹਨ:- ਰਾਜਸੀ ਤਾਕਤ ਨਾਲ਼ ਪਹਿਲਾਂ ਛੋਟੀਆਂ ਪਛਾਣਾਂ ਦੀ ਵਿਲੱਖਣ ਪਛਾਣ ਨੂੰ ਖ਼ਤਮ ਕਰਨਾ, ਦੂਸਰਾ ਜਿਹੜੀ ਪਛਾਣ ਇਸ ਦੇ ਦਾਇਰੇ ਵਿੱਚ ਨਹੀਂ ਆਉਂਦੀ ਉਸ ਵਿਰੁੱਧ ਤੁਅਸਬ (ਜ਼ਹਿਰ) ਭਰ ਕੇ ਅਤੇ ਹਰ ਹੀਲਾ ਵਰਤ ਕੇ ਉਸ ਨੂੰ ਪੂਰੀ ਤਰ੍ਹਾਂ ਨਿੱਸਲ ਕਰ ਦੇਣਾ ਤਾਂ ਕਿ ਉਹ ਆਪਣਾ ਸਿਰ ਨਾ ਚੁੱਕ ਸਕੇ।" ਸਤਾਰਵੀਂ, ਅਠਾਰਵੀਂ ਸਦੀ ਦੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਸ਼ਾਸ਼ਨਕਾਲ ਦੇ ਹਵਾਲੇ ਨਾਲ਼ ਸਿੱਖ-ਮੁਸਲਿਮ ਭਾਈਚਾਰੇ ਵਿੱਚ ਦਰਾੜ ਪਾਉਣੀ, ਦਲਿਤਾਂ ਨੂੰ ਗੁੰਮਰਾਹ ਕਰ ਕੇ ਸਿੱਖ ਕੌਮ ਦੇ ਵਿਰੁੱਧ ਭੁਗਤਾਉਣਾ ਤੇ ਸਿੱਖਾਂ ਨੂੰ ਸਿੱਖਾਂ ਨਾਲ਼ ਹੀ ਲੜਾਉਣਾ ਹੀ ਆਰ. ਐੱਸ. ਐੱਸ. ਤੇ ਭਾਜਪਾ ਦਾ ਮੁੱਖ ਮਿਸ਼ਨ ਹੈ। ਮਨਜਿੰਦਰ ਸਿੰਘ ਸਿਰਸਾ ਵਰਗੇ ਤੇ ਹੋਰ ਵਿਕਾਊ ਸਿੱਖਾਂ ਦੀ ਮਦਦ ਨਾਲ਼ ਕਿਸੇ ਹਦ ਤਕ ਉਹਨਾਂ (ਆਰ. ਐੱਸ. ਐੱਸ. ਤੇ ਭਾਜਪਾ) ਨੇ ਆਪਣਾ ਇਹ ਮਿਸ਼ਨ ਪੂਰਾ ਕਰ ਲਿਆ ਹੈ।

ਜਿੱਥੋਂ ਤਕ ਔਰੰਗਜ਼ੇਬ ਦਾ ਸਿੱਖ ਇਤਿਹਾਸ ਨਾਲ਼ ਸਬੰਧ ਹੈ ਉਸ ਨੂੰ ਸ. ਗੁਰਤੇਜ ਸਿੰਘ ਜੀ ਨੇ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤਾ ਹੈ ਕਿ "ਔਰੰਗਜ਼ੇਬ, ਗੁਰੂ ਦਾ ਕਾਤਲ, ਹਿੰਦ ਦੀ ਅਣਖ਼ ਦਾ ਕਾਤਲ, ਮਨੁੱਖ ਦੀ ਧਾਰਮਿਕ-ਰਾਜਸੀ ਅਜ਼ਾਦੀ ਦਾ ਕਾਤਲ, ਜ਼ਾਲਮ ਤਾਨਾਸ਼ਾਹ ਸੀ। ਜਿੰਨੀ ਦੇਰ ਉਹ ਜਿਊਂਦਾ ਸੀ ਅਸੀਂ ਉਸ ਨਾਲ ਦੁਸ਼ਮਣੀ ਦੀ ਰੀਤ ਬਾਖ਼ੂਬੀ ਨਿਭਾਈ। ਅਸੀਂ 'ਰਣਜੀਤ ਨਗਾਰਾ' ਬਣ ਕੇ ਉਸ ਦੀਆਂ ਰਾਤਾਂ ਦੀ ਨੀਂਦ ਹਰਾਮ ਕਰਦੇ ਰਹੇ। ਅਸੀਂ ਉਸ ਦੇ ਘੋੜਿਆਂ ਦੇ ਸੁੰਬਾਂ ਹੇਠ ਦੋਜ਼ਖ਼ ਦੀ ਅੱਗ ਬਾਲ਼ੀ। ਅੰਤ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ (ਜਿੱਤ ਦੀ ਚਿੱਠੀ) ਲਿਖਿਆ ਤੇ ਔਰੰਗਜ਼ੇਬ ਸ਼ਿਕਸ਼ਤਨਾਮਾ (ਹਾਰ ਮੰਨ ਲੈਣੀ) ਲਿਖ ਕੇ ਮਰ ਗਿਆ। ਅੱਜ ਉਸ ਨੂੰ ਕਬਰਾਂ ਵਿੱਚ ਸੁੱਤੇ ਨੂੰ ਸਦੀਆਂ ਹੋ ਗਈਆਂ ਹਨ। ਉਸ ਦੀਆਂ ਹੱਡੀਆਂ ਤੇ ਜਿਸਮ ਨੂੰ ਕਿਰਮ ਖਾ ਚੁੱਕੇ ਹਨ। ਕਿਆਮਤ ਦੇ ਦਿਨ ਜਦੋਂ ਉਹ ਉੱਠੇਗਾ ਤਾਂ ਉਸ ਦੇ ਪੈਗੰਬਰ ਨੇ ਵੀ ਉਸ ਵੱਲ ਪਿੱਠ ਮੋੜ ਲੈਣੀ ਹੈ। ਇਹ ਇੰਤਜ਼ਾਮ ਵੀ ਦਸਮੇਸ਼ ਦੇ ਨੀਂਹਾਂ ਵਿੱਚ ਚਿਣੀਂਦੇ ਬਾਲ ਸਾਹਿਬਜ਼ਾਦੇ ਕਰ ਚੁੱਕੇ ਹਨ। ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਜ਼ਫ਼ਰ ਨੇ ਸਾਹਿਬ ਕਲਗੀਧਰ ਨੂੰ ਸੰਕੇਤਕ ਤੌਰ 'ਤੇ ਤਖ਼ਤ ਉੱਤੇ ਬਿਠਾ ਕੇ ਹਜ਼ਰਤ ਅਲੀ ਦਾ ਖੰਡਾ ਉਹਨਾਂ ਨੂੰ ਭੇਂਟ ਕਰਕੇ ਉਸ ਦੇ ਗੁਨਾਹਾਂ ਦੀ ਮੁਆਫ਼ੀ ਮੰਗ ਲਈ ਸੀ (ਨੋਟ: ਹਜ਼ਰਤ ਅਲੀ ਦਾ ਖੰਡਾ ਜਿਹੜਾ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਂਟ ਕੀਤਾ ਸੀ ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਵਾਲ਼ੇ ਦਿਨ ਸੰਗਤਾਂ ਨੂੰ ਵਿਖਾਇਆ ਜਾਂਦਾ ਹੈ)।"

ਹੁਣ ਸਾਡੀ ਔਰੰਗੇ ਤੁਰਕੜੇ ਨਾਲ਼ ਕੋਈ ਦੁਸ਼ਮਣੀ ਨਹੀਂ। ਪਿਛਲੇ ਸਮਿਆਂ ਵਿੱਚ ਨਾਦਰਸ਼ਾਹੀ ਤਰਜ਼ ਉੱਤੇ ਸਿੱਖਾਂ ਦਾ ਦਿੱਲੀ ਵਿੱਚ ਕਤਲੇਆਮ ਕਰ ਕੇ ਅਜੋਕੇ ਸਾਮਰਾਜ ਨੇ ਮੁਗ਼ਲੀਆ ਸਲਤਨਤ ਵਿਰੁੱਧ ਸਾਡੇ ਸਾਰੇ ਗਿਲ਼ੇ ਸ਼ਿਕਵੇ ਤਕਰੀਬਨ ਭੁਲਾ ਦਿੱਤੇ ਹਨ। ਨੌਰੰਗੇ (ਔਰੰਗਜ਼ੇਬ) ਦੀ ਸਿੱਖ ਦੁਸ਼ਮਣੀ ਦੇ ਬਾਵਜੂਦ ਖ਼ਾਲਸੇ ਦੀ ਮਾਤਾ ਭਾਈ ਮਨੀ ਸਿੰਘ, ਭਾਈ ਨੰਦ ਲਾਲ, ਦਿੱਲੀ ਵਿੱਚ ਮਹਿਫ਼ੂਜ਼ ਸਨ। ਚੁਰਾਸੀ ਵਿੱਚੋਂ ਗੁਜ਼ਰਦੇ ਅਸੀਂ ਹੁਣ ਇਹ ਦਾਅਵਾ ਨਹੀਂ ਕਰ ਸਕਦੇ, ਅਸੀਂ ਬਤੌਰ ਸਿੱਖ, ਦਿੱਲੀ ਵਿੱਚ ਮਹਿਫ਼ੂਜ਼ ਹਾਂ ਤੇ ਸਾਡੀ ਇੱਜ਼ਤ ਸਭ ਦੀ ਇੱਜ਼ਤ ਹੈ ਜਿਵੇਂ ਕਿ ਉਹਨਾਂ ਦੀ ਇੱਜ਼ਤ ਸਾਡੀ ਇੱਜ਼ਤ ਹੁੰਦੀ ਸੀ। ਜਿੱਥੋਂ ਤਕ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਸੁਆਲ ਹੈ, ਉਹਨਾਂ ਦੀ ਸ਼ਹਾਦਤ ਵਿਸ਼ਵ ਭਰ ਦੇ ਧਰਮਾਂ ਦੀ ਧਾਰਮਿਕ ਅਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹੋਈ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਕੇਵਲ ਹਿੰਦ ਦੀ ਚਾਦਰ ਹੀ ਨਹੀਂ, ਸਗੋਂ ਵਿਸ਼ਵ ਵਿਆਪੀ ਧਰਮਾਂ ਦੀ ਧਰਮ ਦੀ ਚਾਦਰ ਹਨ। ਇਸ ਦਾ ਵਰਨਣ ਕਵੀ ਸੈਨਾਪਤੀ ਰਚਿਤ ਸ੍ਰੀ ਗੁਰੂ ਸੋਭਾ ਦੇ ਪੰਨਾ 65 ਉੱਤੇ ਇਹਨਾਂ ਸ਼ਬਦਾਂ ਵਿੱਚ ਕੀਤਾ ਹੈ ਕਿ "ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟ ਪੈ ਢਾਪੀ ਚਾਦਰ। ਕਰਮ ਧਰਮ ਕੀ ਜਿਨ ਪਤਿ ਰਾਖੀ। ਅਟਲ ਕਰੀ ਕਲਯੁਗ ਮੈ ਸਾਖੀ। ਸਗਲ ਸ੍ਰਿਸ਼ਟ ਜਾ ਕਾ ਜਸ ਭਯੋ, ਜਿਹ ਤੇ ਸਰਬ ਧਰਮ ਬੰਚਯੋ। ਤੀਨ ਲੋਕ ਮੈ ਜੈ ਜੈ ਭਈ, ਸਤਿਗੁਰ ਪੈਜ ਇਮ ਰੱਖ ਲਈ।"

ਉਕਤ ਹਵਾਲਾ ਪੜ੍ਹਨ ਤੋਂ ਬਾਅਦ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਮੁੱਚੇ ਧਰਮਾਂ ਦੀ ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਹੋਈ ਸੀ, ਨਾ ਕਿ ਕੇਵਲ ਹਿੰਦੂ ਧਰਮ ਨੂੰ ਹੀ ਬਚਾਉਣ ਲਈ, ਕਿਉਂਕਿ ਹਿੰਦੂ ਧਰਮ ਦੀ ਤਾਂ ਕੋਈ ਪਰਿਭਾਸ਼ਾ ਹੀ ਨਹੀਂ ਹੈ ਤੇ ਨਾ ਹੀ 'ਹਿੰਦੂ ਸ਼ਬਦ' ਹਿੰਦੂਆਂ ਦੇ ਕਿਸੇ ਧਰਮ ਗ੍ਰੰਥ ਵਿੱਚੋਂ ਮਿਲਦਾ ਹੈ।

ਆਰ. ਐੱਸ. ਐੱਸ. ਤੇ ਭਾਜਪਾ ਨੂੰ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਿੱਖ ਕੌਮ ਨਾਲ਼ ਕੋਈ ਹੇਜ ਨਹੀਂ ਹੈ। ਹੁਣ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗ੍ਰੰਥ ਸਰੂਪ ਹੋ ਕੇ ਉਹਨਾਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ ਜਿਨ੍ਹਾਂ ਦੀ ਬੇ-ਹੁਰਮਤੀ ਕਰਨਾ, ਢਾਹੁਣਾ ਏਸ ਜਮਾਤ ਤੋਂ ਪ੍ਰਭਾਵਿਤ ਮਾਨਸਿਕਤਾ ਦਾ ਖ਼ਾਸ ਤੌਰ ਉੱਤੇ ਪ੍ਰਮੁੱਖ ਕਰਮ ਰਿਹਾ ਹੈ। ਇਹਨਾਂ ਨੇ ਕਦੇ ਉਸ ਵਰਤਾਰੇ ਦੀ ਨਿਖੇਧੀ ਨਹੀਂ ਕੀਤੀ, ਜਿਸ ਅਧੀਨ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਸਿਲਸਿਲੇਵਾਰ ਸਾੜਿਆ ਜਾ ਰਿਹਾ ਹੈ। ਗੁਰੂ ਤੇਗ ਬਹਾਦਰ ਸਾਹਿਬ ਅੱਜ ਖ਼ਾਲਸਾ ਸਰੂਪ ਹੋ ਕੇ ਹਰ ਸਿੱਖ ਦੇ ਸਰੂਪ ਵਿੱਚ ਦੀਦਾਰੇ ਦੇ ਰਿਹਾ ਹੈ। ਪਰ ਹਿੰਦੂਤਵੀ ਤਾਕਤਾਂ ਗੁਰੂ ਤੇਗ ਬਹਾਦਰ ਸਾਹਿਬ ਦੇ ਖ਼ਾਲਸਾ ਸਰੂਪ ਨੂੰ ਹਮੇਸ਼ਾਂ ਮਲੀਆਮੇਟ ਕਰਨਾ ਚਾਹੁੰਦੀਆਂ ਹਨ।

ਅੰਤ ਵਿੱਚ ਮਨਜਿੰਦਰ ਸਿੰਘ ਸਿਰਸਾ ਨੂੰ ਇੱਕ ਹੋਰ ਗੱਲ ਦੱਸਣੀ ਬਹੁਤ ਜ਼ਰੂਰੀ ਹੈ ਕਿ ਅਕਾਲ ਤਖ਼ਤ ਸਾਹਿਬ 'ਤੇ ਸੰਨ 1984 ਨੂੰ ਭਾਰਤ ਸਰਕਾਰ ਵੱਲੋਂ ਤੋਪਾਂ-ਟੈਂਕਾਂ ਨਾਲ਼ ਕੀਤਾ ਹਮਲਾ ਤੇ ਨਵੰਬਰ 1984 ਨੂੰ ਦਿੱਲੀ, ਸਮੇਤ ਹੋਰ ਵੀ ਕਈ ਸੂਬਿਆਂ 'ਚ ਸਿੱਖਾਂ ਦਾ ਸਮੂਹਿਕ ਕਤਲੇਆਮ, ਭਾਵ ਨਸਲਕੁਸ਼ੀ, ਕਾਂਗਰਸ, ਭਾਜਪਾ ਅਤੇ ਆਰ. ਐੱਸ. ਐੱਸ. ਦੀ ਮਿਲੀਭੁਗਤ ਨਾਲ਼ ਹੋਈ ਹੈ।

1984 ਦੇ ਸਿੱਖ ਕਲਤੇਆਮ ਵਿੱਚ ਆਰ. ਐੱਸ. ਐੱਸ. ਦੀ ਭੂਮਿਕਾ ਬਾਰੇ ਦੱਸਣ ਲਈ ਇੱਕੋ ਹਵਾਲਾ ਹੀ ਕਾਫ਼ੀ ਹੋਵੇਗਾ ਕਿ ਆਰ. ਐੱਸ. ਐੱਸ. ਦੇ ਪ੍ਰਮੁੱਖ ਕਾਰਕੁੰਨ ਲਾਲਾ ਦੇਸ਼ ਮੁੱਖ ਨੇ ਹਿੰਦੀ ਸਪਤਾਹਿਕ ਪੱਤ੍ਰਿਕਾ 'ਪ੍ਰਤੀਪਕਸ਼' ਦੇ 25 ਨਵੰਬਰ 1984 ਦੇ ਸੰਸਕਰਣ ਵਿੱਚ 'ਇੰਦਰਾ ਕਾਂਗਰਸ-ਆਰ. ਐੱਸ. ਐੱਸ. ਗੱਠਜੋੜ' ਸਿਰਲੇਖ ਹੇਠ ਇੱਕ ਦਸਤਾਵੇਜ਼ ਛਾਪਿਆ ਸੀ ਕਿ ਇਹ ਅਜਿਹਾ ਦਸਤਾਵੇਜ਼ ਹੈ ਜਿਹੜਾ ਨਵੰਬਰ 1984 ਨੂੰ ਸਿੱਖਾਂ ਦੀ ਹੋਈ ਨਸਲਕੁਸ਼ੀ ਦੇ ਕਈ ਪਹਿਲੂਆਂ 'ਤੇ ਰੌਸ਼ਨੀ ਪਾਉਂਦਾ ਹੈ। ਇਸ ਲੇਖ ਵਿੱਚ ਆਰ. ਐੱਸ. ਐੱਸ. ਦੇ ਕਾਰਕੁੰਨ ਲਾਲਾ ਦੇਸ਼ ਮੁੱਖ ਨੇ ਲਿਖਿਆ ਸੀ ਕਿ ਜਦੋਂ ਹਿੰਦੂ ਭੀੜਾਂ ਸਿੱਖਾਂ ਨੂੰ ਮਾਰ ਰਹੀਆਂ ਸਨ ਤਾਂ ਸਿੱਖਾਂ ਨੂੰ ਆਪਣੇ ਬਚਾਅ ਲਈ ਕੁਝ ਨਹੀਂ ਕਰਨਾ ਚਾਹੀਦਾ ਸੀ, ਬਲਕਿ ਕਾਤਲ ਭੀੜਾਂ ਪ੍ਰਤੀ ਧੀਰਜ ਅਤੇ ਸਬਰ ਦਾ ਪ੍ਰਗਟਾਵਾ ਕਰਨਾ ਚਾਹੀਦਾ ਸੀ।

ਅਜਿਹੀ ਮਾਨਸਿਕਤਾ ਵਾਲ਼ੀ ਆਰ. ਐੱਸ. ਐੱਸ. ਦੇ ਪ੍ਰਚਾਰਕ ਮਨਜਿੰਦਰ ਸਿੰਘ ਸਿਰਸਾ ਕੋਲ਼ੋਂ ਦਾਸ ਪੁੱਛਣਾ ਚਾਹੁੰਦਾ ਹੈ ਕਿ ਮੁਲਕ ਨੂੰ ਮਨੂੰ ਸਿਮਰਤੀ ਦੇ ਵਿਧਾਨ ਅਨੁਸਾਰ ਚਲਾਉਣ ਵਾਲ਼ੀ ਮੌਜੂਦਾ ਭਾਜਪਾ ਸਰਕਾਰ ਦੀ ਤਾਨਾਸ਼ਾਹੀ ਤੇ ਔਰੰਗਜ਼ੇਬ ਦੀ ਤਾਨਾਸ਼ਾਹੀ ਵਿੱਚ ਕੀ ਫ਼ਰਕ ਹੈ ? ਦੂਸਰਾ ਸੁਆਲ ਹੈ ਕਿ ਕੀ ਮਨਜਿੰਦਰ ਸਿੰਘ ਸਿਰਸਾ, ਅਕਾਲ ਤਖ਼ਤ ਢਾਹੁਣ ਵਾਲ਼ੀ ਇੰਦਰਾ ਗਾਂਧੀ ਤੇ ਸਿੱਖਾਂ ਦੀ ਨਸਲਕੁਸ਼ੀ ਕਰਾਉਣ ਵਾਲ਼ੇ ਰਾਜੀਵ ਗਾਂਧੀ ਦੇ ਪੰਜਾਬ ਵਿੱਚ ਲੱਗੇ ਹੋਏ ਬੁੱਤਾਂ ਉੱਤੇ ਕਾਲਖ਼ ਪੋਚਣ ਦੀ ਹਿੰਮਤ ਕਰ ਸਕੇਗਾ?

ਜੇ ਅਕਾਲੀ ਭਾਜਪਾ ਗੱਠਜੋੜ ਸਿੱਖ ਪੰਥ ਪ੍ਰਤੀ ਹਮਦਰਦੀ ਰੱਖਦਾ ਹੁੰਦਾ ਤਾਂ ਪੰਜਾਬ ਵਿੱਚ ਅਕਾਲ ਤਖਤ ਢਾਹੁਣ ਵਾਲੀ ਇੰਦਰਗਾਂਧੀ ਤੇ ਰਾਜੀਵ ਗਾਂਧੀ ਦੇ, ਸਿੱਖਾਂ ਦੀ ਹਿੱਕ ਉੱਤੇ ਪੰਜਾਬ ਵਿਚੋਂ ਬੁੱਤ ਨਹੀਂ ਸਨ ਲੱਗਣੇ ।

# ਸਿੱਖ ਸ਼ਹੀਦਾਂ ਦੀ ਯਾਦ ਵਿੱਚ ਕਰਵਾਇਆ 60ਵਾਂ ਬ੍ਰਮਿੰਘਮ ਕਬੱਡੀ ਟੂਰਨਾਮੈਂਟ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਨੇ ਜਿੱਤਿਆ ਟੈਲਫੋਰਡ ਉੱਪ ਜੇਤੂ ਰਹੀ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਜੋ ਅਗਲੀਆਂ ਪੀੜੀਆਂ ਨੂੰ ਆਪਣੇ ਸਵੈਮਾਣ ਦੀ ਰੱਖਿਆ ਕਰਦਿਆਂ ਅਣਖ ਅਤੇ ਗੈਰਤ ਨਾਲ ਜਿੰਦਗੀ ਜਿਉਣ ਦਾ ਢੰਗ ਸਿਖਾਉਂਦੇ ਹਨ। ਸਿੱਖ ਕੌਮ ਦੁਨੀਆਂ ਦੀ ਅਜੇਹੀ ਕੌਮ ਹੈ ਜਿਸ ਦੇ ਖਿੱਤੇ ਦੇ ਚੱਪੇ ਚੱਪੇ ਤੇ ਸ਼ਹੀਦਾਂ ਦਾ ਲਹੂ ਡੁੱਲਿਆ ਹੋਇਆ ਹੈ ਅਤੇ ਸਾਲ ਦੇ 365 ਦਿਨਾਂ 'ਚੋਂ ਸ਼ਾਇਦ ਇੱਕ ਵੀ ਅਜੇਹਾ ਦਿਨ ਨਹੀਂ ਹੋਵੇਗਾ ਜਦੋਂ ਕਿਸੇ ਯੋਧੇ ਨੇ ਦੇਸ਼, ਕੌਮ ਜਾਂ ਕਿਸੇ ਦੂਜੇ ਲਈ ਕੁਰਬਾਨੀ ਨਾ ਦਿੱਤੀ ਹੋਵੇ। ਇਸੇ ਲਈ ਰੋਜ਼ਾਨਾ ਹੀ ਸਿੱਖ ਕੌਮ ਆਪਣੇ ਸ਼ਹੀਦਾਂ ਨੂੰ ਅਰਦਾਸ ਦੇ ਰੂਪ ਵਿੱਚ ਯਾਦ ਕਰਦੀ ਹੈ। ਗੁਰੂ ਕਾਲ ਤੋਂ ਸ਼ੁਰੂ ਹੋਇਆ ਸ਼ਹੀਦੀਆਂ ਦਾ ਸਿਲਸਲਾ ਅੱਜ ਵੀ ਜਾਰੀ ਹੈ।

ਸਿੱਖ ਕੌਮ ਨੇ ਕਦੇ ਵੀ ਆਪਣੇ ਸ਼ਹੀਦਾਂ ਨੂੰ ਭੁਲਾਇਆ ਨਹੀਂ ਭਾਵੇਂ ਸ਼ਹੀਦੀ ਗੁਰੂ ਅਰਜਨ ਦੇਵ ਜੀ ਹੋਵੇ ਭਾਵੇਂ 1984 ਤੋਂ ਬਾਅਦ ਦੇ ਝੂਠੇ ਮੁਕਾਬਲੇ ਜਾਂ ਨਵੰਬਰ 84 ਦੀ ਨਸਲਕੁਸ਼ੀ। ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਹੀ ਬ੍ਰਮਿੰਘਮ ਦਾ ਕਬੱਡੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਜਿਸ ਨੂੰ 1984 ਤੋਂ ਬਾਅਦ ਬੰਦ ਕਰਨ, ਬੀ ਬੀ ਸੀ ਵੱਲੋਂ ਕਵਰੇਜ਼ ਨਾ ਕਰਨ ਦੀਆਂ ਹਦਾਇਤਾਂ ਅਤੇ ਇਸ ਟੂਰਨਾਮੈਂਟ ਤੇ ਨਜ਼ਰ ਰੱਖਣ ਵਰਗੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਹੁਕਮ ਜਾਰੀ ਕੀਤੇ ਹੋਣ। ਜੋ ਵੀ ਹੈ ਅੱਜ ਵੀ ਸਿੱਖ ਕੌਮ ਚੜ੍ਹਦੀ ਕਲਾ ਵਿੱਚ ਰਹਿ ਕੇ ਆਪਣੇ ਵਿਰਸੇ ਨੂੰ ਸੰਭਾਲਣ ਦਾ ਯਤਨ ਕਰ ਰਹੀ ਹੈ।

ਗਿਆਨੀ ਜੋਗਿੰਦਰ ਸਿੰਘ ਨੇ ਆਰੰਭਤਾ ਦੀ ਅਰਦਾਸ ਕੀਤੀ। ਉਪਰੰਤ ਬ੍ਰਮਿੰਘਮ ਕਬੱਡੀ ਟੂਰਨਾਮੈਂਟ ਦੀ ਸ਼ੁਰੂਆਤ ਹੋਈ। ਮੇਲੇ ਦੇ ਪ੍ਰਬੰਧਕ ਹਰਨੇਕ ਸਿੰਘ ਨੇਕਾ ਮੈਰੀਪੁਰ ਨੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਸ: ਪ੍ਰਮਜੀਤ ਸਿੰਘ ਢਿਲੋਂ, ਜਸਵਿੰਦਰ ਸਿੰਘ ਬਾਂਕਾ, ਮਲਕੀਤ ਸਿੰਘ ਤੇਹਿੰਗ, ਤਰਸੇਮ ਸਿੰਘ ਛੋਕਰ ਸਮੇਤ ਬਹੁਤ ਸਾਰੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਅਤੇ ਸੇਵਾਦਾਰ ਟੂਰਨਾਮੈਂਟ ਤੇ ਵਿਸ਼ੇਸ਼ ਹਾਜ਼ਰੀ ਭਰਨ ਲਈ ਪਹੁੰਚੇ। ਪ੍ਰੈੱਸ ਪ੍ਰਧਾਨ ਜਤਿੰਦਰ ਸਿੰਘ ਬਾਸੀ ਇਸ ਵਾਰ ਹਾਜ਼ਰ ਨਹੀਂ ਹੋ ਸਕੇ। ਬੀਤੇ ਦਿਨੀ ਉਹਨਾਂ ਦੇ ਦਾਦੀ ਜੀ ਅਚਾਨਕ ਅਕਾਲ ਚਲਾਣਾ ਕਰ ਗਏ ਸਨ। ਵਾਹਿਗੁਰੂ ਅੱਗੇ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

ਮੇਲੇ ਦੇ ਪ੍ਰਬੰਧਕਾਂ ਹਰਨੇਕ ਸਿੰਘ ਨੇਕਾ ਮੈਰੀਪੁਰ, ਸੁਰਜੀਤ ਸਿੰਘ ਪੁਰੇਵਾਲ, ਬਲਵਿੰਦਰ ਸਿੰਘ ਦੂਲੇ, ਸੁਖਦੇਵ ਸਿੰਘ ਸਿੱਧੂ, ਪਿੰਦੂ ਜੌਹਲ, ਅਮਰੀਕ ਸਿੰਘ ਮੀਕਾ ਵੱਲੋਂ ਅਣਥੱਕ ਮੇਹਨਤ ਕਰਕੇ ਸੈਂਡਵੈਲ ਵੈਲੀ ਕੰਟਰੀ ਪਾਰਕ ਦੇ ਨੁੱਕੜ ਵਿੱਚ ਉੱਚੀਆਂ ਸਟੇਜ਼ਾਂ ਲਗਾ ਕੇ ਵਿਚਕਾਰ ਗਰਾਉਂਡ ਬਣਾਈ ਹੋਈ ਸੀ। ਹਰੇ ਹਰੇ ਘਾਹ ਤੇ ਜਿੱਥੇ ਖਿਡਾਰੀਆਂ ਨੂੰ ਨਜ਼ਾਰਾ ਆਇਆ, ਉੱਥੇ











ਦਰਸ਼ਕ ਵੀ ਖੁਸ਼ ਸਨ। ਦਰਸ਼ਕਾਂ ਦੇ ਹੜ੍ਹ ਕਾਰਨ ਪ੍ਰਬੰਧਕ ਵੀ ਬਾਗੋ ਬਾਗ ਸੀ। ਗਰਾਉਂਡ ਨੂੰ ਵੇਖ ਕੇ ਸਪਸ਼ਟ ਪਤਾ ਲੱਗਦਾ ਸੀ ਕਿ ਪ੍ਰਬੰਧਕਾਂ ਨੇ ਦਿਲ ਲਾ ਕੇ ਮੇਹਨਤ ਨਾਲ ਗਰਾਉਂਡ ਤਿਆਰ ਕੀਤਾ ਹੈ।

ਇਸ ਮੌਕੇ ਬਾਬਾ ਫੌਜਾ ਸਿੰਘ, ਸੁੱਖੀ ਨਿਊਕਾਸਲ, ਘੁੱਗਾ ਸ਼ੰਕਰੀਆ, ਕੇਵਲ ਪਾਸਲਾ ਅਤੇ ਭਜੀ ਖੀਰਾਂਵਾਲੀ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਪਹਿਲੇ ਮੈਚ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੇ ਮੌੜ ਕਬੱਡੀ ਕਲੱਬ ਨੂੰ 33/25.5 ਅੰਕਾਂ ਦੇ ਫਰਕ ਨਾਲ ਹਰਾਇਆ ਅਤੇ ਦੂਜੇ ਮੈਚ ਵਿੱਚ ਮਿਡਲੈਂਡ ਕਬੱਡੀ ਕਲੱਬ ਨੇ ਲੰਡਨ ਟਾਈਗਰ ਨੂੰ ਮਾਤ ਦਿੱਤੀ।

ਈਰਥ ਵੂਲਿਚ/ਸਾਊਥਾਲ ਅਤੇ ਹੇਜ਼ ਵਿਚਕਾਰ ਹੋਏ ਵੱਡੀਆਂ ਟੀਮਾਂ ਦੇ ਪਹਿਲੇ ਮੈਚ ਵਿੱਚ ਖੂਬ ਰੌਣਕਾਂ ਲੱਗੀਆਂ, ਜੱਗਾ ਮੂਲੇਵਾਲ ਖਹਿਰਾ ਨੇ ਗੁਰਪ੍ਰੀਤ ਵਰ੍ਹੇ ਸਾਹਬ ਨੂੰ ਕਮਾਲ ਦਾ ਜੱਫਾ ਲਾਇਆ ਅਤੇ ਧਾਕੜ ਵੀ ਖੂਬ ਧੱਕ ਪਾਉਂਦਾ ਰਿਹਾ, ਰੌਕੂ ਭੁੱਲਰ, ਚੱਕੀ ਰਾਮਦਾਸ, ਬਿੱਕਾ, ਮੱਖੀ, ਸੁਨੀਲ ਨੇ ਹੇਜ਼ ਡਰਬੀ ਦੇ ਇੰਦੂ ਰੁੜਕਾ, ਅਰਸ਼ ਬਰਨਾਲਾ, ਬਿੱਲਾ, ਇੰਦਰ ਤਲਵੰਡੀ ਅਤੇ ਸਾਥੀਆਂ ਤੋਂ 39/33.5 ਅੰਕਾਂ ਨਾਲ ਜਿੱਤ ਦਰਜ਼ ਕੀਤੀ। ਹਰਜਿੰਦਰ ਬੋਈ, ਕੁਲਵਿੰਦਰ ਛੋਕਰ ਭਾਵੇਂ 50 ਪੌਂਡ ਦਾ ਜੱਫਾ ਲਾ ਕੇ ਖਿਡਾਰੀਆਂ ਨੂੰ ਹੌਂਸਲਾ ਦੇ ਰਹੇ ਸੀ, ਪਰ ਬਲਜਿੰਦਰ ਭਿੰਡਰ, ਕੱਬੂ ਦੀ ਟੀਮ ਅੱਗੇ ਨਾ ਵਧ ਸਕੀ, ਕੰਮਾ ਔਜਲਾ, ਜੱਸੀ ਅਤੇ ਸਾਥੀ ਬਾਗੋ ਬਾਗ ਸਨ ਕੇ ਪਹਿਲਾ ਮੋਰਚਾ ਫਤਹਿ ਕਰ ਲਿਆ।

ਗ੍ਰੇਵਜ਼ੈਂਡ/ਬਾਰਕਿੰਗ ਨੇ ਲੈਸਟਰ/ਬਰੈਡਫੋਰਡ ਨੂੰ 32/28.5 ਅੰਕਾਂ ਨਾਲ ਹਰਾਇਆ। ਇਸ ਮੈਚ ਵਿੱਚ ਗੱਗੀ ਚੱਕ ਦੇਸ ਰਾਜ ਵਾਲੇ ਨੇ ਜਾਂਗਪੁਰੀਏ ਨੂੰ ਥੰਮਿਆ, ਸੋਹਣ ਨੇ ਦੋ, ਬੂਟੇ ਨੇ 2, ਰਾਜਾ ਪੱਧਰੀ ਅਤੇ ਹੁਸ਼ਿਆਰੇ ਨੇ ਇੱਕ ਇੱਕ ਇੱਕ ਜੱਫਾ ਲਾਇਆ। ਦੂਜੇ ਪਾਸੇ ਲੈਸਟਰ/ਬਰੈਡਫੋਰਡ ਵੱਲੋਂ ਹਰਪਾਲ ਨੇ ਇੱਕ ਮਨੀ ਅਤੇ ਲੰਮੇ ਨੇ ਦੋ ਦੋ ਜੱਫੇ ਲਾਏ, ਆਤਿਫ, ਅਜ਼ੀਮ ਚੱਠਾ, ਗੁਰਬਾਜ਼ ਅੱਜ ਫਿਰ ਕੁਲਵੰਤ ਸੰਘਾ, ਦਲਬੀਰ ਸੈਂਹਬੀ, ਸੁਰਿੰਦਰ, ਦਲਬੀਰ ਸਿੱਧੂ ਅਤੇ ਸਾਥੀਆਂ ਨੂੰ ਬਹੁਤਾ ਖੁਸ਼ ਨਹੀਂ ਕਰ ਸਕੇ ਪਰ ਸੱਤਾ ਮੁਠੱਡਾ, ਰਾਜਵਿੰਦਰ ਖਹਿਰਾ, ਕੁਲਵਿੰਦਰ ਸਹੋਤਾ, ਬਾਗੀ, ਰਾਣਾ ਪੱਡਾ, ਪਿੰਦਰ ਭਰੋਲੀ, ਸੁਖਬੀਰ ਬਾਸੀ ਅਤੇ ਸਾਥੀ ਬਾਗੋ ਬਾਗ ਸੀ।

5ਵੇਂ ਮੈਚ ਵਿੱਚ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਨੇ ਬ੍ਰਮਿੰਘਮ/ਕਵੈਂਟਰੀ ਨੂੰ ਸਹਿਜੇ ਹੀ 43/28.5 ਅੰਕਾਂ ਦੇ ਫਰਕ ਨਾਲ ਹਰਾ ਦਿੱਤਾ। ਪ੍ਰਤਾਪ ਕੰਡਿਆਣੇ ਨੇ ਹਿੰਦੇ ਖੀਰਾਂਵਾਲੀ ਨੂੰ ਥਮਿਆ, ਮਨੂੰ, ਸਦੀਕ, ਯੋਧਾ, ਪ੍ਰਦੀਪ ਰਾਓਵਾਲ ਅਤੇ ਸਾਥੀਆਂ ਦੀ ਟੀਮ ਤੋਂ ਇਸ ਵਾਰ ਨੇਕਾ ਮੈਰੀਪੁਰ, ਬਲਵਿੰਦਰ ਦੂਲੇ, ਸੁਖਦੇਵ ਸਿੱਧੂ, ਜੀਤ ਪੁਰੇਵਾਲ, ਮਨਜੀਤ ਢੰਡਾ, ਸਤਨਾਮ ਗਿੱਲ, ਭਜਨ ਸਮਰਾ, ਪਿੰਦੂ ਜੌਹਲ, ਸੁੱਖੀ ਢਿਲੋਂ, ਅਮਰਜੀਤ ਖੰਗੂੜਾ ਬਹੁਤੇ ਖੁਸ਼ ਨਹੀਂ ਸਨ।

ਸੰਦੀਪ ਨੰਗਲ ਅੰਬੀਆਂ ਟੈਲਫੋਰਡ ਨੇ 6ਵੇਂ ਮੈਚ ਵਿੱਚ ਸਲੋਹ/ਇਕਨਹਮ ਨੂੰ 33/31.5 ਅੰਕਾਂ ਨਾਲ ਪੂਰੇ ਮੁਕਾਬਲਾ ਕਰਦਿਆਂ ਹਰਾਇਆ। ਖੁਸ਼ੀ ਦੁੱਗੇ ਦੀ ਤਕੜੀ ਜਾਫ ਨੇ ਇਸ ਮੈਚ ਨੂੰ ਖਿਚਿਆ, ਫੁਲਾ ਸੁਸ਼ਕ, ਸੋਨੀ ਫੱਕਰਝੰਡੇ, ਯੋਧਾ ਸੁਰਖਪੁਰ, ਲੰਬੜ ਪੱਟਾਂ ਤੇ ਥਾਪੀਆਂ ਮਾਰਦੇ, ਕੁਲਵਿੰਦਰ ਦੀ ਠੰਠੇ ਸੁਭਾਅ ਵਾਲੀ ਰੇਡ, ਰਮਨ ਮੱਲੀਆਂ ਦੀ ਪੋਲੀ ਪੋਲੀ ਪੈੜ ਚਾਲ, ਬੂਰੀਏ ਦੀ ਧਮਕ ਅਤੇ ਰਾਕੇਸ਼ ਦੀ ਫੁਰਤੀ ਨੂੰ ਅੱਧੇ ਸਮੇਂ ਤੱਕ ਤਾਂ ਬਿੱਲਾ ਢੋਡਿਆਂਵਾਲਾ, ਗੋਲਾ ਸੰਦਵਾਂ, ਫਰਿਆਦ, ਪੰਕਜ ਬੇਰੀ, ਡੀਲਾ, ਨਿਰਮਲ ਲੋਪੋ ਨੇ ਸਿਰਫ ਅੱਧੇ ਅੰਕ ਨਾਲ ਪਿੱਛੇ ਰਹਿ ਕੇ ਮੁਕਾਬਲਾ ਕੀਤਾ ਪਰ ਬਾਅਦ ਵਿੱਚ ਇਹ ਦੋ ਕੁ ਜੱਫਿਆਂ ਦਾ ਫਰਕ ਪੈ ਗਿਆ, ਪਰ ਮੈਚ ਦਰਸ਼ਕਾਂ ਨੂੰ ਪੂਰਾ ਅਨੰਦਿਤ ਕਰ ਗਿਆ। ਕੁਲਵੰਤ ਚੱਠਾ, ਗੋਗੀ, ਅਮਰਜੀਤ ਲੱਡੂ, ਬਿੰਦਰ, ਤਰਲੋਚਨ ਗਿੱਲ ਇਸ ਗੱਲੋਂ ਤਸੱਲੀ ਪ੍ਰਗਟ ਕਰਦੇ ਸੀ ਕਿ ਮੁੰਡਿਆਂ ਨੇ ਮੁਕਾਬਲਾ ਪੂਰਾ ਕੀਤਾ। ਬਲਵਿੰਦਰ ਚੱਠਾ, ਮੇਸ਼ੀ, ਸੁੱਖੀ ਤਾਂ ਇਸ ਸੀਜ਼ਨ ਵਿੱਚ ਬਾਗੋ ਬਾਗ ਨੇ।

7ਵੇਂ ਮੈਚ ਤੋਂ ਪਹਿਲਾਂ ਅਚਾਨਕ ਖ਼ਬਰ ਮਿਲੀ ਕਿ ਈਰਥ ਵੂਲਿਚ/ਸਾਊਥਾਲ ਦੇ ਜਾਫੀ ਮਨਦੀਪ ਸਿੰਘ ਉਰਫ ਧਾਕੜ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਸਮੁੱਚੀ ਇੰਗਲੈਂਡ ਕਬੱਡੀ ਫੈਡਰੇਸ਼ਨ, ਈਰਥ ਵੂਲਿਚ ਕਬੱਡੀ ਕਲੱਬ ਸਾਊਥਾਲ ਕਬੱਡੀ ਕਲੱਬ ਨੇ ਦੁੱਖ ਦੀ ਘੜੀ ਵਿੱਚ ਮਨਦੀਪ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ, ਟੀਮ ਦਾ ਅਗਲਾ ਮੈਚ ਰੱਦ ਕਰ ਦਿੱਤਾ ਅਤੇ ਸ: ਸੁਰਿੰਦਰ ਸਿੰਘ ਮਾਣਕ ਆਪਣੇ ਖਿਡਾਰੀ ਨੂੰ ਨਾਲ ਲੈ ਕੇ ਚਲੇ ਗਏ ਅਤੇ ਪੰਜਾਬ ਭੇਜਣ ਲਈ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ।

ਪਹਿਲਾ ਸੈਮੀਫਾਈਨਲ 7ਵਾਂ ਮੈਚ ਆਖਿਰ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਅਤੇ ਹੇਜ਼/ਡਰਬੀ ਵਿਚਕਾਰ ਖੇਡਿਆ ਗਿਆ ਜਿਸ ਨੂੰ ਵੁਲਵਰਹੈਂਪਟਨ/ਮਿਡਵੇ ਨੇ ਸਹਿਜੇ ਹੀ ਜਿੱਤ ਲਿਆ।

**ਬਾਕੀ ਹਿਸਾ ਸਫਾ 42 ਤੇ ਪੜ੍ਹੋ**

## ਬ੍ਰਮਿੰਘਮ ਕਬੱਡੀ ਟੂਰਨਾਮੈਂਟ

41 ਸਫੇ ਦੀ ਬਾਕੀ

ਸ਼ੀਰਾ ਔਲਖ, ਮਨਜਿੰਦਰ, ਸਾਬੀ ਸੰਧੂ, ਅੰਮ੍ਰਿਤ ਬਰਮੀ, ਸੁਖਜਿੰਦਰ ਸਮਰਾ, ਗੈਵਨ ਬਾਠ, ਜੋਗਿੰਦਰ ਦੁਸਾਂਝ, ਮੰਗਾ ਸਭ ਬਾਗੋ ਬਾਗ ਸੀ ਕਿ ਅੱਜ ਕੱਪ ਦੇ ਨੇੜੇ ਪਹੁੰਚ ਗਏ ਹਾਂ।

ਦੂਜੇ ਸੈਮੀਫਾਈਨਲ ਵਿੱਚ ਟੈਲਫੋਰਡ ਅਤੇ ਗ੍ਰੇਵਜ਼ੈਂਡ/ਬਾਰਕਿੰਗ ਆਹਮੋ ਸਾਹਮਣੇ ਹੋਈਆਂ, ਇਹ ਮੈਚ ਕਮਾਲ ਦਾ ਸੀ। ਖਿਡਾਰੀਆਂ ਨਾਲੋਂ ਵੱਧ ਜ਼ੋਰ ਪ੍ਰਬੰਧਕਾਂ ਅਤੇ ਟੀਮਾਂ ਦੇ ਸਮੱਰਥਕਾਂ ਦਾ ਲੱਗਿਆ ਹੋਇਆ ਸੀ, ਸੋਹਣ ਨੇ ਰਮਨ, ਬੂਟੇ ਨੇ ਬੂਰੀਆ, ਗੱਗੀ ਨੇ ਰਾਕੇਸ਼, ਰਾਜਾ ਪੱਧਰੀ ਨੇ ਭਾਵੇਂ ਕੁਵਿੰਦਰ ਨੂੰ ਰੋਕਿਆ ਪਰ ਯੋਧੇ ਨੇ ਮਾਹਲਾ ਹਿੱਕ ਨਾਲ ਲਾਇਆ, ਅਤੇ ਸੋਨੀ ਫੱਕਰਝੰਡੇ ਅਤੇ ਖੁਸ਼ੀ ਦੁੱਗਾ ਨੇ 4-4 ਜੱਫੇ ਲਾ ਕੇ ਮੈਚ ਦਾ ਰੁੱਖ ਹੀ ਬਦਲ ਦਿੱਤਾ। ਫੂਲੇ ਸੂਸਕ ਨੇ ਦੋ ਅਤੇ ਲੰਬੜ ਨੇ ਇੱਕ ਜੱਫਾ ਲਾਇਆ। ਅੱਧੇ ਸਮੇਂ ਤੱਕ ਟੈਲਫੋਰਡ ਸਿਰਫ ਅੱਧੇ ਅੰਕ ਨਾਲ ਅੱਗੇ ਸੀ, ਪਰ ਹਾਫ ਟਾਈਮ ਤੋਂ ਬਾਅਦ ਤਾਂ ਜਿਵੇਂ ਜੱਫਿਆਂ ਦੀ ਹਨੇਰੀ ਜਿਹੀ ਆ ਗਈ। ਬਲਵਿੰਦਰ ਚੱਠਾ, ਸੁੱਖੀ ਬੈਂਸ, ਟੋਨੀ, ਗੁਰਜੀਤ ਦੇ ਚੋਬਰਾਂ ਨੇ ਪਿੰਦਰ ਭਰੋਲੀ, ਸੱਤਾ ਮੁਠੱਡਾ, ਰਾਣਾ, ਕੁਲਵਿੰਦਰ ਸਹੋਤਾ ਦੇ ਗੱਭਰੂਆਂ ਨੂੰ 50/40.5 ਅੰਕਾਂ ਨਾਲ ਮਾਤ ਦਿੱਤੀ। ਕਮਾਲ ਦੀ ਗੱਲ ਇਹ ਸੀ ਕਿ 20-5-20 ਦੇ ਇਸ ਮੈਚ ਵਿੱਚ 80 ਮਿੰਟਾਂ ਦੇ ਇਸ ਮੈਚ ਵਿੱਚ 90 ਕੌਡੀਆਂ ਪਈਆਂ। ਇੰਦਰ ਬਾਸੀ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਲੰਬੜ ਤੋਂ ਨੰਬਰ ਲੈ ਕੇ ਦਰਸ਼ਕਾਂ ਨੂੰ ਖੁਸ਼ ਕੀਤਾ। ਬੀ ਟੀਮਾਂ ਦੇ ਫਾਈਨਲ ਵਿੱਚ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੇ ਮਿਡਲੈਂਡ ਟਾਈਗਰ ਨੂੰ 34/20.5 ਅੰਕਾਂ ਨਾਲ ਹਰਾ ਕੇ ਜਿੱਤ ਦਰਜ ਕੀਤੀ।

ਟੈਲਫੋਰਡ ਅਤੇ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਵਿਚਕਾਰ ਖੇਡਿਆ ਗਿਆ ਅੱਜ ਦਾ ਫਾਈਨਲ ਮੈਚ ਭਾਵੇਂ ਟੈਲਫੋਰਡ ਨੇ ਵੱਡੇ ਫਰਕ ਨਾਲ ਜਿੱਤਿਆ। ਫੂਲਾ ਸੂਸ਼ਕ ਨੇ ਜਸ਼ਨ ਅਤੇ ਨਾਥ ਨੂੰ ਡੱਕਿਆ ਪਰ ਦੂਜੇ ਪਾਸੇ ਪ੍ਰਤਾਪ ਕੰਡਿਆਣਾ ਨੇ ਕੁਲਵਿੰਦਰ, ਬੂਰੀਆ, ਏਕਮ ਮੀਰਪੁਰੀਏ ਨੇ ਬੂਰੀਆ, ਕੁਲਵਿੰਦਰ, ਅੰਮ੍ਰਿਤ ਔਲਖ ਨੇ ਬੂਰੀਆ, ਕੁਲਵਿੰਦਰ, ਰਾਕੇਸ਼ ਡੱਕੇ ਗੱਲ ਕੀ ਬ੍ਰਮਿੰਘਮ ਦਾ ਫਾਈਨਲ 47.5/27 ਅੰਕਾਂ ਦੇ ਵੱਡੇ ਫਰਕ ਨਾਲ ਜਿੱਤ ਕੇ ਸ਼ੀਰਾ ਔਲਖ, ਸਾਬੀ ਸੰਧੂ, ਅੰਮ੍ਰਿਤ ਬਰਮੀ, ਸੁਖਜਿੰਦਰ ਸਮਰਾ, ਗੈਵਨ ਬਾਠ, ਜੋਗਿੰਦਰ ਦੁਸਾਂਝ, ਮੰਗਾ, ਸੋਨਾ ਹੋਠੀਆਂ ਧਰਤੀ ਪੈਰ ਨਹੀਂ ਸੀ ਲਾ ਰਹੇ। ਆਖਿਰ ਵਿੱਚ ਜੇਤੂਆਂ ਨੂੰ ਵੱਡੇ ਕੱਪਾਂ ਨਾਲ ਨਿਵਾਜਿਆ ਗਿਆ ਅਤੇ ਇਸ ਟੂਰਨਾਮੈਂਟ ਦੇ ਸਰਬੋਤਮ ਧਾਵੀ ਛੋਟਾ ਦੁੱਲਾ ਅਤੇ ਛੋਟਾ ਨਾਥ ਬਣੇ ਸਰਬੋਤਮ ਜਾਫੀ ਏਕਮ ਮੀਰਪੁਰੀਆ ਅਤੇ ਪ੍ਰਤਾਪ ਕੰਡਿਆਣਾ ਨੂੰ ਐਲਾਨਿਆ ਗਿਆ।

ਇਸ ਮੌਕੇ ਸਾਬਕਾ ਕਬੱਡੀ ਖਿਡਾਰੀਆਂ ਅਤੇ ਕਲੱਬ ਦੇ ਸਹਿਯੋਗੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦੁਆਰਾ ਸਮੈਦਿਕ, ਗੁਰਦੁ-ਆਰਾ ਬਾਬਾ ਦੀਪ ਸਿੰਘ ਸ਼ਹੀਦ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਸਨਮਾਨ ਚਿੰਨ ਭੇਂਟ ਕੀਤੇ। ਮੋਹਨ ਸਿੰਘ ਕੰਦੋਲਾ ਨੇ ਕੁਮੈਂਟੇਟਰਾਂ, ਰੈਫਰੀਆਂ, ਮੀਡੀਆ ਅਤੇ ਹੋਰ ਸੇਵਾਦਾਰਾਂ ਦਾ ਸਨਮਾਨ ਕੀਤਾ। ਬਿੰਦਾ ਮੁਠੱਡਾ ਦਾ ਇਸ ਮੌਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਹਰਨੇਕ ਸਿੰਘ ਨੇਕਾ ਮੈਰੀਪੁਰ ਨੇ ਕਲੱਬ ਦੇ ਸਹਿਯੋਗੀਆਂ, ਫੈਡਰੇਸ਼ਨ, ਕਬੱਡੀ ਕਲੱਬਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਉਹਨਾਂ ਨਾਲ ਹੀ ਅਪੀਲ ਕੀਤੀ ਕਿ ਗਰਾਉਂਡਾਂ ਦੀ ਸਾਫ ਸਫਾਈ ਲਈ ਸਾਰੇ ਸਹਿਯੋਗ ਦਿਆ ਕਰਨ ਤਾਂ ਹੋਰ ਵੀ ਚੰਗਾ ਹੋਵੇਗਾ। ਕਿਉਂਕਿ ਗਰਾਉਂਡਾਂ ਬਹੁਤ ਮੁਸ਼ਕਿਲ ਨਾਲ ਮਿਲਦੀਆਂ ਹਨ। ਵਰਲਡ ਕੈਂਸਰ ਕੇਅਰ ਦੇ ਕੁਲਵੰਤ ਸਿੰਘ ਧਾਲੀਵਾਲ, ਨਛੱਤਰ ਸਿੰਘ ਬਿਆੜਾ, ਗੁਰਪਾਲ ਸਿੰਘ ਪਾਲੀ ਚੱਠਾ, ਬਲਵਿੰਦਰ ਸਿੰਘ ਫਿੱਡਾ, ਅਮਰੀਕ ਸਿੰਘ ਗੁੱਦਾ, ਕੇਸਰ ਸਿੰਘ ਧਾਲੀਵਾਲ, ਚੁੰਨੀ ਪੱਤੜ ਆਦਿ ਉਚੇਚੇ ਤੌਰ ਤੇ ਹਾਜ਼ਰ ਸਨ।

ਪ੍ਰਬੰਧਕ ਕਮੇਟੀ ਵੱਲੋਂ ਨੇਕਾ ਮੈਰੀਪੁਰ, ਸੁਰਜੀਤ ਸਿੰਘ ਪੁਰੇਵਾਲ, ਸੁਖਦੇਵ ਸਿੰਘ ਸਿੱਧੂ, ਸੁਰਿੰਦਰ ਸਿੰਘ ਸਾਬਕਾ ਡੀ ਆਈ ਜੀ, ਬਲਵਿੰਦਰ ਸਿੰਘ ਦੂਲੇ, ਗੁਰਨਾਮ ਸਿੰਘ ਸਿੱਧੂ, ਪਿੰਦੂ ਜੌਹਲ ਅਤੇ ਸਾਥੀਆਂ ਨੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ, ਹੋਰ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਤੋਂ ਇਲਾਵਾ ਕੌਂਸਲ, ਕਾਰੋਬਾਰੀ ਸਹਿਯੋਗੀਆਂ, ਸੋਨੂੰ ਬੀ ਸੀ ਐਮ, ਕੁਲਵੰਤ ਜੁਤਲਾ, ਬਲਜੀਤ ਔਲਖ, ਤੀਰਥ ਉੱਪਲ, ਸਤਨਾਮ ਜੌਹਲ, ਪਾਲਾ ਨਕੋਦਰੀਆ, ਕੁਲਵੰਤ ਗੋਰਾ, ਦੱਲ ਆਇਰਲੈਂਡ ਪੱਬ, ਅਮਰੀਕ ਸੈਣੀ, ਕੁਲਵੰਤ ਜੌਹਲ, ਸਤਨਾਮ ਸਹੋਤਾ, ਗੁਰਮੇਜ ਖਹਿਰਾ, ਜੈਮਲ ਵਡਾਲਾ, ਜਸਵੰਤ ਕੰਗ, ਪਾਲੀ ਉੱਪਲ, ਦੀਪ ਰਾਏ, ਪਰਮਜੀਤ ਸਿੰਘ ਛੋਕਰ, ਬੱਲ ਮਾਨ, ਤੇਜਿੰਦਰ ਚਾਹਲ ਦਾਰਾਪੁਰੀਆ, ਸੁੱਖਾ ਚਾਹਲ ਦਾਰਾਪੁਰੀਆ, ਰਾਣਾ ਖੇਲਾ, ਸ਼ੀਰਾ ਢਿਲੋਂ, ਸੁੱਖੀ ਢਿਲੋਂ, ਡਾ: ਕੁਮਾਰ, ਬਿੱਲਾ ਜੇ ਬੀ, ਚਰਨਜੀਤ ਜੁਤਲਾ, ਮੋਹਣੀ, ਮੋਹਨੀ ਕੰਦੋਲਾ, ਪੱਪੂ ਪੰਛੀ ਅਮਰੀਕਾ, ਬਲਰਾਜ ਅਟਵਾਲ, ਅੰਮ੍ਰਿਤ ਬਰਮੀ, ਰਾਣਾ ਗੋਰਾ, ਅਵੀ ਥਾਂਡੀ, ਪਾਲੀ ਅਟਵਾਲ, ਜੋਗਾ ਬਨਿੰਗ ਕਾਲਾ ਬਨਿੰਗ, ਰਵਿੰਦਰ ਸਿੱਧੂ, ਸਤਨਾਮ ਮੱਲ੍ਹੀ, ਸੁਖਦੇਵ ਸ਼ੰਕਰੀਆ, ਗੁਰਵਿੰਦਰ ਸਿੰਘ, ਤਰਲੋਚਨ ਰਾਣਾ, ਸ਼ੀਰਾ ਸੰਧਰ, ਦਲਬੀਰ ਕੰਧੋਲਾ, ਸੁਖਵਿੰਦਰ ਸਿੰਘ ਹੇਅਰ, ਗੁਰਪ੍ਰੀਤ ਸਿੰਘ, ਤਲਵਿੰਦਰ ਸਿੰਘ, ਦਲਬੀਰ ਕੰਦੋਲਾ, ਤੀਰਥ ਕੁਲਾਰ, ਯਾਦਵਿੰਦਰ ਸਿੰਘ, ਅਮਨ ਬਿਲਡਰ, ਏ ਐਸ ਕੰਗ, ਸੁਖਸ਼ਿੰਦਰ ਛਿੰਦਾ, ਰਾਣਾ ਜੌਹਲ ਬਿੱਟੂ ਨਾਗਰਾ, ਸ਼ਿੰਗਾਰਾ ਸਿੰਘ, ਕਾਲਾ ਹਿੱਲ ਟਾਪ, ਬਲਜੀਤ ਐਸ ਕੇ ਵਾਈਨ, ਬਿੱਲਾ, ਸੁੱਖੀ ਬਾਠ, ਜਗੀਰ ਦੂਲੇ, ਸੁੱਚਾ ਮੁਠੱਡਾ, ਗੁਰਚਰਨ ਸਿੰਘ, ਗੁਰਨਾਮ ਸਹੋਤਾ, ਸੁਰਜੀਤ ਪ੍ਰਫੈਕਟ, ਹੈਪੀ ਮਾਨ, ਸੁਰਿੰਦਰ ਸੁੰਨੜ, ਦਿਲਬਾਗ ਸਿੰਘ, ਕੁਲਵੰਤ ਸਿੰਘ, ਜੱਗੀ ਡਡਲੀ ਰੋਡ, ਸਤਨਾਮ ਪੁਰੇਵਾਲ, ਸੈਨਾ ਅਟਵਾਲ, ਸੋਨਾ ਡਾਨਸੀਵਾਲ, ਭਲਵਾਨ ਪਾਲਾ ਰਾਏ ਮੋਰਾਂਵਾਲੀ, ਜੱਗੀ, ਮੀਕਾ ਗਰਚਾ, ਅਵਤਾਰ ਰਾਏ, ਹਰਜਿੰਦਰ ਬਾਗੜੀ, ਬਿੰਦਾ ਸੀ ਐਮ, ਵਿੱਕੀ ਬਨਿੰਗ, ਬਿੰਦਾ ਜੌਹਲ, ਰਿੱਕੀ ਬਨਿੰਗ, ਬਹਾਦਰ ਸਿੰਘ ਸੰਘਾ, ਸੰਤੋਖ ਸਿੰਘ, ਹਕੀਕਤ ਸਿੰਘ ਸੰਘਾ, ਬਲਵਿੰਦਰ ਸਿੰਘ ਡੱਬ, ਸੁਰਿੰਦਰ ਸਿੰਘ ਡੱਬ, ਗੁਰਵਿੰਦਰ ਬਾਸੀ, ਜਸਜੀਤ ਵਾਲੀਆ, ਅਮਨ ਦੂਲੇ, ਹਰਪ੍ਰੀਤ ਦੂਲੇ, ਕੈਮ ਦੂਲੇ, ਬਿੰਦਾ ਭੰਡਾਲ, ਮੰਗਾ ਢੇਸੀ, ਬਿੱਲਾ ਉੱਪਲ, ਇਕਬਾਲ ਸਿੰਘ ਲਾਲੀ ਯੂ ਕੇ, ਸੁੱਖੀ ਭੰਡਾਲ, ਮੋਹਣ ਸਚਦੇਵਾ, ਗੋਰਾ ਸਾਧਪੁਰੀਆ, ਅਮਰੀਕ ਦੇਵਗਨ, ਕਿੰਦਾ ਬਨਿੰਗ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

* * * * * * * *

# ਸ਼੍ਰੋਮਣੀ ਕਮੇਟੀ ਤਾਂ ਸ੍ਰੀ ਅਕਾਲ ਤਖ਼ਤ ਦੇ ਭਗੌੜਿਆਂ ਦੇ ਸਿਆਸੀ ਏਜੰਡੇ ਪਿੱਛੇ ਹੀ ਊਰੀ ਵਾਂਗ ਘੁੰਮਦੀ ਨਜ਼ਰ ਆਉਂਦੀ ਹੈ।

## ਪਾਠਕਾਂ ਦੇ ਪੱਤਰ

ਪਿਆਰ ਸੰਪਾਦਕ ਜੀਓ,

*ਵਾਹਿਗੁਰੂ ਜੀ ਕਾ ਖ਼ਾਲਸਾ॥*

*ਵਾਹਿਗੁਰੂ ਜੀ ਕੀ ਫ਼ਤਿਹ॥*

ਪਿੱਛੇ ਜਿਹੇ ਖ਼ਬਰ ਆਈ ਹੈ ਕਿ ਦਿੱਲੀ ਯੂਨੀਵਰਸਿਟੀ ਸਿੱਖ ਕੌਮ ਦੇ ਸ਼ਹੀਦਾਂ ਬਾਰੇ ਇਕ ਕੋਰਸ ਸ਼ੁਰੂ ਕਰਨ ਜਾ ਰਹੀ ਹੈ। ਯੂਨੀਵਰਸਿਟੀ ਦੀ ਸੈਨੇਟ ਨੇ ਇਸ ਦੀ ਮੰਨਜ਼ੂਰੀ ਦੇ ਦਿਤੀ ਹੈ। ਭੋਲੇ ਭਾਲ਼ੇ ਸਿੱਖ ਖ਼ੁਸ਼ੀ ਨਾਲ਼ ਕੱਛਾਂ ਵਜਾ ਰਹੇ ਹਨ। ਕੱਛਾਂ ਵਜਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਬ੍ਰਾਹਮਣਵਾਦੀ ਮਾਨਸਿਕਤਾ ਨੂੰ ਘੋਖ ਲੈਣਾ ਚਾਹੀਦਾ ਹੈ ਜਿਸ ਨੇ ਹਮੇਸ਼ਾ ਹੀ ਸਿੱਖ ਸਿਧਾਂਤਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ। ਇਸ ਮਾਨਸਿਕਤਾ ਨੇ ਕਦੇ ਵੀ ਹੋਰ ਧਰਮਾਂ 'ਚੋਂ ਆ ਕੇ ਸਿੱਖ ਧਰਮ ਅਪਨਾਉਣ ਵਾਲਿਆਂ ਨੂੰ ਸਿੱਖ ਨਹੀਂ ਮੰਨਿਆਂ, ਮਿਸਾਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਹ ਅਜੇ ਵੀ 'ਵੀਰ ਬੈਰਾਗ਼ੀ' ਹੀ ਲਿਖਦੇ ਹਨ ਤੇ ਕਹਿੰਦੇ ਹਨ। ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਤੇ ਹੋਰ ਅਨੇਕਾਂ ਨੂੰ, ਇਹ ਮਾਨਸਿਕਤਾ ਸਿੱਖ ਹੀ ਨਹੀਂ ਮੰਨਦੀ। ਦਸਮ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਇਨ੍ਹਾਂ ਨੇ ਧੱਕੇ ਨਾਲ਼ ਹੀ 'ਬਾਲ ਦਿਵਸ' ਦੇ ਤੌਰ 'ਤੇ ਮਨਾਇਆ ਜਦ ਕਿ ਸਿੱਖ ਕੌਮ ਇਨ੍ਹਾਂ ਸ਼ਹੀਦਾਂ ਨੂੰ 'ਬਾਬਿਆਂ' ਤੇ ਤੌਰ 'ਤੇ ਸਤਿਕਾਰ ਦਿੰਦੀ ਹੈ ਤੇ ਯਾਦ ਕਰਦੀ ਹੈ।

ਸਕੂਲਾਂ ਦੀਆਂ ਕਿਤਾਬਾਂ 'ਚ ਸਰਕਾਰ ਨੇ ਪਹਿਲਾਂ ਹੀ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਸੂਰਬੀਰਾਂ ਨੂੰ ਹਿੰਦੂਆਂ ਦੇ ਰੱਖਿਅਕ ਵਲੋਂ ਪੇਸ਼ ਕਰਨਾ ਸ਼ੁਰੂ ਕਰ ਦਿਤਾ ਹੈ, ਹਾਲਾਂ ਕਿ ਜ਼ੁਬਾਨੀ ਕਲਾਮੀ ਤਾਂ ਇਹ ਸ਼ੁਰੂ ਤੋਂ ਹੀ ਅਜਿਹਾ ਕਹਿੰਦੇ ਆਏ ਹਨ, ਹੁਣ ਕਿਤਾਬੀ ਸਿੱਖਿਆ ਰਾਹੀਂ ਬੱਚਿਆਂ ਦੇ ਦਿਮਾਗ਼ਾਂ 'ਚ ਇਹ ਗੱਲਾਂ ਪਾਈਆਂ ਜਾਣਗੀਆਂ। ਪਾਠਕ ਅੰਦਾਜ਼ਾ ਲਗਾ ਸਕਦੇ ਹਨ ਕਿ ਇਹੋ ਜਿਹੀਆਂ ਕਿਤਾਬਾਂ ਪੜ੍ਹਨ ਵਾਲੇ ਬੱਚਿਆਂ ਦੇ ਮਨ ਵਿਚ ਸਿੱਖ ਸਿਧਾਂਤਾਂ ਦੀ ਕਿਹੋ ਜਿਹੀ ਰੂਪ-ਰੇਖਾ ਹੋਵੇਗੀ ।

ਸਿੱਖ ਸਿਧਾਂਤਾਂ ਦੇ ਪੈਰੋਕਾਰ ਹਮੇਸ਼ਾ ਜ਼ੁਲਮ, ਧੱਕੇਸ਼ਾਹੀ, ਤੇ ਅਨਿਆਂ ਦੇ ਵਿਰੁੱਧ ਖੜੋਂਦੇ ਹਨ। ਸਿੱਖ ਇਤਿਹਾਸ ਅਜਿਹੇ ਕਾਰਨਾਮਿਆਂ ਨਾਲ਼ ਭਰਿਆ ਪਿਆ ਹੈ ਜਿੱਥੇ ਇਕੱਲਾ ਇਕੱਲਾ ਸਿੰਘ ਹਜ਼ਾਰਾਂ ਜ਼ਾਲਮਾਂ ਨਾਲ ਜੂਝਿਆ। ਜੇ ਕਰ ਕਸ਼ਮੀਰ ਦੇ ਮੁਸਲਮਾਨ ਵੀ ਨੌਵੇਂ ਪਾਤਸ਼ਾਹ ਪਾਸ ਆ ਕੇ ਫ਼ਰਿਆਦ ਕਰਦੇ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਵਾਸਤੇ ਵੀ ਸ਼ਹਾਦਤ ਦੇ ਦੇਣੀ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਮਨੁੱਖੀ ਆਜ਼ਾਦੀ ਦੀ ਲਾਮਿਸਾਲ ਘਟਨਾ ਸੀ।

ਦਿੱਲੀ ਯੂਨੀਵਰਸਿਟੀ ਵਲੋਂ ਤਿਆਰ ਕੀਤੇ ਜਾਣ ਵਾਲੇ ਕੋਰਸ ਉੱਤੇ ਪੜਚੋਲਵੀਂ ਨਜ਼ਰ ਰੱਖਣ ਦੀ ਲੋੜ ਹੈ ਕਿ ਉਨ੍ਹਾਂ ਵਲੋਂ ਸਿੱਖ ਸ਼ਹਾਦਤ ਦੇ ਸੰਕਲਪ ਨੂੰ ਕਿਵੇਂ ਪੇਸ਼ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਤਾਂ ਇਹ ਜ਼ਿੰਮੇਵਾਰੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈ ਪਰ ਉਨ੍ਹਾਂ ਤੋਂ ਕੋਈ ਉਮੀਦ ਨਹੀਂ। ਸੱਤਾ ਦੇ ਨਸ਼ੇ ਵਿਚ ਇਹੋ ਜਿਹੀਆਂ ਗੱਲਾਂ ਨਿਗੂਣੀਆਂ ਨਜ਼ਰ ਆਉਂਦੀਆਂ ਹੁੰਦੀਆਂ ਹਨ। ਸਉਣ ਦੇ ਅੰਨ੍ਹੇ ਨੂੰ ਸਭ ਕੁਝ ਹਰਾ ਹੀ ਨਜ਼ਰ ਆਉਂਦਾ ਹੈ।

ਪਾਠਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਦੋਂ ਕਦੇ ਵੀ ਕਕਾਰਾਂ ਉੱਪਰ, ਵਿਸ਼ੇਸ਼ ਕਰ ਕੇ ਬੱਚਿਆਂ ਦੇ ਇਮਤਿਹਾਨਾਂ ਵੇਲੇ ਬੰਦਸ਼ਾਂ ਲਗਦੀਆਂ ਹਨ, ਸਾਡੇ ਗੁਰਧਾਮਾਂ ਜਾਂ ਸਿੱਖਾਂ ਦੀ ਧਾਰਮਕ ਪਛਾਣ 'ਤੇ ਹਮਲੇ ਹੁੰਦੇ ਹਨ ਤਾਂ ਸਾਡੀਆਂ ਸਿੱਖ ਸੰਸਥਾਵਾਂ ਅਖ਼ਬਾਰੀ ਬਿਆਨ ਦੇਣ ਤੋਂ ਅਗਾਂਹ ਨਹੀਂ ਵਧਦੀਆਂ। ਨਤੀਜੇ ਤੇ ਤੌਰ 'ਤੇ ਇਹੋ ਜਿਹੀਆਂ ਘਟਨਾਵਾਂ ਲਗਾਤਾਰ ਵਾਪਰਦੀਆਂ ਰਹਿੰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਹੁਣ ਸਭ ਸਿੱਖ ਮਸਲਿਆਂ 'ਤੇ ਸਬ-ਕਮੇਟੀਆਂ ਬਣਾਉਣ ਤੱਕ ਹੀ ਸੀਮਤ ਹੋ ਗਈ ਹੈ ਤੇ ਕਮੇਟੀਆਂ ਬਣਾਉਣ ਵਿਚ ਬੜੀ 'ਮਾਹਰ' ਹੋ ਚੁੱਕੀ ਹੈ ਤੇ ਇਨਾਮ ਦੀ ਹੱਕਦਾਰ ਹੈ। ਕੀ ਕਿਸੇ ਸਬ-ਕਮੇਟੀ ਦਾ ਨਤੀਜਾ ਆਇਆ ਅੱਜ ਤੱਕ ਸਾਹਮਣੇ? ਸ਼੍ਰੋਮਣੀ ਕਮੇਟੀ ਤਾਂ ਸ੍ਰੀ ਅਕਾਲ ਤਖ਼ਤ ਦੇ ਭਗੌੜਿਆਂ ਦੇ ਸਿਆਸੀ ਏਜੰਡੇ ਪਿੱਛੇ ਹੀ ਊਰੀ ਵਾਂਗ ਘੁੰਮਦੀ ਨਜ਼ਰ ਆਉਂਦੀ ਹੈ।



ਸਾਡੇ ਸਿੱਖ ਬੁੱਧੀਜੀਵੀ ਵੀ ਸਿੱਖ ਸੰਸਥਾਵਾਂ ਨੂੰ ਅਪੀਲ ਕਰ ਕੇ ਚੁੱਪ ਕਰ ਜਾਂਦੇ ਹਨ, ਜਦ ਕਿ ਪਤਾ ਹੈ ਕਿ ਇਹ ਸੰਸਥਾਵਾਂ ਸਿਰਫ਼ ਬਿਆਨ ਦੇਣ ਜੋਗੀਆਂ ਹੀ ਹਨ। ਕਿਸੇ ਵੀ ਕੌਮ ਦੇ ਬੁੱਧੀਜੀਵੀ ਜੇ ਚਾਹੁਣ ਤਾਂ ਇਹੋ ਜਿਹੇ ਵਰਤਾਰਿਆਂ ਨੂੰ ਠੱਲ੍ਹ ਪਾ ਸਕਦੇ ਹਨ। ਸੰਸਾਰ ਦਾ ਇਤਿਹਾਸ ਸਾਡੇ ਸਾਹਮਣੇ ਹੈ। ਦੇਖਾਂਗੇ, ਦਿੱਲੀ ਯੂਨੀਵਰਸਿਟੀ ਵਿਚ ਸਿੱਖ ਸ਼ਹਾਦਤ ਬਾਰੇ ਪੜ੍ਹਾਏ ਜਾਣ ਵਾਲੇ ਕੋਰਸ 'ਤੇ ਕੌਣ ਨਜ਼ਰ ਰੱਖਦਾ ਹੈ?

**ਗੁਰੂ ਪੰਥ ਦਾ ਦਾਸ**
**ਨਿਰਮਲ ਸਿੰਘ ਕੰਧਾਲਵੀ**

# ਭਾਰਤੀ ਕ੍ਰਿਕਟ ਟੀਮ ਦਾ ਭਾਰਤੀ ਹਾਈ ਕਮਿਸ਼ਨ ਲੰਡਨ ਵਿਖੇ ਭਾਰਤੀ ਭਾਈਚਾਰੇ ਵੱਲੋਂ ਭਰਵਾਂ ਸਵਾਗਤ ਇੰਗਲੈਂਡ ਵਿੱਚ ਜਿਸ ਤਰ੍ਹਾਂ ਦੀ ਕ੍ਰਿਕਟ ਖੇਡੀ ਜਾਂਦੀ ਹੈ, ਉਹ ਮਾਣ ਵਾਲੀ ਗੱਲ ਹੈ: ਗੰਭੀਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਦੇ ਮੁੱਖ ਕੋਚ ਗੌਤਮ ਗੰਭੀਰ ਨੇ ਕਿਹਾ ਹੈ ਕਿ ਇੰਗਲੈਂਡ ਦਾ ਦੌਰਾ ਕਰਨਾ ਹਮੇਸ਼ਾ ਮੁਸ਼ਕਲ ਹੁੰਦਾ ਹੈ ਪਰ ਉਨ੍ਹਾਂ ਇਹ ਵੀ ਕਿਹਾ ਕਿ ਇਸ ਲੜੀ ਵਿੱਚ ਜਿਸ ਤਰ੍ਹਾਂ ਦੀ ਕ੍ਰਿਕਟ ਖੇਡੀ ਗਈ ਹੈ, ਉਸ 'ਤੇ ਹਰ ਕ੍ਰਿਕਟ ਪ੍ਰੇਮੀ** ਨੂੰ ਮਾਣ ਹੋਵੇਗਾ।

ਭਾਰਤੀ ਹਾਈ ਕਮਿਸ਼ਨ ਲੰਡਨ ਵੱਲੋਂ ਇੰਡੀਆ ਹਾਊਸ ਵਿਖੇ ਆਯੋਜਿਤ ਸਮਾਰੋਹ ਦੌਰਾਨ ਭਾਰਤੀ ਲੋਕਾਂ ਨੂੰ ਸੰਬੋਧਨ ਕਰਦਿਆਂ ਗੌਤਮ ਗੰਭੀਰ ਨੇ ਨੇ ਕਿਹਾ ਕਿ, "ਇੰਗਲੈਂਡ ਦਾ ਦੌਰਾ ਕਰਨਾ ਹਮੇਸ਼ਾ ਮੁਸ਼ਕਲ ਹੁੰਦਾ ਹੈ ਕਿਉਂਕਿ ਦੋਵਾਂ ਦੇਸ਼ਾਂ ਵਿਚਕਾਰ ਇਤਿਹਾਸ ਅਜਿਹਾ ਹੈ ਕਿ ਇਸਨੂੰ ਭੁਲਾਇਆ ਨਹੀਂ ਜਾ ਸਕਦਾ। ਜਦੋਂ ਵੀ ਅਸੀਂ ਬਰਤਾਨੀਆ ਦਾ ਦੌਰਾ ਕੀਤਾ ਹੈ, ਸਾਨੂੰ ਪ੍ਰਸ਼ੰਸਕਾਂ ਤੋਂ ਬਹੁਤ ਸਮਰਥਨ ਮਿਲਿਆ ਹੈ। ਅਸੀਂ ਕਿਸੇ ਵੀ ਚੀਜ਼ ਨੂੰ ਹਲਕੇ ਵਿੱਚ ਨਹੀਂ ਲੈਂਦੇ।" ਉਨ੍ਹਾਂ ਕਿਹਾ, "ਪਿਛਲੇ ਪੰਜ ਹਫ਼ਤੇ ਦੋਵਾਂ ਟੀਮਾਂ ਲਈ ਬਹੁਤ ਰੋਮਾਂਚਕ ਰਹੇ ਹਨ। ਹਰ ਕ੍ਰਿਕਟ ਪ੍ਰੇਮੀ ਨੂੰ ਲੜੀ ਵਿੱਚ ਖੇਡੀ ਗਈ ਕ੍ਰਿਕਟ 'ਤੇ ਮਾਣ ਹੋਵੇਗਾ।



ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀ ਅਤੇ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਇਸਵਾਮੀ

ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੁਆਰਾ ਆਯੋਜਿਤ ਭਾਰਤੀ ਪ੍ਰਵਾਸੀ ਰਿਸੈਪਸ਼ਨ ਵਿੱਚ ਭਾਈਚਾਰਕ ਨੇਤਾਵਾਂ, ਸੰਸਦ ਮੈਂਬਰਾਂ ਅਤੇ ਖੇਡ ਪ੍ਰੇਮੀਆਂ ਦੁਆਰਾ ਭਾਰਤੀ ਟੀਮ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਭਾਰਤ ਅਤੇ ਇੰਗਲੈਂਡ ਵਿਚਕਾਰ ਫੈਸਲਾਕੁੰਨ ਪੰਜਵਾਂ ਟੈਸਟ ਵੀਰਵਾਰ ਤੋਂ ਓਵਲ ਵਿਖੇ ਖੇਡਿਆ ਜਾਵੇਗਾ।

ਗੰਭੀਰ ਨੇ ਕਿਹਾ, "ਦੋਵਾਂ ਟੀਮਾਂ ਨੇ ਬਹੁਤ ਮੁਕਾਬਲੇਬਾਜ਼ੀ ਵਾਲਾ ਪ੍ਰਦਰਸ਼ਨ ਕੀਤਾ ਹੈ।" ਸਾਡੇ ਕੋਲ ਇੱਕ ਹੋਰ ਹਫ਼ਤਾ ਹੈ ਅਤੇ ਅਸੀਂ ਦੇਸ਼ ਵਾਸੀਆਂ ਅਤੇ ਇੱਥੇ ਮੌਜੂਦ ਲੋਕਾਂ ਨੂੰ ਮਾਣ ਮਹਿਸੂਸ ਕਰਨ ਦਾ ਮੌਕਾ ਦੇਣ ਦੀ ਪੂਰੀ ਕੋਸ਼ਿਸ਼ ਕਰਾਂਗੇ।" ਇੰਗਲੈਂਡ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੁਰਾਇਸਵਾਮੀ ਨੇ ਕਿਹਾ ਕਿ ਟੀਮ ਨੇ ਲੜੀ ਵਿੱਚ ਜਿਸ ਤਰ੍ਹਾਂ ਖੇਡ ਦੀ ਭਾਵਨਾ ਦਿਖਾਈ ਹੈ, ਉਹ ਦੇਸ਼ ਦੀ ਮੁਸ਼ਕਲਾਂ ਵਿਰੁੱਧ ਲੜਨ ਦੀ ਇੱਛਾ ਸ਼ਕਤੀ ਦਾ ਪ੍ਰਤੀਕ ਹੈ।

ਸਮਾਰੋਹ ਦੇ ਅੰਤ ਵਿੱਚ, ਟਿੱਪਣੀਕਾਰ ਅਤੇ ਸਾਬਕਾ ਮੁੱਖ ਕੋਚ ਰਵੀ ਸ਼ਾਸਤਰੀ ਨੇ ਕਪਤਾਨ ਸ਼ੁਭਮਨ ਗਿੱਲ ਸਮੇਤ ਕੁਝ ਖਿਡਾਰੀਆਂ ਨਾਲ ਇੱਕ ਚਰਚਾ ਸੈਸ਼ਨ ਕੀਤਾ। ਹੁਣ ਤੱਕ ਲੜੀ ਵਿੱਚ ਸ਼ੁਭਮਨ ਗਿੱਲ ਨੇ 700 ਤੋਂ ਵੱਧ ਦੌੜਾਂ ਬਣਾਈਆਂ ਹਨ, ਉਨ੍ਹਾਂ ਕਿਹਾ, "ਲੜੀ ਸ਼ੁਰੂ ਹੋਣ ਤੋਂ ਪਹਿਲਾਂ, ਮੈਨੂੰ ਲੱਗਾ ਕਿ ਮੈਂ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਨਹੀਂ ਕਰ ਸਕਿਆ। ਮੈਂ ਆਪਣੀ ਖੇਡ 'ਤੇ ਬਹੁਤ ਮਿਹਨਤ ਕੀਤੀ ਅਤੇ ਮੈਂ ਆਪਣੇ ਆਪ ਨੂੰ ਸਾਬਤ ਕਰਨਾ ਚਾਹੁੰਦਾ ਸੀ।"

## ਬੁੱਕਰ ਪੁਰਸਕਾਰ ਜੇਤੂ ਕਿਰਨ ਦੇਸਾਈ ਮੁੜ ਪੁਰਸਕਾਰ ਦੀ ਦੌੜ ਵਿੱਚ ਸ਼ਾਮਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੁੱਕਰ ਪੁਰਸਕਾਰ ਜੇਤੂ ਭਾਰਤੀ ਲੇਖਿਕਾ ਕਿਰਨ ਦੇਸਾਈ ਨੂੰ ਇੱਕ ਵਾਰ ਫਿਰ ਆਪਣੇ ਨਵੇਂ ਨਾਵਲ 'ਦਿ ਲੋਨਲੀਨੈੱਸ ਆਫ਼ ਸੰਨੀ ਐਂਡ ਸੋਨੀਆ' ਰਾਹੀਂ ਇਸ ਵੱਕਾਰੀ ਪੁਰਸਕਾਰ ਦੀ ਦੌੜ ਵਿੱਚ ਸ਼ਾਮਲ ਹੋ ਗਈ। 'ਦਿ ਇਨਹੈਰੀਟੈਂਸ ਆਫ਼ ਲੌਸ' ਲਈ 2006 ਵਿੱਚ ਬੁੱਕਰ ਪੁਰਸਕਾਰ ਜਿੱਤਣ ਵਾਲੀ ਦੇਸਾਈ ਨੇ ਲਗਭਗ ਦੋ ਦਹਾਕਿਆਂ ਦੇ ਅੰਤਰਾਲ ਤੋਂ ਬਾਅਦ ਇੱਕ ਨਾਵਲ ਲਿਖਿਆ ਹੈ। 'ਦਿ ਲੋਨਲੀਨੈੱਸ ਆਫ਼ ਸੰਨੀ ਐਂਡ ਸੋਨੀਆ' ਇੱਕ 677 ਪੰਨਿਆਂ ਦਾ ਨਾਵਲ ਹੈ ਜੋ ਅਮਰੀਕਾ ਵਿੱਚ ਜਾਣ ਵਾਲੇ ਦੋ ਨੌਜਵਾਨ ਭਾਰਤੀਆਂ ਦੀ ਕਹਾਣੀ ਦੱਸਦਾ ਹੈ। ਇਸਨੂੰ ਹਾਮਿਸ਼ ਹੈਮਿਲਟਨ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਉਨ੍ਹਾਂ 13 ਰਚਨਾਵਾਂ ਵਿੱਚੋਂ ਇੱਕ ਹੈ ਜਿਨ੍ਹਾਂ ਦੇ ਨਾਵਾਂ ਦਾ ਐਲਾਨ 50,000 ਬ੍ਰਿਟਿਸ਼ ਪੌਂਡ ਦੀ ਇਨਾਮੀ ਰਾਸ਼ੀ ਵਾਲੇ ਵੱਕਾਰੀ ਬੁੱਕਰ ਪੁਰਸਕਾਰ ਦੀ ਦੌੜ ਵਿੱਚ ਨਾਵਲਾਂ ਵਜੋਂ ਕੀਤਾ ਗਿਆ ਹੈ।


ਹੋਰ ਦਾਅਵੇਦਾਰਾਂ ਵਿੱਚ ਚਾਰ ਮਹਾਂਦੀਪਾਂ ਦੇ ਨੌਂ ਦੇਸ਼ਾਂ ਦੇ ਨਾਵਲ ਸ਼ਾਮਲ ਹਨ। ਸਤੰਬਰ ਤੱਕ ਇਨ੍ਹਾਂ ਵਿੱਚੋਂ ਛੇ ਨਾਵਲਾਂ ਨੂੰ ਬੁੱਕਰ ਪੁਰਸਕਾਰ ਲਈ ਚੁਣਿਆ ਜਾਵੇਗਾ। ਜਦ ਕਿ ਜੇਤੂ ਨਾਵਲ ਦਾ ਐਲਾਨ 10 ਨਵੰਬਰ ਨੂੰ ਲੰਡਨ ਦੇ ਓਲਡ ਬਿਲਿੰਗਸਗੇਟ ਵਿਖੇ ਹੋਣ ਵਾਲੇ ਇੱਕ ਸ਼ਾਨਦਾਰ ਸਮਾਰੋਹ ਵਿੱਚ ਕੀਤਾ ਜਾਵੇਗਾ।



ਬੁੱਕਰ ਪ੍ਰਾਈਜ਼ ਫਾਊਂਡੇਸ਼ਨ ਨੇ ਕਿਹਾ, "ਦੇਸਾਈ ਦੀ ਮਾਂ ਅਨੀਤਾ ਦੇਸਾਈ ਤਿੰਨ ਵਾਰ ਬੁਕਰ ਪ੍ਰਾਈਜ਼ ਲਈ ਦਾਅਵੇਦਾਰਾਂ ਵਿੱਚੋਂ ਇੱਕ ਰਹੀ ਹੈ।" ਜੇ ਕਿਰਨ ਦੇਸਾਈ ਇਹ ਪੁਰਸਕਾਰ ਜਿੱਤ ਜਾਂਦੀ ਹੈ ਤਾਂ 56 ਸਾਲਾ ਇਤਿਹਾਸ ਵਿੱਚ ਦੋ ਵਾਰ ਬੁਕਰ ਪੁਰਸਕਾਰ ਜਿੱਤਣ ਵਾਲੀ ਪੰਜਵੀਂ ਜੇਤੂ ਹੋਵੇਗੀ।

## "ਪੁੱਤ ਪੰਜਾਬ ਦੇ" ਨਸ਼ਿਆਂ ਦੇ ਸੌਦਾਗਰਾਂ ਤੇ ਪੰਜਾਬੀ ਨੌਜਵਾਨਾਂ ਦੀ ਕਹਾਣੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਫਿਲਮ ਇੰਡਸਟਰੀ ਜਲਦੀ ਹੀ ਇੱਕ ਐਸੀ ਫਿਲਮ ਲੈ ਕੇ ਆ ਰਹੀ ਹੈ ਜੋ ਸਮਾਜਕ ਮੁੱਦਿਆਂ ਨੂੰ ਗੰਭੀਰਤਾ ਨਾਲ ਛੇੜੇਗੀ। "ਪੁੱਤ ਪੰਜਾਬ ਦੇ", ਡਾਇਰੈਕਟਰ ਫਰੈਂਡੀ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਬਣੀ ਇਹ ਫਿਲਮ ਪੰਜਾਬ ਦੇ ਮੌਜੂਦਾ ਹਾਲਾਤਾਂ ਦੀ ਤਸਵੀਰ ਪੇਸ਼ ਕਰਦੀ ਹੈ।**




ਫਿਲਮ ਦੀ ਕਹਾਣੀ ਮੁੱਖ ਤੌਰ 'ਤੇ ਨਸ਼ਿਆਂ ਦੇ ਸੌਦਾਗਰਾਂ ਤੇ ਉਹਨਾਂ ਦੇ ਜਾਲ ਵਿੱਚ ਫਸਦੇ ਪੰਜਾਬੀ ਨੌਜਵਾਨਾਂ ਦੇ ਆਲੇ ਦੁਆਲੇ ਘੁੰਮਦੀ ਹੈ। ਨਸ਼ੇ ਸਿਰਫ਼ ਇੱਕ ਵਿਅਕਤੀ ਨੂੰ ਹੀ ਨਹੀਂ ਸਗੋਂ ਇੱਕ ਪੂਰੇ ਪਰਿਵਾਰ ਅਤੇ ਕੌਮ ਨੂੰ ਤਬਾਹ ਕਰ ਰਹੇ ਹਨ। ਫਿਲਮ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਕੁਝ ਲੋਕ ਪੈਸੇ ਦੀ ਲਾਲਚ ਵਿੱਚ ਆਪਣੀ ਧਰਤੀ ਨੂੰ ਜ਼ਹਿਰ ਨਾਲ ਭਰ ਰਹੇ ਹਨ ਅਤੇ ਕਿਵੇਂ ਕੁਝ ਜ਼ਿੰਮੇਵਾਰ ਨੌਜਵਾਨ ਇਸ ਮਾੜੇ ਕਾਰੋਬਾਰ ਦੇ ਖਿਲਾਫ਼ ਖੜ੍ਹਦੇ ਵੀ ਹਨ। ਫਿਲਮ ਵਿੱਚ ਐਕਸ਼ਨ, ਡਰਾਮਾ, ਪਰਿਵਾਰਕ ਭਾਵਨਾਵਾਂ ਅਤੇ ਇੱਕ ਮਜ਼ਬੂਤ ਸਮਾਜਕ ਸੁਨੇਹਾ ਹੈ। ਇਸਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਹ ਪੰਜਾਬੀ ਨੌਜਵਾਨਾਂ ਨੂੰ ਇੱਕ ਸੱਚਾ ਸੁਨੇਹਾ ਦੇਵੇਗੀ ਕਿ "ਨਸ਼ਿਆਂ ਤੋਂ ਦੂਰ ਰਹੋ ਤੇ ਪੰਜਾਬ ਦੀ ਮਿੱਟੀ ਨਾਲ ਜੁੜੇ ਰਹੋ।" ਡਾਇਰੈਕਟਰ ਫਰੈਂਡੀ ਧਾਲੀਵਾਲ ਦਾ ਕਹਿਣਾ ਹੈ ਕਿ ਇਹ ਸਿਰਫ਼ ਇੱਕ ਫਿਲਮ ਨਹੀਂ ਸਗੋਂ ਇੱਕ ਅੰਦੋਲਨ ਹੈ, ਜੋ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕਰੇਗੀ।

## ਪੰਜ ਮਹੀਨਿਆਂ ਦੌਰਾਨ 1000 ਕਿੱਲੋ ਤੋਂ ਵੱਧ ਹੈਰੋਇਨ ਸਮੇਤ 23 ਹਜ਼ਾਰ ਤੋਂ ਵੱਧ ਡਰੱਗ ਸਮਗਲਰ ਫੜੇ

**ਚੰਡੀਗੜ੍ਹ-ਪੰਜਾਬ ਪੁਲਿਸ ਨੇ ਪੰਜ ਮਹੀਨਿਆਂ ਤੋਂ ਘੱਟ ਸਮੇਂ 'ਚ 1,002 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਮੁਹਿੰਮ ਦੀ ਸ਼ੁਰੂਆਤ 1 ਮਾਰਚ 2025 ਨੂੰ ਹੋਈ ਸੀ ਅਤੇ ਉਦੋਂ ਤੋਂ ਹੁਣ ਤੱਕ 23,647 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰ ਕੇ 14,906 ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ 1,002 ਕਿੱਲੋ ਹੈਰੋਇਨ ਦੇ ਨਾਲ-ਨਾਲ ਪੰਜਾਬ ਪੁਲਿਸ ਨੇ 344 ਕਿੱਲੋ ਅਫੀਮ, 182 ਕੁਇੰਟਲ ਭੁੱਕੀ, 14 ਕਿੱਲੋ ਚਰਸ, 365 ਕਿੱਲੋ ਗਾਂਜਾ, 6 ਕਿੱਲੋ ਆਈਸੀਈ, 30.9 ਲੱਖ ਪਾਬੰਦੀਸ਼ੁਦਾ ਕੈਪਸੂਲ ਤੇ 12.03 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਹੈ।**

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਗੁਰਦੁਆਰਾ ਮਾਤਾ ਸਾਹਿਬ ਕੌਰ

**5. ਗੁਰਦੁਆਰਾ ਬੰਦਾ ਘਾਟ ਸਾਹਿਬ**

ਇਹ ਗੁਰਦੁਆਰਾ, ਗੁਰਦੁਆਰਾ ਨਗੀਨਾ ਘਾਟ ਸਾਹਿਬ ਤੋਂ ਤਿੰਨ ਫਰਲਾਂਗ ਦੀ ਵਿੱਥ 'ਤੇ ਪੱਛਮ ਦਿਸ਼ਾ ਪਾਸੇ ਨਦੀ ਕੰਢੇ ਸੁਸ਼ੋਭਿਤ ਹੈ। ਇਸ ਥਾਂ ਮਾਧੋਦਾਸ ਵੈਰਾਗੀ ਦੀ ਕੁਟੀਆ ਸੀ, ਜਿਥੇ ਦਸਮੇਸ਼ ਪਾਤਸ਼ਾਹ ਨੇ ਆਪਣੇ ਪਵਿੱਤਰ ਚਰਨ ਪਾਏ ਸਨ। ਇਥੇ ਹੀ ਮਾਧੋਦਾਸ ਨੂੰ ਖੰਡੇ ਦੀ ਪਾਹੁਲ ਦੇ ਕੇ ਸਿੰਘ ਸਜਾਇਆ ਸੀ। ਗੁਰੂ ਸਾਹਿਬ ਨੇ ਉਸ ਦਾ ਨਾਂ ਬੰਦਾ ਸਿੰਘ ਬਹਾਦਰ ਰੱਖਿਆ (ਇਕ ਹੋਰ ਸੋਮੇ ਮੁਤਾਬਕ ਬਾਬਾ ਗੁਰਬਖ਼ਸ਼ ਸਿੰਘ) ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਨੂੰ ਪੰਝੀ ਸਿੰਘਾਂ, ਪੰਜ ਤੀਰ, ਨਿਸ਼ਾਨ, ਨਗਾਰਾ ਆਦਿ ਬਖ਼ਸ਼ ਕੇ ਮਲੇਛਾਂ ਦਾ ਕਾਲ ਬਣਾ ਕੇ ਪੰਜਾਬ ਵੱਲ ਤੋਰਿਆ ਸੀ। ਇਸ ਥਾਂ ਵੀ ਹੁਣ ਨਵੀਂ ਇਮਾਰਤ ਉਸਾਰੀ ਗਈ ਹੈ।

**6. ਗੁਰਦੁਆਰਾ ਲੰਗਰ ਸਾਹਿਬ**

ਇਹ ਗੁਰਦੁਆਰਾ ਨਗੀਨਾ ਘਾਟ ਸਾਹਿਬ ਤੋਂ ਪੰਜਾਹ ਕੁ ਗਜ਼ ਦੀ ਦੂਰੀ 'ਤੇ ਸੁਸ਼ੋਭਿਤ ਹੈ ਅਤੇ ਗੋਦਾਵਰੀ ਦੇ ਕੰਢੇ 'ਤੇ ਹੈ। ਇਥੇ ਆਈ ਸੰਗਤ ਲਈ ਗੁਰੂ ਕਾ ਲੰਗਰ ਅੱਠੇ ਪਹਿਰ (ਚੌਵੀ ਘੰਟੇ) ਖੁੱਲ੍ਹਾ ਰਹਿੰਦਾ ਹੈ। ਇਹ ਉਹ ਅਸਥਾਨ ਹੈ ਜਿਥੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੱਖਣ ਆਗਮਨ 'ਤੇ ਖ਼ਾਲਸਾਈ ਫੌਜਾਂ ਦਾ ਲੰਗਰ ਸਜਿਆ ਕਰਦਾ ਸੀ। ਇਸ ਥਾਂ ਪਹਿਲਾਂ ਜੰਗਲ ਹੁੰਦਾ ਸੀ।

**7. ਗੁਰਦੁਆਰਾ ਮਾਤਾ ਸਾਹਿਬ ਕੌਰ**

ਇਹ ਗੁਰਦੁਆਰਾ ਹੀਰਾ ਘਾਟ ਤੋਂ ਇਕ ਕਿਲੋਮੀਟਰ ਦੂਰ ਅਤੇ ਸ੍ਰੀ ਸੱਚਖੰਡ ਸਾਹਿਬ ਤੋਂ 10 ਕਿਲੋਮੀਟਰ ਪੂਰਬ ਦਿਸ਼ਾ ਵੱਲ ਨਦੀ ਕੰਢੇ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੀਰਾ ਘਾਟ ਅਸਥਾਨ ਪ੍ਰਗਟ ਕੀਤਾ ਸੀ ਤੇ ਪੰਥ ਖ਼ਾਲਸੇ ਦੀ ਮਾਤਾ, ਮਾਤਾ ਸਾਹਿਬ ਕੌਰ ਜੀ ਦੇ ਇਥੇ ਡੇਰੇ ਲਗਾਏ ਗਏ ਸਨ। ਮਾਤਾ ਜੀ ਗੁਰੂ ਸਾਹਿਬ ਨਾਲ ਹੀ ਦੱਖਣ ਵੱਲ ਆਏ ਸਨ ਅਤੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ, ਗੁਰੂ ਜੀ ਦੇ ਜੋਤੀ–ਜੋਤਿ ਸਮਾਉਣ ਤੋਂ ਪਹਿਲਾਂ ਹੀ ਦਿੱਲੀ ਵੱਲ (ਗੁਰੂ ਸਾਹਿਬ ਦੇ ਸ਼ਸਤਰ ਨਾਲ ਲੈ ਕੇ) ਦਿੱਲੀ ਨੂੰ ਚਲੇ ਗਏ ਸਨ।

**8. ਗੁਰਦੁਆਰਾ ਸ਼ਿਕਾਰ ਘਾਟ ਸਾਹਿਬ**

ਇਹ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਦੇ ਗੁਰਦੁਆਰੇ ਤੋਂ ਸਾਢੇ ਚਾਰ ਕਿਲੋਮੀਟਰ ਦੂਰ ਨਦੀ ਕੰਢੇ ਇਕ ਛੋਟੀ ਪਹਾੜੀ 'ਤੇ ਸੁਸ਼ੋਭਿਤ ਹੈ। ਇਸ ਥਾਂ ਗੁਰੂ ਸਾਹਿਬ ਸ਼ਿਕਾਰ ਖੇਡ ਕੇ ਆਰਾਮ ਕਰਦੇ ਸਨ। ਅੱਜ ਕੱਲ੍ਹ ਆਲੀਸ਼ਾਨ ਤੇ ਗਗਨ–ਚੁੰਬੀ ਸੰਗਮਰਮਰੀ ਇਮਾਰਤ ਇਤਿਹਾਸਕ ਸਿਮ੍ਰਤੀਆਂ ਨੂੰ ਆਪਣੇ ਵਿੱਚ ਸਮੋਈ ਬੈਠੀ ਹੈ। ਇਥੇ ਹੀ ਸਿਆਲਕੋਟ ਦੇ ਵਸਨੀਕ ਮੂਲੇ ਖੱਤਰੀ ਦੀ ਮੁਕਤੀ ਗੁਰੂ ਨਾਨਕ ਸਾਹਿਬ ਨੇ ਦੱਸਵੇਂ ਜਾਮੇ ਵਿੱਚ ਕਰਨ ਦਾ ਇਕਰਾਰ ਕੀਤਾ ਸੀ। ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਕਾਰ ਖੇਡਦੇ ਸਮੇਂ ਸਹੇ ਦੀ ਜੂਨੀ ਭੋਗ ਰਹੇ ਮੂਲੇ ਖੱਤਰੀ ਦਾ ਉਧਾਰ ਕੀਤਾ ਸੀ। ਇਸ ਨਾਲ ਸੁੰਦਰ ਸਰੋਵਰ ਵੀ ਬਣ ਚੁੱਕਾ ਹੈ।

**9. ਗੁਰਦੁਆਰਾ ਗੋਬਿੰਦ ਬਾਗ ਸਾਹਿਬ**

ਵੱਡੇ ਦਰਬਾਰ ਅਸਥਾਨ ਦੇ ਕਰੀਬ ਇਹ ਗੁਰਦੁਆਰਾ ਹੈ, ਜਿਥੇ ਗੁਰੂ ਸਾਹਿਬ ਕਦੀ–ਕਦੀ ਆ ਕੇ ਬਿਰਾਜਦੇ ਸਨ।

ਇਹ ਇਤਿਹਾਸਕ ਅਸਥਾਨਾਂ ਤੋਂ ਇਲਾਵਾ ਹੋਰ ਵੀ ਅਸਥਾਨ ਹਨ, ਜਿਨ੍ਹਾਂ ਵਿੱਚ ਭਾਈ ਦਯਾ ਸਿੰਘ ਜੀ ਦਾ ਗੁਰ–ਦੁਆਰਾ (ਔਰੰਗਾਬਾਦ), ਬੁੰਗਾ ਮਾਤਾ ਭਾਗੋ ਜੀ (ਨਾਂਦੇੜ), ਅੰਗੀਠਾ ਭਾਈ ਦਯਾ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ (ਨਾਂਦੇੜ) ਅਤੇ ਗੁਰਦੁਆਰਾ ਨਾਨਕ ਝੀਰਾ ਸਾਹਿਬ (ਬਿਦਰ) ਆਦਿ।

ਇਨ੍ਹਾਂ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ 1956 ਤੀਕ ਮਹਾਂਰਾਸ਼ਟਰ ਸਰਕਾਰ ਦੇ ਹੱਥ ਵਿੱਚ ਰਿਹਾ। ਸਰਕਾਰ ਤੋਂ ਗੁਰਦੁਆਰਿਆਂ ਦੀ ਅਜ਼ਾਦੀ ਲਈ ਸੰਘਰਸ਼ ਤੇਜ਼ ਹੋਇਆ ਅਤੇ ਅਖੀਰ 20 ਸਤੰਬਰ 1956 ਨੂੰ ਹੈਦਰਾਬਾਦ ਸਰਕਾਰ ਵੱਲੋਂ ਨਾਂਦੇੜ ਸਿੱਖ ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਗਰ ਸਾਹਿਬ ਬੋਰਡ ਦੀ ਸਥਾਪਨਾ ਹੋਈ ਅਤੇ ਬੋਰਡ ਵਿੱਚ 17 ਮੈਂਬਰ ਲਏ ਗਏ ਸਨ।

**ਪੁਸਤਕ ਸੂਚੀ:–**

(1) ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

(2) ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975

(3) ਠਾਕਰ ਸਿੰਘ ਗਿ:– ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923

(4) ਹਰਬੰਸ ਸਿੰਘ (ਸੰ:)–ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

(5) ਦਿਲਗੀਰ, ਹਰਜਿੰਦਰ ਸਿੰਘ (ਡਾ.)–ਦੀ ਰੈਫ਼ਰੈਂਸ ਬੁੱਕ, ਕੈਨੇਡਾ, 1997

## ਅਮਰ ਸਿੱਧੂ

ਅਮਰ ਸਿੱਧੂ ਪਿੰਡ ਕੋਟ ਲਖਪਤ ਰੇਲਵੇ ਸਟੇਸ਼ਨ ਤੋਂ ਤਿੰਨ ਕਿਲੋਮੀਟਰ ਅਤੇ ਲਾਹੌਰ ਦੇ ਦੱਖਣ ਪੂਰਬ ਵੱਲ ਲਾਹੌਰ–ਕਸੂਰ ਸੜਕ ਤੋਂ 13 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਮਾਂਗਟ ਜਾਣ ਸਮੇਂ ਠਹਿਰੇ ਸਨ। ਪਿੰਡ ਦੇ ਬਾਹਰਵਾਰ ਪੂਰਬ ਵੱਲ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸ ਦੀ ਇਮਾਰਤ ਰਾਏ ਬਹਾਦਰ ਸਰ ਗੰਗਾ ਰਾਮ ਵੱਲੋਂ 1922 ਵਿੱਚ ਬਣਾਈ ਗਈ ਸੀ, ਜਿਸ ਉਪਰ ਗੁੰਬਦ ਲੱਗੇ ਹੋਏ ਸਨ। ਇਹ ਗੁਰ–ਦੁਆਰਾ ਇਕ ਛੋਟੇ ਜਿਹੇ ਬਾਗ ਦੇ ਵਿੱਚਕਾਰ ਉਸਾਰਿਆ ਗਿਆ ਸੀ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਮੁਕਾਮੀ ਸੰਗਤ ਕਰਦੀ ਸੀ। 1947 ਵਿੱਚ ਇਸ ਗੁਰਦੁਆਰੇ ਦਾ ਵੀ ਭਾਰੀ ਨੁਕਸਾਨ ਕੀਤਾ ਗਿਆ। ਇਸ ਗੁਰਦੁਆਰੇ ਨਾਲ ਤਕਰੀਬਨ 2 ਏਕੜ ਜ਼ਮੀਨ ਵੀ ਲੱਗੀ ਹੋਈ ਸੀ।

## ਅਮਰਗੜ੍ਹ

ਇਹ ਪਿੰਡ, ਗੋਨਿਆਣਾ ਮੰਡੀ ਤੋਂ ਤਿੰਨ ਕਿਲੋਮੀਟਰ ਪੂਰਬ ਵੱਲ ਹੈ ਜੋ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਵਿੱਚ ਆਉਂਦਾ ਹੈ। ਗੋਨਿਆਣਾ ਮੰਡੀ ਦਾ ਅਕਸ਼ਾਂਸ਼ 300–18 ਅਤੇ ਰੇਖਾਸ਼ ਦੇਸ਼ਾਂਤਰ 740–54 ਹੈ। ਇਸ ਪਿੰਡ ਵਿੱਚ ਇਕ ਪੁਰਾਤਨ ਅਸਥਾਨ, ਗੁਰੂ ਹਰਿਰਾਇ ਸਾਹਿਬ (1630–1661) ਨਾਲ ਸੰਬੰਧਿਤ ਹੈ, ਜਿਸ ਨੂੰ ਗੁਰਦੁਆਰਾ ਵਿਦਿ–ਆ ਸਰ ਪਾਤਸ਼ਾਹੀ ਸੱਤਵੀਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਸਾਹਿਬ ਬੁਖਾਰੀ ਠਹਿਰਨ ਸਮੇਂ ਇਥੇ ਆਏ ਸਨ। ਇਸ ਦਾ ਨਾਂ ਹੁਣ ਹਰਿ ਰਾਇਪੁਰ ਰੱਖਿਆ ਗਿਆ ਹੈ। 20ਵੀਂ ਸਦੀ ਦੇ ਸ਼ੁਰੂ ਤੱਕ ਇਸ ਗੁਰ–ਦੁਆਰੇ ਦਾ ਪ੍ਰਬੰਧ ਉਦਾਸੀ ਹੀ ਕਰਦੇ ਰਹੇ। ਅਮਰਗੜ੍ਹ ਨੂੰ ਉਸ ਸਮੇਂ ਝਲਬੂਟੀ ਆਖਿਆ ਜਾਂਦਾ ਸੀ। ਅਜੋਕੀ ਇਮਾਰਤ 1912 ਵਿੱਚ ਬਣੀ ਹੈ, ਜਿਸ ਵਿੱਚ ਇਕ ਵੱਡਾ ਦੀਵਾਨ ਹਾਲ, ਤਿੰਨ ਪਾਸਿਆਂ ਤੋਂ ਵਰਾਂਡਾ ਨਜ਼ਰੀ ਪੈਂਦਾ ਹੈ। ਇਹ ਗੁਰ–ਦੁਆਰਾ ਨੋਟੀਫਾਈਡ ਹੈ ਇਸ ਗੁਰਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ। ਜੋ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਇਹ ਪਿੰਡ ਬਠਿੰਡਾ–ਫਰੀਦਕੋਟ ਸੜਕ ਤੋਂ 2 ਕਿਲੋਮੀਟਰ ਹੈ।

ਪੁਸਤਕ ਸੂਚੀ:–

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਅੰਮੀ ਸ਼ਾਹ

ਇਹ ਪਿੰਡ ਖਾਲੜਾ ਦੇ ਕੋਲ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੇ ਮੁਬਾਰਕ ਕਦਮਾਂ ਨਾਲ ਸਰਸ਼ਾਰ ਕੀਤਾ ਹੈ। ਇਹ ਗੁਰਦੁਆਰਾ ਮੁੜ 1921 ਵਿੱਚ ਤਾਮੀਰ ਕੀਤਾ ਗਿਆ ਜੋ ਗੁਰੂ ਸਾਹਿਬ ਦੀ ਯਾਦ ਦਿਵਾਉਂਦਾ ਹੈ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

## ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਲਿਖਤ ਜੀਵਨੀ 'ਸ੍ਰੀ ਗੁਰੂ ਅਮਰਦਾਸ ਜੀ' ਅਗਲੇ ਹਫਤੇ ਤੋਂ ਪੜ੍ਹੋ



**ਪ੍ਰਸਿੱਧ ਪੰਥ ਪ੍ਰਚਾਰਕ ਤੇ ਵਿਦਵਾਨ ਲੇਖਕ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦੁਆਰਾ ਲਿਖਤ ਗੁਰੂ ਅੰਗਦ ਦੇਵ ਜੀ ਦੀ ਜੀਵਨੀ 'ਗੁਰੂ ਅੰਗਦੁ ਗੁਰੂ ਅੰਗੁ ਤੇ' ਪਾਠਕਾਂ ਨੇ ਪੜ੍ਹੀ। ਇਹ ਲੜੀਵਾਰ ਜੀਵਨੀ ਮੁਕੰਮਲ ਹੋ ਚੁੱਕੀ ਹੈ ਤੇ ਇਸ ਦਾ ਕਿਤਾਬੀ ਰੂਪ ਤਿਆਰੀ ਅਧੀਨ ਹੈ, ਜੋ ਜਲਦੀ ਹੀ ਛਪ ਕੇ ਪਾਠਕਾਂ ਤੱਕ ਪਹੁੰਚਦਾ ਕੀਤਾ ਜਾਵੇਗਾ। ਇਸ ਕਿਤਾਬ ਦੀ ਕਾਪੀ ਲੈਣ ਲਈ ਗਿਆਨੀ ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਨਾਲ ਸੰਪਰਕ ਕੀਤਾ ਜਾ ਸਕਦਾ ਹੈ।**

**ਹੁਣ ਉਹ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨੀ ਲਿਖ ਰਹੇ ਹਨ, ਜੋ ਅਗਲੇ ਹਫ਼ਤੇ ਤੋਂ ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਲੜੀਵਾਰ ਪ੍ਰਕਾਸ਼ਿਤ ਕੀਤੀ ਜਾਵੇਗੀ। ਉਮੀਦ ਹੈ, ਸਾਡੇ ਪਾਠਕ ਗਿਆਨੀ ਜੀ ਦੀਆਂ ਲਿਖਤਾਂ ਤੋਂ ਲਾਭ ਲੈਣਗੇ। ਪਾਠਕਾਂ ਨੂੰ ਬੇਨਤੀ ਹੈ ਕਿ ਗਿਆਨੀ ਜੀ ਦੀ ਖੋਜ ਅਤੇ ਲਿਖਤ ਬਾਰੇ ਆਪਣੇ ਵਿਚਾਰ ਪੰਜਾਬ ਟਾਈਮਜ਼ ਨੂੰ ਜ਼ਰੂਰ ਲਿਖ ਕੇ ਭੇਜੋ। –ਸੰਪਾਦਕ**

**ਸੰਪਰਕ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ : +44 (0) 7956 302743**

## ਭੁੱਲ ਦੀ ਸੋਧ

**ਪਿਛਲੇ ਅੰਕ 3090 ਦੇ ਪੰਨਾ 28 'ਤੇ ਭਗਵਾਨ ਸਿੰਘ ਜੌਹਲ ਦੇ ਲੇਖ 'ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ' ਪਹਿਲੇ ਕਾਲਮ ਵਿੱਚ ਬਾਵਾ ਜੀ ਦੀ ਜਨਮ ਤਾਰੀਕ ਦਾ ਸਾਲ (1892) ਗਲਤ ਛਪ ਗਿਆ ਸੀ। ਇਸ ਨੂੰ ਸੋਧ ਕੇ 26 ਜੁਲਾਈ 1862 ਈ: ਪੜ੍ਹਿਆ ਜਾਵੇ। –ਸੰਪਾਦਕ**

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਕਿਵੇਂ ਮਨਾਈਏ ?

**ਇਕਬਾਲ ਸਿੰਘ ਲਾਲਪੁਰਾ**
ਸੰਪਰਕ: 9780003333



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਵਸ ਇਸ ਸਾਲ ਨਵੰਬਰ 2025 ਵਿੱਚ ਮਨਾਇਆ ਜਾ ਰਿਹਾ ਹੈ। ਇਹ ਸਮਾਗਮ ਸਿੱਖ ਇਤਿਹਾਸ ਦਾ ਇੱਕ ਅਹਿਮ ਪੜਾਅ ਹੈ, ਜਦੋਂ ਗੁਰੂ ਜੀ ਨੇ ਮੁਗ਼ਲ ਸਮਰਾਟ ਔਰੰਗਜ਼ੇਬ ਦੀ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਮਨੁੱਖੀਅਧਿਕਾਰਾਂ ਦੀ ਉਲੰਘਣਾ ਵਿਰੁੱਧ ਆਪਣੀ ਸ਼ਹਾਦਤ ਦਿੱਤੀ। ਵਿਸ਼ਵ ਇਤਿਹਾਸ ਵਿੱਚ ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ, ਜਿੱਥੇ ਕਿਸੇ ਨੇ ਦੂਜਿਆਂ ਦੇ ਧਰਮ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕੀਤਾ।

ਗੁਰੂ ਜੀ ਦੀ ਮਹਾਨਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਭਾਈ ਨੰਦ ਲਾਲ ਜੀ ਨੇ ਗੁਰੂ ਜੀ ਦੀ ਮਹਿਮਾ ਇਉਂ ਬਿਆਨੀ:

ਗੁਰੂ ਤੇਗ ਬਹਾਦਰ ਆਂ
ਸਰਾਪਾ ਅਫ਼ਜਾਲ ॥
ਜ਼ੀਨਤ-ਅਰਾਇ ਮਹਿਫ਼ਲਿ
ਜਾਹੋ ਜਲਾਲ ॥

ਗੁਰੂ ਜੀ ਸਰਬ-ਉੱਚ ਵਡਿਆਈਆਂ ਦੇ ਭੰਡਾਰ ਸਨ, ਜੋ ਰੱਬੀ ਜਲਾਲ ਦੀ ਮਹਿਫ਼ਲ ਦੀ ਰੌਣਕ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿੱਚ ਲਿਖਿਆ:

ਠੀਕਰ ਫੋਰ ਦਿਲੀਸ ਸਿਰਿ,
ਪ੍ਰਭਪੁਰਿ ਕੀਯਾ ਪਯਾਨ।
ਤੇਗ ਬਹਾਦਰ ਸੀ ਕ੍ਰਿਆ,
ਕਰੀ ਨ ਕਿਨਹੂੰ ਆਨ ॥

ਗੁਰੂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 15 ਰਾਗਾਂ ਅਤੇ ਸਲੋਕਾਂ ਦੇ ਰੂਪ ਵਿੱਚ ਦਰਜ ਹੈ, ਜੋ ਵੈਰਾਗਮਈ ਅਤੇ ਮਨ ਨੂੰ ਪ੍ਰਭੂ ਨਾਲ ਜੋੜਨ ਵਾਲੀ ਹੈ। ਉਨ੍ਹਾਂ ਦੀ ਬਾਣੀ ਦਾ ਸੁਨੇਹਾ ਸਪਸ਼ਟ ਹੈ:

ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ
ਜਿਉ ਬਾਲੂ ਕੀ ਭੀਤਿ ॥ (ਅੰਗ 1429)

ਗੁਰੂ ਜੀ ਨੇ ਨਾ ਕਿਸੇ ਨੂੰ ਡਰਾਇਆ, ਨਾ ਡਰੇ:

ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ
ਗਿਆਨੀ ਤਾਹਿ ਬਖਾਨਿ ॥
(ਅੰਗ 1427)

ਸ਼ਹੀਦੀ ਸਮਾਗਮ ਮਨਾਉਣ ਦੀ ਯੋਜਨਾਬੰਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਸਮਾਗਮ ਸਾਰੀ ਕਾਇਨਾਤ ਲਈ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਸੁਨੇਹਾ ਪ੍ਰਸਾਰਨ ਦਾ ਮੌਕਾ ਹੈ। ਇਸ ਨੂੰ ਸਫਲ ਕਰਨ ਲਈ ਸਿੱਖ ਸੰਗਤਾਂ ਅਤੇ ਸੰਸਥਾਵਾਂ ਨੂੰ ਏਕਤਾ ਨਾਲ ਕੰਮ ਕਰਨਾ



ਚਾਹੀਦਾ। ਇਸ ਸਮਾਗਮ ਨੂੰ ਮਨਾਉਣ ਲਈ ਹੇਠ ਲਿਖੇ ਸੁਝਾਅ ਹਨ:

ਗੁਰਮਤਿ ਪ੍ਰਚਾਰ: ਗੁਰੂ ਜੀ ਦੀ ਬਾਣੀ ਅਤੇ ਫ਼ਲਸਫ਼ੇ ਨੂੰ ਵਿਸ਼ਵ ਭਰ ਵਿੱਚ ਪਹੁੰਚਾਉਣ ਲਈ ਅੰਤਰਰਾਸ਼ਟਰੀ ਸੈਮੀਨਾਰ, ਵੈਬੀਨਾਰ ਅਤੇ ਪ੍ਰਕਾਸ਼ਨ ਜਾਰੀ ਕੀਤੇ ਜਾਣ। ਗੁਰੂ ਜੀ ਦੀ ਬਾਣੀ ਦਾ ਅਨੁਵਾਦ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਕਰਕੇ ਪ੍ਰਚਾਰਿਆ ਜਾਵੇ।

ਗੁਰੂ ਧਾਮਾਂ ਦਾ ਵਿਕਾਸ: ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਬਕਾਲਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਸੀਸ ਗੰਜ ਸਾਹਿਬ ਦਿੱਲੀ ਨੂੰ ਜੋੜਨ ਵਾਲੀ ਸੜਕ ਨੂੰ ਸ੍ਰੀ ਗੁਰੂ ਤੇਗ ਬਹਾਦਰ ਮਾਰਗ ਵਜੋਂ ਵਿਕਸਤ ਕੀਤਾ ਜਾਵੇ।ਆਗਰਾ ਤੋਂ ਦਿੱਲੀ ਤੱਕ ਸ੍ਰੀ ਗੁਰੂ ਤੇਗ ਬਹਾਦਰ ਸ਼ੀਸ਼ ਮਾਰਗ ਐਲਾਨਿਆ ਜਾਵੇ।

ਖੋਜ ਅਤੇ ਸਿੱਖਿਆ: ਸ੍ਰੀ ਆਨੰਦਪੁਰ ਸਾਹਿਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਯੂਨੀਵਰਸਿਟੀ ਸਥਾਪਤ ਕੀਤੀ ਜਾਵੇ, ਜਿੱਥੇ ਗੁਰੂ ਜੀ ਦੇ ਜੀਵਨ ਅਤੇ ਇਤਿਹਾਸ ਦੀ ਖੋਜ ਹੋਵੇ। ਪਟਨਾ, ਬੰਗਾਲ ਅਤੇ ਆਸਾਮ ਵਰਗੇ ਸਥਾਨਾਂ 'ਤੇ ਗੁਰੂ ਜੀ ਦੇ ਪ੍ਰਚਾਰ ਕੇਂਦਰ ਮੁੜ ਸੁਰਜੀਤ ਕੀਤੇ ਜਾਣ।

ਏਕਤਾ ਅਤੇ ਸਰਬ ਸਾਂਝੇ ਸਮਾਗਮ: ਸਮਾਗਮ ਨੂੰ ਸਰਬ ਸਾਂਝਾ ਅਤੇ ਰਾਜਨੀਤੀ ਤੋਂ ਮੁਕਤ ਰੱਖਿਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਅਤੇ ਹੋਰ ਸਿੱਖ ਸੰਸਥਾਵਾਂ ਨੂੰ ਭਾਰਤ ਸਰਕਾਰ ਨਾਲ ਮਿਲ ਕੇ ਸੰਜੀਦਾ ਯਤਨ ਕਰਨੇ ਚਾਹੀਦੇ ਹਨ।

ਸੇਵਾ ਅਤੇ ਸੁਰੱਖਿਆ: ਗੁਰੂ ਜੀ ਦੀ ਸੇਵਾ ਅਤੇ ਸੁਰੱਖਿਆ ਦੇ ਸੁਨੇਹੇ ਨੂੰ ਅੱਗੇ ਵਧਾਉਣ ਲਈ ਸ਼੍ਰੋਮਣੀ ਕਮੇਟੀ ਸ੍ਰੀ ਆਨੰਦਪੁਰ ਸਾਹਿਬ ਵਿੱਚ ਭਾਈ ਘਨੱਈਆ ਜੀ ਦੀ ਸੇਵਾ ਨੂੰ ਸਮਰਪਿਤ ਪੀਜੀਆਈ ਲੈਵਲ ਦਾ ਮੈਡੀਕਲ ਕਾਲਜ ਸਥਾਪਤ ਕੀਤਾ ਜਾਵੇ।

ਧਾਰਮਿਕ ਸਹਿਣਸ਼ੀਲਤਾ ਦਿਵਸ: ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ 'ਧਾਰਮਿਕ ਸਹਿਣਸ਼ੀਲਤਾ ਦਿਵਸ' ਵਜੋਂ ਮਨਾਉਣ ਦੀ ਮੰਗ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਠਾਇਆ ਜਾਵੇ। ਯੂਐਨਓ ਵਿਚ ਮਤਾ ਪਾਸ ਕਰਕੇ ਭੇਜਿਆ ਜਾਵੇ।

ਧਰਮ ਬਦਲੀਆਂ ਰਕਣ ਲਈ ਪਿੰਡਾਂ ਦੀ ਗਰੀਬ ਬਸਤੀਆਂ ਵਿਚ ਧਰਮ ਪ੍ਰਚਾਰ ਸ਼ੁਰੂ ਕੀਤਾ ਜਾਵੇ ਤੇ ਸਿੰਘ ਸਭਾ ਲਾਹੌਰ ਵਾਂਗ ਸਿਖ ਵਿਦਿਅਕ ਅਦਾਰੇ ਗਰੀਬ ਸਿਖਾਂ ਦੀ ਫਰੀ ਵਿਦਿਆ ਲਈ ਖੋਲੇ ਜਾਣ, ਜਿਹਨਾਂ ਦਾ ਸਟੈਂਡਰਡ ਈਸਾਈ ਸਕੂਲਾਂ ਤੋਂ ਵਧੀਆ ਹੋਵੇ। ਗਰੀਬਾਂ, ਦਲਿਤਾਂ ਦੀ ਸਿਖਿਆ ਦਾ ਪ੍ਰਬੰਧ ਕੀਤੇ ਬਿਨਾਂ ਸਿਖੀ ਦਾ ਵਿਕਾਸ ਨਹੀਂ ਹੋ ਸਕਦਾ। ਸਿੰਘ ਸਭਾ ਲਹਿਰ ਨੇ ਵੀਹਵੀਂ ਸਦੀ ਵਿਚ ਇਹੀ ਉਪਰਾਲੇ ਕੀਤੇ ਸਨ।

ਚੁਣੌਤੀਆਂ ਅਤੇ ਸੁਝਾਅ: ਪਿਛਲੇ ਸਮਾਗਮਾਂ ਦੀ ਸਮੀਖਿਆ ਕਰੀਏ ਤਾਂ ਸਿੱਖ ਸੰਸਥਾਵਾਂ ਅਤੇ ਸਰਕਾਰਾਂ ਨੇ ਗੁਰਮਤਿ ਦੇ ਪ੍ਰਚਾਰ ਵਿੱਚ ਰਾਜਨੀਤੀ ਨੂੰ ਸ਼ਾਮਲ ਕਰਕੇ ਮੁਕਾਮ ਹਾਸਲ ਨਹੀਂ ਕੀਤਾ। 1969 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ ਮਨਾਉਣ ਸਮੇਂ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਅਤੇ ਫਿਲਮ "ਨਾਨਕ ਨਾਮ ਜਹਾਜ਼ ਹੈ" ਵਰਗੇ ਯਤਨ ਸਾਰਥਕ ਸਨ, ਪਰ 1999 ਦੀ ਖ਼ਾਲਸਾ ਸਿਰਜਣਾ ਸ਼ਤਾਬਦੀ ਅਤੇ ਹੋਰ ਸਮਾਗਮ ਰਾਜਨੀਤਕ ਡਰਾਮੇਬਾਜ਼ੀ ਤੱਕ ਸੀਮਤ ਰਹੇ।

ਅੱਜ ਵੀ ਪੰਜਾਬ ਵਿੱਚ ਨਸ਼ਿਆਂ ,ਧਰਮ ਬਦਲੀ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਹੈ। ਸਿੱਖ ਧਰਮ ਦੇ ਪ੍ਰਚਾਰ ਵਿੱਚ ਏਕਤਾ ਦੀ ਘਾਟ ਅਤੇ ਧਰਮ ਪਰਿਵਰਤਨ ਦੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ। ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਜੀ ਦੇ ਸੁਨੇਹੇ ਨੂੰ ਸੱਚੀ ਸ਼ਰਧਾ ਨਾਲ ਪ੍ਰਚਾਰਨ ਅਤੇ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਠੋਸ ਕਦਮ ਚੁੱਕਣ।

ਸਿੱਟਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਸਿੱਖ ਧਰਮ ਦੇ ਸੁਨੇਹੇ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਦਾ ਸੁਨਹਿਰੀ ਮੌਕਾ ਹੈ। ਇਸ ਨੂੰ ਸਫਲ ਕਰਨ ਲਈ ਸਿੱਖ ਸੰਗਤਾਂ, ਸੰਸਥਾਵਾਂ ਅਤੇ ਸਰਕਾਰ ਨੂੰ ਮਿਲ ਕੇ ਏਕਤਾ, ਸ਼ਰਧਾ ਅਤੇ ਗੁਰਮਤਿ ਸਿਧਾਂਤਾਂ ਨੂੰ ਅੱਗੇ ਵਧਾਉਣ ਦੀ ਲੋੜ ਹੈ। ਗੁਰੂ ਜੀ ਦਾ ਸੁਨੇਹਾ ਸਾਨੂੰ ਸਿਖਾਉਂਦਾ ਹੈ:

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ
ਗੁਰਬਾਣੀ ਬਣੀਐ ॥ (ਅੰਗ 304)

ਆਓ, ਗੁਰੂ ਜੀ ਦੀ ਸ਼ਹਾਦਤ ਨੂੰ ਸੱਚੀ ਸ਼ਰਧਾ ਨਾਲ ਮਨਾਈਏ ਅਤੇ ਉਨ੍ਹਾਂ ਦੇ ਫ਼ਲਸਫ਼ੇ ਨੂੰ ਜੀਵਨ ਵਿੱਚ ਉਤਾਰੀਏ।

ਸਾਬਕਾ ਚੇਅਰਮੈਨ, ਕੌਮੀ ਘੱਟ
ਗਿਣਤੀ ਕਮਿਸ਼ਨ, ਭਾਰਤ ਸਰਕਾਰ

# ਨਸ਼ੇੜੀ ਨੇ ਨਸ਼ਾ ਖਰੀਦਣ ਲਈ ਪਤਨੀ ਦੇ ਵਾਲ ਕੱਟ ਕੇ ਵੇਚੇ

## ✪ ਪਤੀ ਗ੍ਰਿਫ਼ਤਾਰ ਤੇ ਪਤਨੀ ਨੂੰ ਘਰ ਭੇਜਿਆ

ਬਠਿੰਡਾ-ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਪਰਸਰਾਮ ਨਗਰ ਵਿੱਚ ਨਸ਼ੇ ਦੀ ਲਤ ਦਾ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਇੱਕ ਨਸ਼ੇੜੀ ਨੇ ਆਪਣੀ ਨਸ਼ੇ ਦੀ ਲਤ ਪੂਰੀ ਕਰਨ ਲਈ ਆਪਣੀ ਪਤਨੀ ਦੇ ਲੰਬੇ ਵਾਲ ਕੱਟ ਕੇ ਵੇਚ ਦਿੱਤੇ। ਇਸ ਮਾਮਲੇ ਦਾ ਖੁਲਾਸਾ ਉਦੋਂ ਹੋਇਆ ਜਦੋਂ ਪੀੜਤ ਮਾਨਵੀ ਆਪਣੇ 10 ਸਾਲ ਦੇ ਪੁੱਤਰ ਅਤੇ 8 ਸਾਲ ਦੀ ਧੀ ਨਾਲ ਜੋਗੀ ਨਗਰ ਟਿੱਬੇ 'ਤੇ ਖੁੱਲ੍ਹੇ ਅਸਮਾਨ ਹੇਠ ਬੈਠ ਗਈ।

ਜਦੋਂ ਲੋਕਾਂ ਨੇ ਉਸ ਤੋਂ ਖੁੱਲ੍ਹੇ ਵਿੱਚ ਬੈਠਣ ਦਾ ਕਾਰਨ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਸਦਾ ਪਤੀ ਹੈਪੀ ਨਸ਼ੇ ਦਾ ਆਦੀ ਹੈ ਅਤੇ ਜੇਕਰ ਉਹ ਉਸਨੂੰ ਨਸ਼ੇ ਲਈ ਪੈਸੇ ਨਹੀਂ ਦਿੰਦੀ ਤਾਂ ਅਕਸਰ ਉਸਨੂੰ ਕੁੱਟਦਾ ਹੈ। ਉਸਨੇ ਦੱਸਿਆ ਕਿ ਉਸਦੇ ਪਤੀ ਨੇ ਨਸ਼ੇ ਖਰੀਦਣ ਲਈ ਘਰ ਦਾ ਸਾਰਾ ਸਮਾਨ ਜਿਵੇਂ ਕਿ ਸਿਲੰਡਰ, ਚੁੱਲ੍ਹਾ, ਭਾਂਡੇ ਆਦਿ ਵੇਚ ਦਿੱਤਾ ਸੀ।

ਇੰਨਾ ਹੀ ਨਹੀਂ, ਉਸਨੇ ਆਪਣੀ ਲਤ ਪੂਰੀ ਕਰਨ ਲਈ ਉਸਦੇ ਵਾਲ ਵੀ ਕੱਟ ਕੇ ਵੇਚ ਦਿੱਤੇ। ਸਾਬਕਾ ਕੌਂਸਲਰ ਵਿਜੇ ਸ਼ਰਮਾ, ਜੋ ਹੋਰ ਲੋਕਾਂ ਨਾਲ ਪੀੜਤਾ ਨੂੰ ਮਿਲਣ ਆਏ ਸਨ, ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਕਤ ਔਰਤ ਦੇ ਰਹਿਣ ਅਤੇ ਉਸਦੇ ਬੱਚਿਆਂ ਦੇ ਪਾਲਣ-ਪੋਸ਼ਣ ਦਾ ਪ੍ਰਬੰਧ ਕੀਤਾ ਜਾਵੇ।




ਇਸ ਤੋਂ ਬਾਅਦ ਕੈਨਾਲ ਕਲੋਨੀ ਪੁਲਿਸ ਸਟੇਸ਼ਨ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਪੀੜਤ ਔਰਤ ਦੇ ਬਿਆਨ ਦਰਜ ਕਰਨ ਤੋਂ ਬਾਅਦ, ਉਸਦੇ ਦੋਸ਼ੀ ਪਤੀ ਹੈਪੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਅਤੇ ਪੁਲਿਸ ਟੀਮ ਉਸਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ।

ਐਸਪੀ ਸਿਟੀ ਦਾ ਕਹਿਣਾ ਹੈ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਜੇਕਰ ਉਹ ਨਸ਼ੇ ਦਾ ਆਦੀ ਹੈ, ਤਾਂ ਉਸਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰਵਾਇਆ ਜਾਵੇਗਾ ਅਤੇ ਇਲਾਜ ਕੀਤਾ ਜਾਵੇਗਾ। ਔਰਤ ਅਤੇ ਉਸਦੇ ਬੱਚਿਆਂ ਨੂੰ ਉਨ੍ਹਾਂ ਦੇ ਘਰ ਭੇਜ ਦਿੱਤਾ ਗਿਆ ਹੈ।

# ਕਾਵਿ-ਕਿਆਰੀ

## ਇਨਕਲਾਬ



ਇਨਕਲਾਬ ਤਾਂ ਆਕੇ ਚਲਾ ਗਿਆ,
ਹੁਣ ਫ਼ੇਰ ਨ੍ਹੀਂ ਆਉਣਾ,
ਛੱਡ ਦਿਓ ਲੋਕੋ ਇਸ ਦਾ ਨਾਹਰਾ,
ਹੁਣ ਗਰਜਮਾ ਲਾਉਣਾ।

ਇਹ ਸੀ ਇੱਕ ਛਲਾਵਾ ਜੋ ਕਦੀ,
ਹੱਥ ਨਹੀਂ ਮੁੜ ਆਉਣਾ,
ਜੋ ਹਕੀਕਤ ਨਾ ਬਣ ਸਕਿਆ,
ਹੁਣ ਪਿਆ ਸਭ ਨੂੰ ਪਛਤਾਉਣਾ।

ਫ਼ਲਸਫ਼ੇ ਹੀ ਘੜਦਾ ਰਹਿ ਗਿਆ,
ਮਾਰਕਸ ਬੜਾ ਸਿਆਣਾ,
ਵੇਚ ਕੇ ਖਾ ਗਿਆ ਫ਼ਲਸਫ਼ੇ ਨੂੰ,
ਸਾਰਾ ਰੂਸੀ ਲਾਣਾ।

ਲੈਨਿਨ ਕਰ ਕਰ ਥੱਕ ਗਿਆ ਸੀ,
ਅਣਥੱਕ ਹੀ ਚਾਰਾਜੋਈ,
ਲਾਲ ਫ਼ੌਜ ਦੀ ਦੁਨੀਆ ਵਿੱਚ ਸੀ,
ਬੜੀ ਹੀ ਵਾਹ ਵਾਹ ਹੋਈ।

ਕਿੰਨੇ ਕਾਮੇ ਸ਼ਹੀਦ ਹੋ ਗਏ,
ਕਿੰਨਿਆਂ ਦੀ ਰੱਤ ਚੋਈ,
ਕਿਸ ਦੇ ਹੱਥੋਂ ਕਿਸ ਕਿਸ ਦੀ,
ਸੀ ਕਿੰਨੀ ਦੁਰਗਤ ਹੋਈ।

ਜ਼ਾਰ ਆਪਣੇ ਮਹਿਲ ਖੁਹਾ ਕੇ,
ਜ਼ਾਰ ਜ਼ਾਰ ਸੀ ਰੋਇਆ,
ਲੋਕਾਂ ਦੇ ਅਥਾਹ ਹੜ੍ਹ ਅੱਗੇ,
ਖ਼ੁਆਰ ਬੜਾ ਸੀ ਹੋਇਆ।

ਰੂਸ ਨੇ ਦੁਨੀਆ ਦੇ ਵਿੱਚ ਜਾਕੇ,
ਇਨਕਲਾਬ ਦਾ ਕੀਤਾ ਧੰਦਾ,
ਦੋਹੀਂ ਹੱਥੀਂ ਹੀ ਲੁੱਟ ਖਾਧਾ,
ਦੁਨਿਆਵੀ ਭੋਲ਼ਾ ਬੰਦਾ।

ਅਮੀਰ ਹੋਰ ਅਮੀਰ ਹੋ ਗਿਆ,
ਗ਼ਰੀਬ ਹੋਰ ਵੀ ਭੁੱਖਾ,
ਨਾ ਬਰਾਬਰੀ ਦਾ ਪਾੜਾ ਵਧਿਆ,
ਜੋ ਕਦੀ ਵੀ ਨਹੀਂ ਮੁੱਕਾ।

ਮਹਿੰਗੇ ਭਾਅ 'ਤੇ ਸਮਾਜਵਾਦ,
ਵਿਕਿਆ ਬੋਲੀ 'ਤੇ ਚੜ੍ਹ ਕੇ,
ਕਾਮਰੇਡਾਂ ਦੇ ਢੱਠੇ ਘਰਾਂ ਵਿੱਚ,
ਬੱਸ ਖਾਲੀ ਪੀਪੇ ਖੜਕੇ।

ਸਰਮਾਏਦਾਰ ਤਾਂ ਹਰ ਵਾਰ ਹੀ,
ਜਿੱਤਿਆ ਕਰ ਕੋਝੇ ਹੀਲੇ,
ਜਿਹੜਾ ਇਸ ਦੇ ਅੱਗੇ ਅੜਿਆ,
ਉਹਦੇ ਮੂਧੇ ਪਏ ਪਤੀਲੇ।

ਢਿੱਡ ਦੀ ਭੁੱਖ ਨਹੀਂ ਪੂਰੀ ਹੁੰਦੀ,
ਸੁੱਕੀਆਂ ਨੀਤੀਆਂ ਘੜ ਕੇ,
ਪੈਸੇ ਨਾਲ ਹੀ ਰੋਟੀ ਮਿਲਦੀ,
ਸਵਾਦੀ ਲਾ ਲਾ ਤੜਕੇ।

ਸਾੜ ਦਿਓ ਹੁਣ ਸਾਰੇ ਪੋਥੇ,
ਜੋ ਸਿਰ ਖਪਾ ਗਏ ਸਾਡਾ,
ਇਨਕਲਾਬ ਦਾ ਹੁਣ ਭੋਗ ਪਾ ਦਿਓ,
ਛੱਡ ਦਿਓ ਲਾਉਣਾ ਆਢਾ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਸੱਸ ਰੂਪ ਰੱਬ ਦਾ



(ਤਰਲੋਚਨ ਸਿੰਘ ਚੰਨ
ਜੰਡਿਆਲਵੀ U.K.)


ਸੱਸ ਮੇਰੀ ਤਾਂ ਰੂਪ ਰੱਬ ਦਾ, ਸਿਫ਼ਤ ਕਰਾਂ ਨਾ ਬਾਹਲੀ।
(ਮੇਰਾ) ਸਹੁਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਡਾਲੀ।

ਭੋਰਾ ਝੂਠ ਨਾ ਬੋਲਾਂ ਸੱਚੋ ਸੱਚ ਤੁਹਾਨੂੰ ਦੱਸਾਂ।
ਚੰਗੇ ਕਰਮ ਕਰੋ ਤਾਂ ਮਿਲਦੇ ਚੰਗੇ ਸਹੁਰੇ ਸੱਸਾਂ।
ਇਕ ਵਾਰੀ ਪੈਰੀਂ ਹੱਥ ਲਾਵਾਂ, ਦੇਣ ਅਸੀਸਾਂ ਚਾਲੀ।
(ਮੇਰਾ) ਸਹੁਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਡਾਲੀ।

ਘਰ ਵਿੱਚ ਨਿੱਘ ਪਿਆਰ ਮੁਹੱਬਤ ਸਾਰਾ ਟੱਬਰ ਸੁਗਲੀ।
ਉਹ ਘਰ ਨਰਕ ਬਰੋਬਰ ਹੁੰਦਾ ਜਿਥੇ ਨਿੰਦਿਆ ਚੁਗਲੀ।
ਇਕ ਦੂਜੇ ਦੀ ਸੁਣਕੇ ਕਈਆਂ, ਆਪਣੀ ਮਿੱਟੀ ਬਾਲੀ।
(ਮੇਰਾ) ਸਹੁਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਡਾਲੀ।

ਸੱਸੂ ਰਾਣੀ ਨਿਰੀ ਭਗਤਣੀ ਪੂਜਣ ਨੂੰ ਜੀਅ ਕਰਦਾ।
ਸਹੁਰਾ ਮੇਰਾ ਸੁਘੜ ਸਿਆਣਾ ਸਾਊ ਜ਼ਮਾਨੇ ਭਰ ਦਾ।
ਪੁੱਤ ਪੁੱਤ ਦੋਵੇਂ ਕਰਨ ਹਮੇਸ਼ਾਂ, ਸੁਣੀ ਨਾ ਮੂੰਹੋਂ ਗਾਲੀ।
(ਮੇਰਾ) ਸਹੁਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਡਾਲੀ।


ਸੱਸਾਂ ਸਹੁਰੇ ਸਭ ਨੇ ਬਨਣਾਂ ਅੱਜ ਕੋਈ-ਕੋਈ ਭਲਕੇ।
ਇੱਜ਼ਤ ਮਾਣ ਕਰੋਣਾ ਆਪਾਂ ਇਕ ਦੂਜੇ ਨਾ ਰਲਕੇ।
ਚੰਨ ਜੰਡਿਆਲਵੀ ਬੋਲੀ ਪਾਉਂਦਾ, ਤੁਸੀਂ ਬਜਾਉ ਤਾਲੀ।
(ਸਾਡਾ) ਸਹੁਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਡਾਲੀ।






ਕੁਲਵੰਤ ਸਿੰਘ ਢੇਸੀ

## ਸੋਹਲ ਕੁੜੀ



ਬੰਬੀਹਾ ਹੋਈ ਪਿਆਸ
ਉਹਦੇ ਗੁਲਾਬੀ ਬੁੱਲ੍ਹਾਂ ਨੂੰ
ਨੀਲਾ ਕਰ ਰਹੀ ਹੈ
ਚਿਹਰਾ ਸੁਰਖੋਂ ਸਫੈਦ
ਕਰ ਰਹੀ ਹੈ
ਅੱਖਾਂ ਦੇ ਖਾਰੇ ਨੀਰਾਂ ਨੂੰ
ਇਕ ਥਾਂ ਕੱਠਿਆਂ ਕਰਕੇ
ਇਕ ਸਰਵਰ ਕਰ ਰਹੀ ਹੈ
ਪੈਰਾਂ ਲਈ ਧਰਤੀ ਲੱਭਦੀ
ਆਪਣੇ ਹਿੱਸੇ ਦੇ ਅੰਬਰ ਲਈ
ਲੜ ਰਹੀ ਹੈ
ਉਹ ਮੋਮ ਦਿਲ ਸੋਹਲ ਕੁੜੀ
ਮੋਮ ਦੇ ਹਥਿਆਰ ਘੜ ਰਹੀ ਹੈ
--- ---

## ਚਾਨਣੀ ਦੀ ਕਿਨਾਰੀ

ਗੱਲਾਂ ਦਰਦ ਦੀਆਂ
ਦੱਸੀਆਂ ਨਾ ਗਈਆਂ
ਵਗਦੇ ਝਨਾਬ ਨੂੰ
ਸਾਨੂੰ ਚੁੱਭੇ ਵਾਂਗ ਕੁਸੁੰਬੜਾ
ਕੀਹ ਸਿਰ 'ਚ ਮਾਰੀਏ
ਸੁਨੇਹਿਆਂ 'ਚ ਆਏ ਗੁਲਾਬ ਨੂੰ
ਚੁੰਨੀਆਂ ਨੂੰ ਚਾਨਣੀ ਦੀ
ਲੱਗੀ ਕਿਨਾਰੀ ਦਾ
ਦੁੱਖ ਆਖੀਏ ਕਿਸ ਕਿਤਾਬ ਨੂੰ
-- ਛਿੰਦਰ ਕੌਰ ਸਿਰਸਾ ---
* * * *

## ਉੱਚਾ ਕਿਰਦਾਰ



ਸਮਝੀਂ ਖਾਸ ਕਿਤਾਬ ਤੂੰ ਮੈਨੂੰ, ਦਿਲ ਦੀ ਲਾਇਬਰੇਰੀ ਵਿੱਚ
ਅੱਜ ਤਾਜੀ ਕੱਲ੍ਹ ਰੱਦੀ ਹੁੰਦੀ, ਐਵੇਂ ਤੂੰ ਅਖ਼ਬਾਰ ਨਾ ਸਮਝੀਂ
ਬੰਦ ਮੇਰੀਆਂ ਅੱਖਾਂ ਹੋਵਣ, ਭਾਵੇਂ ਸਾਹਮਣੇ ਲੱਖਾਂ ਹੋਵਣ
ਤੂੰ ਹੀ ਬੱਸ ਦਿੱਸਦਾ ਤੂੰ ਹੀ, ਕੀਤਾ ਕਦੇ ਦੀਦਾਰ ਨਾ ਸਮਝੀਂ
ਤੇਰੇ ਸੰਗ ਖੜ੍ਹਿਆ ਨਹੀਂ, ਜੇ ਤੇਰੀ ਖਾਤਿਰ ਲੜ੍ਹਿਆ ਨਹੀਂ
ਨਿਰਪੱਖ ਰਹਿਣਾ ਜੁਰਮ ਨਹੀਂ, ਪਿੱਠ 'ਤੇ ਵਾਰ ਨਾ ਸਮਝੀਂ
ਹੱਸਦਾ ਰਹਿ ਤੂੰ ਵੱਸਦਾ ਰਹਿ, ਭਾਵੇਂ ਤਾਹਨੇ ਕੱਸਦਾ ਰਹਿ
ਦਿਲੋਂ ਦੁਆਵਾਂ ਤੇਰੇ ਲਈ, ਦਿੱਤਾ ਮਨੋਂ ਵਿਸਾਰ ਨਾ ਸਮਝੀਂ
ਜਣੇ-ਖਣੇ ਦੇ ਪੈਰੀਂ ਧਰੀ ਜਾਵੇ, ਨਿੱਤ ਕੱਖੋਂ ਹੋਲੀ ਕਰੀ ਜਾਵੇ
ਚਾਰ-ਗਜ ਕੱਪੜਾ ਹੋ ਸਕਦਾ, ਐਵੇਂ ਦਸਤਾਰ ਨਾ ਸਮਝੀਂ
ਹਾਕਮ ਦੀ ਬੋਲੀ ਬੋਲਦਾ ਜੋ, ਸੱਚ ਝੂਠ ਦੇ ਪੈਰੀਂ ਰੋਲਦਾ ਜੋ
ਮੌਕਾ ਵੇਖ ਵਿੱਕ ਜਾਵੇ ਜੋ, ਸੱਚਾ ਪੱਤਰਕਾਰ ਨਾ ਸਮਝੀਂ
ਪਿਆਰ ਨਾਲ ਸਤਿਕਾਰ ਨਾਲ, ਕੁਝ ਹਉਮੈਂ ਦੀ ਹਾਰ ਨਾਲ
ਰਿਸ਼ਤੇ ਸਭ ਬਚਾ ਲਏ ਜੇ, ਐਸੀ ਹਾਰ ਨੂੰ ਹਾਰ ਨਾ ਸਮਝੀਂ
ਪਰਮਿੰਦਰ ਸਿਰੇ ਦਾ ਪਾਪੀ ਏ, ਵਾਹ ਪਏ ਤੇ ਗੱਲ ਜਾਪੀ ਏ
ਬੰਦਾ ਬੜਾ ਨੀਵੇਂ ਪੱਧਰ ਦਾ, ਉੱਚਾ ਕਿਰਦਾਰ ਨਾ ਸਮਝੀਂ
-ਪਰਮਿੰਦਰ ਸਿੰਘ ਸਿੱਧੂ

* * * * * * * *

# ਇਤਿਹਾਸ ਸ਼੍ਰੀ ਗੁਰੂ ਗ੍ਰੰਥ ਸਾਹਿਬ


– ਲੇਖਕ –
ਗਿਆਨੀ
ਗੁਰਦਿੱਤ ਸਿੰਘ




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–4**

ਓਹੋ ਅਧਿਆਤਮਕ ਰੰਗ, ਉਹੋ ਭਾਵਾਂ ਦੀ ਮਹਿਕ ਰੂਪਕਾਂ ਦੀ ਝਲਕ ਉਹੋ ਭਾਵ–ਆਤਮਕ ਸੁਝਾਊ ਸ਼ਬਦਾਵਲੀ ਹੈ, ਜਿਸ ਨੂੰ ਨਿਖੇੜਕੇ ਦੇਖਣਾ ਔਖਾ ਹੋ ਜਾਂਦਾ ਹੈ। ਜਿਵੇਂ ਇਕ ਪ੍ਰਵੀਨ ਵਜੰਤਰੀ ਦੇ ਹੱਥਾਂ ਵਿੱਚ ਆਇਆ ਦੋ ਤਾਰਾ, ਇਕੋ ਧੁਨ ਵਿੱਚ ਵੱਖੋ ਵੱਖਰੇ ਰਾਗ ਅਲਾਪ ਕਰ ਰਿਹਾ ਹੋਵੇ। ਹਰ ਸੁਰ ਵਿੱਚ ਰਚਨਹਾਰ ਦੀ ਹਸਤੀ ਭੀ ਝਲਕਾਰੇ ਮਾਰਕੇ ਅਛੋਪਲੋ ਜਿਹੇ ਕੁਝ ਕੁਝ ਵੱਖਰੇ ਮੁਹਾਂਦਰੇ ਦੇ ਝਾਉਲੇ ਪਾਉਂਦੀ ਜਾਵੇ। ਏਕ ਮੂਰਤ ਅਨੇਕ ਦਰਸ਼ਨ ਅਨੇਕ ਖਿਆਲਾਂ ਦਾ ਇਕ ਲਖਸ਼, ਭਗਤਾਂ ਦੀ ਪਲ ਪਲ ਦੀ ਸਾਧਨਾ ਨਾਲ ਸਾਖਿਆਤ ਕੀਤੀ ਸੱਚੀ ਭਗਤੀ ਦੇ ਦਰਸ਼ਨ ਹੁੰਦੇ ਹਨ।

**ਗੁਰੂ ਬਾਣੀ ਕੀ ਹੈ**:– ਗੁਰੂ ਅਨੁਭਵ ਦੇ ਆਤਮੀ ਸ਼ੀਸ਼ੇ ਉਤੇ ਪਰਮ ਹਸਤੀ ਦੇ ਪ੍ਰਕਾਸ਼ ਦੀਆਂ ਕਿਰਨਾਂ ਪ੍ਰਤੀਬਿੰਬਤ ਹੋਈਆਂ। ਮਾਨਵਤਾ ਦੇ ਦੁੱਖਾਂ ਦੀ ਨਵਿਰ–ਤੀ ਲਈ ਗੈਬੀ ਔਸ਼ਧਾਲਯ ਖੁੱਲ ਗਿਆ ਹੈ। ਜਿਸ ਭਾਂਤ ਦੀ ਕਿਸੇ ਨੂੰ ਕੋਈ ਪੀੜ ਸਤਾਉਂਦੀ ਹੈ, ਸਤ ਸਰੂਪ ਬਾਣੀ ਦੀਆਂ ਧੁਨਾਂ ਲਹਿਰਾਂ ਵਾਂਗ ਤਾਰੀਆਂ ਲਾਉਂਦੀਆਂ ਨਵੀਨ ਕਾਢ– ਲੇਜ਼ਰ–ਵਾਂਗ ਧਾ ਕੇ ਦੂਸ਼ਿਤ ਥਾਂ ਵੱਲ ਲਹਿਰਾਂ ਪੈ ਜਾਂਦੀਆਂ ਹਨ। ਮਨੁੱਖ ਦੀਆਂ ਵਿਖਾਧੀ ਭਾਵਨਾਵਾਂ ਦੀ ਜਹਿਰ ਚੂਸ ਕੇ ਅੰਮ੍ਰਿਤ ਦਾ ਲੇਪ ਕਰ ਦਿੰਦੀਆਂ ਹਨ। ਧੁਨੀ ਮੰਡਲ ਦੀ ਬਸਤ ਬਾਣੀ ਦੇ ਪ੍ਰਕਾਸ਼ ਪੁੰਜ ਕੇਂਦਰ ਤੋਂ ਸੰਗੀਤ ਮਈ ਸੂਖਮ ਲਹਿਰ ਆਪਣਾ ਸੁੱਖਦਾਈ ਕੰਮ ਕਰਦੀਆਂ ਰਹਿਣਗੀਆਂ। ਰੋਗੀ ਆਪਣਾ ਅੰਦਰਲਾ ਆਪਾ ਏਨ੍ਹਾਂ ਸਾਹਮਣੇ ਖੋਲ੍ਹੇ ਸਹੀ।

ਜੋ ਪ੍ਰਾਣੀ ਬਾਣੀ ਦੇ ਭਾਵਾਂ ਦੀ ਸਪੱਸ਼ਟਤਾ ਨਹੀਂ ਮਾਣ ਸਕਦੇ, ਇਸ ਬਾਣੀ ਦੀ ਛੋਹ ਇਕ ਅਜੇਹੀ ਅਲੌਕਿਕ ਸ਼ਕਤੀ ਹੈ, ਉਸ ਹਾਲਤ ਵਿੱਚ ਭੀ ਮਨੁੱਖੀ ਮਨਾਂ ਦੇ ਦੁੱਖ ਗਵਾ ਦਿੰਦੀ ਹੈ। (ਗੁਰਬਾਣੀ ਸੁਣ ਮੈਲ ਗਵਾਏ) ਇਹ ਬਾਣੀ ਮਨ ਦੀ ਭਟਕਣਾ, ਮਾਨਸਿਕ ਪੀੜਾ ਦੁੱਖਾਂ ਕਲੇਸ਼ਾਂ ਦਾ ਨਾਸ ਕਰਦੀ ਹੈ। (ਦੂਖ ਰੋਗ ਬਿਨਸੈ ਭੈ ਭਰਮ) ਇਹ ਬਾਣੀ ਕਠੋਰ ਤੋਂ ਕਠੋਰ ਮਨਾਂ ਨੂੰ, ਦਰੱਵਤ ਕਰਨ ਦੇ ਸਮਰੱਥ ਹੈ। ਕਿਉਂਕਿ ਦਿਲਾਂ ਦੀ ਅਬੋਲ ਭਾਖਾ ਦਿਲਾਂ ਨੂੰ ਸੰਬੋਧਤ ਹੈ। ਆਤਮਿਕ ਸ਼ੰਕਿਆਂ ਦਾ ਸਮਾਧਾਨ ਕਰਦੀ ਹੈ। ਈਸ਼ਵਰ ਮਿਲਾਪ ਲਈ ਤੜਪ ਉਪਜਾਉਂਦੀ ਸੱਚੀ ਬਿਰਹਾ ਦੀ ਵੇਦਨਾ ਉਭਾਰਦੀ ਹੈ। ਇਹ ਸਭਿ ਖਲਕ ਦੇ ਸੁੱਖਾਂ ਲਈ ਅਰਦਾਸ ਰੂਪ ਹੈ।

**ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ॥**
**ਦੇ ਕੰਨੁ ਸੁਣਹੁ ਅਰਦਾਸਿ ਜੀਉ॥**

(ਸਿਰੀ ਰਾਗ ਮ: 5–74)

ਅਲਹ, ਰਾਮ ਆਦਿਕ ਨਾਵਾਂ ਦੀ ਈਸ਼ਵਰੀ ਬੋਧ ਵਾਲੇ ਰੂਪ ਵਿੱਚ ਵਰਤੋਂ ਗੁਰੂ ਗ੍ਰੰਥ ਸਾਹਿਬ ਵਿੱਚ ਖੁੱਲੇ ਤੌਰ 'ਤੇ ਹੋਈ ਹੈ। ਏਕੋ ਧਰਮੁ ਦ੍ਰਿੜੈ ਸਚੁ ਕੋਈ। ਗੁਰਮਤਿ ਪੂਰਾ ਜੁਗਿ ਜੁਗਿ ਸੋਈ।

ਜਦੋਂ ਟਾਇਨਬੀ ਜਿਹੇ ਵਿਦਵਾਨ ਕਹਿੰਦੇ ਹਨ, ਭਵਿੱਖ ਦੀ ਦੁਨੀਆਂ ਲਈ ਗੁਰੂ ਗ੍ਰੰਥ ਸਾਹਿਬ ਧਰਮ ਗ੍ਰੰਥ ਮੰਨਿਆ ਜਾਣਾ ਸੰਭਵ ਹੈ। ਇਹ ਸੰਭਾਵਨਾ ਅਰਥ ਰਹਿਤ ਨਹੀਂ।

ਟਾਇਨਬੀ ਸਾਹਿਬ ਕਹਿੰਦੇ ਹਨ ਗੁਰੂ ਨਾਨਕ ਆਪਣੀ ਰਚਨਾ ਬਾਰੇ ਕੁਝ ਕਹਿਣ ਤੋਂ ਸੰਕੋਚਮਈ ਹਨ। ਅਜਿਹੇ ਸੰਕੋਚ ਤੋਂ ਭਾਵ ਨਿਮਰਤਾ ਹੈ, ਜੋ ਉਨ੍ਹਾਂ ਅੰਤਾਂ ਦੀ ਵਰਤੀ ਹੈ, ਪਰ ਉਸ ਵਿੱਚ ਸਿਖਰ ਦੀ ਗੌਰਵਤਾ ਹੈ।

(ੳ) ਆਪਹੁੰ ਬੋਲ ਨ ਜਾਣਦਾ ਮੈਂ ਕਿਹਾ ਸਭ ਹੁਕਮਾਉ ਜੀਉ ॥

(ਅ) ਜਿਉ ਬੁਲਾਵੇ ਤਿਉ ਨਾਨਕ ਦਾਸ ਬੋਲੈ ॥ (ਗਉੜੀ ਮ: 5–292)

(ੲ) ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ ਗੁਣੀ ਗਹੀਰਾ। (ਸੋਰਠ ਮ. 5–623)

ਚਰਚਾ ਦਾ ਵਿਸ਼ ਸੀ ਗੁਰਬਾਣੀ ਕਿਸੇ ਰਚਨਾ ਦਾ ਭਾਸ਼ ਨਹੀਂ, ਗੁਰੂ ਨਾਨਕ ਜੀ ਨੇ ਕਿਸੇ ਸਾਧੂ–ਸੰਤ, ਭਗਤ ਅਚਾਰੀ ਦਾ ਅਨੁਕਰਣ ਨਹੀਂ ਕੀਤਾ। ਗੁਰੂ ਨਾਨਕ ਬ੍ਰਹਮ ਸਮਾਨ, ਗੋਬਿੰਦ ਰੂਪ ਸਨ। ਇਸ ਲਈ ਉਨ੍ਹਾਂ ਰਾਹੀਂ ਇਹ ਬਾਣੀ ਮਨੁੱਖ ਮਾਤਰ ਦੀ ਕਲਿਆਣ ਲਈ ਪ੍ਰਗਟ ਹੋਈ ਸੀ:– ਇਹ ਭਾਵ ਉਨ੍ਹਾਂ ਦੇ ਕਥਨਾਂ ਤੋਂ ਪ੍ਰਗਟ ਹਨ।

ਤਾ ਮੈ ਕਹਿਆ ਕਹਿਣੁ ਜਾ
ਤੁਝੈ ਕਹਾਇਆ ॥ (ਵਡਹੰਸ ਮ: 1–566)

ਸਤਿ ਸਰੂਪ ਗੁਰਬਾਣੀ ਅਤੇ ਕਵਿਤਾ ਵਿੱਚ ਇਕ ਭੇਦ ਸਮਝਣ ਦੀ ਲੋੜ ਹੈ ਜੋ ਸਜ ਫਬ ਕੇ ਬੈਠੀ ਬਾਜ਼ਾਰੂ ਅਤੇ ਪਤਵੰਤੀ ਕੁਲਵੰਤੀ ਸੁੰਦਰ ਇਸਤਰੀ ਵਿੱਚ ਭੇਦ ਹੁੰਦਾ ਹੈ। ਬਾਜ਼ਾਰੂ ਸੁੰਦਰੀ ਦੇ ਨਖ ਸਿਖ ਵਧੇਰੇ ਸਵਾਰੇ ਨਿਖਾਰੇ ਹੁੰਦੇ ਹਨ, ਸਤਵੰਤੀ ਦੀ ਸਾਦਗੀ ਦਾ ਗੁਣ, ਉੱਚਾ ਜੀਵਨ ਆਮ ਅੱਖਾਂ ਨੂੰ ਖਿੱਚਣ ਵਾਲਾ ਬੇਸ਼ੱਕ ਘੱਟ ਹੋਵੇ ਪਰ ਰੂਹ ਨੂੰ ਝਕਝੋਰ ਦੇਵਣ ਵਾਲਾ ਸਦੀਵੀ ਗੌਰਵ ਹੁੰਦਾ ਹੈ। ਮਹਾਂਰਾਸ਼ਟਰ ਦੇ ਸੰਤ ਗਿਆਨੇਸ਼ਵਰ ਦਾ ਸੁੰਦਰ ਕਥਨ ਹੈ:–

ਜੈਸੇ ਸਾਹਿਤ ਅਣੀ ਸਾਂਤੀ ਹੋ ਰੇਖਾ ਚੇ ਬੋਲਦੀ। ਜੈਸੇ ਲਾਵਯਣੀ ਗੁਣ ਕੁਲਵੰਤੀ।

ਗਿਆਨੇਸ਼ਵਰ ਨੇ ਸੁੰਦਰਤਾ ਦੇ ਬਾਹਰਲੇ ਗੁਣਾਂ ਨੂੰ ਵੇਸ਼ਿਆ ਦੀ ਸੁੰਦਰਤਾ ਨਾਲ ਮੇਲਿਆ ਹੈ। ਬਾਣੀ ਉੱਤਮ–ਕਾਵਿ ਰੂਪ ਹੈ, ਕਾਵਿ ਰੂਪ ਵਿੱਚੋਂ ਉੱਤਮ ਹੁੰਦਾ ਹੈ ਰਸੀਲਾ ਪਨ, ਉਸ ਤੋਂ ਭੀ ਉੱਤਮ ਹੈ ਉਹ ਵਾਤਾਵਰਣ ਜਿਸ ਵਿੱਚ ਸ਼ੁੱਭ ਸੁਗੰਧੀਆਂ ਦੇ ਝੋਕੇ ਸਪਰਸ਼ ਕਰ ਰਹੇ ਹੋਣ।

ਸੁੰਦਰ ਦਾਸ ਜੀ ਨੇ ਹਰਿ ਜਸ ਨੂੰ ਕਾਵਯ ਦੇ ਪ੍ਰਾਣ ਕਿਹਾ ਹੈ ਜਿਸ ਬਿਨਾਂ ਕਾਵਯ ਮੁਰਦਾ ਲਾਸ਼ ਜਿਹੀ ਹੁੰਦੀ ਹੈ।

ਇਹ ਸਮਝਣਾ ਉਚਿਤ ਹੀ ਹੋਵੇਗਾ, ਜਿਵੇਂ ਮੈਕਾਲਫ਼ ਸਾਹਿਬ ਨੇ 1901 ਵਿੱਚ ਅਕਾਲ ਬੁੰਗੇ ਸਾਹਿਬ ਭਾਸ਼ਣ ਦਿੰਦਿਆਂ ਕਿਹਾ ਸੀ, ਗੁਰੂ ਗ੍ਰੰਥ ਸਾਹਿਬ ਇਕੋ ਇਕ ਅਜੇਹੀ ਧਰਮ ਪੁਸਤਕ ਹੈ, ਜਿਸ ਨੂੰ ਰਚਣਹਾਰਾਂ ਨੇ ਜਿਸ ਰੂਪ ਵਿੱਚ ਖੁਦ ਨਿਰੂਪਣ ਕੀਤਾ ਹੈ, ਇਸ ਦਾ ਮੂਲ ਰੂਪ ਉਹੋ ਹੈ।

ਇਹ ਮੰਨਣਾ ਬਿਲਕੁੱਲ ਉਚਿਤ ਹੈ, ਜਿਵੇਂ ਮੈਕਾਲਫ਼ ਸਾਹਿਬ ਨੇ ਆਪਣੇ ਇਸ ਗ੍ਰੰਥ ਸਿੱਖ ਰਿਲੀਜਨ ਦੀ ਭੂਮਿਕਾ ਵਿੱਚ ਕਿਹਾ ਹੈ। ਪਵਿਤਰਤਾ ਅਰ ਰੂਹਾਨੀ ਓਜ ਦੇ ਨੁਕਤੇ ਤੋਂ ਇਹ (ਸਿੱਖ ਧਰਮ) ਦੁਨੀਆਂ ਵਿੱਚ ਇਕ ਮਹਾਨ ਉੱਚਾ ਧਰਮ ਹੈ।

ਪਵਿਤਰਤਾ ਪਹਿਲੂ ਦੀ ਮਹਾਨਤਾ ਤੋਂ ਛੁੱਟ ਸੰਸਾਰ ਦੇ ਮਹਾਂਕਾਵਯ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਤਬਾ ਚੋਟੀ ਦਾ ਹੈ। ਦੁਨੀਆਂ ਦੀਆਂ ਧਰਮ ਪੁਸਤਕਾਂ ਵਿੱਚੋਂ ਸ਼ਾਇਦ ਹੀ ਕਿਸੇ ਦੀ ਗ੍ਰੰਥ ਸਾਹਿਬ ਜੀ ਦੇ ਤੁੱਲ ਸਾਹਿਤਕ ਖ਼ੂਬਸੂਰਤੀ ਅਥਵਾ ਲਗਾਤਾਰ ਅਨੁਭਵੀ ਗਿਆਨ ਦੀ ਉੱਚਤਾ ਹੋਵੇ।

ਨਿਸਚੇ ਕਰਕੇ ਇਹ ਕਥਨ ਵਿਚਾਰਨ ਤੇ ਮੰਨਣ ਯੋਗ ਹੈ। 135 ਸਾਲ ਦੇ ਸਵਾਮੀ ਨਿਤਯਾ ਨੰਦ ਜੀ ਨੇ ਆਪਣੇ ਅਨੁਭਵ ਗੁਰੂ ਗਿਆਨ ਪੁਸਤਕ ਰਾਹੀਂ ਪ੍ਰਗਟ ਕੀਤੇ ਹਨ:–

ਆਯੂ ਭਰ ਰੇਤ ਛਾਨੀ ਤਤੂ ਵਸਤੂ ਗੁਰੂ ਘਰ ਮੇਂ ਥੀ।


ਅਬ ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ।

ਗੁਰੂ ਕਾ ਮਾਰਗ ਪੂਰਨ ਹੈ ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਕੀ ਸਿੱਖਿਆ, ਗੁਰਬਾਣੀ ਸੇ ਬੜ੍ਹ ਕਰ ਕਲਿਆਣਕਾਰੀ ਕੋਈ ਔਰ ਬਾਣੀ ਨਹੀਂ।

ਜੀਵਨ ਭਰ ਧਰਮ ਸ਼ਾਸਤਰ ਦਾ ਅਧਿਯਨ ਕਰਕੇ ਗਿਆਨ ਹਾਸਲ ਕਰਨ ਵਾਲੇ ਸਾਧੂ ਦੰਡੀ ਸੰਨਿਆਸੀ ਦੇ ਵਿਚਾਰਾਂ ਦਾ ਨਿਰੂਪਣ ਅਜਿਹਾ ਹੀ ਸਾਰਥਕ ਹੈ। ਵੇਦਾਂ, ਸ਼ਾਸਤਰਾਂ, ਸਿਮਰਤੀਆਂ, ਸਮਸਤ ਸੂਤਰਾਂ, ਤੰਤਰ ਤਥਾ ਪੁਰਾਣਾ ਦਾ ਪੂਰਵ ਵਾਦ ਅਨੇਕ ਦੋਸ਼ਾਂ ਤੋਂ ਭ੍ਰਿਸ਼ਟ ਹੋਏ ਜਾਣ ਕੇ ਮੈਨੇ ਬਹੁਤ ਸਾਰੇ ਅੰਸ਼ਾਂ ਵਿੱਚ ਇਨ੍ਹਾਂ ਗ੍ਰੰਥਾਂ ਨੂੰ ਛੋੜ ਦਿੱਤਾ ਹੈ। ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਲਕੁੱਲ ਹੀ ਨਿਰਦੋਸ਼ ਜਾਣ ਕੇ ਅਤੇ ਮਨੁੱਖ ਮਾਤਰ ਦਾ ਹਿਤੈਸ਼ੀ ਮੰਨਕੇ ਮੈਂ ਇਸ ਗੁਰੂ ਗ੍ਰੰਥ ਨੂੰ ਆਪਣਾ ਧਰਮ ਗ੍ਰੰਥ ਮੰਨ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੰਨਦਾ ਹਾਂ। ਇਸ ਲਈ ਮੈਂ ਗੁਰੂ ਦਾ ਸਿੱਖ ਹਾਂ।

## ਭਗਤੀ ਮਤ ਦਾ ਉਦਯ ਅਤੇ ਗੁਰਮਤਿ ਭਗਤੀ

ਦੱਖਣ ਤੋਂ ਉਪਜੇ ਭਗਤੀ ਮਤ ਦਾ ਕੇਂਦਰੀ ਧੁਰਾ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ, ਸ਼ਿਵ ਵਿੱਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਏਹੋ ਵਿਸ਼ਵਾਸ ਵੈਸ਼ਣਵ ਭਗਤੀ ਮੱਤ ਦਾ ਮੂਲ ਅਧਾਰ ਬਣਿਆ। ਭਗਤੀ ਮਤ ਦਾ ਦੂਜਾ ਨਾਮ, ਵੈਸ਼ਣਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਭੀ ਕਿਹਾ ਜਾਂਦਾ ਹੈ। ਕੁਝ




ਦੇਵਤਿਆਂ ਦੀ ਪੂਜਾ, ਖਾਸ ਕਰ ਰੁਦ੍ਰ ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵਜੰ ਹੀ ਮੰਨਿਆ ਜਾਣ ਲੱਗਾ, ਆਰੀਆਂ ਦੀ ਆਮਦ ਅਤੇ ਪ੍ਰਫੁੱਲਤਾ ਤੋਂ ਪਹਿਲਾਂ ਹੋਣ ਦੇ ਪ੍ਰਮਾਣ ਵਿਦਵਾਨਾਂ ਨੇ ਲੱਭੇ ਹਨ। ਦੱਖਣ ਵਿੱਚ ਦੇਵਤਾਵਾਦ ਦਾ ਭਾਰੀ ਬੋਲਬਾਲਾ ਹੁਣ ਤੱਕ ਰਿਹਾ ਹੈ। ਕੁਦਰਤ ਦੀ ਹਰ ਦਾਤ, ਕੁਝ ਭੀ ਮਹੱਤਵ ਤੇ ਵਿਲੱਖਣਤਾ ਰੱਖਦੀ ਸ਼ਕਤੀ, ਦੇਵਤਾ ਮੰਨ ਲਈ ਜਾਂਦੀ ਸੀ। ਦਰਖਤਾਂ ਨੂੰ ਬਨ ਦੇਵਤਾ, ਪਹਾੜਾਂ ਨੂੰ ਪਹਾੜ ਜਾਂ ਗਿਰ ਦੇਵਤਾ, ਇੰਦਰ ਨੂੰ ਮੀਂਹ ਪਉਣ ਵਾਲਾ ਦੇਵਤਾ ਮੰਨਿਆ ਜਾਂਦਾ ਸੀ। ਵਾਯੂ, ਸੂਰਜ, ਚੰਦ, ਨਦੀ, ਦਰਿਆ ਸਭ ਚੀਜ਼ਾਂ ਦੇਵਤੇ ਮੰਨ ਕੇ ਪੂਜੀਆਂ ਜਾਂਦੀਆਂ ਸਨ।

ਦੱਖਣ ਦੇਸ਼, ਜਿਸ ਵਿੱਚ ਵਰਤਮਾਨ, ਆਂਧਰਾ, ਕਰਨਾਟਕਾ, ਤਾਮਲ, ਕੇਰਲਾ ਅਤੇ ਕੁਝ ਇਸ ਵੇਲੇ ਦੇ ਮਹਾਂਰਾਸ਼ਟਰ ਦਾ ਭਾਗ ਆਉਂਦਾ ਹੈ ਵੈਸ਼ਣਵ ਭਗਤੀ ਧਰਮ ਦੀ ਮੁੱਢਲੀ ਕਰਮ ਭੂਮੀ ਰਹੀ ਹੈ। ਭਗਤੀ ਦੀਆਂ ਵਿਧੀਆਂ ਅਤੇ ਪ੍ਰਕਾਰਾਂ ਨੂੰ ਨਵੇਂ ਨਵੇਂ ਰੂਪ ਦੇਣ ਵਾਲੇ, ਪ੍ਰਮੁੱਖ ਵਿਦਵਾਨ ਤੇ ਅਚਾਰੀਆ–ਉਪਜਦੇ ਤੇ ਅੱਗੇ ਵਧਾਉਂਦੇ ਹੋਏ ਨਵਾਂ ਰਸ ਸਿੰਚਾਰਦੇ ਰਹੇ।

ਭਗਤੀ ਦੇ ਅਚਾਰੀਆਂ ਦੀ ਇਸ ਵਿਚਾਰਧਾਰਾ ਦੀ ਜਾਣਕਾਰੀ ਮਨੋਰੰਜਕ ਹੈ। ਪਿਛੋਕੜ ਵਿੱਚ ਸੂਤੀਆਂ ਸਿਮਰਤੀਆਂ ਦੀਆਂ ਧਰਮ ਵਿਧੀਆਂ ਅਤੇ ਚਿੰਤਨ ਦੇ ਪ੍ਰਭਾਵਾਂ ਦਾ ਭਾਰੀ ਦਬਾਉ ਰਿਹਾ ਹੈ। ਵੈਦਕ ਧਰਮ, ਮਰਿਆਦਾ ਜੀਵਾਂ ਤੋਂ ਮਨੁੱਖਾਂ ਤੱਕ ਦੀਆਂ ਕੁਰਬਾਨੀਆਂ, ਸ਼ਰੁਤੀਆਂ, ਸਿਮਰਤੀ ਦੀ ਮਰਿਯਾਦਾ, ਬ੍ਰਹਮਣੀ ਧਰਮ, ਪਿੱਛੋਂ ਪ੍ਰੋਹਤਵਾਦ ਦੇ ਅਡੰਬਰ ਇਕ ਤੋਂ ਵਧੀਕ ਦਖਲ ਅੰਦਾਜ਼ ਰਹੇ। ਬਿਨਾਂ ਪ੍ਰੋਹਤ ਦੀ ਵਿਚੋਲਗੀ ਤੋਂ ਕੀਤਾ ਕਿਸੇ ਤਰ੍ਹਾਂ ਦੇ ਧਰਮ ਦਾ ਕਰਮ, ਪੁੰਨਦਾਨ, ਵਿਸ਼ੇਸ਼ ਕਰਕੇ ਪ੍ਰਵਾਨ ਹੋਣਾ ਨਹੀਂ ਮੰਨਿਆ ਜਾਂਦਾ ਸੀ। ਇਸ ਕਿਸਮ ਦੇ ਅਡੰਬਰੀ, ਕਰਮ ਕਾਂਡੀ, ਬ੍ਰਹਮਣੀ, ਸ਼ਾਸਤ੍ਰੀ, ਛੇ ਸ਼ਾਸਤਰੀ, ਧਰਮਾਂ ਦੇ ਜਾਲ ਦੀਆਂ ਤੰਦਾਂ ਬੁੱਧਮਤ ਨੇ ਤੋੜੀਆਂ, ਵਿਅਕਤੀ ਦੇ ਚਿੰਤਨ ਨੂੰ ਸੁਤੰਤਰਤਾ, ਧਰਮ ਦੇ ਇਖਲਾਕੀ ਪੱਖ ਨੂੰ ਪ੍ਰਬਲਤਾ ਦਿੱਤੀ।

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

# ਪੰਜਾਬ ਸਰਕਾਰ ਜੈਪੁਰ ਵਾਂਗ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਵਜੋਂ ਵਿਕਸਤ ਕਰੇ

## ○ ਸਿੱਖ ਵਿਰਾਸਤ ਇਤਿਹਾਸਕ ਦਰਵਾਜ਼ਿਆਂ ਨੂੰ ਸੰਭਾਲ ਕਰੇਗੀ ਸਰਕਾਰ ○ ਸਿੱਖ ਮਿਊਜ਼ੀਅਮ ਅਤੇ ਹੋਰ ਵਿਰਾਸਤੀ ਉਪਰਾਲਿਆਂ ਦੀ ਜ਼ਰੂਰਤ



ਅੰਮ੍ਰਿਤਸਰ, ਸਿੱਖ ਧਰਮ ਅਤੇ ਪੰਜਾਬ ਦੀ ਸਭਿਆਚਾਰਕ ਵਿਰਾਸਤ ਦਾ ਕੇਂਦਰ, ਨਾ ਸਿਰਫ਼ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਰੱਖਦਾ ਹੈ, ਸਗੋਂ ਇਹ ਸ਼ਹਿਰ ਸਿੱਖੀ ਦੀ ਆਤਮਾ ਅਤੇ ਪੰਜਾਬ ਦੀ ਸ਼ਾਨ ਦਾ ਪ੍ਰਤੀਕ ਵੀ ਹੈ। ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਨਾਲ-ਨਾਲ ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ੇ ਵੀ ਇਸ ਸ਼ਹਿਰ ਦੀ ਸ਼ਾਨ ਵਧਾਉਂਦੇ ਹਨ। 2027 ਵਿੱਚ ਅੰਮ੍ਰਿਤਸਰ ਦੀ 450ਵੀਂ ਵਰ੍ਹੇਗੰਢ ਮੌਕੇ ਸਰਕਾਰ ਵੱਲੋਂ 'ਹੈਰੀਟੇਜ ਸਿਟੀ ਰੀਵੇਕਨਿੰਗ ਪ੍ਰਾਜੈਕਟ' ਦੇ ਤਹਿਤ ਸ਼ਹਿਰ ਦੇ ਪੰਜ ਦਰਵਾਜ਼ਿਆਂ ਦੀ ਨਵਉਸਾਰੀ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਇੱਕ ਸਕਾਰਾਤਮਕ ਕਦਮ ਹੈ।

ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਸ੍ਰੀ ਗੁਰੂ ਰਾਮਦਾਸ ਜੀ ਨੇ 1577 ਵਿੱਚ ਕੀਤੀ ਸੀ, ਅਤੇ ਇਸ ਦੀ ਵਿਰਾਸਤ ਸਿੱਖ ਧਰਮ ਦੇ ਨਾਲ-ਨਾਲ ਪੰਜਾਬ ਦੀ ਸਭਿਆਚਾਰਕ ਅਤੇ ਇਤਿਹਾਸਕ ਪਛਾਣ ਨਾਲ ਜੁੜੀ ਹੋਈ ਹੈ। ਸ਼ਹਿਰ ਦੇ ਵਿਸ਼ਾਲ ਦਰਵਾਜ਼ੇ, ਜੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਬਣਾਏ ਗਏ ਸਨ, ਨਾ ਸਿਰਫ਼ ਸੁਰੱਖਿਆ ਦੇ ਪ੍ਰਤੀਕ ਸਨ, ਸਗੋਂ ਸਿੱਖ ਸਾਮਰਾਜ ਦੀ ਸ਼ਕਤੀ ਅਤੇ ਸਭਿਆਚਾਰਕ ਉੱਤਮਤਾ ਨੂੰ ਵੀ ਦਰਸਾਉਂਦੇ ਸਨ। ਇਹ ਦਰਵਾਜ਼ੇ, ਜਿਵੇਂ ਕਿ ਦਰਵਾਜਾ ਰਾਮ ਬਾਗ, ਦਰਵਾਜਾ ਲੋਹਗੜ੍ਹ, ਅਤੇ ਦਰਵਾਜਾ ਮਹਾਂ ਸਿੰਘ, ਸਿੱਖ ਰਾਜ ਦੀ ਵਾਸਤੁਕਲਾ ਅਤੇ ਸਭਿਆਚਾਰ ਦੀ ਮਿਸਾਲ ਸਨ। ਪਰ ਅੰਗਰੇਜ਼ੀ ਰਾਜ ਦੌਰਾਨ, 1870 ਦੇ ਆਸ-ਪਾਸ, ਇਨ੍ਹਾਂ ਵਿਰਾਸਤੀ ਦਰਵਾਜ਼ਿਆਂ ਨੂੰ ਢਾਹ ਦਿੱਤਾ ਗਿਆ ਅਤੇ ਉਨ੍ਹਾਂ ਦੀ ਥਾਂ ਛੋਟੇ ਅਤੇ ਸਾਧਾਰਨ ਨਮੂਨਿਆਂ ਵਾਲੇ ਨਵੇਂ ਗੇਟ ਬਣਾਏ ਗਏ।

ਅੱਜ ਦੇ ਸਮੇਂ ਵਿੱਚ, ਅੰਮ੍ਰਿਤਸਰ ਦੇ 12 ਵਿਰਾਸਤੀ ਦਰਵਾਜ਼ਿਆਂ ਵਿੱਚੋਂ ਸਿਰਫ਼ 4 ਪੂਰੀ ਤਰ੍ਹਾਂ ਮੌਜੂਦ ਹਨ (ਹਾਲ ਗੇਟ, ਲਾਹੌਰੀ ਦਰਵਾਜ਼ਾ, ਹਾਥੀ ਦਰਵਾਜ਼ਾ, ਖ਼ਜ਼ਾਨਾ ਗੇਟ) ਅਤੇ ਦੋ ਦਰਵਾਜ਼ਿਆਂ ਦੀਆਂ ਸਿਰਫ਼ ਬੁਰਜੀਆਂ (ਸੁਲਤਾਨਵਿੰਡ ਅਤੇ ਹਕੀਮਾਂ) ਬਚੀਆਂ ਹਨ। ਇਹ ਦਰਵਾਜ਼ੇ ਪਿਛਲੇ ਕਈ ਸਾਲਾਂ ਤੋਂ ਅਣਦੇਖੀ ਦਾ ਸ਼ਿਕਾਰ ਰਹੇ ਹਨ, ਅਤੇ ਇਨ੍ਹਾਂ ਦੀ ਵਰਤੋਂ ਸਿਆਸੀ ਅਤੇ ਵਪਾਰਕ ਪੋਸਟਰਾਂ ਲਈ ਕੀਤੀ ਜਾ ਰਹੀ ਹੈ, ਜੋ ਕਿ ਸਿੱਖ ਵਿਰਾਸਤ ਅਤੇ ਸਭਿਆਚਾਰ ਦਾ ਘਾਣ ਹੈ। ਸਰਕਾਰ ਨੂੰ ਚਾਹੀਦਾ ਕਿ ਕਲਾ ਤੇ ਵਿਰਾਸਤੀ ਮਾਹਿਰਾਂ ਦੀ ਸਹਾਇਤਾ ਨਾਲ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਦਿਖ ਦੇਵੇ।

### ਪੰਜਾਬ ਸਰਕਾਰ ਦੇ ਮੌਜੂਦਾ ਉਪਰਾਲੇ

'ਹੈਰੀਟੇਜ ਸਿਟੀ ਰੀਵੇਕਨਿੰਗ ਪ੍ਰਾਜੈਕਟ' ਦੇ ਤਹਿਤ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੇ ਪੰਜ ਦਰਵਾਜ਼ਿਆਂ (ਹਾਲ ਗੇਟ, ਲਾਹੌਰੀ ਦਰਵਾਜ਼ਾ, ਹਾਥੀ ਦਰਵਾਜ਼ਾ, ਖ਼ਜ਼ਾਨਾ ਗੇਟ, ਅਤੇ ਸੁਲਤਾਨਵਿੰਡ ਦੀਆਂ ਬੁਰਜੀਆਂ) ਦੀ ਨਵਉਸਾਰੀ ਲਈ 10 ਕਰੋੜ ਰੁਪਏ ਦੀ ਲਾਗਤ ਦਾ ਪ੍ਰਸਤਾਵ ਰੱਖਿਆ ਹੈ। ਇਸ ਪ੍ਰਾਜੈਕਟ ਦਾ ਮਕਸਦ ਸ਼ਹਿਰ ਦੀ 450ਵੀਂ ਵਰ੍ਹੇਗੰਢ ਨੂੰ ਯਾਦਗਾਰੀ ਬਣਾਉਣ ਅਤੇ ਸ਼ਹਿਰ ਦੀ ਵਿਰਾਸਤੀ ਪਛਾਣ ਨੂੰ ਮੁੜ ਸਥਾਪਤ ਕਰਨਾ ਹੈ। ਇਸ ਤੋਂ ਇਲਾਵਾ, ਅੰਮ੍ਰਿਤਸਰ ਵਿਕਾਸ ਅਥਾਰਟੀ (ਏ.ਡੀ.ਏ.) ਅਤੇ ਹੋਰ ਸਰਕਾਰੀ ਵਿਭਾਗ ਵੀ ਸ਼ਹਿਰ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਕੰਮ ਕਰ ਰਹੇ ਹਨ।

ਹਾਲਾਂਕਿ, ਇਹ ਉਪਰਾਲੇ ਸੀਮਤ ਅਤੇ ਅਧੂਰੇ ਜਾਪਦੇ ਹਨ। ਸਿਰਫ਼ ਪੰਜ ਦਰਵਾਜ਼ਿਆਂ ਦੀ ਮੁਰੰਮਤ ਕਰਨ ਨਾਲ ਅੰਮ੍ਰਿਤਸਰ ਦੀ ਸਿੱਖ ਵਿਰਾਸਤ ਅਤੇ ਸਭਿਆਚਾਰਕ ਮਹੱਤਤਾ ਨੂੰ ਪੂਰੀ ਤਰ੍ਹਾਂ ਸੰਭਾਲਿਆ ਨਹੀਂ ਜਾ ਸਕਦਾ। ਸਚਾਈ ਇਹ ਹੈ ਕਿ ਸ਼ਹਿਰ ਦੇ ਕਈ ਦਰਵਾਜ਼ੇ, ਜਿਵੇਂ ਕਿ ਦਰਵਾਜਾ ਲੋਹਗੜ੍ਹ, ਭਗਤਾਂ ਵਾਲਾ ਦਰਵਾਜਾ, ਅਤੇ ਦਰਵਾਜਾ ਮਹਾਂ ਸਿੰਘ, ਪੂਰੀ ਤਰ੍ਹਾਂ ਅਲੋਪ ਹੋ ਚੁੱਕੇ ਹਨ। ਸਰਕਾਰ ਨੂੰ ਸਿਰਫ਼ ਮੁਰੰਮਤ ਦੀ ਬਜਾਏ ਵਿਰਾਸਤੀ ਸੰਭਾਲ ਦੀ ਵਿਆਪਕ ਯੋਜਨਾ ਤਿਆਰ ਕਰਨ ਦੀ ਲੋੜ ਹੈ।

### ਜੈਪੁਰ ਵਾਂਗ ਵਿਰਾਸਤੀ ਵਿਕਾਸ ਦੀ ਲੋੜ

ਜੈਪੁਰ, ਜੋ ਕਿ ਰਾਜਸਥਾਨ ਦੀ 'ਪਿੰਕ ਸਿਟੀ' ਵਜੋਂ ਜਾਣਿਆ ਜਾਂਦਾ ਹੈ, ਨੇ ਆਪਣੀ ਵਿਰਾਸਤੀ ਪਛਾਣ ਨੂੰ ਸੰਭਾਲਣ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਸ਼ਾਨਦਾਰ ਉਪਰਾਲੇ ਕੀਤੇ ਹਨ। ਜੈਪੁਰ ਦੇ ਹਵਾ ਮਹਿਲ, ਜਲ ਮਹਿਲ, ਅਤੇ ਅੰਬਰ ਕਿਲ੍ਹੇ ਵਰਗੇ ਵਿਰਾਸਤੀ ਸਥਾਨਾਂ ਨੂੰ ਨਾ ਸਿਰਫ਼ ਸੰਭਾਲਿਆ ਗਿਆ ਹੈ, ਸਗੋਂ ਉਨ੍ਹਾਂ ਨੂੰ ਸੈਰ-ਸਪਾਟਾ ਅਤੇ ਸਭਿਆਚਾਰਕ ਕੇਂਦਰਾਂ ਵਜੋਂ ਵਿਕਸਤ ਕੀਤਾ ਗਿਆ ਹੈ। ਜੈਪੁਰ ਸਰਕਾਰ ਨੇ ਵਿਰਾਸਤੀ ਸਥਾਨਾਂ ਦੀ ਸੁੰਦਰਤਾ ਨੂੰ ਵਧਾਉਣ ਲਈ ਆਧੁਨਿਕ ਸਹੂਲਤਾਂ, ਜਿਵੇਂ ਕਿ ਰੋਸ਼ਨੀ, ਸਾਫ਼-ਸਫ਼ਾਈ, ਅਤੇ ਗਾਈਡਡ ਟੂਰ, ਦਾ ਪ੍ਰਬੰਧ ਕੀਤਾ ਹੈ। ਨਤੀਜੇ ਵਜੋਂ, ਜੈਪੁਰ ਨੇ ਵਿਸ਼ਵ ਪੱਧਰ 'ਤੇ ਸੈਰ-ਸਪਾਟੇ ਦੇ ਨਕਸ਼ੇ 'ਤੇ ਆਪਣੀ ਵਿਲੱਖਣ ਪਛਾਣ ਬਣਾਈ ਹੈ।

ਅੰਮ੍ਰਿਤਸਰ, ਜੋ ਕਿ ਸਿੱਖ ਧਰਮ ਦਾ ਸਭ ਤੋਂ ਪਵਿੱਤਰ ਸਥਾਨ ਹੈ ਅਤੇ ਜਿਸ ਦੀ ਸਭਿਆਚਾਰਕ ਵਿਰਾਸਤ ਵਿਸ਼ਵ ਪੱਧਰ 'ਤੇ ਮਸ਼ਹੂਰ ਹੈ, ਨੂੰ ਵੀ ਜੈਪੁਰ ਦੀ ਤਰਜ਼ 'ਤੇ ਵਿਕਸਤ ਕੀਤਾ ਜਾ ਸਕਦਾ ਹੈ। ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ਿਆਂ ਨੂੰ ਸਿਰਫ਼ ਮੁਰੰਮਤ ਕਰਨ ਦੀ ਬਜਾਏ, ਉਨ੍ਹਾਂ ਨੂੰ ਸਭਿਆਚਾਰਕ ਅਤੇ ਸੈਰ-ਸਪਾਟਾ ਕੇਂਦਰਾਂ ਵਜੋਂ ਵਿਕਸਤ ਕਰਨ ਦੀ ਲੋੜ ਹੈ। ਨਾਲ ਸਰਕਾਰ ਦੀ ਆਮਦਨ ਵਿਚ ਵੀ ਵਾਧਾ ਹੋ ਸਕਦਾ ਹੈ। ਅੰਗਰੇਜ਼ੀ ਰਾਜ ਦੌਰਾਨ ਢਾਹੇ ਗਏ ਦਰਵਾਜ਼ਿਆਂ ਦੀ ਪੁਰਾਣੀ ਵਾਸਤੁਕਲਾ ਨੂੰ ਇਤਿਹਾਸਕ ਦਸਤਾਵੇਜ਼ਾਂ ਅਤੇ ਚਿੱਤਰਾਂ ਦੀ ਮਦਦ ਨਾਲ ਮੁੜ ਬਣਾਇਆ ਜਾਣਾ ਚਾਹੀਦਾ। ਮਿਸਾਲ ਵਜੋਂ, ਦਰਵਾਜਾ ਰਾਮ ਬਾਗ, ਦਰਵਾਜਾ ਮਹਾਂ ਸਿੰਘ, ਅਤੇ ਦਰਵਾਜਾ ਲੋਹਗੜ੍ਹ ਵਰਗੇ ਦਰਵਾਜ਼ਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਵਾਸਤੁਕਲਾ ਅਨੁਸਾਰ ਬਹਾਲ ਕੀਤਾ ਜਾ ਸਕਦਾ ਹੈ।

ਸੈਰ-ਸਪਾਟਾ ਅਤੇ ਸਭਿਆਚਾਰਕ ਕੇਂਦਰਾਂ ਦਾ ਵਿਕਾਸ: ਹਰੇਕ ਦਰਵਾਜ਼ੇ ਨੂੰ ਸੈਰ-ਸਪਾ ਟਾ ਕੇਂਦਰ ਵਜੋਂ ਵਿਕਸਤ ਕਰਨ ਲਈ, ਉੱਥੇ ਸਭਿਆਚਾਰਕ ਪ੍ਰਦਰਸ਼ਨੀਆਂ, ਸਿੱਖ ਇਤਿਹਾਸ ਨਾਲ ਸਬੰਧਤ ਜਾਣਕਾਰੀ ਬੋਰਡ, ਅਤੇ ਗਾਈਡਡ ਟੂਰ ਦੀ ਸਹੂਲਤ ਮੁਹੱਈਆ ਕਰਵਾਈ ਜਾਣੀ ਚਾਹੀਦੀ। ਦਰਵਾਜ਼ਿਆਂ ਦੇ ਨੇੜੇ ਸਾਫ਼-ਸਫ਼ਾਈ, ਰੋਸ਼ਨੀ, ਅਤੇ ਸੈਰ-ਸਪਾਟੇ ਲਈ ਸਹੂਲਤਾਂ (ਜਿਵੇਂ ਕਿ ਬੈਠਣ ਦੀ ਜਗ੍ਹਾ, ਪੀਣ ਵਾਲਾ ਪਾਣੀ, ਅਤੇ ਰੈਸਟਰੂਮ) ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ।

ਡਿਜੀਟਲ ਅਤੇ ਵਰਚੁਅਲ ਸੰਭਾਲ: ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ਿਆਂ ਅਤੇ ਸਿੱਖ ਵਿਰਾਸਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਡਿਜੀਟਲ ਪਲੇਟਫਾਰਮ ਦੀ ਵਰਤੋਂ ਕੀਤੀ ਜਾਣੀ ਚਾਹੀਦੀ। ਮਿਸਾਲ ਵਜੋਂ, ਵਰਚੁਅਲ ਟੂਰ, 3ਧ ਮਾਡਲਿੰਗ, ਅਤੇ ਮੋਬਾਈਲ ਐਪਸ ਰਾਹੀਂ ਸੈਲਾਨੀਆਂ ਨੂੰ ਸਿੱਖ ਇਤਿਹਾਸ ਅਤੇ ਦਰਵਾਜ਼ਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

ਵਿਰਾਸਤੀ ਸੜਕਾਂ ਦਾ ਵਿਕਾਸ: ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ਿਆਂ ਨੂੰ ਜੋੜਨ ਵਾਲੀਆਂ ਸੜਕਾਂ ਨੂੰ ਵੀ ਵਿਰਾਸਤੀ ਸੜਕਾਂ ਵਜੋਂ ਵਿਕਸਤ ਕੀਤਾ ਜਾਣਾ ਚਾਹੀਦਾ। ਇਨ੍ਹਾਂ ਸੜਕਾਂ 'ਤੇ ਸਿੱਖ ਇਤਿਹਾਸ ਅਤੇ ਸਭਿਆਚਾਰ ਨਾਲ ਸਬੰਧਤ ਕਲਾਕ੍ਰਿਤੀਆਂ, ਮੂਰਤੀਆਂ, ਅਤੇ ਜਾਣਕਾਰੀ ਬੋਰਡ ਲਗਾਏ ਜਾਣੇ ਚਾਹੀਦੇ।

# ਸਿੱਖ ਮਿਊਜ਼ੀਅਮ ਦੀ ਲੋੜ ਕਿਉਂ

ਅੰਮ੍ਰਿਤਸਰ ਵਿੱਚ ਇੱਕ ਅਜਿਹਾ ਸਿੱਖ ਮਿਊਜ਼ੀਅਮ ਬਣਾਉਣ ਦੀ ਸਖ਼ਤ ਲੋੜ ਹੈ, ਜੋ ਸਿੱਖ ਇਤਿਹਾਸ, ਸਭਿਆਚਾਰ, ਅਤੇ ਵਿਰਾਸਤ ਨੂੰ ਵਿਸ਼ਵ ਪੱਧਰ 'ਤੇ ਪ੍ਰਦਰਸ਼ਿਤ ਕਰ ਸਕੇ। ਮਿਊਜ਼ੀਅਮ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਤੇ ਅਜ਼ਾਦੀ ਦੀ ਲਹਿਰ ਵਿੱਚ ਸਿੱਖਾਂ ਦੀ ਭੂਮਿਕਾ ਨੂੰ ਦਰਸਾਉਣ ਵਾਲੀਆਂ ਪ੍ਰਦਰਸ਼ਨੀਆਂ ਹੋਣੀਆਂ ਚਾਹੀਦੀਆਂ। ਸਿੱਖ ਰਾਜ ਦੀ ਵਾਸਤੁਕਲਾ, ਜਿਵੇਂ ਕਿ ਵਿਰਾਸਤੀ ਦਰਵਾਜ਼ਿਆਂ ਦੇ ਮਾਡਲ, ਅਤੇ ਸਿੱਖ ਸ਼ਸਤਰਾਂ ਦੀ ਪ੍ਰਦਰਸ਼ਨੀ ਮਿਊਜ਼ੀਅਮ ਦਾ ਹਿੱਸਾ ਹੋਣੀ ਚਾਹੀਦੀ। ਮਿਊਜ਼ੀਅਮ ਵਿੱਚ ਵਰਚੁਅਲ ਰਿਐਲਿਟੀ ਅਤੇ ਔਗਮੈਂਟਡ ਰਿਐਲਿਟੀ ਰਾਹੀਂ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਜੀਵੰਤ ਕੀਤਾ ਜਾ ਸਕਦਾ ਹੈ।

ਸਭਿਆਚਾਰਕ ਪ੍ਰੋਗਰਾਮ: ਮਿਊਜ਼ੀਅਮ ਵਿੱਚ ਸਿੱਖ ਸੰਗੀਤ ਨਾਲ ਸਬੰਧਤ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ। ਅੰਮ੍ਰਿਤਸਰ ਦੀਆਂ ਪੁਰਾਣੀਆਂ ਬਜ਼ਾਰਾਂ, ਜਿਵੇਂ ਕਿ ਘਿਉ ਮੰਡੀ ਅਤੇ ਬਜ਼ਾਰ ਮਾਈ ਸੇਵਾਂ, ਨੂੰ ਸਭਿਆਚਾਰਕ ਕੇਂਦਰਾਂ ਵਜੋਂ ਵਿਕਸਤ ਕੀਤਾ ਜਾਣਾ ਚਾਹੀਦਾ। ਇੱਥੇ ਸਥਾਨਕ ਹੱਥ-ਕਲਾ, ਪੰਜਾਬੀ ਜੁੱਤੀ, ਅਤੇ ਫੁਲਕਾਰੀ ਵਰਗੀਆਂ ਕਲਾਵਾਂ ਨੂੰ ਪ੍ਰਮੋਟ ਕੀਤਾ ਜਾ ਸਕਦਾ ਹੈ।

ਸਾਫ਼-ਸਫ਼ਾਈ ਅਤੇ ਸੁੰਦਰੀਕਰਨ: ਅੰਮ੍ਰਿਤਸਰ ਦੀਆਂ ਸੜਕਾਂ, ਬਜ਼ਾਰਾਂ, ਅਤੇ ਵਿਰਾਸਤੀ ਸਥਾਨਾਂ ਦੀ ਸਾਫ਼-ਸਫ਼ਾਈ ਅਤੇ ਸੁੰਦਰੀਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ। ਸ਼ਹਿਰ ਦੀ ਸੁੰਦਰਤਾ ਨੂੰ ਵਧਾਉਣ ਲਈ ਰੋਸ਼ਨੀ, ਹਰਿਆਲੀ, ਅਤੇ ਸਾਫ਼-ਸੁਥਰੇ ਮਾਹੌਲ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ।

ਵਿਰਾਸਤੀ ਸੰਭਾਲ ਲਈ ਵਿਸ਼ੇਸ਼ ਕਮੇਟੀ: ਪੰਜਾਬ ਸਰਕਾਰ ਨੂੰ ਇੱਕ ਵਿਰਾਸਤੀ ਸੰਭਾਲ ਕਮੇਟੀ ਬਣਾਉਣੀ ਚਾਹੀਦੀ, ਜਿਸ ਵਿੱਚ ਇਤਿਹਾਸਕਾਰ, ਵਾਸਤੁਸ਼ਾਸਤਰੀ, ਅਤੇ ਸਭਿਆਚਾਰਕ ਮਾਹਿਰ ਸ਼ਾਮਲ ਹੋਣ। ਵਿਰਾਸਤੀ ਸੰਭਾਲ ਲਈ ਬਜਟ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ। 10 ਕਰੋੜ ਰੁਪਏ ਦੀ ਲਾਗਤ ਸਿਰਫ਼ ਪੰਜ ਦਰਵਾਜ਼ਿਆਂ ਦੀ ਮੁਰੰਮਤ ਲਈ ਕਾਫ਼ੀ ਨਹੀਂ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਸਹਿਯੋਗ ਕਰਕੇ ਅੰਮ੍ਰਿਤਸਰ ਨੂੰ ਵਿਸ਼ਵ ਵਿਰਾਸਤ ਸਥਾਨ ਦੇ ਰੂਪ ਵਿੱਚ ਮਾਨਤਾ ਦਿਵਾਈ ਜਾਣੀ ਚਾਹੀਦੀ।

# ਸ਼ਹੀਦੀ ਸ਼ਤਾਬਦੀ ਦੌਰਾਨ ਨਾਚ ਗਾਣੇ ਕਰਾਕੇ ਬੁਰੀ ਫਸੀ ਪੰਜਾਬ ਸਰਕਾਰ

**ਖਾਸ ਖਬਰ**

## ✪ ਸੰਗਤ ਦੇ ਵਿਰੋਧ ਕਾਰਣ ਬੀਰ ਸਿੰਘ ਨੇ ਅਕਾਲ ਤਖਤ ਸਾਹਿਬ ਪੇਸ਼ ਹੋਕੇ ਮੰਗੀ ਮਾਫੀ
## ✪ ਜਥੇਦਾਰ ਨੇ ਮੰਤਰੀ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜ਼ਫ਼ਰ ਨੂੰ ਕੀਤਾ ਤਲਬ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮਨਾਉਣ ਸਬੰਧੀ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀਨਗਰ ਵਿਖੇ ਕਰਵਾਏ ਗਏ ਇੱਕ ਸਮਾਗਮ ਦੌਰਾਨ ਗਾਇਕ ਬੀਰ ਸਿੰਘ ਦੀ ਪੇਸ਼ਕਾਰੀ ਨੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ, ਜਿਸ ਕਾਰਨ ਵੱਡਾ ਵਿਵਾਦ ਖੜ੍ਹਾ ਹੋਇਆ ਸੀ। ਇਸ ਮਾਮਲੇ ਨੇ ਨਾ ਸਿਰਫ਼ ਗਾਇਕ ਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣ ਲਈ ਮਜਬੂਰ ਕੀਤਾ, ਸਗੋਂ ਪੰਜਾਬ ਸਰਕਾਰ ਦੇ ਅਧਿਕਾਰੀਆਂ, ਖਾਸ ਕਰਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤਾ ਗਿਆ।

ਇਸ ਦੇ ਨਾਲ ਹੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਇਸ ਘਟਨਾ ਨੂੰ ਗੁਰਮਤਿ ਮਰਿਆਦਾ ਦੀ ਉਲੰਘਣਾ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਾਰਵਾਈ ਦੱਸਿਆ। ਇਸ ਮਾਮਲੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੰਸਦੀ ਬੋਰਡ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਵੀ ਸਖ਼ਤ ਟਿੱਪਣੀਆਂ ਕਰਦਿਆਂ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਨੂੰ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦਾ ਦੋਸ਼ੀ ਠਹਿਰਾਇਆ ਹੈ।

### ਵਿਵਾਦ ਦੀ ਸ਼ੁਰੂਆਤ

ਇਹ ਸਾਰਾ ਮਾਮਲਾ 27 ਜੁਲਾਈ 2025 ਨੂੰ ਸ੍ਰੀਨਗਰ ਵਿਖੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਨਾਲ ਜੁੜਿਆ ਹੈ। ਇਸ ਸਮਾਗਮ ਦੌਰਾਨ ਗਾਇਕ ਬੀਰ ਸਿੰਘ ਨੇ ਸਟੇਜ 'ਤੇ ਪੇਸ਼ਕਾਰੀ ਕਰਦਿਆਂ ਗੀਤ ਗਾਏ ਅਤੇ ਭੰਗੜੇ ਵਰਗੀਆਂ ਮਨੋਰੰਜਨ ਗਤੀਵਿਧੀਆਂ ਕੀਤੀਆਂ, ਜੋ ਸਿੱਖ ਮਰਿਆਦਾ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਦੀ ਪਵਿੱਤਰਤਾ ਦੇ ਵਿਰੁੱਧ ਸਨ। ਸਿੱਖ ਸੰਗਤਾਂ ਨੇ ਇਸ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਦਾ ਅਪਮਾਨ ਅਤੇ ਬੇਅਦਬੀ ਮੰਨਿਆ, ਜਿਸ ਤੋਂ ਬਾਅਦ ਸੋਸ਼ਲ ਮੀਡੀਆ ਅਤੇ ਹੋਰ ਪਲੇਟਫਾਰਮਾਂ 'ਤੇ ਇਸ ਦੀ ਸਖ਼ਤ ਨਿਖੇਧੀ ਸ਼ੁਰੂ ਹੋ ਗਈ।

ਬੀਰ ਸਿੰਘ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਉਹ ਆਸਟ੍ਰੇਲੀਆ ਤੋਂ ਸਿੱਧਾ ਸ੍ਰੀਨਗਰ ਪਹੁੰਚੇ ਸਨ ਅਤੇ ਉਸ ਸਮੇਂ ਉਨ੍ਹਾਂ ਦੇ ਫੋਨ ਦੇ ਨੈਟਵਰਕ ਕੰਮ ਨਹੀਂ ਕਰ ਰਹੇ ਸਨ। ਉਨ੍ਹਾਂ ਨੂੰ ਸਮਾਗਮ ਦੀ ਪੂਰੀ ਜਾਣਕਾਰੀ ਨਹੀਂ ਸੀ ਮਿਲੀ ਅਤੇ ਉਨ੍ਹਾਂ ਦੀ ਮੈਨੇਜਮੈਂਟ ਨੇ ਸਮਾਗਮ ਦਾ ਵੇਰਵਾ ਸਾਂਝਾ ਨਹੀਂ ਕੀਤਾ। ਬੀਰ ਸਿੰਘ ਨੇ ਦੱਸਿਆ ਕਿ ਕੁਝ ਕਸ਼ਮੀਰੀ ਅਤੇ ਸਿੱਖ ਸੱਜਣਾਂ ਨੇ ਉਨ੍ਹਾਂ ਨੂੰ ਗੀਤ ਗਾਉਣ ਦੀ



ਬੇਨਤੀ ਕੀਤੀ ਸੀ, ਕਿਉਂਕਿ ਉਹ ਖੇਤਰ ਤਣਾਅਪੂਰਨ ਮਾਹੌਲ ਵਿੱਚ ਸੀ। ਉਨ੍ਹਾਂ ਨੇ ਸਟੇਜ 'ਤੇ ਜਾਣ ਸਮੇਂ ਪਿੱਛੇ ਲੱਗੇ ਬੈਨਰ ਨੂੰ ਨਹੀਂ ਦੇਖਿਆ, ਜਿਸ ਨੂੰ ਉਹ ਆਪਣੀ ਅਣਗਹਿਲੀ ਮੰਨਦੇ ਹਨ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫੀ ਮੰਗੀ ਅਤੇ ਕਿਹਾ ਕਿ ਉਹ ਸਿੱਖ ਪਰਿਵਾਰ ਦਾ ਹਿੱਸਾ ਹਨ ਅਤੇ ਕਦੇ ਵੀ ਪੰਥ ਦੇ ਖਿਲਾਫ ਨਹੀਂ ਜਾ ਸਕਦੇ।

### ਅਕਾਲ ਤਖ਼ਤ ਸਾਹਿਬ ਦੀ ਕਾਰਵਾਈ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਨੇ ਪੰਜਾਬ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਆਪਣਾ ਪੱਖ ਰੱਖਣ ਲਈ ਤਲਬ ਕੀਤਾ ਸੀ। ਪਹਿਲੀ ਅਗਸਤ ਦੀ ਇਕੱਤਰਤਾ ਮੁਲਤਵੀ ਕਰਨ ਦਾ ਕਾਰਨ, ਜਥੇਦਾਰ ਗੜਗੱਜ ਦੇ ਕਰੀਬੀ ਰਿਸ਼ਤੇਦਾਰ ਦੀ ਸੜਕ ਹਾਦਸੇ ਵਿਚ ਮੌਤ ਹੋਣਾ ਦੱਸਿਆ ਜਾ ਰਿਹਾ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਈ ਹੁਣ ਅਗਲੇ ਦਿਨਾਂ ਵਿਚ ਤਾਰੀਖ ਤੈਅ ਕੀਤੀ ਜਾਵੇਗੀ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਈ ਹੁਣ ਅਗਲੇ ਦਿਨਾਂ ਵਿਚ ਤਾਰੀਖ ਤੈਅ ਕੀਤੀ ਜਾਵੇਗੀ। ਜਥੇਦਾਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਹੁਣ ਤੱਕ ਨਾ ਤਾਂ ਆਪਣਾ ਪੱਖ ਸਪਸ਼ਟ ਕੀਤਾ ਹੈ ਅਤੇ ਨਾ ਹੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਲਈ ਮੁਆਫੀ ਮੰਗੀ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨਕ ਅਹੁਦਿਆਂ 'ਤੇ ਕੰਮ ਕਰਨ ਵਾਲੇ ਵਿਅਕਤੀਆਂ ਦੀ ਸਮਾਜ ਪ੍ਰਤੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਅਤੇ ਪੰਜਾਬ ਸਰਕਾਰ ਦੀ ਚੁੱਪੀ ਇਸ ਮਾਮਲੇ ਵਿੱਚ ਸਵਾਲ ਖੜ੍ਹੇ ਕਰਦੀ ਹੈ।

ਜਥੇਦਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫੀ ਮੰਗ ਲਈ ਹੈ, ਪਰ ਉਸ ਦੇ ਮਾਮਲੇ 'ਤੇ ਵੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਵਿਚਾਰ ਕੀਤਾ ਜਾਵੇਗਾ।

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਟੈਂਡ

ਐਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਨੂੰ ਅਤਿ ਦੁਖਦਾਈ ਅਤੇ ਗੁਰਮਤਿ ਮਰਿਆਦਾ ਦੀ ਉਲੰਘਣਾ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਇਸ ਪਵਿੱਤਰ ਮੌਕੇ ਨੂੰ ਮਨੋਰੰਜਨ ਦਾ ਸਾਧਨ ਬਣਾ ਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ। ਧਾਮੀ ਨੇ ਪੰਜਾਬ ਸਰਕਾਰ ਨੂੰ ਜਨਤਕ ਮੁਆਫੀ ਮੰਗਣ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ।

ਧਾਮੀ ਨੇ ਇਹ ਵੀ ਕਿਹਾ ਕਿ ਅਜਿਹੇ ਧਾਰਮਿਕ ਸਮਾਗਮਾਂ ਦੀ ਜ਼ਿੰਮੇਵਾਰੀ ਸਿੱਖ ਸੰਸਥਾਵਾਂ ਨੂੰ ਹੀ ਸੌਂਪੀ ਜਾਣੀ ਚਾਹੀਦੀ, ਕਿਉਂਕਿ ਸਰਕਾਰੀ ਵਿਭਾਗਾਂ ਵਿੱਚ ਸਿੱਖ ਮਰਿਆਦਾ ਅਤੇ ਸੰਵੇਦਨਸ਼ੀਲਤਾ ਦੀ ਸਮਝ ਦੀ ਕਮੀ ਹੁੰਦੀ ਹੈ। ਉਨ੍ਹਾਂ ਨੇ ਪਿਛਲੇ ਸਮਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਰਕਾਰਾਂ ਨੇ ਜਦੋਂ ਵੀ ਅਜਿਹੇ ਸਮਾਗਮ ਕਰਵਾਏ, ਉਹ ਧਾਰਮਿਕ ਸੰਸਥਾਵਾਂ ਦੀ ਅਗਵਾਈ ਵਿੱਚ ਹੀ ਹੋਏ ਸਨ।

### ਸਰਕਾਰ ਅਤੇ ਐਸਜੀਪੀਸੀ ਵਿਚਕਾਰ ਤਣਾਅ

ਇਹ ਵਿਵਾਦ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪੰਜਾਬ ਸਰਕਾਰ ਅਤੇ ਐਸਜੀਪੀਸੀ ਵਿਚਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਦੇ ਮੁੱਖ ਸਮਾਗਮਾਂ ਨੂੰ ਲੈ ਕੇ ਪਹਿਲਾਂ ਹੀ ਤਣਾਅ ਸੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ ਸਰਕਾਰ ਨਵੰਬਰ 2025 ਵਿੱਚ ਗੁਰੂ ਸਾਹਿਬ ਦੀ ਸ਼ਹੀਦੀ ਦੇ 350 ਸਾਲ ਪੂਰੇ ਹੋਣ 'ਤੇ ਵਿਸ਼ਾਲ ਸਮਾਗਮ ਕਰਵਾਏਗੀ।

ਇਸ ਦੇ ਜਵਾਬ ਵਿੱਚ ਐਸਜੀਪੀਸੀ ਨੇ ਇਤਰਾਜ਼ ਜਤਾਇਆ ਕਿ ਅਜਿਹੇ ਧਾਰਮਿਕ ਸਮਾਗਮ ਕਰਵਾਉਣ ਦਾ ਅਧਿਕਾਰ ਸਿਰਫ਼ ਐਸਜੀਪੀਸੀ ਨੂੰ ਹੈ ਅਤੇ ਸਰਕਾਰ ਦਾ ਸਮਾਨਾਂਤਰ ਸਮਾਗਮ ਕਰਵਾਉਣਾ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਦੇ ਬਰਾਬਰ ਹੈ। ਮੁੱਖ ਮੰਤਰੀ ਮਾਨ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਐਸਜੀਪੀਸੀ ਕੋਲ ਧਾਰਮਿਕ ਸਮਾਗਮਾਂ ਦਾ ਕੋਈ "ਕਾਪੀਰਾਈਟ" ਨਹੀਂ ਹੈ।

---

**ਮਾਮਲਾ ਫੌਜ ਅਧਿਕਾਰੀ ਸੋਫ਼ੀਆ ਵਿਰੁੱਧ ਕੀਤੀ ਵਿਵਾਦਿਤ ਟਿੱਪਣੀ ਦਾ**

## ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਨੂੰ ਵਿਵਾਦਿਤ ਟਿੱਪਣੀ ਦੇ ਮਾਮਲੇ ਵਿਚ ਚੰਗੀ ਝਾੜ ਪਾਈ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਬੀਤੇ ਦਿਨੀਂ ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਨੂੰ ਭਾਰਤੀ ਫੌਜ ਦੀ ਅਧਿਕਾਰੀ ਕਰਨਲ ਸੋਫ਼ੀਆ ਕੁਰੈਸ਼ੀ ਵਿਰੁੱਧ ਕੀਤੀ ਵਿਵਾਦਿਤ ਟਿੱਪਣੀ ਦੇ ਮਾਮਲੇ 'ਚ ਚੰਗੀ ਝਾੜ ਪਾਈ। ਕੋਰਟ ਨੇ ਵਿਜੇ ਸ਼ਾਹ ਨੂੰ ਜਨਤਕ ਮੁਆਫ਼ੀ ਨਾ ਮੰਗਣ ਕਰਕੇ ਖੂਬ ਸੁਣਾਇਆ ਤੇ ਕਿਹਾ ਕਿ ਇਸ ਕਾਰਨ ਮੰਤਰੀ ਦੀ ਨੀਅਤ ਤੇ ਇਮਾਨਦਾਰੀ 'ਤੇ ਸ਼ੱਕ ਹੋ ਰਿਹਾ ਹੈ। ਨਾਲ ਹੀ, ਕੋਰਟ ਨੇ ਐਸ.ਆਈ.ਟੀ. ਨੂੰ 13 ਅਗਸਤ ਤੱਕ ਜਾਂਚ ਮੁਕੰਮਲ ਕਰਕੇ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ।

### ਕੀ ਹੈ ਪੂਰਾ ਮਸਲਾ ?

ਇਹ ਵਿਵਾਦ 11 ਮਈ 2025 ਨੂੰ ਇੰਦੌਰ ਦੇ ਮਹੂ ਵਿਚ ਵਿਜੇ ਸ਼ਾਹ ਦੇ ਦਿੱਤੇ ਇੱਕ ਵਿਵਾਦਿਤ ਬਿਆਨ ਨਾਲ ਸ਼ੁਰੂ ਹੋਇਆ। ਉਸ ਬਿਆਨ ਨੇ ਦੇਸ਼ ਭਰ ਵਿਚ ਹੰਗਾਮਾ ਮਚਾ ਦਿੱਤਾ। ਲੋਕਾਂ ਦੇ ਗੁੱਸੇ ਤੇ ਮੱਧ ਪ੍ਰਦੇਸ਼ ਹਾਈ ਕੋਰਟ ਦੀ ਸਖ਼ਤੀ ਤੋਂ ਬਾਅਦ ਸੁਪਰੀਮ ਕੋਰਟ ਨੇ 19 ਮਈ ਨੂੰ ਤਿੰਨ ਮੈਂਬਰੀ ਐਸ.ਆਈ.ਟੀ. ਬਣਾਉਣ ਦੇ ਹੁਕਮ ਦਿੱਤੇ ਸੀ। ਸੁਪਰੀਮ ਕੋਰਟ ਨੇ ਮੰਤਰੀ ਦੀ ਟਿੱਪਣੀ ਨੂੰ ਗੰਭੀਰ ਮੰਨਿਆ ਤੇ ਉਸ ਦੀ ਮੁਆਫ਼ੀ ਨਾ ਮੰਗਣ 'ਤੇ ਸਖ਼ਤ ਨਾਰਾਜ਼ਗੀ ਜਤਾਈ।

ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਨੇ 11 ਮਈ 2025 ਨੂੰ ਇੰਦੌਰ ਦੇ ਮਹੂ ਨੇੜੇ ਰਾਮਕੁੰਡਾ ਪਿੰਡ ਵਿੱਚ ਇੱਕ ਜਨਤਕ ਸਮਾਗਮ ਦੌਰਾਨ ਕਰਨਲ ਸੋਫ਼ੀਆ ਕੁਰੈਸ਼ੀ ਬਾਰੇ ਵਿਵਾਦਿਤ ਟਿੱਪਣੀ ਕੀਤੀ ਸੀ ਕਿ "ਉਨ੍ਹਾਂ (ਅੱਤਵਾਦੀਆਂ) ਨੇ ਸਾਡੇ ਹਿੰਦੂ ਭਰਾਵਾਂ ਨੂੰ ਕੱਪੜੇ ਉਤਾਰ ਕੇ ਮਾਰਿਆ। ਪੀਐਮ ਮੋਦੀ ਜੀ ਨੇ ਜਵਾਬ ਵਿੱਚ ਉਨ੍ਹਾਂ ਦੀ ਭੈਣ ਨੂੰ ਫੌਜ ਦੇ ਜਹਾਜ਼ ਵਿੱਚ ਭੇਜਿਆ ਤਾਂ ਜੋ ਉਹ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਹਮਲਾ ਕਰੇ। ਉਨ੍ਹਾਂ (ਅੱਤਵਾਦੀਆਂ) ਨੇ ਸਾਡੀਆਂ ਭੈਣਾਂ ਨੂੰ ਵਿਧਵਾ ਕੀਤਾ, ਤਾਂ ਮੋਦੀ ਜੀ ਨੇ ਉਨ੍ਹਾਂ ਦੇ ਸਮਾਜ ਦੀਆਂ ਭੈਣਾਂ ਨੂੰ ਭੇਜ ਕੇ ਉਨ੍ਹਾਂ ਦੀ ਇੱਜ਼ਤ ਉਤਾਰੀ ਅਤੇ ਸਬਕ ਸਿਖਾਇਆ।"

ਇਹ ਬਿਆਨ ਉਨ੍ਹਾਂ ਨੇ ਆਪਰੇਸ਼ਨ ਸਿੰਦੂਰ ਦੇ ਸੰਦਰਭ ਵਿੱਚ ਕਿਹਾ, ਜੋ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਭਾਰਤ ਦੀ ਸੈਨਿਕ ਕਾਰਵਾਈ ਸੀ।

# ਵਿਦੇਸ਼ੀ ਜੇਲ੍ਹਾਂ ਵਿਚ ਇਕ ਲੱਖ ਫਸੇ ਪੰਜਾਬੀ ਨੌਜਵਾਨ

**○ ਗੈਰਕਾਨੂੰਨੀ ਮਾਈਗ੍ਰੇਸ਼ਨ ਨੇ ਪੰਜਾਬੀਆਂ ਦੇ ਵਿਦੇਸ਼ਾਂ ਵਿਚ ਵਸਣ ਦੇ ਸੁਪਨੇ ਕੀਤੇ ਖਤਮ, ਜੇਲਾਂ ਵਿਚ ਧਕਿਆ ○ ਸਰਕਾਰੀ ਮਦਦ ਦੀ ਅਸਫਲਤਾ: ਦੂਤਘਰਾਂ ਦੇ ਵਕੀਲ ਬੇਅਸਰ ○ ਠੱਗ ਟਰੈਵਲ ਏਜੰਟਾਂ ਦਾ ਜਾਲ ਪੰਜਾਬ ਵਿਚ ਫੈਲਿਆ**

ਪੰਜਾਬ ਦੇ ਲੱਖਾਂ ਨੌਜਵਾਨ, ਜੋ ਬਿਹਤਰ ਜੀਵਨ ਅਤੇ ਚਮਕਦੇ ਭਵਿੱਖ ਦੀ ਭਾਲ ਵਿੱਚ ਵਿਦੇਸ਼ਾਂ ਦੀ ਉਡਾਰੀ ਮਾਰ ਗਏ ਸਨ, ਅੱਜ ਕਈ ਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਫਸੇ ਹੋਏ ਹਨ। ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੀ ਰਿਪੋਰਟ ਮੁਤਾਬਕ, 86 ਦੇਸ਼ਾਂ ਦੀਆਂ ਜੇਲ੍ਹਾਂ ਵਿੱਚ 10,000 ਤੋਂ ਵੱਧ ਭਾਰਤੀ ਨਜ਼ਰਬੰਦ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਹੈ।

ਦੂਜੇ ਪਾਸੇ, ਅਮਰੀਕਾ ਦੇ ਕਸਟਮ ਅਤੇ ਸਰਹੱਦੀ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਲਗਭਗ 1 ਲੱਖ ਪੰਜਾਬੀ ਨੌਜਵਾਨ ਕੈਨੇਡਾ, ਅਮਰੀਕਾ ਅਤੇ ਯੂਰਪ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਗੈਰਕਾਨੂੰਨੀ ਮਾਈਗ੍ਰੇਸ਼ਨ ਦਾ ਮਸਲਾ ਪੰਜਾਬ ਲਈ ਇੱਕ ਵੱਡੀ ਸਮਾਜਿਕ ਅਤੇ ਮਾਨਵੀ ਤ੍ਰਾਸਦੀ ਬਣ ਚੁੱਕਾ ਹੈ।

ਯੂਨਾਈਟਿਡ ਨੇਸ਼ਨਜ਼ ਆਫ਼ ਡਰੱਗਜ਼ ਐਂਡ ਕ੍ਰਾਈਮ ਦੀ ਰਿਪੋਰਟ ਅਨੁਸਾਰ, ਹਰ ਸਾਲ ਲਗਭਗ 50,000 ਪੰਜਾਬੀ ਨੌਜਵਾਨ ਗੈਰਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿੱਚੋਂ 1 ਲੱਖ ਦੇ ਕਰੀਬ ਪੰਜਾਬੀ ਅਮਰੀਕਾ, ਕੈਨੇਡਾ, ਯੂਰਪ, ਅਤੇ ਹੋਰ ਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਫਸੇ ਹੋਏ ਹਨ। ਵਿਦੇਸ਼ ਮੰਤਰਾਲੇ ਦੀ ਰਿਪੋਰਟ ਮੁਤਾਬਕ, ਸਾਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਕਤਰ, ਨੇਪਾਲ, ਪਾਕਿਸਤਾਨ, ਅਮਰੀਕਾ, ਸ੍ਰੀਲੰਕਾ, ਸਪੇਨ, ਰੂਸ, ਇਜ਼ਰਾਈਲ, ਚੀਨ, ਬੰਗਲਾਦੇਸ਼ ਅਤੇ ਅਰਜਨਟੀਨਾ ਸਮੇਤ ਕਈ ਦੇਸ਼ਾਂ ਵਿੱਚ 10,000 ਤੋਂ ਵੱਧ ਭਾਰਤੀ ਨਜ਼ਰਬੰਦ ਹਨ। ਇਨ੍ਹਾਂ ਵਿੱਚ ਪੰਜਾਬੀ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ, ਖਾਸ ਕਰਕੇ ਕੈਨੇਡਾ, ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਵਿੱਚ।

ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਅਤੇ ਜੇਲ੍ਹਾਂ ਵਿੱਚ ਫਸਣ ਦੀਆਂ ਖਬਰਾਂ ਅਕਸਰ ਸੁਰਖੀਆਂ ਬਣਦੀਆਂ ਹਨ। ਯੂਰਪ ਵਿੱਚ, ਖਾਸ ਕਰਕੇ "ਡੌਂਕੀ" ਰੂਟ (ਗੈਰਕਾਨੂੰਨੀ ਸਰਹੱਦ ਪਾਰ ਕਰਨ ਦਾ ਤਰੀਕਾ) ਰਾਹੀਂ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ ਕਈ ਪੰਜਾਬੀ ਨੌਜਵਾਨ ਫੜੇ ਗਏ ਹਨ। ਰੂਸ ਵਿੱਚ ਵੀ ਕਈ ਪੰਜਾਬੀ ਨੌਜਵਾਨ ਜੇਲ੍ਹਾਂ ਵਿੱਚ ਫਸੇ ਸਨ, ਜਿਨ੍ਹਾਂ ਵਿੱਚੋਂ ਕੁਝ ਨੂੰ ਵਾਪਸ ਲਿਆਂਦਾ ਗਿਆ। ਕਈ ਮਾਮਲਿਆਂ ਵਿੱਚ ਪਰਿਵਾਰਾਂ ਨੂੰ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਬੱਚੇ ਕਿੱਥੇ ਹਨ। ਭਾਰਤ ਸਰਕਾਰ ਦਾ ਦਾਅਵਾ ਹੈ ਕਿ ਉਹ ਵਿਦੇਸ਼ਾਂ ਵਿੱਚ ਫਸੇ ਭਾਰਤੀ ਨਾਗਰਿਕਾਂ ਨੂੰ ਦੂਤਘਰਾਂ ਰਾਹੀਂ ਕਾਨੂੰਨੀ ਅਤੇ ਹੋਰ ਮਦਦ ਮੁਹੱਈਆ ਕਰਵਾਉਂਦੀ ਹੈ।

ਪਰ ਅਸਲੀਅਤ ਵਿੱਚ, ਦੂਤਘਰਾਂ ਵੱਲੋਂ ਮੁਹੱਈਆ ਕੀਤੇ ਜਾਣ ਵਾਲੇ ਵਕੀਲ ਅਕਸਰ ਬੇਅਸਰ ਸਾਬਤ ਹੁੰਦੇ ਹਨ। ਇਨ੍ਹਾਂ ਵਕੀਲਾਂ ਨੂੰ ਨਾ ਤਾਂ ਸਥਾਨਕ ਭਾਸ਼ਾ ਦੀ ਪੂਰੀ ਸਮਝ ਹੁੰਦੀ ਹੈ ਅਤੇ ਨਾ ਹੀ ਸੱਭਿਆਚਾਰਕ ਪਿਛੋਕੜ ਦੀ।

ਨਤੀਜੇ ਵਜੋਂ, ਫਸੇ ਹੋਏ ਭਾਰਤੀਆਂ ਨੂੰ ਨਿਆਂ ਮਿਲਣਾ ਮੁਸ਼ਕਿਲ ਹੋ ਜਾਂਦਾ ਹੈ। ਕਈ ਮਾਮਲਿਆਂ ਵਿੱਚ ਪਰਿਵਾਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਦੇ ਬੱਚੇ ਮਦਦ ਲਈ ਤੜਫਦੇ ਰਹੇ, ਪਰ ਸਰਕਾਰੀ ਅਧਿਕਾਰੀਆਂ ਨੇ ਕੋਈ ਠੋਸ ਕਦਮ ਨਹੀਂ ਚੁੱਕੇ।

ਪੰਜਾਬ ਸਰਕਾਰ ਅਤੇ ਪੁਲਿਸ ਵੱਲੋਂ ਵੀ ਗੈਰਕਾਨੂੰਨੀ ਮਾਈਗ੍ਰੇਸ਼ਨ ਨੂੰ ਰੋਕਣ ਲਈ ਕੁਝ ਉਪਰਾਲੇ ਕੀਤੇ ਜਾ ਰਹੇ ਹਨ। ਫਰਵਰੀ 2025 ਵਿੱਚ, ਪੰਜਾਬ ਪੁਲਿਸ ਨੇ 1,274 ਇਮੀਗ੍ਰੇਸ਼ਨ ਫਰਮਾਂ 'ਤੇ ਛਾਪੇ ਮਾਰੇ, ਜਿਸ ਵਿੱਚ 24 ਮੁਕੱਦਮੇ ਦਰਜ ਕੀਤੇ ਗਏ ਅਤੇ 7 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ, ਵਿਦੇਸ਼ ਮੰਤਰਾਲੇ ਅਤੇ ਪੰਜਾਬ ਪੁਲਿਸ ਨੇ ਸਾਂਝੀ ਮੁਹਿੰਮ ਤਹਿਤ 38 ਐਫ.ਆਈ.ਆਰ. ਦਰਜ ਕੀਤੀਆਂ ਅਤੇ 11 ਹੋਰ ਮੁਕੱਦਮੇ ਦਰਜ ਕੀਤੇ।

ਭਾਰਤ ਸਰਕਾਰ ਨੇ 3,281 ਗੈਰਕਾਨੂੰਨੀ ਟਰੈਵਲ ਏਜੰਟਾਂ ਨੂੰ ਈ-ਮਾਈਗ੍ਰੇਟ ਪੋਰਟਲ 'ਤੇ 'ਬਲੈਕ ਲਿਸਟ' ਕਰਨ ਦਾ ਦਾਅਵਾ ਕੀਤਾ ਹੈ। ਸਰਕਾਰ ਸੋਸ਼ਲ ਮੀਡੀਆ ਅਤੇ ਹੋਰ ਸਾਧਨਾਂ ਰਾਹੀਂ ਨਕਲੀ ਨੌਕਰੀਆਂ ਦੇ ਰੈਕਟ ਬਾਰੇ ਜਾਗਰੂਕਤਾ ਮੁਹਿੰਮ ਵੀ ਚਲਾ ਰਹੀ ਹੈ।

ਪਰ ਸਵਾਲ ਇਹ ਹੈ ਕਿ ਇਹ ਸਾਰੇ ਉਪਰਾਲੇ ਕਾਫੀ ਹਨ ਜਾਂ ਨਹੀਂ? ਸਰਕਾਰੀ ਨੀਤੀਆਂ ਵਿੱਚ ਅਜੇ ਵੀ ਬਹੁਤ ਸਾਰੀਆਂ ਕਮੀਆਂ ਹਨ। ਸਰਕਾਰ ਨੇ ਕਾਨੂੰਨੀ ਮਾਈਗ੍ਰੇਸ਼ਨ ਨੂੰ ਵਧਾਉਣ ਦੀ ਗੱਲ ਕੀਤੀ ਹੈ, ਪਰ ਇਸ ਦਿਸ਼ਾ ਵਿੱਚ ਕੋਈ ਨਵੀਂ ਜਾਂ ਪ੍ਰਭਾਵਸ਼ਾਲੀ ਨੀਤੀ ਸਾਹਮਣੇ ਨਹੀਂ ਆਈ। ਈ-ਮਾਈਗ੍ਰੇਟ ਪੋਰਟਲ ਅਤੇ ਜਾਗਰੂਕਤਾ ਮੁਹਿੰਮਾਂ ਦੇ ਬਾਵਜੂਦ, ਗੈਰਕਾਨੂੰਨੀ ਮਾਈਗ੍ਰੇਸ਼ਨ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ।

## CHANGE OF NAME

I, NAVEEN S/O MR RAJINDER KUMAR WHOSE PERMANENT ADDRESS IN INDIA IS 4168 / 2, SUI GRAH MOHALLA, PATIALA, PUNJAB 147001 AND NOW LIVING AT 35 ASHWIN ROAD, HANDSWORTH, BIRMINGHAM, B21 0UT, U.K. HEREBY GIVE NOTICE OF MY INTENTION TO CHANGE MY NAME TO NAVEEN KUMAR. (U)

I, PIARA SINGH GAREWAL S/O MR ISHER SINGH GREWAL WHOSE PERMANENT ADDRESS IN INDIA IS VILLAGE ARJANWAL, PO ADAMPUR, DISTT JALANDHAR, PUNJAB 144102 AND NOW LIVING AT 5 CHESTNUT CLOSE, NORTHFLEET, GRAVESEND, KENT DA11 9NQ, U.K. HEREBY GIVE NOTICE OF MY INTENTION TO CHANGE MY NAME TO PIARA SINGH GREWAL. (U/I)

I, LOVEREET D/O MR LOVEPREET SHARMA WHOSE PERMANENT ADDRESS IN INDIA IS VILLAGE: BAKAPUR GURU, P.O. BASIALA, TEH: GARHSHANKAR, HOSHIARPUR, PIN: 144527, PUNJAB AND NOW LIVING AT 67 BARNARD ROAD, WOLVERHAMPTON, ENGLAND, WV11 2JY U.K. HEREBY GIVE NOTICE OF MY INTENTION TO CHANGE MY NAME TO LOVEREET SHARMA. (U)


## CHANGE OF NAME

Please one tick box

☐ £30 Print in UK only

☐ £60 Print UK & India

☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਪੰਜਾਬ ਤੋਂ ਪੜ੍ਹਾਈ ਲਈ ਯੂ.ਕੇ ਆਇਆ ਕਸਬਾ ਚਵਿੰਡਾ ਦੇਵੀ ਦਾ 22 ਸਸਾਲ੍ਹਾ ਨੌਜੁਆਨ ਯੂ.ਕੇ ਚ ਹੋਇਆ ਲਾਪਤਾ


**'ਲਾਪਤਾ ਹੋਏ ਵਿਦਿਆਰਥੀ ਨੂੰ ਕੁਝ ਦਿਨਾਂ ਤੋਂ ਫੋਨ ਰਾਹੀਂ ਮਿਲ ਰਹੀਆਂ ਸਨ ਧਮਕੀਆਂ :-ਮਾਪਿਆਂ ਦਾ ਦੋਸ**



ਬਲਰਾਜ ਬਾਵਾ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-28 ਅਕਤੂਬਰ 2024 ਨੂੰ ਪੜ੍ਹਾਈ ਕਰਨ ਲਈ ਯੂ ਕੇ ਦੀ ਇੱਕ ਯੂਨੀਵਰਸਿਟੀ ਕੀ ਆਏ ਅੰਮ੍ਰਿਤਸਰ ਜ਼ਿਲ੍ਹੇ ਦੇ ਕਸਬਾ ਚਵਿੰਡਾ ਦੇਵੀ ਦੇ ਵਸਨੀਕ ਰਵਿੰਦਰ ਬਾਵਾ ਅਤੇ ਨੀਲਮ ਬਾਵਾ ਦੇ 22 ਸਾਲ੍ਹਾ ਸਪੁੱਤਰ ਬਲਰਾਜ ਬਾਵਾ ਦਾ ਬੀਤੇ ਕੁਝ ਦਿਨਾਂ ਤੋਂ ਇੰਗਲੈਂਡ ਚ ਹੋਇਆ ਲਾਪਤਾ। ਇਸ ਸਬੰਧੀ ਪੰਜਾਬ ਤੋਂ ਫੋਨ ਰਾਹੀਂ ਜਾਣਕਾਰੀ ਦਿੰਦਿਆਂ ਲਾਪਤਾ ਹੋਏ ਵਿਦਿਆਰਥੀ ਬਲਰਾਜ ਬਾਵਾ ਦੀ ਮਾਂ ਨੀਲਮ ਬਾਵਾ ਤੇ ਪਿਤਾ ਰਵਿੰਦਰ ਬਾਵਾ ਨੇ ਭਾਵੁਕ ਹੁੰਦਿਆ ਦੱਸਿਆ ਕਿ ਬੀਤੀ 15 ਜੁਲਾਈ ਨੂੰ ਉਹਨਾਂ ਦੀ ਉਹਨਾਂ ਦੇ ਸਪੁੱਤਰ ਬਲਰਾਜ ਬਾਵਾ ਨਾਲ ਆਖਰੀ ਵਾਰ ਫੋਨ ਤੇ ਗੱਲ ਹੋਈ, ਪ੍ਰੰਤੂ ਉਸ ਤੋਂ ਬਾਅਦ ਉਹਨਾਂ ਨੂੰ ਉਹਨਾਂ ਦੇ ਸਪੁੱਤਰ ਬਲਰਾਜ ਬਾਵਾ ਦਾ ਕੋਈ ਫੋਨ ਨਹੀਂ ਆਇਆ, ਜਿਸ ਕਾਰਨ ਉਹ ਇਸ ਵੇਲੇ ਬਹੁਤ ਹੀ ਸਹਿਮੇ ਹੋਏ ਅਤੇ ਫਿਕਰਮੰਦ ਹਨ। ਲਾਪਤਾ ਹੋਏ ਵਿਦਿਆਰਥੀ ਬਲਰਾਜ ਬਾਵਾ ਦੀ ਮਾਤਾ ਨੀਲਮ ਬਾਵਾ ਨੇ ਰੋਂਦਿਆਂ ਹੋਇਆ ਦੱਸਿਆ ਕਿ ਉਹਨਾਂ ਦੇ ਸਪੁੱਤਰ ਬਲਰਾਜ ਬਾਵਾ ਨੂੰ ਕੁਝ ਦਿਨਾਂ ਤੋਂ ਫੋਨ ਰਾਹੀਂ ਧਮਕੀਆਂ ਵੀ ਆ ਰਹੀਆਂ ਸਨ, ਜਿਸ ਕਾਰਨ ਬਲਰਾਜ ਬਾਵਾ ਨੇ ਉਹਨਾਂ ਨੂੰ ਦੱਸਿਆ ਕਿ ਉਹ ਵਾਪਸ ਪੰਜਾਬ ਨਹੀਂ ਆਵੇਗਾ ਅਤੇ ਪੱਕੇ ਤੌਰ ਤੇ ਹੀ ਇੰਗਲੈਂਡ ਚ ਰਹਿਣ ਲਈ ਸਿਆਸੀ ਸਰਨ ਲੈਣ ਲਈ ਅਪਲਾਈ ਕਰੇਗਾ। ਉਹਨਾਂ ਦੱਸਿਆ ਕਿ ਉਹਨਾਂ ਦੇ ਸਪੁੱਤਰ ਬਲਰਾਜ ਬਾਵਾ ਨੇ ਦੱਸਿਆ ਕਿ ਮੈਂ ਜਿੱਥੇ ਰਹਿੰਦਾ ਹਾਂ ਉਸ ਜਗ੍ਹਾ ਤੋਂ ਮੈਂ ਆਪਣੀ ਰਿਹਾਇਸ਼ ਬਦਲ ਕਿ ਲੰਦਨ ਜਾ ਰਿਹਾ ਹਾਂ। ਪਰੰਤੂ ਉਸ ਤੋਂ ਬਾਅਦ 15 ਦਿਨ ਬੀਤ ਜਾਣ ਦੇ ਬਾਵਜੂਦ ਵੀ ਉਹਨਾਂ ਨੂੰ ਉਹਨਾਂ ਦੇ ਸਪੁੱਤਰ ਬਲਰਾਜ ਬਾਵਾ ਦਾ ਕੋਈ ਫੋਨ ਨਹੀਂ ਆਇਆ। ਜਿਸ ਤੋਂ ਬਾਅਦ ਉਹਨਾਂ ਵੱਲੋਂ ਕਾਫੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਉਸ ਦਾ ਅੱਜ ਤੱਕ ਕੋਈ ਥੋਹ ਪਤਾ ਨਹੀਂ ਲੱਗਾ ਸਕਿਆ। ਲਾਪਤਾ ਹੋਏ ਵਿਦਿਆਰਥੀ ਬਲਰਾਜ ਬਾਵਾ ਦੇ ਮਾਪਿਆਂ ਨੇ ਦੱਸਿਆ ਕਿ ਬਲਰਾਜ ਬਾਵਾ ਦਾ ਫੋਨ ਨਾ ਆਉਣ ਕਾਰਨ ਉਹਨਾਂ ਵੱਲੋਂ ਇਸ ਸਬੰਧੀ ਬਹੁਤ ਹੀ ਜਦੋਂ ਜਦ ਕਰਕੇ ਉਸ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਗਈ। ਪ੍ਰੰਤੂ ਉਸ ਦੇ ਫੋਨ ਦੀ ਆਖਰੀ ਲੋਕੇਸ਼ਨ ਲੰਡਨ ਦੀ ਪਾਈ ਗਈ। ਉਹਨਾਂ ਦੱਸਿਆ ਕਿ ਉਸ ਤੋਂ ਬਾਅਦ ਉਹਨਾਂ ਨੂੰ ਆਪਣੇ ਪੁੱਤਰ ਬਲਰਾਜ ਬਾਵਾ ਬਾਰੇ ਕੋਈ ਉਗ ਸੁਗ ਨਹੀਂ ਮਿਲੀ ਅਤੇ ਨਾ ਹੀ ਉਸ ਤੋਂ ਬਾਅਦ ਉਸ ਨਾਲ ਕੋਈ ਵੀ ਸੰਪਰਕ ਪੈਦਾ ਹੋ ਸਕਿਆ। ਲਾਪਤਾ ਹੋਏ ਵਿਦਿਆਰਥੀ ਬਲਰਾਜ ਬਾਵਾ ਦੇ ਮਾਤਾ ਪਿਤਾ ਨੇ ਖਦਸਾ ਜਾਹਿਰ ਕਰਦਿਆਂ ਕਿਹਾ ਕਿ ਬਲਰਾਜ ਬਾਵਾ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਵੀ ਉਹ ਬੇਹੱਦ ਚਿੰਤਿਤ ਅਤੇ ਪਰੇਸ਼ਾਨੀ ਦੀ ਆਲਮ ਵਿੱਚ ਹਨ। ਲਾਪਤਾ ਹੋਏ ਉਕਤ ਵਿਦਿਆਰਥੀ ਦੇ ਮਾਪਿਆਂ ਨੇ ਬਰਤਾਨੀਆ ਦੇ ਪੰਜਾਬੀ ਐਮ. ਪੀਜ ਨੂੰ ਉਨ੍ਹਾਂ ਦੇ ਸਪੁੱਤਰ ਬਾਰੇ ਪੈਰਵਾਈ ਕਰਕੇ ਭਾਲ ਕਰਨ ਦੀ ਗੁਹਾਰ ਲਗਾਈ ਗਈ।

## ਸਿਹਤ ਤੇ ਸੁੰਦਰਤਾ



# ਮੋਟਾਪਾ ਘਟਾਉਣ ਦੇ ਸਿਹਤ ਨੂੰ ਕੀ ਖਤਰੇ ਹੁੰਦੇ ਹਨ? ਕਿਵੇਂ ਘਟਾਇਆ ਜਾਵੇ ਮੋਟਾਪਾ?

ਮੋਟਾਪਾ ਅੱਜ ਦੇ ਸਮੇਂ ਦੀ ਇੱਕ ਵੱਡੀ ਸਮੱਸਿਆ ਬਣ ਚੁੱਕਾ ਹੈ, ਜੋ ਨਾ ਸਿਰਫ਼ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਮਾਨਸਿਕ ਅਤੇ ਭਾਵਨਾਤਮਕ ਸਿਹਤ 'ਤੇ ਵੀ ਅਸਰ ਪਾਉਂਦਾ ਹੈ। ਭਾਰ ਘਟਾਉਣ ਦੀ ਚਾਹਤ ਵਿੱਚ ਲੋਕ ਅਕਸਰ ਤੇਜ਼ੀ ਨਾਲ ਨਤੀਜੇ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਗਲਤ ਤਰੀਕਿਆਂ ਨਾਲ ਕੀਤੀ ਇਹ ਕੋਸ਼ਿਸ਼ ਸਿਹਤ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ।

ਬ੍ਰਾਜ਼ੀਲ ਦੇ ਸਪੋਰਟਸ ਡਾਕਟਰ ਡਾ. ਪੈਬਲੀਅਸ ਬ੍ਰਾਗਾ ਦੱਸਦੇ ਹਨ, "ਜਦੋਂ ਅਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਰੀਰ ਆਪਣੇ ਊਰਜਾ ਭੰਡਾਰਾਂ, ਖ਼ਾਸਕਰ ਚਰਬੀ, ਨੂੰ ਵਰਤਦਾ ਹੈ। ਪਰ ਜੇਕਰ ਸਹੀ ਢੰਗ ਨਾ ਅਪਣਾਇਆ ਜਾਵੇ, ਤਾਂ ਸਰੀਰ ਮਾਸਪੇਸ਼ੀਆਂ ਨੂੰ ਵੀ ਤੋੜਨਾ ਸ਼ੁਰੂ ਕਰ ਸਕਦਾ ਹੈ।"

ਸਾਓ ਪੌਲੋ ਯੂਨੀਵਰਸਿਟੀ ਦੇ ਮੈਟਾਬੋਲਿਕ ਥੈਰੇਪਿਸਟ ਅਤੇ ਐਂਡੋਕਰੀਨੋਲੋਜੀ ਵਿੱਚ ਪੀਐਚਡੀ, ਐਲੇਨ ਡਾਇਸ, ਦੱਸਦੇ ਹਨ, "ਮਾਸਪੇਸ਼ੀਆਂ ਸਰੀਰ ਦੀ ਤਾਕਤ, ਸਹਿਣਸ਼ਕਤੀ ਅਤੇ ਮੈਟਾਬੋਲਿਜ਼ਮ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਹੁੰਦੀਆਂ ਹਨ। ਜੇਕਰ ਇਹ ਘਟਦੀਆਂ ਹਨ, ਤਾਂ ਸਰੀਰ ਦਾ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ, ਜਿਸ ਨਾਲ ਭਾਰ ਮੁੜ ਵਧਣ ਦਾ ਜੋਖਮ ਵੱਧ ਜਾਂਦਾ ਹੈ।" ਇਸ ਨੂੰ 'ਯੋ-ਯੋ ਪ੍ਰਭਾਵ' ਕਿਹਾ ਜਾਂਦਾ ਹੈ, ਜਿੱਥੇ ਵਿਅਕਤੀ ਵਾਰ-ਵਾਰ ਭਾਰ ਘਟਾਉਂਦਾ ਅਤੇ ਵਧਾਉਂਦਾ ਹੈ। ਇੰਟਰਨੈਸ਼ਨਲ ਸੋਸਾਇਟੀ ਆਫ਼ ਸਪੋਰਟਸ ਨਿਊਟ੍ਰੀਸ਼ਨ ਦੀ ਰਿਪੋਰਟ ਮੁਤਾਬਕ, ਜੇਕਰ ਕੈਲੋਰੀਜ਼ ਦੀ ਮਾਤਰਾ ਬਹੁਤ ਜ਼ਿਆਦਾ ਘਟਾਈ ਜਾਵੇ, ਤਾਂ ਸਰੀਰ 'ਸੇਵਿੰਗ ਮੋਡ' ਵਿੱਚ ਚਲਾ ਜਾਂਦਾ ਹੈ। ਇਸ ਸਥਿਤੀ ਵਿੱਚ, ਸਰੀਰ ਊਰਜਾ ਬਚਾਉਣ ਲਈ ਮਾਸਪੇਸ਼ੀਆਂ ਨੂੰ ਤੋੜਨਾ ਸ਼ੁਰੂ ਕਰ ਦਿੰਦਾ ਹੈ, ਜਿਸ ਨਾਲ ਸਰੀਰ ਦੀ ਤਾਕਤ ਅਤੇ ਸਹਿਣਸ਼ਕਤੀ ਘਟਦੀ ਹੈ। ਇਸ ਨਾਲ ਨਾ ਸਿਰਫ਼ ਭਾਰ ਘਟਾਉਣ ਦੀ ਪ੍ਰਕਿਰਿਆ ਔਖੀ ਹੋ ਜਾਂਦੀ ਹੈ, ਸਗੋਂ ਦੀਰਘਕਾਲੀ ਸਿਹਤ ਸਮੱਸਿਆਵਾਂ ਜਿਵੇਂ ਕਿ ਟਾਈਪ-2 ਸ਼ੂਗਰ, ਹਾਈਪਰਟੈਨਸ਼ਨ ਅਤੇ ਦਿਲ ਦੀਆਂ ਬਿਮਾਰੀਆਂ ਦਾ ਜੋਖਮ ਵੀ ਵਧ ਜਾਂਦਾ ਹੈ।

### ਸਹੀ ਢੰਗ ਨਾਲ ਮੋਟਾਪਾ ਘਟਾਉਣ ਦਾ ਤਰੀਕਾ

ਮੋਟਾਪਾ ਘਟਾਉਣ ਲਈ ਸਹੀ ਢੰਗ ਅਪਣਾਉਣਾ ਜ਼ਰੂਰੀ ਹੈ, ਜਿਸ ਵਿੱਚ ਸਿਹਤਮੰਦ ਖੁਰਾਕ, ਨਿਯਮਤ ਕਸਰਤ ਅਤੇ ਭਾਵਨਾਤਮਕ ਸਿਹਤ ਦਾ ਧਿਆਨ ਰੱਖਣਾ ਸ਼ਾਮਲ ਹੈ। ਮਾਹਰ ਸੁਝਾਅ ਦਿੰਦੇ ਹਨ ਕਿ ਕੈਲੋਰੀਜ਼ ਦੀ ਘਾਟ ਸੀਮਤ ਅਤੇ ਸੁਰੱਖਿਅਤ ਹੋਣੀ ਚਾਹੀਦੀ। ਡਾ. ਬ੍ਰਾਗਾ ਅਤੇ ਡਾਇਸ ਦੋਵੇਂ ਸਹਿਮਤ ਹਨ ਕਿ ਰੋਜ਼ਾਨਾ 300 ਤੋਂ 500 ਕੈਲੋਰੀਜ਼ ਦੀ ਘਾਟ ਆਮ ਤੌਰ 'ਤੇ ਸੁਰੱਖਿਅਤ ਹੁੰਦੀ ਹੈ। ਇਸ ਨਾਲ ਸਰੀਰ ਨੂੰ ਚਰਬੀ ਸਾੜਨ ਦੀ ਪ੍ਰਕਿਰਿਆ ਸ਼ੁਰੂ ਕਰਨ ਵਿੱਚ ਮਦਦ ਮਿਲਦੀ ਹੈ, ਪਰ ਮਾਸਪੇਸ਼ੀਆਂ ਦਾ ਨੁਕਸਾਨ ਨਹੀਂ ਹੁੰਦਾ। ਡਾਇਸ ਕਹਿੰਦੇ ਹਨ, "ਜੇਕਰ ਤੁਸੀਂ ਬਹੁਤ ਜ਼ਿਆਦਾ ਕੈਲੋਰੀਜ਼ ਘਟਾਉਂਦੇ ਹੋ, ਤਾਂ ਸਰੀਰ ਮਾਸਪੇਸ਼ੀਆਂ ਨੂੰ ਊਰਜਾ ਦੇ ਸਰੋਤ ਵਜੋਂ ਵਰਤਣ ਲੱਗ ਪੈਂਦਾ ਹੈ, ਜੋ ਸਿਹਤ ਲਈ ਨੁਕਸਾਨਦੇਹ ਹੈ।" ਇਸ ਲਈ, ਸਹੀ ਮਾਤਰਾ ਵਿੱਚ ਪ੍ਰੋਟੀਨ ਅਤੇ ਹਾਈਡ੍ਰੇਸ਼ਨ ਦਾ ਧਿਆਨ ਰੱਖਣਾ ਜ਼ਰੂਰੀ ਹੈ। ਕਸਰਤ ਵੀ ਭਾਰ ਘਟਾਉਣ ਦੀ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਵੇਟ ਟ੍ਰੇਨਿੰਗ ਅਤੇ ਤਾਕਤ ਵਧਾਉਣ ਵਾਲੀਆਂ ਕਸਰਤਾਂ ਮਾਸਪੇਸ਼ੀਆਂ ਨੂੰ ਸੁਰੱਖਿਅਤ ਰੱਖਣ ਅਤੇ ਵਧਾਉਣ ਵਿੱਚ ਮਦਦ ਕਰਦੀਆਂ ਹਨ। ਡਾਇਸ ਦੱਸਦੇ ਹਨ, "ਖ਼ਾਸਕਰ ਪੋਸਟਮੇਨੋਪੌਜ਼ਲ ਔਰਤਾਂ ਵਿੱਚ, ਜਿਨ੍ਹਾਂ ਦਾ ਮੈਟਾਬੋਲਿਜ਼ਮ ਕੁਦਰਤੀ ਤੌਰ 'ਤੇ ਹੌਲੀ ਹੁੰਦਾ ਹੈ, ਸਹੀ ਕਸਰਤ ਅਤੇ ਖੁਰਾਕ ਨਾਲ ਚਰਬੀ ਘਟਾਉਣ ਦੇ ਨਾਲ-ਨਾਲ ਮਾਸਪੇਸ਼ੀਆਂ ਨੂੰ ਵੀ ਮਜ਼ਬੂਤ ਕੀਤਾ ਜਾ ਸਕਦਾ ਹੈ।"

### ਸਿਹਤਮੰਦ ਖੁਰਾਕ: ਪ੍ਰੋਟੀਨ ਅਤੇ ਹਾਈਡ੍ਰੇਸ਼ਨ ਦੀ ਮਹੱਤਤਾ

ਇੰਟਰਨੈਸ਼ਨਲ ਸੋਸਾਇਟੀ ਆਫ਼ ਸਪੋਰਟਸ ਨਿਊਟ੍ਰੀਸ਼ਨ ਦੀ ਸਿਫਾਰਸ਼ ਅਨੁਸਾਰ, ਮਾਸਪੇਸ਼ੀਆਂ ਨੂੰ ਸੁਰੱਖਿਅਤ ਰੱਖਣ ਅਤੇ ਵਧਾਉਣ ਲਈ ਪ੍ਰਤੀ ਦਿਨ ਪ੍ਰਤੀ ਕਿਲੋਗ੍ਰਾਮ ਸਰੀਰਕ ਭਾਰ ਦੇ 1.4 ਤੋਂ 2 ਗ੍ਰਾਮ ਪ੍ਰੋਟੀਨ ਦੀ ਲੋੜ ਹੁੰਦੀ ਹੈ। ਉਦਾਹਰਨ ਵਜੋਂ, 70 ਕਿਲੋਗ੍ਰਾਮ ਭਾਰ ਵਾਲੇ ਵਿਅਕਤੀ ਨੂੰ ਰੋਜ਼ਾਨਾ 98 ਤੋਂ 140 ਗ੍ਰਾਮ ਪ੍ਰੋਟੀਨ ਦੀ ਜ਼ਰੂਰਤ ਹੁੰਦੀ ਹੈ। ਪ੍ਰੋਟੀਨ ਦੇ ਸਰੋਤਾਂ ਵਿੱਚ ਅੰਡੇ, ਮੁਰਗੀ, ਮੱਛੀ, ਬੀਨਜ਼, ਦਾਲ, ਪਨੀਰ, ਦਹੀਂ ਅਤੇ ਸੋਇਆ ਸ਼ਾਮਲ ਹਨ। ਡਾਇਸ ਦੱਸਦੇ ਹਨ, "ਸਾਡੀਆਂ ਮਾਸਪੇਸ਼ੀਆਂ ਦਾ 70 ਫੀਸਦੀ ਹਿੱਸਾ ਪਾਣੀ ਹੁੰਦਾ ਹੈ, ਇਸ ਲਈ ਹਾਈਡ੍ਰੇਸ਼ਨ ਬਹੁਤ ਜ਼ਰੂਰੀ ਹੈ।" ਪ੍ਰਤੀ ਕਿਲੋਗ੍ਰਾਮ ਸਰੀਰਕ ਭਾਰ ਦੇ 30 ਤੋਂ 40 ਮਿਲੀਲਿਟਰ ਪਾਣੀ ਪੀਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਦਾਹਰਨ ਵਜੋਂ, 70 ਕਿਲੋਗ੍ਰਾਮ ਵਾਲੇ ਵਿਅਕਤੀ ਨੂੰ ਰੋਜ਼ਾਨਾ 2.1 ਤੋਂ 2.8 ਲੀਟਰ ਪਾਣੀ ਪੀਣਾ ਚਾਹੀਦਾ ਹੈ।

ਖੁਰਾਕ ਵਿੱਚ ਸੰਤੁਲਨ ਵੀ ਜ਼ਰੂਰੀ ਹੈ। ਡਾ. ਬ੍ਰਾਗਾ ਸੁਝਾਅ ਦਿੰਦੇ ਹਨ ਕਿ ਖਾਣੇ ਦਾ ਘੱਟੋ-ਘੱਟ ਇੱਕ ਤਿਹਾਈ ਹਿੱਸਾ ਪ੍ਰੋਟੀਨ ਸਰੋਤਾਂ ਤੋਂ ਹੋਣਾ ਚਾਹੀਦਾ। ਇਸ ਦੇ ਨਾਲ ਹੀ, ਸਬਜ਼ੀਆਂ, ਅਨਾਜ (ਜਿਵੇਂ ਚੌਲ ਜਾਂ ਕੁਇਨੋਆ), ਅਤੇ ਸਿਹਤਮੰਦ ਚਰਬੀ (ਜਿਵੇਂ ਅਖਰੋਟ, ਅਲਸੀ ਦਾ ਤੇਲ) ਸ਼ਾਮਲ ਕਰਨ ਨਾਲ ਸਰੀਰ ਨੂੰ ਸਾਰੇ ਜ਼ਰੂਰੀ ਪੋਸ਼ਕ ਤੱਤ ਮਿਲਦੇ ਹਨ।

### ਮਾਹਿਰਾਂ ਦੀ ਰਾਏ ਅਤੇ ਭਾਵਨਾਤਮਕ ਸਿਹਤ ਦੀ ਅਹਿਮੀਅਤ

ਭਾਰ ਘਟਾਉਣ ਦੀ ਪ੍ਰਕਿਰਿਆ ਵਿੱਚ ਸਿਰਫ਼ ਸਰੀਰਕ ਸਿਹਤ ਹੀ ਨਹੀਂ, ਸਗੋਂ ਮਾਨਸਿਕ ਅਤੇ ਭਾਵਨਾਤਮਕ ਸਿਹਤ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ। ਡਾ. ਬ੍ਰਾਗਾ ਚਿਤਾਵਨੀ ਦਿੰਦੇ ਹਨ, "ਜੇਕਰ ਭਾਰ ਘਟਾਉਣ ਦੀ ਪ੍ਰਕਿਰਿਆ ਵਿੱਚ ਤਣਾਅ ਵਧਦਾ ਹੈ, ਤਾਂ ਇਹ ਸਿਹਤ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ।" ਉਹ ਸੁਝਾਅ ਦਿੰਦੇ ਹਨ ਕਿ ਭਾਰ ਘਟਾਉਣ ਦੀ ਯੋਜਨਾ ਵਿਅਕਤੀ ਦੀ ਰੋਜ਼ਾਨਾ ਜੀਵਨ ਸ਼ੈਲੀ, ਕੰਮ ਦੀ ਸਮਾਂ-ਸਾਰਣੀ ਅਤੇ ਆਰਾਮ ਦੇ ਸਮੇਂ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਅਨਮੋਲ ਗਗਨ ਮਾਨ ਨੇ ਚੌਵੀ ਘੰਟਿਆਂ ਵਿਚ ਹੀ ਆਪਣਾ ਅਸਤੀਫ਼ਾ ਵਾਪਸ ਲਿਆ- ਇਕ ਖ਼ਬਰ

-ਵਾਢੀ ਨਾਲ਼ ਕਰੂੰਗੀ ਤੇਰੇ, ਦਾਤੀ ਨੂੰ ਲੁਆ ਦੇ ਘੁੰਗਰੂ।



*ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ 'ਅਤੇ ਜੇਲ੍ਹ 'ਚ ਨਸ਼ਾ ਕਰਨ ਦੇ ਲੱਗੇ ਦੋਸ਼- ਇਕ ਖ਼ਬਰ

-ਜੇਲ੍ਹ ਸੁਪਰਡੈਂਟ 'ਤੇ ਨਸ਼ਾ ਸਪਲਾਈ ਕਰਨ ਦੇ ਦੋਸ਼ ਵੀ ਲਗਾਉ ਬਈ।



*ਨਕਦੀ ਘਪਲਾ ਮਾਮਲੇ 'ਚ ਜਸਟਿਸ ਵਰਮਾ ਵਿਰੁੱਧ ਚੱਲੇਗਾ ਮਹਾਂਦੋਸ਼ - ਇਕ ਖ਼ਬਰ

-ਇਹ ਮਹਾਂਦੋਸ਼ ਹੀ ਵਿਚਾਰੇ ਧਨਖੜ ਨੂੰ ਲੈ ਕੇ ਬਹਿ ਗਿਆ।


*ਪਹਾੜਾਂ 'ਚ ਪੈ ਰਹੇ ਭਾਰੀ ਮੀਂਹ ਨੇ ਪੰਜਾਬੀਆਂ ਦੀ ਚਿੰਤਾ ਵਧਾਈ- ਇਕ ਖ਼ਬਰ

-ਖਾਣ ਪੀਣ ਨੂੰ ਬਾਂਦਰੀ ਤੇ ਧੌਣ ਭੰਨਾਉਣ ਨੂੰ ਜੁੰਮਾ।



*ਸ਼ਸ਼ੀ ਥਰੂਰ ਨੂੰ ਕਾਂਗਰਸ ਦੇ ਪ੍ਰੋਗਰਾਮਾਂ ਵਿਚ ਨਹੀਂ ਬੁਲਾਇਆ ਜਾਵੇਗਾ- ਮੁਰਲੀਧਰਨ

-ਵੇ ਘਰ ਤੇਲਣ ਦੇ ਤੇਰਾ ਚਾਦਰਾ ਖੜਕੇ।



*ਅਕਾਲੀ-ਭਾਜਪਾ ਗੱਠਜੋੜ ਦੇ ਹੱਕ ਵਿਚ ਕਿਉਂ ਹਨ ਸੁਨੀਲ ਜਾਖੜ?- ਇਕ ਸਵਾਲ

-ਕਿਉਂਕਿ ਇਸ ਵਿਚੋਂ ਸੁਨੀਲ ਜਾਖੜ ਨੂੰ ਡਿਪਟੀ ਮੁੱਖ ਮੰਤਰੀ ਦੀ ਕੁਰਸੀ ਦਿਸਦੀ ਹੈ।

*ਓਡੀਸ਼ਾ 'ਚ ਜੰਗਲਾਤ ਮਹਿਕਮੇ ਦੇ ਡਿਪਟੀ ਰੇਂਜਰ ਦੇ ਘਰੋਂ 1.44 ਕਰੋੜ ਨਕਦੀ, ਡੇਢ ਕਿੱਲੋ ਸੋਨਾ ਸਾਢੇ ਚਾਰ ਕਿੱਲੋ ਚਾਂਦੀ ਮਿਲੀ-ਇਕ ਖ਼ਬਰ

-ਜੇ ਡਿਪਟੀ ਦੇ ਘਰੋਂ ਏਨਾ ਮਾਲ ਮਿਲਿਆ ਤਾਂ ਨਾਲ ਲਗਦੇ ਹੀ ਰੇਂਜਰ ਦੇ ਘਰ ਦੀ ਤਲਾਸ਼ੀ ਵੀ ਲੈ ਲੈਂਦੇ।



*ਨਹਿਰੂ ਨੇ ਸਾਰੇ ਕਾਨੂੰਨ ਛਿੱਕੇ ਟੰਗ ਕੇ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਭੇਜਿਆ- ਪਦਮਸ਼੍ਰੀ ਸਵਰਨ ਸਿੰਘ ਬੋਪਾਰਾਏ

-ਜ਼ੋਰਾਵਰ ਦਾ ਸੱਤੀਂ ਵੀਹੀਂ ਸੌ।




*ਟਰੰਪ ਵਲੋਂ ਭਾਰਤੀਆਂ ਨੂੰ ਨੌਕਰੀਆਂ ਨਾ ਦੇਣ ਦਾ ਫ਼ੁਰਮਾਨ- ਇਕ ਖ਼ਬਰ

-ਲੱਡੂ ਮੁੱਕ ਗਏ ਯਰਾਨੇ ਟੁੱਟ ਗਏ, ਕੱਚੀ ਯਾਰੀ ਲੱਡੂਆਂ ਦੀ।


*ਈ.ਡੀ. ਹੁਣ ਸਾਰੀਆਂ ਹੱਦਾਂ ਪਾਰ ਕਰ ਰਹੀ ਹੈ- ਸੁਪਰੀਮ ਕੋਰਟ

-ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ।



*ਕੰਗਨਾ ਰਣੌਤ ਨੇ ਨਸ਼ਿਆਂ ਨੂੰ ਲੈ ਕੇ ਪੰਜਾਬ ਬਾਰੇ ਫਿਰ ਵਿਵਾਦਤ ਬਿਆਨ ਦਾਗ਼ਿਆ- ਇਕ ਖ਼ਬਰ

-ਅੱਗ ਲਾ ਗਈ ਝਾਂਜਰਾਂ ਵਾਲੀ, ਲੈਣ ਆਈ ਪਾਣੀ ਦਾ ਛੰਨਾ।



*ਜੰਗਬੰਦੀ ਕਰਵਾਉਣ ਵਾਲੇ ਟਰੰਪ ਕੌਣ ਹੁੰਦੇ ਹਨ- ਰਾਹੁਲ ਗਾਂਧੀ

-ਅਖੇ ਤੂੰ ਕੌਣ ਬਈ? ਮੈਂ ਖਾਹ ਮਖਾਹ।



*ਅਮਰੀਕਾ ਦੁਬਾਰਾ ਯੂਨੈਸਕੋ ਤੋਂ ਵੱਖ ਹੋਵੇਗਾ, ਅਮਰੀਕਾ ਦਾ ਦੋਸ਼ ਕਿ ਯੂਨੈਸਕੋ ਇਜ਼ਰਾਈਲ ਨਾਲ ਪੱਖਪਾਤ ਕਰਦਾ ਹੈ- ਇਕ ਖ਼ਬਰ

-ਤੈਨੂੰ ਤਾਪ ਚੜ੍ਹੇ, ਮੈਂ ਹੂੰਗਾਂ।



*ਜਾਖੜ ਦੇ ਅਕਾਲੀ-ਭਾਜਪਾ ਗੱਠਜੋੜ ਦੇ ਬਿਆਨ ਨੂੰ ਲੈਕੇ ਛਿੜੀ ਚਰਚਾ- ਇਕ ਖ਼ਬਰ

-ਕੱਚੇ ਯਾਰ ਨੇ ਖਿੱਲਾਂ ਦਾ ਬੁੱਕ ਸੁੱਟਿਆ, ਤ੍ਰਿੰਞਣਾਂ 'ਚ ਰੌਲ਼ਾ ਪੈ ਗਿਆ



*ਬਾਜਵਾ ਨੇ ਕਾਂਗਰਸ ਦੇ ਸੱਤਾ 'ਚ ਆਉਣ 'ਤੇ ਪਰਵਾਸੀ ਭਾਰਤੀਆਂ ਨੂੰ ਸੁਰੱਖਿਅਤ ਪੰਜਾਬ ਦਾ ਦਿਤਾ ਭਰੋਸਾ- ਇਕ ਖ਼ਬਰ

-ਸਿਆਸਤ ਦੇ ਖਿਡਾਰੀਓ ਤੁਹਾਡੇ ਲਾਰੇ ਤੇ ਮੁੰਡੇ ਰਹਿਣ ਕੁਆਰੇ।

* * * * * * *

# ਬ੍ਰਮਿੰਘਮ ਕਬੱਡੀ ਟੂਰਨਾਮੈਂਟ 2025: ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਦੀ ਟੀਮ ਨੇ ਜਿੱਤਿਆ ਕੱਪ ਅਤੇ ਸੰਦੀਪ ਨੰਗਲ ਅੰਬੀਆਂ ਟੈਲਫੋਰਡ ਟੀਮ ਰਨਰ ਅੱਪ ਰਹੀ

## ਸ਼ਹੀਦ ਸ. ਊਧਮ ਸਿੰਘ, ਸ਼ਹੀਦ ਸ. ਬੇਅੰਤ ਸਿੰਘ, ਸ਼ਹੀਦ ਸ. ਸਤਵੰਤ ਸਿੰਘ, ਸ਼ਹੀਦ ਸ. ਕੇਹਰ ਸਿੰਘ ਤੇ ਸ. ਹਰਦੇਵ ਸਿੰਘ ਬਾਪੂ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਟੂਰਨਾਮੈਂਟ ਦੌਰਾਨ ਅਹਿਮ ਸ਼ਖਸੀਅਤਾਂ ਅਤੇ ਵਧੀਆ ਖੇਡ ਖੇਡਣ ਵਾਲੇ ਖਿਡਾਰੀਆਂ ਦਾ ਕੀਤਾ ਮਾਣ ਸਨਮਾਨ



ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ


**ਜਾਰੀ ਕਰਤਾ: ਪ੍ਰਬੰਧਕ ਕਮੇਟੀ, ਗੁਰੂ ਨਾਨਕ ਗੁਰਦੁਆਰਾ ਸਮੈਦਿਕ**

**128-130 HIGH STREET, SMETHWICK, WEST MIDLANDS, B66 3AP. TEL: 0121 558 2527 FAX: 0121 555 5926**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਕਾਂਵੜ ਯਾਤਰਾ ਨੂੰ ਕੌਣ ਬਦਨਾਮ ਕਰ ਰਿਹਾ, ਹਿੰਸਾ ਕਰਨ ਵਾਲੇ ਕੌਣ ?

**ਪ੍ਰੋਫੈਸਰ ਅਪੂਰਵਾਨੰਦ**
ਦਿੱਲੀ ਯੂਨੀਵਰਸਿਟੀ





ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਦੋਸ਼ ਲਾਇਆ ਹੈ ਕਿ ਕਾਂਵੜ ਯਾਤਰੀਆਂ ਨੂੰ ਬਦਨਾਮ ਕੀਤਾ ਜਾ ਰਿਹਾ। ਉਨ੍ਹਾਂ ਨੂੰ ਇਸ ਗੱਲ 'ਤੇ ਗੁੱਸਾ ਹੈ ਕਿ ਕਾਂਵੜ ਯਾਤਰੀਆਂ ਨੂੰ ਹਿੰਸਕ ਤੇ ਗੁੰਡਾ ਕਿਹਾ ਜਾ ਰਿਹਾ। ਉਨ੍ਹਾਂ ਕਿਹਾ ਕਿ ਕਾਂਵੜ ਯਾਤਰਾ ਏਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਹੈ, ਜਿਸ ਵਿਚ ਅਮੀਰ-ਗਰੀਬ, ਹਰ ਜਾਤ ਦੇ ਲੋਕ ਇਕੱਠੇ ਪਵਿੱਤਰ ਯਾਤਰਾ 'ਤੇ ਨਿਕਲਦੇ ਹਨ। ਉਹ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਮੁਸਲਮਾਨਾਂ ਨੂੰ ਕਾਂਵੜ ਯਾਤਰੀਆਂ ਤੋਂ ਸਿੱਖਣਾ ਚਾਹੀਦਾ ਹੈ ਕਿ ਅਨੁਸ਼ਾਸਨ ਵਿਚ ਰਹਿ ਕੇ ਸਮੂਹਕ ਧਾਰਮਿਕ ਕੰਮ ਕਿਵੇਂ ਕੀਤਾ ਜਾਂਦਾ ਹੈ ?

ਇਹ ਸੁਣ ਕੇ ਸਮਝ ਨਹੀਂ ਆਉਂਦਾ ਕਿ ਹੱਸੀਏ ਜਾਂ ਰੋਈਏ। ਸੋਸ਼ਲ ਮੀਡੀਆ 'ਤੇ ਲੋਕਾਂ ਨੇ ਮੁੱਖ ਮੰਤਰੀ ਨੂੰ ਜਵਾਬ ਦੇਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਤਸਵੀਰਾਂ ਤੇ ਵੀਡੀਓਜ਼ ਨਾਲ ਜਿਨ੍ਹਾਂ ਵਿਚ ਕਾਂਵੜ ਯਾਤਰੀ ਗੱਡੀਆਂ ਤੋੜਦੇ, ਸਕੂਲ ਬੱਸਾਂ 'ਤੇ ਹਮਲਾ ਕਰਦੇ, ਦੁਕਾਨਾਂ ਤਬਾਹ ਕਰਦੇ ਤੇ ਲੋਕਾਂ ਨੂੰ ਕੁੱਟਦੇ ਨਜ਼ਰ ਆ ਰਹੇ ਹਨ। ਸਭ ਨੇ ਪੁੱਛਿਆ ਕਿ ਇਸ ਵਿਚ ਕਿਹੜਾ ਅਨੁਸ਼ਾਸਨ ਜਾਂ ਸਦਾਚਾਰ ਜਾਂ ਏਕਤਾ ਦਿਖਾਈ ਦਿੰਦੀ ਹੈ ? ਇਸ ਸਾਲ ਸਾਵਣ ਦੀ ਯਾਤਰਾ ਸ਼ੁਰੂ ਹੋਣ ਦੇ ਇਕ ਹਫਤੇ ਵਿਚ ਹੀ ਗੁੰਡਾਗਰਦੀ ਤੇ ਹਿੰਸਾ ਦੇ 170 ਤੋਂ ਵੱਧ ਮਾਮਲੇ ਕਾਂਵੜ ਯਾਤਰੀਆਂ 'ਤੇ ਦਰਜ ਹੋ ਚੁੱਕੇ ਹਨ। ਪਰ ਜ਼ਿਆਦਾਤਰ ਮਾਮਲਿਆਂ ਵਿਚ ਪੁਲਿਸ ਹਿੰਸਕ ਯਾਤਰੀਆਂ ਨੂੰ ਹੱਥ-ਪੈਰ ਜੋੜ ਕੇ ਸਮਝਾਉਣ ਦੀ ਕੋਸ਼ਿਸ਼ ਕਰਦੀ ਨਜ਼ਰ ਆਈ।

ਅਖੀਰ ਇਹ ਕਿਉਂ ਹੈ ਕਿ ਕਾਂਵੜ ਯਾਤਰੀਆਂ ਦੀ ਹਿੰਸਾ ਨੂੰ ਸਰਕਾਰੀ ਸੁਰੱਖਿਆ ਮਿਲੀ ਹੋਈ ਹੈ ? ਇਹ ਉਹੀ ਸਰਕਾਰਾਂ ਹਨ ਜੋ ਸਰਕਾਰ ਵਿਰੋਧੀ ਸ਼ਾਂਤਮਈ ਪ੍ਰਦਰਸ਼ਨਾਂ ਸਮੇਂ ਮੁਕੱਦਮੇ ਦਰਜ ਕਰਕੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾ ਕੇ ਹਰਜਾਨਾ ਵਸੂਲਦੀਆਂ ਹਨ। ਫਿਰ ਕਾਂਵੜ ਯਾਤਰੀਆਂ ਦੀ ਹਿੰਸਾ ਪ੍ਰਤੀ ਇੰਨੀ ਨਰਮੀ ਕਿਉਂ ?

## ਕਾਂਵੜ ਯਾਤਰਾ ਦੀ ਹਿੰਸਾ

ਕਾਂਵੜ ਯਾਤਰਾ ਪਵਿੱਤਰ ਹੁੰਦੀ ਹੈ, ਇਸ ਨੂੰ ਅਸ਼ੁੱਧ ਨਹੀਂ ਕਰਨਾ ਚਾਹੀਦਾ, ਇਹ ਕਹਿ ਕੇ ਕਾਂਵੜ ਯਾਤਰੀਆਂ ਦੀ ਹਿੰਸਾ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ। ਜੇ ਕੋਈ ਕਾਂਵੜਾਂ ਨੂੰ ਛੂਹ ਵੀ ਲਵੇ, ਤਾਂ ਉਹ ਤੇ ਉਸ ਦੇ ਸਾਥੀ ਹਿੰਸਾ 'ਤੇ ਉੱਤਰ ਆਉਂਦੇ ਹਨ।

ਪੁਲਿਸ ਅਧਿਕਾਰੀ ਕਈ ਥਾਵਾਂ 'ਤੇ ਕਾਂਵੜ ਯਾਤਰੀਆਂ ਨੂੰ ਪੱਖਾ ਝੱਲਦੇ, ਉਨ੍ਹਾਂ ਦੇ ਪੈਰ ਦਬਾਉਂਦੇ ਤੇ ਫੁੱਲ ਵਰ੍ਹਾਉਂਦੇ ਨਜ਼ਰ ਆਏ। ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਯੂਪੀ ਦੇ ਮੁੱਖ ਮੰਤਰੀ ਨੇ ਹੈਲੀਕਾਪਟਰ ਨਾਲ ਰਸਤਿਆਂ ਦਾ ਨਿਰੀਖਣ ਕੀਤਾ। ਸਰਕਾਰੀ ਚੇਤਾਵਨੀ ਦਿੱਤੀ ਗਈ ਕਿ ਜੇ ਕਿਸੇ ਨੇ ਯਾਤਰਾ ਵਿਚ ਰੁਕਾਵਟ ਪਾਈ, ਤਾਂ ਸਖ਼ਤ ਕਾਰਵਾਈ ਹੋਵੇਗੀ। ਪਿਛਲੇ ਸਾਲਾਂ ਦੇ ਤਜਰਬੇ ਮੁਤਾਬਕ ਚੇਤਾਵਨੀ ਇਹ ਹੋਣੀ ਚਾਹੀਦੀ ਸੀ ਕਿ ਕਾਂਵੜ ਯਾਤਰੀ ਹਿੰਸਾ ਤੇ ਭੰਨਤੋੜ ਨਾ ਕਰਨ। ਪਰ ਦਿੱਲੀ ਸਰਕਾਰ ਨੇ ਵੀ ਯੂਪੀ ਦੀ ਨਕਲ ਕਰਦਿਆਂ ਧਮਕੀ ਦਿੱਤੀ ਕਿ ਯਾਤਰਾ ਵਿਚ ਰੁਕਾਵਟ ਪਾਉਣ ਵਾਲਿਆਂ ਨੂੰ ਸਜ਼ਾ ਮਿਲੇਗੀ। ਉਨ੍ਹਾਂ ਨੇ ਯਾਤਰੀਆਂ ਦੇ ਆਰਾਮ ਦਾ ਪ੍ਰਬੰਧ ਕਰਨ ਵਾਲਿਆਂ ਨੂੰ 10-10 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਇਹ ਸਾਫ ਹੈ ਕਿ ਕਾਂਵੜ ਯਾਤਰਾ ਨੂੰ ਸਰਕਾਰੀ ਤਿਉਹਾਰ ਦੀ ਸ਼ਕਲ ਦੇਣ ਦੀ ਕੋਸ਼ਿਸ਼ ਹੋ ਰਹੀ ਹੈ। ਯੂਪੀ ਵਿਚ ਯਾਤਰਾ ਦੇ ਰਸਤੇ ਵਿਚ ਪੈਂਦੇ ਸਾਰੇ ਸਕੂਲ ਦੋ ਹਫਤਿਆਂ ਲਈ ਬੰਦ ਕਰ ਦਿੱਤੇ ਗਏ। ਕਈ ਸੜਕਾਂ ਵੀ ਆਮ ਆਵਾਜਾਈ ਲਈ ਬੰਦ ਕਰ ਦਿੱਤੀਆਂ ਗਈਆਂ। ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਜਿਵੇਂ ਇਹ ਸਾਰੇ ਹਿੰਦੂਆਂ ਦਾ ਸਭ ਤੋਂ ਵੱਡਾ ਤਿਉਹਾਰ ਹੋਵੇ। ਜਦੋਂ ਸਰਕਾਰ ਬਾਰ-ਬਾਰ ਕਹਿੰਦੀ ਹੈ ਕਿ ਯਾਤਰਾ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕਰੇਗੀ ਤੇ ਇਸ ਦੇ ਖਿਲਾਫ ਕੋਈ ਗੜਬੜ ਨਹੀਂ ਸਹੇਗੀ, ਤਾਂ ਇਹ ਸੰਕੇਤ ਦਿੱਤਾ ਜਾਂਦਾ ਹੈ ਕਿ ਇਸ ਦੇ ਖਿਲਾਫ ਕੋਈ ਸਾਜ਼ਿਸ਼ ਚੱਲ ਰਹੀ ਹੈ। ਅਮਰਨਾਥ ਯਾਤਰਾ ਵਾਂਗ ਕਾਂਵੜ ਯਾਤਰਾ ਦੀ 'ਸੁਰੱਖਿਆ' ਦੀ ਗੱਲ ਕੀਤੀ ਜਾਂਦੀ ਹੈ। ਇਸ ਵਿਚ ਇਕ ਖਤਰਨਾਕ ਸੰਕੇਤ ਲੁਕਿਆ ਹੈ ਕਿ ਕਾਂਵੜ ਯਾਤਰਾ 'ਤੇ ਅੱਤਵਾਦੀ ਹਮਲਾ ਹੋ ਸਕਦਾ ਹੈ। ਇਹ ਹਾਸੋਹੀਣਾ ਹੈ, ਪਰ ਸਰਕਾਰ ਇਸ 'ਤੇ ਗੰਭੀਰਤਾ ਨਾਲ ਕਾਰਵਾਈ ਕਰਦੀ ਹੈ।

ਕਾਂਵੜ ਯਾਤਰੀਆਂ ਨੂੰ ਇਹ ਅਹਿਸਾਸ ਦਿਵਾਇਆ ਗਿਆ ਹੈ ਕਿ ਉਹ ਸਰਕਾਰੀ ਸੁਰੱਖਿਆ ਵਿਚ ਹਨ। ਉਨ੍ਹਾਂ ਦੀ ਹਿੰਸਾ ਨੂੰ ਸ਼ਿਵ ਭਗਤਾਂ ਦਾ ਗੁੱਸਾ ਕਹਿ ਕੇ ਬਾਕੀ ਲੋਕਾਂ ਨੂੰ ਇਸ ਨੂੰ ਸਹਿਣ ਲਈ ਕਿਹਾ ਜਾਂਦਾ ਹੈ।

## ਕੀ ਇਹ ਹਮੇਸ਼ਾ ਤੋਂ ਇੰਜ ਸੀ ?

2014 ਤੋਂ ਪਹਿਲਾਂ ਕਾਵਾਂ ਯਾਤਰਾ ਦਾ ਇਹ ਰੂਪ ਨਹੀਂ ਸੀ। 2015 ਵਿਚ ਪਹਿਲੀ ਵਾਰ ਕਾਂਵੜ ਯਾਤਰਾ ਵਿਚ ਤਿਰੰਗੇ ਝੰਡੇ ਦਿਖੇ। ਇਹ ਯੂਪੀ, ਬਿਹਾਰ ਤੇ ਉੱਤਰਾਖੰਡ ਵਿਚ ਵੇਖਿਆ ਗਿਆ। ਸਪੱਸ਼ਟ ਸੀ ਕਿ ਇਸ ਧਾਰਮਿਕ ਮੌਕੇ ਉਪਰ ਰਾਸ਼ਟਰਵਾਦ ਦੀ ਘੁਸਪੈਠ ਕਰਵਾਈ ਜਾ ਰਹੀ ਸੀ। ਇਹ ਆਪਣੇ-ਆਪ ਨਹੀਂ ਸੀ। ਤਿਰੰਗੇ ਤੇ ਭਗਵੇ ਨੂੰ ਨਾਲ ਲੈ ਕੇ ਚੱਲਣ ਵਾਲੇ ਕਾਂਵੜ ਯਾਤਰੀ ਦੋ ਤਰ੍ਹਾਂ ਦੀ ਸੁਰੱਖਿਆ ਨਾਲ ਲੈਸ ਸਨ: ਧਰਮ ਤੇ ਰਾਸ਼ਟਰਵਾਦ। ਉਹ ਧਰਮ ਤੇ ਰਾਸ਼ਟਰ ਦੇ ਰਾਖੇ ਸਨ। ਬਾਕੀ ਸਾਰਿਆਂ ਦਾ ਕੰਮ ਉਨ੍ਹਾਂ ਦੀ ਸੇਵਾ ਕਰਨਾ ਸੀ। ਇਸੇ ਸਮੇਂ ਤੋਂ ਇਹ ਚਰਚਾ ਸ਼ੁਰੂ ਹੋਈ ਕਿ ਕਾਂਵੜ ਯਾਤਰੀ ਪੂਰੀ ਤਰ੍ਹਾਂ ਸ਼ਾਕਾਹਾਰੀ ਭੋਜਨ ਖਾਂਦੇ ਹਨ, ਇਸ ਲਈ ਰਸਤੇ ਵਿਚ ਮਾਸ-ਮੱਛੀ ਦੀਆਂ ਦੁਕਾਨਾਂ ਨਹੀਂ ਖੁੱਲਣੀਆਂ ਚਾਹੀਦੀਆਂ। ਇਹ ਸਿੱਧਾ ਮੁਸਲਮਾਨਾਂ ਦੇ ਕਾਰੋਬਾਰ 'ਤੇ ਹਮਲਾ ਸੀ। ਇਕ ਮਹੀਨੇ ਲਈ ਮਾਸ ਦੀਆਂ ਦੁਕਾਨਾਂ ਬੰਦ ਕਰਨ ਦਾ ਸਰਕਾਰੀ ਤੇ ਗੈਰ-ਸਰਕਾਰੀ ਮੁਹਿੰਮ ਚੱਲਣ ਲੱਗੀ। ਕਿਸੇ ਨੇ ਨਾ ਪੁੱਛਿਆ ਕਿ ਮਾਸ ਦੀਆਂ ਦੁਕਾਨਾਂ ਕੀ ਕਾਂਵੜ ਯਾਤਰੀਆਂ ਨੂੰ ਮਾਸ ਖਾਣ ਲਈ ਉਕਸਾਉਂਦੀਆਂ ਹਨ ? ਜੇ ਉਹ ਪਵਿੱਤਰ ਮਕਸਦ ਨਾਲ ਤਪੱਸਿਆ ਕਰ ਰਹੇ ਹਨ, ਤਾਂ ਉਨ੍ਹਾਂ ਨੂੰ ਇਨ੍ਹਾਂ ਦੁਕਾਨਾਂ ਵੱਲ ਦੇਖਣ ਦੀ ਲੋੜ ਹੀ ਕੀ ਹੈ ?

2024 ਵਿਚ ਯੂਪੀ ਸਰਕਾਰ ਨੇ ਇਸ ਸ਼ਾਕਾਹਾਰੀ ਭੋਜਨ ਦੇ ਮਸਲੇ ਨੂੰ ਹੋਰ ਅੱਗੇ ਵਧਾਇਆ। ਕਿਹਾ ਗਿਆ ਕਿ ਹਰ ਦੁਕਾਨਦਾਰ, ਹੋਟਲ ਜਾਂ ਢਾਬੇ ਵਾਲੇ ਨੂੰ ਆਪਣਾ ਤੇ ਆਪਣੇ ਕਰਮਚਾਰੀਆਂ ਦਾ ਨਾਂ ਵੱਡੇ-ਵੱਡੇ ਅੱਖਰਾਂ ਵਿਚ ਲਿਖਣਾ ਹੋਵੇਗਾ, ਤਾਂ ਜੋ ਪਤਾ ਲੱਗ ਸਕੇ ਕਿ ਉਹ ਕਿਸ ਧਰਮ ਦੇ ਹਨ। ਇਹ ਇਸ ਲਈ ਕਿ ਕਾਂਵੜ ਯਾਤਰੀ ਫੈਸਲਾ ਕਰ ਸਕਣ ਕਿ ਉਹ ਕਿਸ ਦੀ ਦੁਕਾਨ ਤੋਂ ਸਮਾਨ ਲੈਣਗੇ ਤੇ ਕਿਸ ਹੋਟਲ ਵਿਚ ਖਾਣਗੇ।

ਇਸ ਹੁਕਮ ਵਿਚ ਸਾਫ ਨਹੀਂ ਲਿਖਿਆ ਸੀ, ਪਰ ਇਸ਼ਾਰਾ ਸਾਫ ਸੀ ਕਿ ਮੁਸਲਮਾਨਾਂ ਦੀਆਂ ਦੁਕਾਨਾਂ ਤੋਂ ਸਮਾਨ ਨਾ ਲਿਆ ਜਾਵੇ। ਇਹ ਮੁਸਲਮਾਨਾਂ ਦੇ ਆਰਥਿਕ ਬਾਈਕਾਟ ਦਾ ਅਸਿੱਧਾ ਤਰੀਕਾ ਸੀ। ਸੁਪਰੀਮ ਕੋਰਟ ਵਿਚ ਇਸ ਦੇ ਖਿਲਾਫ ਅਰਜ਼ੀ ਲਾਈ ਗਈ ਤੇ ਅਦਾਲਤ ਨੇ ਇਸ ਹੁਕਮ ਨੂੰ ਰੋਕ ਦਿੱਤਾ। ਪਰ ਇਸ ਸਾਲ ਇਹ ਹੁਕਮ ਨਵੀਂ ਸ਼ਕਲ ਵਿਚ ਫਿਰ ਜਾਰੀ ਹੋਇਆ। ਇਸ ਵਾਰ ਕਿਹਾ ਗਿਆ ਕਿ ਸਾਰੇ ਦੁਕਾਨਦਾਰਾਂ ਨੂੰ ਕਿਊਆਰ ਕੋਡ ਲਾਉਣਾ ਹੋਵੇਗਾ, ਜਿਸ ਨਾਲ ਮਾਲਕ ਦਾ ਨਾਂ ਪਤਾ ਲੱਗੇ। ਇਸ ਦੇ ਖਿਲਾਫ ਵੀ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ ਹੈ।

ਬੀਬੀਸੀ ਦੀ ਰਿਪੋਰਟ ਮੁਤਾਬਕ, ਯਾਤਰਾ ਦੇ ਰਸਤੇ ਵਿਚ ਪੈਂਦੇ ਢਾਬਿਆਂ ਤੇ ਦੁਕਾਨਾਂ ਦੀ ਹਾਲਤ ਇਹ ਹੈ ਕਿ ਮੁਸਲਮਾਨ ਜ਼ਿਆਦਾਤਰ ਆਪਣੀਆਂ ਦੁਕਾਨਾਂ ਬੰਦ ਕਰ ਦਿੰਦੇ ਹਨ ਤੇ ਮੁਸਲਮਾਨ ਕਾਮਿਆਂ ਨੂੰ ਮਹੀਨੇ ਭਰ ਲਈ ਕੰਮ ਛੱਡਣਾ ਪੈਂਦਾ ਹੈ। ਹਿੰਦੂਤਵਵਾਦੀ ਜਥੇਬੰਦੀਆਂ 'ਮੈਂ ਹਿੰਦੂ ਹਾਂ' ਲਿਖੀਆਂ ਝੰਡੀਆਂ ਠੇਲਿਆਂ, ਦੁਕਾਨਾਂ 'ਤੇ ਲਾ ਰਹੀਆਂ ਹਨ। ਇਸ ਨਾਲ ਸਪੱਸ਼ਟ ਵੰਡ ਦਿਖਾਈ ਦਿੰਦੀ ਹੈ। ਇਸ਼ਾਰਾ ਹੈ ਕਿ ਜਿਨ੍ਹਾਂ ਦੁਕਾਨਾਂ 'ਤੇ ਇਹ ਝੰਡੀ ਨਹੀਂ, ਉੱਥੋਂ ਕੁਝ ਨਾ ਖਰੀਦੋ।

ਇਸ ਕਦਮ ਨੂੰ ਜਾਇਜ਼ ਠਹਿਰਾਉਣ ਲਈ ਕਿਹਾ ਜਾ ਰਿਹਾ ਹੈ ਕਿ ਮੁਸਲਮਾਨ ਵੀ ਹਲਾਲ ਸਰਟੀਫਿਕੇਟ ਦੇਖ ਕੇ ਸਮਾਨ ਖਰੀਦਦੇ ਹਨ। ਪਰ ਇਹ ਭੁੱਲ ਜਾਂਦੇ ਹਨ ਕਿ ਮੁਸਲਮਾਨ ਇਹ ਨਹੀਂ ਦੇਖਦੇ ਕਿ ਦੁਕਾਨ ਹਿੰਦੂ ਦੀ ਹੈ ਜਾਂ ਈਸਾਈ ਦੀ। ਉਹ ਸਿਰਫ ਹਲਾਲ ਸਰਟੀਫਿਕੇਟ ਦੇਖਦੇ ਹਨ। ਪਰ ਅਸਲ ਮਕਸਦ ਸ਼ਾਕਾਹਾਰੀ ਭੋਜਨ ਨਹੀਂ, ਮੁਸਲਮਾਨਾਂ ਦਾ ਆਰਥਿਕ ਬਾਈਕਾਟ ਹੈ।

ਇਸ ਤਰ੍ਹਾਂ ਕਾਂਵੜ ਯਾਤਰਾ ਦਾ ਮਕਸਦ ਹੀ ਬਦਲ ਦਿੱਤਾ ਗਿਆ। ਹੁਣ ਇਸ ਦਾ ਮਕਸਦ ਸ਼ਿਵ ਦਾ ਅਸ਼ੀਰਵਾਦ ਲੈਣਾ ਨਹੀਂ, ਮੁਸਲਮਾਨਾਂ ਨੂੰ ਪਰੇਸ਼ਾਨ ਕਰਨਾ ਹੈ। ਇਸ ਬਹਾਨੇ ਹਿੰਦੂਆਂ ਨੂੰ ਇਹ ਵੀ ਕਿਹਾ ਜਾ ਰਿਹਾ ਹੈ ਕਿ ਸੜਕਾਂ ਉਨ੍ਹਾਂ ਦੀਆਂ ਹਨ, ਜਨਤਕ ਥਾਵਾਂ 'ਤੇ ਉਨ੍ਹਾਂ ਦਾ ਕਬਜ਼ਾ ਹੈ, ਤੇ ਉਹ ਜਿਵੇਂ ਚਾਹੁਣ, ਵਿਹਾਰ ਕਰ ਸਕਦੇ ਹਨ।

ਕਾਂਵੜ ਯਾਤਰੀਆਂ ਨੂੰ ਪੂਰੀ ਛੂਟ ਦੇ ਨਾਲ ਮੁਸਲਮਾਨਾਂ 'ਤੇ ਵਧਦੀਆਂ ਪਾਬੰਦੀਆਂ ਨੂੰ ਜੋੜ ਕੇ ਵੇਖੋ। ਮੁਸਲਮਾਨ ਸੜਕ 'ਤੇ ਨਮਾਜ਼ ਨਹੀਂ ਪੜ੍ਹ ਸਕਦੇ, ਬਿਨਾਂ ਕਾਰਨ ਕਿਸੇ ਮੁਸਲਮਾਨ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ, ਮੁਸਲਮਾਨ ਆਪਣੀ ਛੱਤ 'ਤੇ ਵੀ ਸਮੂਹਕ ਨਮਾਜ਼ ਨਹੀਂ ਪੜ੍ਹ ਸਕਦੇ। ਸਰਕਾਰ ਸਾਫ ਕਹਿ ਰਹੀ ਹੈ ਕਿ ਜਨਤਕ ਥਾਵਾਂ 'ਤੇ ਹਿੰਦੂਆਂ ਦਾ ਪੂਰਾ ਅਧਿਕਾਰ ਹੈ, ਮੁਸਲਮਾਨਾਂ ਨੂੰ ਆਪਣੀ ਹੱਦ ਵਿਚ ਰਹਿਣਾ ਹੋਵੇਗਾ।

ਇਹ ਸਭ ਉੱਤਰ ਪ੍ਰਦੇਸ਼, ਉੱਤਰਾਖੰਡ ਤੇ ਦਿੱਲੀ ਵਿਚ ਹੋ ਰਿਹਾ ਹੈ। ਪਰ ਬਿਹਾਰ ਤੇ ਝਾਰਖੰਡ ਵਿਚ ਸੁਲਤਾਨਗੰਜ ਤੋਂ ਬੈਦਯਨਾਥ ਧਾਮ ਤੱਕ ਦੀ ਕਾਂਵੜ ਯਾਤਰਾ ਵਿਚ ਉਹ ਗੁੰਡਾਗਰਦੀ, ਹਿੰਸਾ ਨਹੀਂ ਵੇਖੀ ਜਾਂਦੀ ਜੋ ਯੂਪੀ, ਉੱਤਰਾਖੰਡ ਜਾਂ ਦਿੱਲੀ ਵਿਚ ਹੈ। ਇੱਥੇ ਮਾਸ ਨੂੰ ਲੈ ਕੇ ਕੋਈ ਬੇਚੈਨੀ ਨਹੀਂ। ਹਾਲ ਹੀ ਵਿਚ ਜਨਤਾ ਦਲ (ਯੂ) ਦੇ ਆਗੂ ਲਲਨ ਸਿੰਘ ਨੇ ਭੋਜ ਕਰਵਾਇਆ, ਜਿਸ 'ਚ ਮਾਸ ਵੀ ਪਰੋਸਿਆ ਗਿਆ। ਉਨ੍ਹਾਂ ਕਿਹਾ ਕਿ ਸਾਵਣ ਮੰਨਣ ਵਾਲਿਆਂ ਲਈ ਵੱਖਰਾ ਭੋਜਨ ਸੀ, ਨਾ ਮੰਨਣ ਵਾਲਿਆਂ ਲਈ ਵੱਖਰਾ। ਜ਼ਿਆਦਾਤਰ ਹਿੰਦੂ ਹੀ ਸਨ, ਕਿਸੇ ਨੇ ਇਤਰਾਜ਼ ਨਾ ਕੀਤਾ।

ਇਸ ਦਾ ਮਤਲਬ ਸਾਫ ਹੈ: ਆਮ ਹਿੰਦੂਆਂ ਦਾ ਸੁਭਾਅ ਹਿੰਦੂਤਵਵਾਦੀ ਸ਼ਾਕਾਹਾਰ ਤੇ ਸ਼ਾਕਾਹਾਰੀ ਨਾਲ ਵਿਗੜਿਆ ਨਹੀਂ। ਬੀਜੇਪੀ ਨੇ ਕੋਸ਼ਿਸ਼ ਨਾ ਕੀਤੀ ਹੋਵੇ, ਅਜਿਹਾ ਨਹੀਂ, ਪਰ ਬਿਹਾਰ ਤੇ ਝਾਰਖੰਡ ਵਿਚ ਸਰਕਾਰਾਂ ਨੇ ਇਸ ਮੌਕੇ ਨੂੰ ਸਿਆਸੀ ਨਹੀਂ ਬਣਨ ਦਿੱਤਾ। ਇਸੇ ਕਰਕੇ ਇਨ੍ਹਾਂ ਸੂਬਿਆਂ ਵਿਚ ਕਾਂਵੜ ਯਾਤਰਾ 'ਤੇ ਹਿੰਦੂਤਵ ਦਾ ਰੰਗ ਨਹੀਂ ਚੜ੍ਹਿਆ।

ਇਹ ਨਾ ਸੋਚੋ ਕਿ ਬਿਹਾਰ, ਝਾਰਖੰਡ ਜਾਂ ਪੰਢਰਪੁਰ ਦੀ ਵਾਰੀ ਯਾਤਰਾ ਇੰਜ ਹੀ ਬਚੀ ਰਹੇਗੀ। ਹਿੰਦੂਆਂ ਦੇ ਹਰ ਧਾਰਮਿਕ ਮੌਕੇ ਨੂੰ ਹਿੰਦੂਤਵਵਾਦੀ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਹੁਣ ਸਰਕਾਰ ਵੀ ਇਸ ਵਿਚ ਸ਼ਾਮਲ ਹੋ ਗਈ ਹੈ। ਕੀ ਹਿੰਦੂ ਕਦੇ ਸਮਝ ਪਾਉਣਗੇ ਕਿ ਉਹ ਹੁਣ ਹਿੰਦੂਤਵਵਾਦੀ ਪ੍ਰੋਜੈਕਟ ਦੇ ਹਥਿਆਰ ਬਣ ਕੇ ਰਹਿ ਗਏ ਹਨ ?

* * * * * * *

# ਸਫ਼ਲ ਪੂਰਵਕ ਚੱਲ ਰਿਹਾ ਮੋਰਚਾ ਜੋ ਸਰਕਾਰ ਨੇ ਸਾਕਾ ਨੀਲਾ ਤਾਰਾ ਦੀ ਭੇਟ ਚਾੜ੍ਹ ਦਿੱਤਾ

## 4 ਅਗਸਤ ਧਰਮ ਯੁੱਧ ਮੋਰਚੇ ਤੇ ਵਿਸ਼ੇਸ਼ ਲੇਖ

**ਸੁਖਵਿੰਦਰ ਸਿੰਘ ਮੁੱਲਾਂਪੁਰ**
9914184794



ਸਿੱਖ ਕੌਮ ਸੰਕਟਾਂ ਭਰੀ ਹੈ ਇਸ ਤੇ ਸਮੇਂ ਸਮੇਂ ਸੰਕਟ ਪੈਂਦੇ ਰਹੇ ਹਨ। ਇਸ ਦਲੇਰ ਕੌਮ ਨੇ ਸੰਘਰਸ਼ ਕਰਕੇ ਮੋਰਚੇ ਲਾਕੇ ਸ਼ਹੀਦੀਆਂ ਪਾਕੇ ਗ੍ਰਿਫਤਾਰੀਆਂ ਦੇਕੇ ਜਬਰ ਜ਼ੁਲਮ ਦਾ ਟਾਕਰਾ ਕਰਕੇ ਸਿੱਖ ਧਰਮ ਨੂੰ ਚੜ੍ਹਦੀ ਕਲਾਂ ਵਿੱਚ ਰੱਖਿਆ। ਸਿੱਖ ਕੌਮ ਨੂੰ ਜ਼ਾਲਮ ਸਰਕਾਰਾਂ ਨਾਲ ਨਿਪਟਣ ਲਈ ਕਈ ਮੋਰਚੇ ਲਾਉਣੇ ਪਏ ਜਿਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਜੈਤੋ ਦਾ ਮੋਰਚਾ, ਆਦਿ ਇਸ ਤਰਾਂ ਹੀ ਸਮੇ ਦੇ ਸੰਕਟ ਨਾਲ ਨਿਪਟਣ ਲਈ ਧਰਮ ਯੁੱਧ ਮੋਰਚਾ ਲੱਗਿਆ।

13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਨਾਲ ਹੋਏ ਟਾਕਰੇ ਵਿੱਚ 13 ਸਿੰਘ ਸ਼ਹੀਦ ਹੋਣ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਚਰਚਾ ਵਿੱਚ ਆ ਗਏ ਸਨ। ਉਸ ਟਾਇਮ ਤੋਂ ਹੀ ਸਿੱਖ ਕੌਮ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਨਿਧੱੜਕ ਆਗੂ ਮੰਨਣਾ ਸ਼ੁਰੂ ਕਰ ਦਿੱਤਾ ਸੀ।

18 ਜੁਲਾਈ 1982 ਨੂੰ ਦਮਦਮੀ ਟਕਸਾਲ ਦੇ ਤਿੰਨ ਵਿਆਕਤੀ ਇੱਕ ਥਾਣੇਦਾਰ ਦੇ ਕਤਲ ਕੇਸ ਦੇ ਸਬੰਧ ਵਿੱਚ ਗ੍ਰਿਫ਼ਤਾਰ ਕਰ ਲਏ। 19 ਜੁਲਾਈ ਨੂੰ ਭਾਈ ਅਮਰੀਕ ਸਿੰਘ ਬਾਬਾ ਠਾਰਾ ਸਿੰਘ ਅਤੇ ਇਕ ਹੋਰ ਸਿੰਘ ਉਹਨਾਂ ਦੀ ਜਮਾਨਤ ਕਰਵਾਉਣ ਲਈ ਅੰਮ੍ਰਿਤਸਰ ਕੋਰਟ ਵਿੱਚ ਗਏ ਉੱਥੇ ਭਾਈ ਅਮਰੀਕ ਸਿੰਘ ਨੂੰ ਜੋਗਿੰਦਰ ਸ਼ਾਂਤ ਦੇ ਕਤਲ ਕੇਸ ਵਿਚ ਅਤੇ ਬਾਬਾ ਠਾਰਾ ਸਿੰਘ ਨੂੰ 29 ਨਵੰਬਰ 1981 ਨੂੰ ਮਹਿਤ ਚੌਕ ਵਿਖੇ ਹੋਏ ਬੰਬ ਧਮਾਕੇ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਕੇਸ ਪਾ ਦਿੱਤੇ ਅਤੇ ਅੰਨਾ ਤਸ਼ੱਦਦ ਕੀਤਾ।

ਸੰਤ ਜਰਨੈਲ ਸਿੰਘ ਜੀ ਨੇ ਉਸ ਸ਼ਾਮ ਹੀ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਹਿਤਾ ਚੌਕ ਛੱਡ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਨਾਨਕ ਨਿਵਾਸ ਵਿੱਚ ਰਹਿਣਾ ਅਰੰਭ ਕਰ ਦਿੱਤਾ। ਉਸ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਸਿੰਘਾਂ ਦੀ ਰਿਹਾਈ ਲਈ ਮੋਰਚਾ ਅਰੰਭ ਕਰ ਦਿੱਤਾ ਪਹਿਲੇ ਦਿਨ 51 ਸਿੰਘਾਂ ਨੇ ਗ੍ਰਿਫ਼ਤਾਰੀ ਦਿੱਤੀ। ਰੋਜ਼ਾਨਾਂ ਜੱਥੇ ਗ੍ਰਿਫ਼ਤਾਰੀ ਦੇਣ ਲੱਗੇ। ਸੰਤ ਜੀ ਨੇ ਕਿਹਾ ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।

25 ਜੁਲਾਈ ਨੂੰ ਸ੍ਰ. ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਆਦਿ ਨੇ ਮੋਰਚੇ ਦੀ ਅਗਲੀ ਰੂਪ ਰੇਖਾ ਤਿਆਰ ਕਰਕੇ ਜੋ ਸੰਤ ਜੀ ਨੇ ਸੰਗਤਾਂ ਨੂੰ ਦੇਣੀ ਸੀ ਉਸ ਨੂੰ ਪਾਸ ਕਰਵਾਉਣ ਲਈ ਹਰਿਮੰਦਰ ਸਿੰਘ ਸੰਧੂ ਕੋਲ ਸੰਤ ਜਰਨੈਲ ਸਿੰਘ ਜੀ ਪਾਸ ਭੇਜ ਦਿੱਤੀ। ਉਸ ਟਾਇਮ ਜੱਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਸ੍ਰ. ਭਾਨ ਸਿੰਘ ਸੰਤ ਜੀ ਕੋਲ ਚਲੇ ਗਏ। ਉਹਨਾਂ ਸੰਤ ਜਰਨੈਲ ਸਿੰਘ ਜੀ ਨੂੰ ਯਕੀਨ ਦਿਵਾਇਆ ਕੱਲ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡੇ ਮੋਰਚੇ ਨੂੰ ਅਪਣਾ ਲਿਆ ਜਾਵੇਗਾ। ਗੁਰਚਰਨ ਸਿੰਘ ਟੋਹੜਾ ਤੇ ਯਕੀਨ ਕਰਕੇ ਸੰਤ ਜੀ ਨੇ ਤਿਆਰ ਕੀਤਾ ਐਲਾਨ ਰੋਕ ਲਿਆ ਅਤੇ ਐਲਾਨ ਕਰ ਦਿੱਤਾ ਮੋਰਚਾ ਕਾਮਯਾਬੀ ਤੱਕ ਚਲਦਾ ਰਹੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਰਾਜਨੀਤਕ ਲੀਡਰਾਂ ਨੂੰ ਆਪਣਾ ਭਵਿੱਖ ਡੁੱਬਦਾ ਨਜ਼ਰ ਆਇਆ। ਉਨ੍ਹਾਂ ਕਿਹਾ ਸਿੱਖਾਂ ਨੇ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਵਿੱਚ ਰੁੱਚੀ ਵਧਾ ਲੈਣੀ ਹੈ ਸਾਡੀ ਪੁੱਛ ਪ੍ਰਤੀਤ ਖ਼ਤਮ ਹੋ ਜਾਣੀ ਹੈ ਰਾਜਨੀਤਕ ਲੀਡਰ ਪਹਿਲਾਂ ਆਪਣਾ ਸਿਆਸੀ ਭਵਿੱਖ ਦੇਖਦੇ ਹਨ ਬਾਕੀ ਬਾਅਦ ਵਿੱਚ ਦੇਖਿਆ ਜਾਂਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸਨ। ਸੰਤ ਲੌਂਗੋਵਾਲ ਨੇ ਪਹਿਲਾਂ ਹੀ ਆਪਣੀਆਂ 15 ਮੰਗਾਂ ਸਰਕਾਰ ਨੂੰ ਲਿਖ ਕੇ ਦਿੱਤੀਆਂ ਹੋਈਆਂ ਸਨ ਉਹ ਮੰਗਾਂ 30 ਸਤੰਬਰ 1981 ਤੱਕ ਨਾਂ ਮੰਨੇ ਜਾਣ ਤੋਂ ਬਾਅਦ ਮੋਰਚਾ ਲਾਉਣ ਦਾ ਐਲਾਨ ਕੀਤਾ ਹੋਇਆ ਸੀ।ਪਰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿਚ ਸੰਤ ਭਿੰਡਰਾਂ ਵਾਲਿਆਂ ਨੂੰ ਸਰਕਾਰ ਨੇ ਗ੍ਰਿਫ਼ਤਾਰ ਕੀਤੇ ਜਾਣ ਕਰਕੇ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਮੋਰਚਾ ਲਾਉਣ ਦਾ ਕੰਮ ਵਿੱਚ ਹੀ ਰਹਿ ਗਿਆ ਸੀ।

ਹੁਣ ਅਕਾਲੀ ਦਲ ਨੇ ਆਪਣੀਆਂ ਉਹ ਮੰਗਾਂ ਮੰਨਵਾਉਣ ਲਈ ਸਿਆਸੀ ਚਾਲ ਖੇਡਦੇ ਹੋਏ 26 ਜੁਲਾਈ ਨੂੰ ਕਾਹਲੀ ਨਾਲ ਅਕਾਲੀ ਦਲ ਦੀ ਕਾਰਜਕਰਨੀ ਦੀ ਮੀਟਿੰਗ ਫਤਿਹਗੜ੍ਹ ਸਾਹਿਬ ਸੱਦ ਲਈ ਤਾਂ ਕੇ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਨੂੰ ਆਪਣੀਆਂ ਮੰਗਾਂ ਵਾਲੇ ਮੋਰਚੇ ਦੀ ਲਪੇਟ ਵਿਚ ਲੈ ਸਕਣ। ਮੀਟਿੰਗ ਵਿੱਚ ਨਹਿਰ ਰੋਕੂ ਮੋਰਚਾ ਜੋ ਪਟਿਆਲੇ ਜ਼ਿਲ੍ਹੇ ਵਿੱਚ ਕਪੂਰੀ ਦੇ ਅਸਥਾਨ ਤੇ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਸੀ ਉਸ ਨੂੰ ਠੱਪ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਮੋਰਚੇ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਜੋ ਰਾਜਨੀਤੀ ਤੋਂ ਅਤੇ ਰਾਜਨੀਤੀਕ ਚਾਲਾਂ ਤੋਂ ਕੋਹਾਂ ਦੂਰ ਸਨ ਉਹਨਾਂ ਆਪਣੇ ਮੋਰਚੇ ਦੀ ਕਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੇ ਦਿੱਤੀ ਅਤੇ ਐਲਾਨ ਕਰ ਦਿੱਤਾ ਮੈਂ ਆਪਣਾ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਲਗਾਏ ਮੋਰਚੇ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਮੋਰਚੇ ਦਾ ਨਾਮ"ਧਰਮ ਯੁੱਧ ਮੋਰਚਾ" ਰੱਖ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਡਿਕਟੇਟਰਸ਼ਿਪ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋ 4 ਅਗਸਤ 1982 ਨੂੰ ਮੋਰਚਾ ਅਰੰਭ ਕਰਨ ਦਾ ਐਲਾਨ ਕਰ ਦਿੱਤਾ।

ਜਦੋਂ ਸਾਰੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਨਾਲ ਲੈ ਕੇ ਇੱਕ ਮੰਚ ਤੇ ਇਕੱਠੀ ਹੋਈ ਤਾਂ ਸਿੱਖ ਸੰਗਤਾਂ ਵਿੱਚ ਇੱਕ ਦਮ ਸਰਕਾਰ ਦੇ ਜਬਰ ਤੇ ਜ਼ੁਲਮ ਵਿਰੁੱਧ ਰੋਸ ਭਰ ਗਿਆ। ਸੰਗਤਾਂ ਵਲੋਂ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਦਾ ਉਤਸ਼ਾਹ ਅਤੇ ਜੋਸ਼ ਠਾਠਾ ਮਾਰ ਰਿਹਾ ਸੀ। ਸਿੱਖ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਸਿੱਖ ਲਹਿਰ ਬਣੀ ਦੇਖ ਕੇ ਅਖੰਡ ਕੀਰਤਨੀ ਜੱਥੇ ਅਤੇ ਚੀਫ ਖਾਲਸਾ ਦੀਵਾਨ ਨੇ ਵੀ ਧਰਮ ਯੁੱਧ ਮੋਰਚੇ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। 23 ਦਸੰਬਰ ਨੂੰ ਦਰਬਾਰ ਸਾਹਿਬ ਵਿੱਚ ਹੋਈ ਸਾਬਕਾ ਫ਼ੌਜੀਆਂ ਦੀ ਕਨਵੈਂਸ਼ਨ ਵਿਚ ਵੀ ਬਹੁਤ ਜਿਆਦਾ ਇਕੱਠ ਹੋਇਆ ਸਰਕਾਰ ਦੇ ਡਰਾਵਿਆਂ ਦੀ ਕੋਈ ਪਰਵਾਹ ਨਾ ਕਰਦੇ ਹੋਏ ਸਾਬਕਾ ਫ਼ੌਜੀ ਵੀ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਗਏ। ਜੱਥੇਦਾਰ ਜਗਦੇਵ ਸਿੰਘ ਤਲਵੰਡੀ ਵੀ ਸਾਢੇ ਸਤਾਰਾਂ ਮਹੀਨੇ ਤੋਂ ਦਿੱਲੀ ਵਿਚ ਮੋਰਚਾ ਚੱਲਾ ਰਹੇ ਸਨ ਉਹ ਵੀ ਆਪਣਾ ਮੋਰਚਾ ਬੰਦ ਕਰਕੇ ਧਰਮ ਯੁੱਧ ਮੋਰਚੇ ਵਿੱਚ ਸ਼ਾਮਲ ਹੋ ਗਏ।

4 ਅਗਸਤ 1982 ਨੂੰ ਪਹਿਲਾ 500 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ ਸਿੱਖ ਜੱਥਿਆਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਇੰਨਾ ਜ਼ੋਰ ਫੜ ਗਿਆ ਸੀ ਸਰਕਾਰ ਨੇ ਮੋਰਚਾ ਫੇਲ੍ਹ ਕਰਨ ਖਾਤਰ 26-27 ਅਗਸਤ ਦੀ ਰਾਤ ਨੂੰ 1000 ਦੇ ਕਰੀਬ ਸਿੱਖ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਇਸ ਗ੍ਰਿਫ਼ਤਾਰੀਆਂ ਦੇਣ ਵਾਲੀ ਚਾਲ ਤੇ ਕੋਈ ਅਸਰ ਨਾਂ ਪਿਆ। ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਨਾਮ ਲਿਖਵਾਉਣ ਵਾਲਿਆਂ ਦੀਆਂ ਲੰਬੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਸਨ। 16 ਅਕਤੂਬਰ ਦੀ ਦੀਵਾਲੀ ਨੂੰ ਮੁੱਖ ਰੱਖਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 11 ਤੋਂ 16 ਅਕਤੂਬਰ ਤੱਕ ਮੋਰਚੇ ਵਿੱਚ ਤੇਜੀ ਲਿਆਉਣ ਲਈ ਦਿਨ ਰਾਤ ਜੱਥੇ ਭੇਜਣੇ ਸ਼ੁਰੂ ਕਰ ਦਿੱਤੇ। ਦਿਵਾਲੀ ਦੇ ਤਿਉਹਾਰ ਨੂੰ ਵੀ ਕਾਲੇ ਦਿਨ ਵਜੋ ਮਨਾਉਣ ਦਾ ਐਲਾਨ ਕਰ ਦਿੱਤਾ।

15 ਤਾਰੀਕ ਨੂੰ ਇੰਦਰਾ ਗਾਂਧੀ ਨੇ ਮੋਰਚੇ ਪ੍ਰਤੀ ਝੂਠਾ ਪ੍ਰਚਾਰ ਕਰਕੇ ਕੁਝ ਅਕਾਲੀ ਲੀਡਰ ਜੇਲ੍ਹਾਂ ਵਿੱਚੋਂ ਧੱਕੇ ਨਾਲ ਬਾਹਰ ਕੱਢ ਦਿੱਤੇ। ਵਿਦੇਸ਼ਾਂ ਦੀਆਂ ਅਖ਼ਬਾਰਾਂ ਵਿੱਚ ਇਹ ਖ਼ਬਰਾਂ ਦਾ ਜ਼ੋਰ ਫੜਿਆ ਹੋਇਆ ਸੀ ਕੇ ਭਾਰਤ ਵਿੱਚ ਸਿੱਖਾਂ (ਘੱਟ ਗਿਣਤੀ) ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ ਉਹਨਾਂ ਦੀ ਕੋਈ ਮੰਗ ਵੀ ਨਹੀ ਮੰਨੀ ਜਾ ਰਹੀ। 19 ਨਵੰਬਰ ਤੋਂ 4 ਦੰਸਬਰ ਤੱਕ ਭਾਰਤ ਵਿੱਚ ਹੋ ਰਹੀਆਂ ਏਸ਼ੀਅਨ ਖੇਡਾ ਵਿੱਚ ਇੰਦਰਾ ਗਾਂਧੀ ਇਸ ਗੱਲ ਤੋਂ ਡਰਦੀ ਸੀ ਕਿਤੇ ਸਿੱਖ ਕੌਮ ਦਾ ਮਸਲਾ ਏਸ਼ੀਅਨ ਖੇਡਾਂ ਵਿਚ ਨਾਂ ਉਠ ਖੜੇ।

**4 ਅਗਸਤ 1982 ਨੂੰ ਪਹਿਲਾ 500 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ ਸਿੱਖ ਜੱਥਿਆਂ ਦੀ ਗ੍ਰਿਫ਼ਤਾਰੀ ਦਾ ਸਿਲਸਿਲਾ ਇੰਨਾ ਜ਼ੋਰ ਫੜ ਗਿਆ ਸੀ ਸਰਕਾਰ ਨੇ ਮੋਰਚਾ ਫੇਲ੍ਹ ਕਰਨ ਖਾਤਰ 26-27 ਅਗਸਤ ਦੀ ਰਾਤ ਨੂੰ 1000 ਦੇ ਕਰੀਬ ਸਿੱਖ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਇਸ ਗ੍ਰਿਫ਼ਤਾਰੀਆਂ ਦੇਣ ਵਾਲੀ ਚਾਲ ਤੇ ਕੋਈ ਅਸਰ ਨਾਂ ਪਿਆ। ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਨਾਮ ਲਿਖਵਾਉਣ ਵਾਲਿਆਂ ਦੀਆਂ ਲੰਬੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਸਨ।**

ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਲਗਭਗ ਛੇ ਮਹੀਨੇ ਅੰਦਰ 70,000 ਸਿੱਖਾਂ ਨੇ ਗ੍ਰਿਫ਼ਤਾਰੀਆਂ ਦੇ ਦਿੱਤੀਆਂ 100 ਤੋਂ ਵੱਧ ਸਿੱਖ ਸ਼ਹੀਦ ਹੋ ਗਏ ਸਨ।

ਸਮੇਂ ਸਮੇਂ ਨਾਲ ਸਰਕਾਰ ਵੱਲੋ ਭੇਜੇ ਹੋਏ ਨੁਮਾਇਦੇ ਸਰਦਾਰ ਸਵਰਨ ਸਿੰਘ, ਫਾਰੂਕ ਅਬਦੁੱਲਾ, ਐਲ ਕੇ ਅਡਵਾਨੀ, ਮਧੂ ਦੰਡਵਤੇ ਅਮਰਿੰਦਰ ਸਿੰਘ, ਹਰਕ੍ਰਿਸ਼ਨ ਸਿੰਘ ਸੁਰਜੀਤ ਆਦਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੋਹੜਾ, ਪਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਆਦਿ ਨਾਲ ਮੀਟਿੰਗਾਂ ਕਰਦੇ ਰਹੇ। ਉਹ ਮੰਗਾਂ ਮੰਨ ਲੈਣ ਦਾ ਵਿਸ਼ਵਾਸ਼ ਦਿਵਾ ਕੇ ਚਲੇ ਜਾਂਦੇ ਪਰ ਇੰਦਰਾ ਗਾਂਧੀ ਦੇ ਦਿਲ ਵਿੱਚ ਬੇਈਮਾਨੀ ਹੋਣ ਕਰਕੇ ਕੋਈ ਵੀ ਮੰਗ ਸਿਰੇ ਨਾ ਚੜ ਸਕੀ। ਇੱਕ ਵਾਰ ਤਾਂ ਇਸ ਤਰ੍ਹਾਂ ਹੋਇਆ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਇਹ ਕਹਿ ਕੇ ਲਾਰਾ ਲਾ ਦਿੱਤਾ ਵਿਰੋਧੀ ਧਿਰ ਤੁਹਾਡੀਆਂ ਮੰਗਾਂ ਤੋਂ ਜਾਣੂੰ ਹੋਣਾ ਚਾਹੁੰਦੀ ਹੈ।

ਜੂਨ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਤੇ ਆਪ੍ਰੇਸ਼ਨ ਬਲਿਉ ਸਟਾਰ ਕਰਵਾ ਦਿੱਤਾ। ਇਸ ਵਿੱਚ ਸਿੱਖਾਂ ਦੇ ਹੱਕ ਜੋ ਮੰਗਾਂ ਦੇ ਰੂਪ ਵਿੱਚ ਧਰਮ ਯੁੱਧ ਮੋਰਚਾ ਲਾਕੇ ਮੰਗ ਰਹੇ ਸਨ ਉਹ ਟੈਂਕਾਂ ਨਾਲ ਹੋਏ ਹਮਲੇ ਵਿਚ ਬਰੂਦ ਦੇ ਗੋਲਿਆਂ ਵਿੱਚ ਸੜ ਕੇ ਸੁਆਹ ਕਰ ਦਿੱਤੇ। ਧਰਮ ਯੁੱਧ ਮੋਰਚਾ ਅਪ੍ਰੇਸ਼ਨ ਬਲਿਊ ਸਟਾਰ ਦੀ ਭੇਟ ਚੜ੍ਹ ਗਿਆ ਸੀ। ਇਹ ਸਿੱਖ ਕੌਮ ਤੇ ਪਏ ਵੱਡੇ ਘੱਲੂਘਾਰਿਆਂ ਚੋਂ ਤੀਜਾ ਘੱਲੂਘਾਰਾ ਸੀ।

ਵ.ਅੱਪ +61 461 530 169

# ਕੀ ਏਲੀਅਨ ਧਰਤੀ ਉੱਤੇ ਹਮਲਾ ਕਰ ਸਕਦੇ ਹਨ ?

## ✪ ਏਲੀਅਨ ਦੀ ਹੋਂਦ ਤੇ ਹਮਲੇ ਬਾਰੇ ਵਿਗਿਆਨੀ ਕੀ ਆਖਦੇ ਹਨ ?

ਨਿਊਯਾਰਕ-ਏਲੀਅਨ ਅਤੇ ਉਨ੍ਹਾਂ ਦੀ ਹੋਂਦ ਨੂੰ ਲੈ ਕੇ ਸਦੀਆਂ ਤੋਂ ਚਰਚਾ ਹੁੰਦੀ ਆ ਰਹੀ ਹੈ। ਕਈ ਵਾਰੀ ਫਿਲਮਾਂ, ਕਹਾਣੀਆਂ ਅਤੇ ਵਿਗਿਆਨਕ ਖੋਜਾਂ ਵਿੱਚ ਏਲੀਅਨ ਦੀ ਗੱਲ ਸਾਹਮਣੇ ਆਉਂਦੀ ਹੈ। ਹਾਲ ਹੀ ਵਿੱਚ ਹਾਰਵਰਡ ਯੂਨੀਵਰਸਿਟੀ ਦੇ ਖਗੋਲਵਿਦ ਅਵੀ ਲੋਏਬ ਨੇ ਦਾਅਵਾ ਕੀਤਾ ਹਸੀ ਕਿ ਨਵੰਬਰ 2025 ਵਿੱਚ ਇੱਕ ਅਜਿਹਾ ਅੰਤਰਿਕਸ਼ੀ ਪਦਾਰਥ, ਜਿਸ ਨੂੰ 3ੀ/ਐਟਲਸ (ਪਹਿਲਾਂ ਏ11ਪੀ ਐਲ3ਜੈਡ) ਕਿਹਾ ਜਾਂਦਾ ਸੀ, ਧਰਤੀ ਦੇ ਨੇੜੇ ਆ ਸਕਦਾ ਹੈ ਅਤੇ ਇਹ ਏਲੀਅਨ ਦਾ ਅੰਤਰਿਕਸ਼ੀ ਜਹਾਜ਼ ਹੋ ਸਕਦਾ ਹੈ। ਇਸ ਦਾਅਵੇ ਨੇ ਸੰਸਾਰ ਭਰ ਵਿੱਚ ਚਰਚਾ ਛੇੜ ਦਿੱਤੀ ਹੈ। ਪਰ ਸਵਾਲ ਇਹ ਹੈ ਕਿ ਕੀ ਏਲੀਅਨ ਸੱਚਮੁੱਚ ਹਮਲਾ ਕਰ ਸਕਦੇ ਹਨ ? ਇਹ ਕਿੱਥੇ ਰਹਿੰਦੇ ਹਨ ਅਤੇ ਇਸ ਪਿੱਛੇ ਕੋਈ ਸੱਚਾਈ ਹੈ ਜਾਂ ਨਹੀਂ ?

ਏਲੀਅਨ ਦੀ ਹੋਂਦ ਦਾ ਸਵਾਲ ਏਲੀਅਨ ਦੀ ਹੋਂਦ ਬਾਰੇ ਵਿਗਿਆਨਕ ਅਤੇ ਗੈਰ-ਵਿਗਿਆਨਕ ਲੋਕਾਂ ਵਿੱਚ ਹਮੇਸ਼ਾ ਹੀ ਵਿਚਾਰ-ਵਟਾਂਦਰੇ ਹੁੰਦੇ ਰਹੇ ਹਨ। ਵਿਗਿਆਨਕਾਂ ਦਾ ਇੱਕ ਵਰਗ ਮੰਨਦਾ ਹੈ ਕਿ ਸਾਡਾ ਬ੍ਰਹਿਮੰਡ ਇੰਨਾ ਵਿਸ਼ਾਲ ਹੈ ਕਿ ਇਸ ਵਿੱਚ ਸਿਰਫ਼ ਧਰਤੀ ਹੀ ਨਹੀਂ, ਸਗੋਂ ਹੋਰ ਵੀ ਗ੍ਰਹਿ ਹੋ ਸਕਦੇ ਹਨ ਜਿੱਥੇ ਜੀਵਨ ਮੌਜੂਦ ਹੋਵੇ। ਨਾਸਾ ਅਤੇ ਹੋਰ ਅੰਤਰਿਕਸ਼ੀ ਏਜੰਸੀਆਂ ਨੇ ਮੰਗਲ, ਸ਼ਨੀ ਦੇ ਚੰਦ ਟਾਈਟਨ ਅਤੇ ਹੋਰ ਗ੍ਰਹਿਆਂ 'ਤੇ ਜੀਵਨ ਦੀ ਸੰਭਾਵਨਾ ਨੂੰ ਲੈ ਕੇ ਖੋਜ ਕੀਤੀ ਹੈ। ਪਰ ਹੁਣ ਤੱਕ ਕੋਈ ਪੱਕਾ ਸਬੂਤ ਨਹੀਂ ਮਿਲਿਆ ਕਿ ਏਲੀਅਨ ਸੱਚਮੁੱਚ ਮੌਜੂਦ ਹਨ। ਕੁਝ ਲੋਕ ਮੰਨਦੇ ਹਨ ਕਿ ਅਮਰੀਕਾ ਦੇ 'ਏਰੀਆ-51' ਵਰਗੇ ਖੇਤਰਾਂ ਵਿੱਚ ਏਲੀਅਨ ਨੂੰ ਲੁਕਾਇਆ ਜਾਂਦਾ ਹੈ, ਪਰ ਇਹ ਸਿਰਫ਼ ਅਫਵਾਹਾਂ ਹੀ ਮੰਨੀਆਂ ਜਾਂਦੀਆਂ ਹਨ।ਪਰ ਜੇਕਰ ਏਲੀਅਨ ਸੱਚਮੁੱਚ ਮੌਜੂਦ ਹਨ ਅਤੇ ਉਹ ਅੰਤਰਿਕਸ਼ੀ ਜਹਾਜ਼ ਬਣਾਉਣ ਦੀ ਸਮਰੱਥਾ ਰੱਖਦੇ ਹਨ, ਤਾਂ ਸੰਭਵ ਹੈ ਕਿ ਉਹ ਸਾਡੇ ਸੌਰ ਮੰਡਲ ਤੋਂ ਬਾਹਰ, ਕਿਸੇ ਹੋਰ ਤਾਰਾ ਮੰਡਲ ਵਿੱਚ ਰਹਿੰਦੇ ਹੋਣ।



ਅਵੀ ਲੋਏਬ ਦੀ ਅਗਵਾਈ ਵਿੱਚ ਹੋਈ ਖੋਜ ਮੁਤਾਬਕ, 3ੀ/ਐਟਲਸ ਨਾਂ ਦਾ ਇੱਕ ਪਦਾਰਥ 60 ਕਿਲੋਮੀਟਰ ਪ੍ਰਤੀ ਸਕਿੰਟ ਦੀ ਰਫਤਾਰ ਨਾਲ ਧਰਤੀ ਵੱਲ ਵਧ ਰਿਹਾ ਹੈ। ਇਸ ਦਾ ਅਕਾਰ ਲਗਭਗ 20 ਕਿਲੋਮੀਟਰ ਦੱਸਿਆ ਜਾ ਰਿਹਾ ਹੈ। ਇਹ ਪਦਾਰਥ ਪਹਿਲੀ ਵਾਰ ਚਿਲੀ ਦੀ ਇੱਕ ਟੈਲੀਸਕੋਪ ਰਾਹੀਂ ਵੇਖਿਆ ਗਿਆ ਸੀ। ਅਵੀ ਲੋਏਬ ਅਤੇ ਉਸ ਦੀ ਟੀਮ, ਜਿਸ ਵਿੱਚ ਲੰਡਨ ਸਥਿਤ ਇਨੀਸ਼ੀਏਟਿਵ ਫਾਰ ਇੰਟਰਸਟੈਲਰ ਸਟੱਡੀਜ਼ ਦੇ ਵਿਗਿਆਨੀ ਸ਼ਾਮਲ ਹਨ, ਦਾ ਮੰਨਣਾ ਹੈ ਕਿ ਇਹ ਕੋਈ ਸਧਾਰਨ ਧੂਮਕੇਤੂ ਜਾਂ ਉਲਕਾ ਨਹੀਂ, ਸਗੋਂ ਏਲੀਅਨ ਦਾ ਜਹਾਜ਼ ਹੋ ਸਕਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਨਵੰਬਰ 2025 ਵਿੱਚ ਇਹ ਪਦਾਰਥ ਸੂਰਜ ਦੇ ਬਹੁਤ ਨੇੜੇ ਪਹੁੰਚ ਜਾਵੇਗਾ, ਜਿਸ ਕਾਰਨ ਇਹ ਧਰਤੀ ਤੋਂ ਅਦਿੱਖ ਹੋ ਸਕਦਾ ਹੈ ਅਤੇ ਇਸ ਦੌਰਾਨ ਹਮਲਾ ਕਰਨ ਦੀ ਸੰਭਾਵਨਾ ਵੀ ਹੋ ਸਕਦੀ ਹੈ।

ਅਵੀ ਲੋਏਬ ਦੀ ਟੀਮ ਖੁਦ ਮੰਨਦੀ ਹੈ ਕਿ ਇਹ ਸਿਰਫ਼ ਇੱਕ ਅਨੁਮਾਨ ਹੈ ਅਤੇ ਇਸ ਦੀ ਪੁਸ਼ਟੀ ਲਈ ਹੋਰ ਖੋਜ ਦੀ ਲੋੜ ਹੈ। ਜੇਕਰ ਇਹ ਪਦਾਰਥ ਸੱਚਮੁੱਚ ਏਲੀਅਨ ਜਹਾਜ਼ ਹੋਇਆ ਅਤੇ ਇਸ ਨੇ ਹਮਲਾ ਕੀਤਾ, ਤਾਂ ਇਸ ਦੇ ਨਤੀਜੇ ਮਨੁੱਖਤਾ ਲਈ ਭਿਆਨਕ ਹੋ ਸਕਦੇ ਹਨ। ਪਰ ਵਿਗਿਆਨਕ ਭਾਈਚਾਰੇ ਦਾ ਵੱਡਾ ਹਿੱਸਾ ਇਸ ਨੂੰ ਸਿਰਫ਼ ਇੱਕ ਕੁਦਰਤੀ ਅੰਤਰਿਕਸ਼ੀ ਪਦਾਰਥ ਮੰਨਦਾ ਹੈ। ਇਸ ਲਈ, ਅਜੇ ਘਬਰਾਉਣ ਦੀ ਲੋੜ ਨਹੀਂ ਹੈ। ਸਾਨੂੰ ਵਿਗਿਆਨਕ ਖੋਜਾਂ 'ਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਅਫਵਾਹਾਂ ਤੋਂ ਬਚਣਾ ਚਾਹੀਦਾ ਹੈ।

### ਕੀ ਇਹ ਦਾਅਵਾ ਸੱਚ ਹੈ ?

ਅਵੀ ਲੋਏਬ ਦੇ ਇਸ ਦਾਅਵੇ ਨੂੰ ਵਿਗਿਆਨਕ ਭਾਈਚਾਰੇ ਵਿੱਚ ਵਿਵਾਦਪੂਰਨ ਮੰਨਿਆ ਜਾ ਰਿਹਾ ਹੈ। ਕਈ ਵਿਗਿਆਨਕ ਮੰਨਦੇ ਹਨ ਕਿ 3ੀ/ਐਟਲਸ ਸਿਰਫ਼ ਇੱਕ ਧੂਮਕੇਤੂ ਜਾਂ ਉਲਕਾ ਹੈ, ਨਾ ਕਿ ਕੋਈ ਅੰਤਰਿਕਸ਼ੀ ਜਹਾਜ਼। ਇਸ ਦੀ ਗਤੀ ਅਤੇ ਅਕਾਰ ਨੂੰ ਦੇਖਦਿਆਂ ਵੀ ਇਹ ਕੁਦਰਤੀ ਪਦਾਰਥ ਹੋ ਸਕਦਾ ਹੈ। ਅਵੀ ਲੋਏਬ ਪਹਿਲਾਂ ਵੀ ਅਜਿਹੇ ਦਾਅਵੇ ਕਰਦੇ ਰਹੇ ਹਨ। 2017 ਵਿੱਚ ਉਹਨਾਂ ਨੇ 'ਉਮੁਆਮੁਆ' ਨਾਂ ਦੇ ਇੱਕ ਅੰਤਰਿਕਸ਼ੀ ਪਦਾਰਥ ਨੂੰ ਏਲੀਅਨ ਜਹਾਜ਼ ਦੱਸਿਆ ਸੀ, ਪਰ ਬਾਅਦ ਵਿੱਚ ਸਾਬਤ ਹੋਇਆ ਕਿ ਇਹ ਸਿਰਫ਼ ਇੱਕ ਧੂਮਕੇਤੂ ਸੀ। ਇਸ ਲਈ, ਲੋਏਬ ਦੇ ਨਵੇਂ ਦਾਅਵੇ 'ਤੇ ਵੀ ਸਵਾਲ ਉੱਠਦੇ ਹਨ।

# ਸ਼੍ਰੋਮਣੀ ਕਮੇਟੀ ਵਲੋਂ ਕਰਤਾਰਪੁਰ ਸਾਹਿਬ ਲਾਂਘਾ ਤੁਰੰਤ ਖੋਲ੍ਹਣ ਦੀ ਮੰਗ

## ✪ ਬੰਦੀ ਸਿੰਘਾਂ ਨੂੰ ਰਿਹਾਅ ਕਰੇ ਕੇਂਦਰ: ਧਾਮੀ ✪ ਸ੍ਰੀ ਫ਼ਤਹਿਗੜ੍ਹ ਸਾਹਿਬ ਯੂਨੀਵਰਸਿਟੀ ਵਿਚ ਨੌਵੇਂ ਪਾਤਸ਼ਾਹ ਦੇ ਨਾਂ 'ਤੇ ਚੇਅਰ ਸਥਾਪਤ ਹੋਵੇਗੀ


ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਕ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ। ਮੀਟਿੰਗ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵਿਚ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਤ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਮਰੀਜ਼ਾਂ ਤੇ ਲੋੜਵੰਦਾਂ ਲਈ ਲੰਗਰ ਦਾ ਪ੍ਰਬੰਧ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।



ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ੍ਰੀਨਗਰ 'ਚ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ 'ਚ ਹੋਈ ਮਰਿਆਦਾ ਦੀ ਉਲੰਘਣਾ 'ਤੇ ਨਿੰਦਾ ਮਤਾ ਵੀ ਪਾਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 2019 'ਚ ਮਨਾਏ ਗਏ 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ ਕੁਝ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਇੱਕ ਇਤਿਹਾਸਕ ਮੌਕਾ ਹੈ ਅਤੇ ਕੇਂਦਰ ਸਰਕਾਰ ਨੂੰ ਆਪਣਾ ਫ਼ੈਸਲਾ ਤੁਰੰਤ ਲਾਗੂ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵਲੋਂ ਵਿਦਿਆਰਥੀਆਂ ਨੂੰ ਐੱਨ.ਡੀ.ਏ. ਦੀ ਪ੍ਰੀਖਿਆ ਦੀ ਤਿਆਰੀ ਵੀ ਕਰਵਾਈ ਜਾਵੇਗੀ ਤੇ ਚੁਣੇ ਗਏ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਦੀ ਮੁਫ਼ਤ ਪੜ੍ਹਾਈ ਤੇ ਮਹੀਨਾਵਾਰ ਵਜੀਫ਼ਾ ਦਿੱਤਾ ਜਾਵੇਗਾ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂਆਂ 'ਤੇ ਲਗਾਈ ਗਈ ਰੋਕ ਨੂੰ ਤੁਰੰਤ ਹਟਾਉਣ ਦੀ ਮੰਗ ਕੀਤੀ । ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਨਾਂਦੇੜ ਦੇ ਪ੍ਰਬੰਧਕਾਂ ਵਲੋਂ ਪੁੱਜੀ ਮੰਗ ਅਨੁਸਾਰ ਤਖ਼ਤ ਸਾਹਿਬ ਤੇ ਦੱਖਣ ਦੀਆਂ ਸੰਗਤਾਂ ਲਈ 200 ਪਾਵਨ ਸਰੂਪ ਭੇਜਣ ਦਾ ਵੀ ਫੈਸਲਾ ਲਿਆ ਗਿਆ ਹੈ। ਇਕੱਤਰਤਾ ਵਿਚ ਪ੍ਰਧਾਨ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖ਼ਾਲਸਾ, ਸੁਰਜੀਤ ਸਿੰਘ ਗੜ੍ਹੀ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਜਸਵੰਤ ਸਿੰਘ ਪੁੜੈਣ, ਪਰਮਜੀਤ ਸਿੰਘ ਰਾਏਪੁਰ ਆਦਿ ਮੌਜੂਦ ਸਨ।

# ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਦੇ ਭਰਾ ਨੂੰ ਕਤਲ ਕਰਨ ਦੀ ਮਿਲੀ ਧਮਕੀ, ਕਾਰਵਾਈ ਦੀ ਕੀਤੀ ਮੰਗ



ਅੰਮ੍ਰਿਤਸਰ-ਸ਼ਿਵ ਸੈਨਾ ਟਕਸਾਲੀ ਦੇ ਸੰਸਥਾਪਕ ਸੁਧੀਰ ਕੁਮਾਰ ਸੂਰੀ ਦੇ ਭਰਾ ਰਾਸ਼ਟਰੀ ਪ੍ਰਧਾਨ ਬ੍ਰਿਜ ਮੋਹਨ ਸੂਰੀ ਨੂੰ ਫੋਨ ਕਾਲ ਰਾਹੀ ਜਾਨੋ ਮਾਰਨ ਦੀ ਧਮਕੀ ਮਿਲਣ ਦਾ ਮਾਮਲਾ ਸਾਮ੍ਹਣੇ ਆਇਆ ਹੈ। ਬ੍ਰਿਜ ਮੋਹਨ ਸੂਰੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਕ ਖਾਲਿਸਤਾਨੀ ਸਮਰਥਕ ਵਲੋ ਵਿਦੇਸ਼ੀ ਨੰਬਰ ਤੋਂ ਧਮਕੀ ਦਿੱਤੀ ਗਈ ਹੈ ਅਤੇ ਇਸ ਤੋਂ ਪਹਿਲਾ 27 ਜੁਲਾਈ ਨੂੰ ਵੀ ਧਮਕੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਧਮਕੀ ਦੇਣ ਵਾਲੇ ਵਲੋ ਕਿਹਾ ਗਿਆ ਹੈ ਕਿ ਉਸ ਨੂੰ ਅਤੇ ਪਰਿਵਾਰ ਨੂੰ ਪੈਟਰੋਲ ਬੰਬ ਨਾਲ ਮਾਰਿਆ ਜਾਵੇਗਾ। ਜਿਸ ਦੀ ਸਬੰਧੀ ਉਨ੍ਹਾਂ ਡੀਜੀਪੀ ਪੰਜਾਬ, ਮੁੱਖ ਮੰਤਰੀ ਪੰਜਾਬ, ਏਸੀਪੀ ਅੰਮ੍ਰਿਤਸਰ, ਐਸ. ਐੱਚ. ਓ ਥਾਣਾ ਰਾਮ ਬਾਗ ਨੂੰ ਸ਼ਿਕਾਇਤ ਭੇਜੀ ਹੈ ਤੇ ਮੰਗ ਕੀਤੀ ਹੈ ਕਿ ਧਮਕੀਆਂ ਦੇਣ ਵਾਲਿਆ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਉਨ੍ਹਾਂ ਦੀ ਤੇ ਪਰਿਵਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਡਰਾਮੇਬਾਜ਼ੀ ਹੈ। ਇਹ ਸਿਕਿਊਰਟੀ ਲੈਣ ਦਾ ਡਰਾਮਾ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# 1964 ਦੀ ਬੀੜ ਵਿੱਚ ਕਿਉ ਕੀਤੀਆਂ ਗਈਆਂ ਤਬਦੀਲੀਆਂ ?

## ✪ ਸਰਬੱਤ ਖਾਲਸਾ ਜਥੇਬੰਦੀ ਨੇ ਦੋਸ਼ ਲਗਾਏ, ਸ਼੍ਰੋਮਣੀ ਕਮੇਟੀ ਤੋਂ ਜਵਾਬ ਮੰਗਿਆ ਅਤੇ ਪਾਰਦਰਸ਼ਤਾ ਦੀ ਮੰਗ

ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਛਪਾਈ ਵਿੱਚ 1964 ਵਿੱਚ ਕੀਤੀਆਂ ਗਈਆਂ ਤਬਦੀਲੀਆਂ ਅਤੇ ਇਸ ਸਬੰਧੀ ਸਰਬੱਤ ਖ਼ਾਲਸਾ ਅਤੇ ਸਿੱਖ ਬੁੱਧੀਜੀਵੀਆਂ ਵੱਲੋਂ ਸ਼੍ਰੋਮਣੀ ਕਮੇਟੀ ਉਪਰ ਉਠਾਏ ਗਏ ਸਵਾਲਾਂ ਦਾ ਮਸਲਾ ਸਿੱਖ ਪੰਥ ਵਿੱਚ ਇੱਕ ਗੰਭੀਰ ਅਤੇ ਸੰਵੇਦਨਸ਼ੀਲ ਮੁੱਦਾ ਬਣ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1952 ਵਿੱਚ ਵਿਦਵਾਨਾਂ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਪਵਿੱਤਰ ਬੀੜ ਛਪਵਾਈ ਗਈ ਸੀ, ਜਿਸ ਵਿੱਚ ਮੰਗਲ (ਗੁਰਬਾਣੀ ਦੀ ਸ਼ੁਰੂਆਤੀ ਪੰਕਤੀਆਂ ਜਿਵੇਂ "ੴ ਸਤਿਨਾਮੁ ਕਰਤਾ ਪੁਰਖੁ...") ਅਤੇ ਸ਼ਬਦਾਂ ਦੀ ਤਰਤੀਬ ਇੱਕ ਨਿਸ਼ਚਿਤ ਅਤੇ ਸਹੀ ਢੰਗ ਨਾਲ ਸੀ। ਪਰ 1964 ਵਿੱਚ ਛਪੀ ਬੀੜ ਵਿੱਚ ਕਈ ਤਬਦੀਲੀਆਂ ਦੇਖਣ ਨੂੰ ਮਿਲੀਆਂ, ਜਿਸ ਵਿੱਚ ਮੰਗਲਾਂ ਦੀ ਸਥਿਤੀ ਅਤੇ ਤਰਤੀਬ ਨੂੰ ਬੇਤਰਤੀਬੇ ਕਰ ਦਿੱਤਾ ਗਿਆ। ਸਰਬੱਤ ਖ਼ਾਲਸਾ ਅਤੇ ਸਿੱਖ ਬੁੱਧੀਜੀਵੀਆਂ ਨੇ ਸਵਾਲ ਉਠਾਇਆ ਕਿ ਇਹ ਤਬਦੀਲੀਆਂ ਕਿਸ ਅਧਾਰ 'ਤੇ ਕੀਤੀਆਂ ਗਈਆਂ ਅਤੇ ਇਸ ਪਿੱਛੇ ਕਿਹੜੇ ਵਿਦਵਾਨਾਂ ਦੀ ਰਾਇ ਸ਼ਾਮਲ ਸੀ।

ਇਸ ਸਬੰਧੀ ਸਰਬੱਤ ਖ਼ਾਲਸਾ ਦਾ ਕਹਿਣਾ ਹੈ ਕਿ 1964 ਦੀ ਛਪਾਈ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਕੋਈ ਸਪੱਸ਼ਟ ਰਿਕਾਰਡ ਜਨਤਕ ਨਹੀਂ ਕੀਤਾ ਗਿਆ। ਇਹ ਤਬਦੀਲੀਆਂ ਕਿਸੇ ਪਾਰਦਰਸ਼ੀ ਪ੍ਰਕਿਰਿਆ ਜਾਂ ਵਿਦਵਾਨਾਂ ਦੀ ਸਹਿਮਤੀ ਨਾਲ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਸਿੱਖ ਸੰਗਤ ਵਿੱਚ ਬੇਚੈਨੀ ਅਤੇ ਸ਼ੰਕੇ ਪੈਦਾ ਹੋਏ ਹਨ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਕਿ ਇਹ ਤਬਦੀਲੀਆਂ ਕਿਉਂ ਅਤੇ ਕਿਸ ਅਧਾਰ 'ਤੇ ਕੀਤੀਆਂ ਗਈਆਂ ?

### ਸਿੱਖ ਬੁੱਧੀਜੀਵੀਆਂ ਅਤੇ ਜਥੇਬੰਦੀਆਂ ਵੱਲੋਂ ਉਠਾਇਆ ਮੁੱਦਾ

ਸਰਬੱਤ ਖ਼ਾਲਸਾ ਸਮੇਤ ਕਈ ਸਿੱਖ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਨੇ ਇਸ ਮੁੱਦੇ ਨੂੰ ਵਾਰ-ਵਾਰ ਉਠਾਇਆ ਹੈ। ਸਰਬੱਤ ਖ਼ਾਲਸਾ ਨੇ 26 ਜੁਲਾਈ ਨੂੰ ਇੱਕ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਸੰਗਤਾਂ ਨੂੰ ਇਸ ਗੰਭੀਰ ਮਸਲੇ ਬਾਰੇ ਜਾਗਰੂਕ ਕੀਤਾ ਗਿਆ। ਇਸ ਵੈਬੀਨਾਰ ਅਤੇ ਸਮੇਂ-ਸਮੇਂ ਸਿਰ ਛਪਦੇ ਲੇਖਾਂ ਅਤੇ ਪੱਤਰਾਂ ਰਾਹੀਂ ਇਹ ਮੁੱਦਾ ਚਰਚਾ ਵਿੱਚ ਰਿਹਾ। ਸਿੱਖ ਬੁੱਧੀਜੀਵੀਆਂ ਅਤੇ ਜਥੇਬੰਦੀਆਂ ਜਿਵੇਂ ਕਿ ਸਿੱਖ ਸੰਗਤਾਂ ਅਤੇ ਵਿਦਵਾਨ ਸਮੂਹਾਂ ਨੇ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ 'ਤੇ ਸਵਾਲ ਉਠਾਏ ਹਨ।

ਖਾਸ ਤੌਰ 'ਤੇ, ਇਹ ਸਵਾਲ ਉਠਾਇਆ ਗਿਆ ਹੈ ਕਿ 1964 ਦੀ ਬੀੜ ਵਿੱਚ ਤਬਦੀਲੀਆਂ ਦਾ ਕੋਈ ਸਪੱਸ਼ਟ ਅਧਾਰ ਨਹੀਂ ਦਿੱਤਾ ਗਿਆ ਅਤੇ ਨਾ ਹੀ ਇਸ ਦੀ ਜਾਣਕਾਰੀ ਜਨਤਕ ਕੀਤੀ ਗਈ। ਇਸ ਤੋਂ ਇਲਾਵਾ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕੀਤੀ ਗਈ ਕਮੇਟੀ, ਜਿਸ ਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ, ਨੇ 26 ਮਾਰਚ 1996 ਦੀ ਆਪਣੀ ਅੰਤ੍ਰਿਗ ਰਿਪੋਰਟ ਵਿੱਚ ਦਰਜ ਕੀਤਾ ਸੀ ਕਿ "ਪਾਵਨ ਸਰੂਪਾਂ ਦੀ ਛਪਾਈ ਵਿੱਚ ਬਾਰ-ਬਾਰ ਅਤੇ ਗੁਪਤੋ ਗੁਪਤੀ ਪਾਠ-ਸੁਧਾਈਆਂ" ਕੀਤੀਆਂ ਜਾ ਰਹੀਆਂ ਹਨ। ਇਸ ਰਿਪੋਰਟ ਨੇ ਸਪੱਸ਼ਟ ਕੀਤਾ ਕਿ 1964 ਤੋਂ ਬਾਅਦ ਵੀ ਪਾਠ-ਭੇਦਾਂ ਦੀ ਸੁਧਾਈ ਦਾ ਕੰਮ ਗੁਪਤ ਢੰਗ ਨਾਲ ਜਾਰੀ ਸੀ, ਜਿਸ ਦਾ ਸਾਰਾ ਰਿਕਾਰਡ ਵੀ ਰਿਪੋਰਟ ਨਾਲ ਨੱਥੀ ਕੀਤਾ ਗਿਆ ਸੀ। ਇਸ ਰਿਪੋਟਸ ਨੇ ਸ਼੍ਰੋਮਣੀ ਕਮੇਟੀ ਦੀ ਕਾਬਲੀਅਤ ਅਤੇ ਨੀਅਤ 'ਤੇ ਸਵਾਲ ਖੜ੍ਹੇ ਕੀਤੇ। ਸੰਗਤਾਂ ਦਾ ਮੰਨਣਾ ਹੈ ਕਿ ਇਹ ਗੰਭੀਰ ਮਸਲਾ ਸਿੱਖ ਪੰਥ ਦੀ ਏਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨਾਲ ਜੁੜਿਆ ਹੋਇਆ ਹੈ, ਅਤੇ ਇਸ ਵਿੱਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ।

### ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀ ਉਲੰਘਣਾ

ਇਸ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਏਕਾਧਿਕਾਰ ਹਾਸਲ ਹੈ। ਪਰ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਵਿੱਚ ਕਮੇਟੀ ਪਾਰਦਰਸ਼ੀ ਅਤੇ ਜਵਾਬਦੇਹ ਨਹੀਂ ਰਹੀ। ਸੰਗਤਾਂ ਨੇ ਇਹ ਵੀ ਸਵਾਲ ਉਠਾਇਆ ਹੈ ਕਿ ਇਸ ਐਕਟ ਦੀ ਮਨਮਰਜ਼ੀ ਨਾਲ ਵਿਆਖਿਆ ਕੀਤੀ ਜਾ ਰਹੀ ਹੈ, ਜਿਸ ਦੇ ਨਤੀਜੇ ਵਜੋਂ ਐਮਾਜ਼ਾਨ ਵਰਗੇ ਪਲੈਟਫਾਰਮਾਂ 'ਤੇ ਗੁਰਬਾਣੀ ਆਧਾਰਿਤ ਕਿਤਾਬਾਂ, ਜਿਵੇਂ ਪ੍ਰੋਫੈਸਰ ਸਾਹਿਬ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਦਰਪਨ', ਹਟਾਈਆਂ ਗਈਆਂ।

ਸੰਗਤਾਂ ਨੇ ਮੰਗ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਮਹਿਕਮੇ ਦੇ ਮੁਲਾਜ਼ਮਾਂ ਅਤੇ ਕਮੇਟੀ ਮੈਂਬਰਾਂ ਦੀ ਚੋਣ ਪ੍ਰਕਿਰਿਆ ਪਾਰਦਰਸ਼ੀ ਹੋਣੀ ਚਾਹੀਦੀ। ਇਸ ਦੇ ਨਾਲ ਹੀ, ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗੁਰਮਤਿ-ਵਿਰੋਧੀ ਤਾਕਤਾਂ ਇਸ ਮਹਿਕਮੇ ਵਿੱਚ ਦਖਲਅੰਦਾਜ਼ੀ ਨਾ ਕਰ ਸਕਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮੁੱਦੇ 'ਤੇ ਅਜੇ ਤੱਕ ਕੋਈ ਸਪੱਸ਼ਟ ਅਤੇ ਸਰਵਪ੍ਰਵਾਨਿਤ ਜਵਾਬ ਨਹੀਂ ਦਿੱਤਾ। ਹਾਲਾਂਕਿ, ਸਮੇਂ-ਸਮੇਂ ਸਿਰ ਕਮੇਟੀ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਿੱਚ ਪੂਰੀ ਸਾਵਧਾਨੀ ਅਤੇ ਸਤਿਕਾਰ ਨਾਲ ਕੰਮ ਕੀਤਾ ਜਾਂਦਾ ਹੈ। ਕਮੇਟੀ ਦਾ ਕਹਿਣਾ ਹੈ ਕਿ ਪਾਠ-ਭੇਦਾਂ ਦੀ ਸੁਧਾਈ ਲਈ ਵਿਦਵਾਨਾਂ ਦੀਆਂ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ, ਅਤੇ ਇਹ ਕੰਮ ਸਿੱਖ ਪੰਥ ਦੀਆਂ ਪਰੰਪਰਾਵਾਂ ਅਤੇ ਸਿਧਾਂਤਾਂ ਅਨੁਸਾਰ ਹੀ ਕੀਤਾ ਜਾ ਰਿਹਾ ਹੈ। ਪਰ ਸੰਗਤਾਂ ਅਤੇ ਸਰਬੱਤ ਖ਼ਾਲਸਾ ਦਾ ਮੰਨਣਾ ਹੈ ਕਿ ਇਹ ਜਵਾਬ ਤਸੱਲੀਬਖਸ਼ ਨਹੀਂ ਹਨ। ਸ਼੍ਰੋਮਣੀ ਕਮੇਟੀ ਨੇ 1964 ਦੀਆਂ ਤਬਦੀਲੀਆਂ ਦੇ ਅਧਾਰ, ਵਿਦਵਾਨਾਂ ਦੀ ਸਹਿਮਤੀ ਤੇ ਇਸ ਦੇ ਰਿਕਾਰਡ ਨੂੰ ਜਨਤਕ ਕਰਨ ਵਿੱਚ ਅਸਫਲਤਾ ਦਿਖਾਈ ਹੈ। ਇਸ ਤੋਂ ਇਲਾਵਾ, "ਗੁਪਤੋ ਗੁਪਤੀ" ਪਾਠ-ਸੁਧਾਈਆਂ ਦਾ ਮੁੱਦਾ ਵੀ ਸ਼੍ਰੋਮਣੀ ਕਮੇਟੀ ਦੀ ਜਵਾਬਦੇਹੀ 'ਤੇ ਸਵਾਲ ਉਠਾਉਂਦਾ ਹੈ।

ਸਮੇਂ ਦੀ ਮੰਗ ਹੈ ਕਿ ਸ਼੍ਰੋਮਣੀ ਕਮੇਟੀ ਸੰਗਤਾਂ ਦੇ ਸਵਾਲਾਂ ਦਾ ਤਸੱਲੀਬਖਸ਼ ਜਵਾਬ ਦੇਵੇ ਅਤੇ ਇਸ ਅਹਿਮ ਮਸਲੇ ਨੂੰ ਹੱਲ ਕਰਨ ਲਈ ਠੋਸ ਕਦਮ ਚੁੱਕੇ। ਸਿੱਖ ਪੰਥ ਦੀ ਏਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਇਹ ਜ਼ਰੂਰੀ ਹੈ ਕਿ ਸਾਰੀਆਂ ਤਬਦੀਲੀਆਂ ਅਤੇ ਸੁਧਾਈਆਂ ਪਾਰਦਰਸ਼ੀ ਅਤੇ ਸੰਗਤ ਦੀ ਸਹਿਮਤੀ ਨਾਲ ਹੋਣ।

# ਪ੍ਰਮਾਣੂ ਯੁੱਧ ਨਾਲ ਹੋਵੇਗੀ ਭਿਆਨਕ ਤਬਾਹੀ: ਸੂਰਜ ਦੀ ਰੌਸ਼ਨੀ 'ਤੇ ਕਾਲਖ ਦਾ ਪਰਦਾ ਛਾਏਗਾ

## ✪ ਅਕਾਲ ਪਵੇਗਾ, ਸਭਿਅਤਾ ਤੇ ਵਾਤਾਵਰਨ ਦਾ ਪਤਨ ਹੋਵੇਗਾ

ਪ੍ਰਮਾਣੂ ਯੁੱਧ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਦੁਨੀਆਂ ਭਰ ਵਿਚ ਚੱਲ ਰਹੀਆਂ ਚਰਚਾਵਾਂ ਦੇ ਵਿਚਕਾਰ ਇੱਕ ਨਵੀਂ ਖੋਜ ਸਾਹਮਣੇ ਆਈ ਹੈ, ਜਿਸ ਨੇ ਪ੍ਰਮਾਣੂ ਯੁੱਧ ਦੇ ਭਿਆਨਕ ਨਤੀਜਿਆਂ ਬਾਰੇ ਚੇਤਾਵਨੀ ਦਿੱਤੀ ਹੈ। ਪੈੱਨ ਸਟੇਟ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੀ ਰਿਪੋਰਟ, ਜੋ 'ਐਨਵਾਇਰਮੈਂਟਲ ਰਿਸਰਚ ਲੈਟਰਜ਼' ਵਿਚ ਛਪੀ ਹੈ, ਦੱਸਦੀ ਹੈ ਕਿ ਭਾਵੇਂ ਸੀਮਤ ਪ੍ਰਮਾਣੂ ਸੰਘਰਸ਼ ਹੋਵੇ, ਇਹ ਵੀ ਧਰਤੀ ਨੂੰ ਅਕਾਲ ਅਤੇ ਤਬਾਹੀ ਦੇ ਮੂੰਹ ਵਿਚ ਧੱਕ ਦੇਵੇਗਾ। ਇਹ ਅਧਿਐਨ ਦੱਸਦਾ ਹੈ ਕਿ ਪ੍ਰਮਾਣੂ ਯੁੱਧ ਦੇ ਨਤੀਜੇ ਸਿਰਫ਼ ਸੈਨਿਕ ਜਾਂ ਸਿਆਸੀ ਨਹੀਂ, ਸਗੋਂ ਵਾਤਾਵਰਣ ਅਤੇ ਮਨੁੱਖੀ ਸਭਿਅਤਾ ਨੂੰ ਤਬਾਹ ਕਰਨ ਵਾਲੇ ਹੋਣਗੇ।

ਕਾਲਖ ਦਾ ਗੁਬਾਰ ਅਤੇ ਸੂਰਜ ਦੀ ਰੌਸ਼ਨੀ 'ਤੇ ਪਰਦਾ

ਖੋਜਕਰਤਾਵਾਂ ਨੇ ਦੱਸਿਆ ਕਿ ਪ੍ਰਮਾਣੂ ਯੁੱਧ ਦੌਰਾਨ ਸ਼ਹਿਰਾਂ ਅਤੇ ਉਦਯੋਗਿਕ ਖੇਤਰਾਂ ਵਿਚ ਲੱਗੀਆਂ ਅੱਗਾਂ ਨਾਲ ਨਿਕਲਣ ਵਾਲੀ ਕਾਲਖ ਵਾਯੂਮੰਡਲ ਵਿਚ ਫੈਲ ਜਾਵੇਗੀ। ਇਹ ਕਾਲਖ ਸੂਰਜ ਦੀ ਰੌਸ਼ਨੀ ਨੂੰ ਧਰਤੀ ਤੱਕ ਪਹੁੰਚਣ ਤੋਂ ਰੋਕ ਦੇਵੇਗੀ, ਜਿਸ ਨਾਲ ਇੱਕ 'ਸੂਰਜ-ਅਵਰੋਧਕ' ਪਰਤ ਬਣ ਜਾਵੇਗੀ। ਇਹ ਪਰਤ ਕਈ ਸਾਲਾਂ ਤੱਕ ਬਣੀ ਰਹੇਗੀ, ਜਿਸ ਨਾਲ ਗਲੋਬਲ ਤਾਪਮਾਨ ਘਟੇਗਾ, ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚੇਗਾ ਅਤੇ ਖੇਤੀਬਾੜੀ ਤਬਾਹ ਹੋ ਜਾਵੇਗੀ। ਇਸ ਦੇ ਨਤੀਜੇ ਵਜੋਂ ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਵਿਚ ਭੁੱਖਮਰੀ ਅਤੇ ਅਕਾਲ ਦੀ ਸਥਿਤੀ ਪੈਦਾ ਹੋ ਜਾਵੇਗੀ। ਖੋਜਕਰਤਾਵਾਂ ਨੇ 'ਸਾਈਕਲਜ਼ ਐਗਰੋਇਕੋਸਿਸਟਮ ਮਾਡਲ' ਦੀ ਵਰਤੋਂ ਕਰਕੇ ਮੱਕੀ ਵਰਗੀਆਂ ਮੁੱਖ ਫਸਲਾਂ 'ਤੇ ਪ੍ਰਮਾਣੂ ਯੁੱਧ ਦੇ ਪ੍ਰਭਾਵਾਂ ਦਾ ਅਧਿਐਨ ਕੀਤਾ। ਨਤੀਜਿਆਂ ਮੁਤਾਬਕ, ਘੱਟ ਸੂਰਜੀ ਰੌਸ਼ਨੀ ਅਤੇ ਠੰਢੇ ਮੌਸਮ ਕਾਰਨ ਫਸਲਾਂ ਦੀ ਪੈਦਾਵਾਰ ਵਿਚ ਭਾਰੀ ਕਮੀ ਆਵੇਗੀ।

ਹਾਲ ਦੇ ਭੂ-ਰਾਜਨੀਤਕ ਤਣਾਅ ਨੂੰ ਵੇਖਦਿਆਂ, ਪ੍ਰਮਾਣੂ ਸੰਘਰਸ਼ ਦਾ ਖ਼ਤਰਾ ਅਮਰੀਕਾ-ਰੂਸ, ਅਮਰੀਕਾ-ਚੀਨ, ਜਾਂ ਭਾਰਤ-ਪਾਕਿਸਤਾਨ ਵਰਗੇ ਦੇਸ਼ਾਂ ਵਿਚਕਾਰ ਵਧੇਰੇ ਸੰਭਾਵੀ ਹੈ। ਇਸ ਤੋਂ ਇਲਾਵਾ, ਉੱਤਰੀ ਕੋਰੀਆ ਵਰਗੇ ਦੇਸ਼ਾਂ ਦੀਆਂ ਪ੍ਰਮਾਣੂ ਸਮਰੱਥਾਵਾਂ ਵੀ ਚਿੰਤਾ ਦਾ ਵਿਸ਼ਾ ਹਨ। ਇਹ ਸੰਘਰਸ਼ ਭਾਵੇਂ ਛੋਟੇ ਪੱਧਰ 'ਤੇ ਸ਼ੁਰੂ ਹੋਣ, ਪਰ ਇਸ ਦੇ ਨਤੀਜੇ ਵਿਸ਼ਵਵਿਆਪੀ ਹੋਣਗੇ। ਉਦਾਹਰਣ ਵਜੋਂ, ਭਾਰਤ-ਪਾਕਿਸਤਾਨ ਵਿਚਕਾਰ ਸੀਮਤ ਪ੍ਰਮਾਣੂ ਯੁੱਧ ਵੀ ਵਾਯੂਮੰਡਲ 'ਵਿਚ ਲੱਖਾਂ ਟਨ ਕਾਲਖ ਛੱਡ ਸਕਦਾ ਹੈ, ਜੋ ਸਾਰੀ ਦੁਨੀਆਂ ਦੀਆਂ ਫਸਲਾਂ ਨੂੰ ਪ੍ਰਭਾਵਿਤ ਕਰੇਗਾ।

ਇਸ ਅਧਿਐਨ ਦਾ ਸਭ ਤੋਂ ਡਰਾਉਣਾ ਨਤੀਜਾ ਇਹ ਹੈ ਕਿ ਪ੍ਰਮਾਣੂ ਯੁੱਧ ਦੇ ਬਾਅਦ ਖੇਤੀਬਾੜੀ ਦੀ ਸਥਿਤੀ ਨੂੰ ਸੁਧਾਰਨ ਵਿਚ ਦਸ ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ। ਇਸ ਦੌਰਾਨ, ਭੁੱਖਮਰੀ ਅਤੇ ਅਕਾਲ ਕਾਰਨ ਲੱਖਾਂ-ਕਰੋੜਾਂ ਲੋਕਾਂ ਦੀ ਮੌਤ ਹੋ ਸਕਦੀ ਹੈ। ਇਹ ਸਿਰਫ਼ ਖਾਣ-ਪੀਣ ਦੀ ਸਮੱਸਿਆ ਨਹੀਂ, ਸਗੋਂ ਸਭਿਅਤਾ ਦੇ ਪਤਨ ਦਾ ਮੁੱਦਾ ਹੈ। ਪ੍ਰਮਾਣੂ ਯੁੱਧ ਨਾਲ ਪੈਦਾ ਹੋਣ ਵਾਲੀਆਂ ਵਾਤਾਵਰਣ ਸਮੱਸਿਆਵਾਂ, ਜਿਵੇਂ ਓਜ਼ੋਨ ਪਰਤ ਦਾ ਨੁਕਸਾਨ ਅਤੇ ਮੌਸਮੀ ਤਬਦੀਲੀਆਂ, ਮਨੁੱਖੀ ਸਿਹਤ, ਆਰਥਿਕਤਾ ਅਤੇ ਸਮਾਜਿਕ ਢਾਂਚੇ ਨੂੰ ਵੀ ਤਬਾਹ ਕਰ ਦੇਣਗੀਆਂ। ਸਰਕਾਰਾਂ ਅਤੇ ਸੰਸਥਾਵਾਂ ਦੀ ਅਸਫਲਤਾ ਨਾਲ ਅਰਾਜਕਤਾ ਫੈਲ ਸਕਦੀ ਹੈ, ਜਿਸ ਨਾਲ ਸਮਾਜ ਦਾ ਮੁੱਲ-ਢਾਂਚਾ ਢਹਿ-ਢੇਰੀ ਹੋ ਸਕਦਾ ਹੈ।

ਪ੍ਰਮਾਣੂ ਯੁੱਧ ਕੋਈ ਸਿਆਸੀ ਜਾਂ ਸੈਨਿਕ ਮੁੱਦਾ ਨਹੀਂ, ਸਗੋਂ ਮਨੁੱਖਤਾ ਦੀ ਹੋਂਦ ਨਾਲ ਜੁੜਿਆ ਸਵਾਲ ਹੈ। ਸਾਰੀ ਦੁਨੀਆਂ ਨੂੰ ਇਸ ਖ਼ਤਰੇ ਨੂੰ ਰੋਕਣ ਲਈ ਇਕਜੁਟ ਹੋਣ ਦੀ ਲੋੜ ਹੈ, ਨਹੀਂ ਤਾਂ ਇਹ ਤਬਾਹੀ ਸਾਡੀ ਸਭਿਅਤਾ ਦਾ ਅੰਤ ਲਿਆ ਸਕਦੀ ਹੈ।

# ਥਾਣਾ ਕਿਲ੍ਹਾ ਲਾਲ ਸਿੰਘ 'ਤੇ ਹਮਲੇ ਦਾ ਮੁੱਖ ਦੋਸ਼ੀ ਗ੍ਰਿਫ਼ਤਾਰ, ਹੁਣ ਤੱਕ 11 ਗ੍ਰਿਫ਼ਤਾਰੀਆਂ ਹੋਈਆਂ

ਬਟਾਲਾ-6 ਅਪ੍ਰੈਲ 2025 ਨੂੰ ਪੁਲਿਸ ਜ਼ਿਲ੍ਹਾ ਬਟਾਲਾ ਅਧੀਨ ਥਾਣਾ ਕਿਲਾ ਲਾਲ ਸਿੰਘ 'ਤੇ ਰਾਕੇਟ ਲਾਂਚਰ ਨਾਲ ਹਮਲਾ ਕਰਨ ਤੇ ਦਿੱਲੀ ਵਿਚ ਬਦਮਾਸ਼ਾਂ ਨੂੰ ਗ਼ੈਰ-ਕਾਨੂੰਨੀ ਹਥਿਆਰ ਸਪਲਾਈ ਕਰਨ ਦੇ ਮਾਮਲੇ 'ਚ ਲੜੀਂਦਾ ਬਦਨਾਮ ਗੈਂਗਸਟਰ ਕਰਨਬੀਰ ਸਿੰਘ ਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਬੀਤੇ ਦਿਨੀਂ ਬਟਾਲਾ ਤੋਂ ਗ੍ਰਿਫ਼ਤਾਰ ਕਰ ਲਿਆ ਹੈ।



ਥਾਣਾ ਕਿਲ੍ਹਾ ਲਾਲ ਸਿੰਘ 'ਤੇ ਹੋਏ ਹਮਲੇ ਸਬੰਧੀ ਪੁਲਿਸ ਵੱਲੋਂ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਜਾਰੀ ਹੈ, ਹਾਲਾਂਕਿ ਇਸ ਘਟਨਾ ਨੂੰ ਵਾਪਰੇ ਤਿੰਨ ਮਹੀਨੇ ਤੋਂ ਵਧੇਰੇ ਸਮਾਂ ਹੋ ਗਿਆ। ਇਸ ਮਾਮਲੇ 'ਚ ਪੁਲਿਸ ਨੇ ਗੁਪਤ ਰੂਪ ਵਿਚ 26 ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਸੀ, ਜਿਸ ਦੀ ਐੱਫਆਈਆਰ ਵੀ ਜਨਤਕ ਨਹੀਂ ਕੀਤੀ ਗਈ ਸੀ। ਇਸ ਮਾਮਲੇ ਵਿਚ 10 ਲੋਕਾਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਦਕਿ 11ਵਾਂ ਦੋਸ਼ੀ ਕਰਨਬੀਰ ਸਿੰਘ ਦੇ ਰੂਪ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਕਿ ਅੰਮ੍ਰਿਤਸਰ ਦੇ ਪਿੰਡ ਚੰਨਣਕੇ ਕਲਾਂ ਦਾ ਵਾਸੀ ਹੈ।

ਕੀ ਹੈ ਮਾਮਲਾ-ਥਾਣਾ ਕਿਲਾ ਲਾਲ ਸਿੰਘ 'ਤੇ ਹਮਲੇ ਤੋਂ ਬਾਅਦ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਹੈਪੀ ਪਸ਼ੀਆਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰ ਕੇ ਇਸ ਦੀ ਜ਼ਿੰਮੇਵਾਰੀ ਲਈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੇ ਪੀਲੀਭੀਤ ਵਿਚ ਹੋਏ ਮੁਕਾਬਲੇ ਦਾ ਬਦਲਾ ਲੈਣ ਲਈ ਪੁਲਿਸ ਸਟੇਸ਼ਨ 'ਤੇ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਗਿਆ। ਇਲਾਕੇ ਦੇ ਲੋਕਾਂ ਅਨੁਸਾਰ ਉਨ੍ਹਾਂ ਰਾਤ 3 ਵਜੇ ਇਕ ਧਮਾਕੇ ਦੀ ਆਵਾਜ਼ ਸੁਣੀ। ਸੂਚਨਾ ਮਿਲਦੇ ਹੀ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ। ਖ਼ਾਲਿਸਤਾਨੀ ਸੰਗਠਨ ਵੱਲੋਂ ਕੀਤੀ ਗਈ ਪੋਸਟ 'ਚ ਲਿਖਿਆ ਗਿਆ ਸੀ ਕਿ ਹੈਪੀ ਪਸ਼ੀਆ, ਮੰਨੂ ਅਗਵਾਨ ਤੇ ਗੋਪੀ ਨਵਾਂਸ਼ਹਿਰੀਆ ਪੁਲਿਸ ਸਟੇਸ਼ਨ ਕਿਲਾ ਲਾਲ ਸਿੰਘ 'ਤੇ ਹਮਲੇ ਦੀ ਜ਼ਿੰਮੇਵਾਰੀ ਲੈਂਦੇ ਹਨ। ਇਹ ਯੂਪੀ ਪੀਲੀਭੀਤ ਤੇ ਬਟਾਲਾ 'ਚ ਪੁਲਿਸ ਵੱਲੋਂ ਕੀਤੇ ਗਏ ਮੁਕਾਬਲਿਆਂ ਦਾ ਬਦਲਾ ਹੈ।

ਥਾਣੇ 'ਤੇ ਹਮਲਾ ਕਰਨ ਲਈ ਮੁੱਖ ਸੂਤਰਧਾਰ ਵਜੋਂ ਕਰਨਬੀਰ ਸਿੰਘ ਦੀ ਭੂਮਿਕਾ ਰਹੀ-ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਇਸ ਮਾਮਲੇ 'ਚ ਨਾਮਜ਼ਦ 11ਵੇਂ ਮੁੱਖ ਦੋਸ਼ੀ ਕਰਨਬੀਰ ਸਿੰਘ ਨੂੰ ਬਟਾਲਾ ਤੋਂ ਗ੍ਰਿਫ਼ਤਾਰ ਕੀਤਾ। ਭਾਵੇਂ ਪੁਲਿਸ ਇਸ ਮਾਮਲੇ 'ਚ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹੈ, ਪਰ ਪੁਲਿਸ ਸੂਤਰਾਂ ਅਨੁਸਾਰ ਕਰਨਬੀਰ ਇਸ ਗਿਰੋਹ ਵਿਚ ਮੁੱਖ ਭੂਮਿਕਾ ਨਿਭਾਉਂਦਾ ਸੀ। ਉਹ ਗਿਰੋਹ 'ਚ ਨਵੇਂ ਮੁੰਡਿਆਂ ਨੂੰ ਜੋੜਨ ਦਾ ਕੰਮ ਵੀ ਕਰਦਾ ਸੀ। ਕਰਨਬੀਰ ਹੁਸ਼ਿਆਰਪੁਰ 'ਚ ਇੱਕ ਰੈਡੀਮੇਡ ਕੱਪੜਿਆਂ ਦੇ ਸ਼ੋਅ ਰੂਮ 'ਤੇ ਕੰਮ ਕਰਦਾ ਸੀ। ਉਹ ਹੈਪੀ ਪਸ਼ੀਆ ਗਿਰੋਹ ਦਾ ਮਹੱਤਵਪੂਰਨ ਮੈਂਬਰ ਸੀ, ਜਿਸ ਨੇ ਆਪਣੇ ਭਰਾ ਗੁਰਸੇਵਕ ਸਿੰਘ ਨੂੰ ਵੀ ਇਸ ਗਿਰੋਹ 'ਚ ਸ਼ਾਮਲ ਕੀਤਾ ਸੀ, ਜਿਸ ਨੂੰ ਪਹਿਲਾਂ ਹੀ ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਕਰਨਬੀਰ ਸਿੰਘ ਨੇ ਥਾਣੇ 'ਤੇ ਹਮਲੇ ਕਰਨ ਲਈ ਆਪਣੇ ਭਰਾ ਗੁਰਸੇਵਕ ਤੇ ਆਪਣੇ ਹੀ ਪਿੰਡ ਦੇ ਆਕਾਸ਼ਦੀਪ ਨੂੰ ਵੀ ਇਸ ਕੰਮ ਲਈ ਤੋਰ ਲਿਆ ਸੀ।

10 ਲੋਕਾਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਿਐ-ਇਸ ਮਾਮਲੇ ਵਿਚ ਮੁੱਖ ਮੁਲਜ਼ਮ ਸਮੇਤ 8 ਲੋਕਾਂ ਨੂੰ ਬਟਾਲਾ ਪੁਲਿਸ ਨੇ 20 ਅਪ੍ਰੈਲ ਨੂੰ ਐੱਫਆਈਆਰ 'ਚ ਨਾਮਜ਼ਦ ਲੋਕਾਂ ਵਿਚੋਂ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿਚ ਬਟਾਲਾ ਦੇ ਅਹਿਮਦਾਬਾਦ ਪਿੰਡ ਦੇ ਰਹਿਣ ਵਾਲੇ 17 ਸਾਲਾ ਨਾਬਾਲਗ ਅੰਮ੍ਰਿਤਪਾਲ ਸਿੰਘ, ਬਲਬੀਰ ਕੁਮਾਰ ਵਰੁਣ ਤੇ ਪਵਨਪ੍ਰੀਤ ਸਿੰਘ ਤੋਂ ਇਲਾਵਾ ਮੋਮਜੀ ਉਰਫ ਗੋਟਾ, ਗੁਰਪ੍ਰੀਤ ਸਿੰਘ ਉਰਫ ਗੋਪੀ, ਅਜੈਪਾਲ ਸਿੰਘ, ਰਾਹੁਲ ਉਰਫ ਭਈਆ ਤੇ ਜੋਹਾਨਸਨ ਸ਼ਾਮਲ ਸਨ। ਜਦਕਿ 23 ਜੁਲਾਈ ਨੂੰ ਲੁੜੀਂਦੇ ਦੋਸ਼ੀ ਆਕਾਸ਼ਦੀਪ ਤੇ ਗੁਰਸੇਵਕ ਵਾਸੀ ਚੰਨਣਕੇ ਕਲਾਂ (ਅੰਮ੍ਰਿਤਸਰ) ਨੂੰ ਵੀ ਇਸ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ।

## ਪੁਲਿਸ ਵਲੋਂ ਲਾਰੈਂਸ ਗੈਂਗ ਦਾ ਰਵੀ ਰਾਜਗੜ ਗ੍ਰਿਫ਼ਤਾਰ

ਖੰਨਾ-ਖੰਨਾ ਪੁਲਿਸ ਨੇ ਲਾਰੈਂਸ ਬਿਸ਼ਨੋਈ ਦੇ ਕਰੀਬੀ ਬੀ ਕੈਟਾਗਰੀ ਦੇ ਗੈਂਗਸਟਰ ਰਵੀ ਰਾਜਗੜ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਰਾਜਗੜ ਉੱਪਰ ਲਾਰੇਂਸ ਬਿਸ਼ਨੋਈ ਦੇ ਭਰਾ ਨੂੰ ਵਿਦੇਸ਼ ਭੇਜਣ ਲਈ 25 ਲੱਖ ਦੀ ਮਾਲੀ ਮਦਦ ਕਰਨ ਦੇ ਦੋਸ਼ ਹਨ।

# ਵਿਰਸਾ ਵਿਰਸਾ ਫਾਊਂਡੇਸ਼ਨ ਵੱਲੋਂ ਵਿਰਾਸਤੀ ਮਿਲਣੀ ਵਿਚ ਨਾਮਵਰ ਸ਼ਖਸੀਅਤਾਂ ਦਾ ਸਨਮਾਨ

## ✪ "ਲੇਖਕ, ਪੱਤਰਕਾਰ ਤੇ ਕਲਾਕਾਰ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ, ਮਨੁੱਖੀ ਹੱਕਾਂ ਲਈ ਖੜਨ "- ਡਾ. ਗੁਰਵਿੰਦਰ ਸਿੰਘ ✪ ਦੋਹਾਂ ਪੰਜਾਬਾਂ ਦੇ ਲਿਖਾਰੀਆਂ ਦੀਆਂ ਪੰਜ ਸਾਹਿਤਕ ਤੇ ਇਤਿਹਾਸਕ ਪੁਸਤਕਾਂ ਰਿਲੀਜ਼

ਐਬਸਫੋਰਡ-ਪੰਜਾਬੀ ਸੱਭਿਆਚਾਰ ਨੂੰ ਸਮਰਪਿਤ 'ਵਿਰਸਾ ਫਾਊਂਡੇਸ਼ਨ' ਐਬਸਫੋਰਡ ਵੱਲੋਂ ਸ਼ਾਨਦਾਰ ਉਪਰਾਲਾ ਕਰਦਿਆਂ, ਧਰਮਵੀਰ ਕੌਰ, ਦਵਿੰਦਰ ਬਚਰਾ, ਬਲਜਿੰਦਰ ਕੌਰ ਸੰਧੂ ਦੀ ਰਹਿਨੁਮਾਈ ਵਿਚ ਸਾਂਝੇ ਯਤਨਾਂ ਰਾਹੀਂ ਐਬਸਫੋਰਡ ਸਥਿਤ ਫਾਰਮ ਹਾਊਸ 'ਤੇ ਸ਼ਾਨਦਾਰ ਢੰਗ ਨਾਲ ਕਰਵਾਇਆ ਗਿਆ। ਪੰਜਾਬੀ ਸੱਭਿਆਚਾਰ ਦੇ ਸਾਜੋ-ਸਮਾਨ ਨਾਲ ਸਜਾਏ ਖੂਬਸੂਰਤ ਮੰਚ ਉਪਰ, ਸਭਿਆਚਾਰਕ ਪੌਸ਼ਾਕਾਂ ਵਿਚ ਸਜੀਆਂ ਕੈਨੇਡੀਅਨ ਪੰਜਾਬਣਾਂ ਨੇ ਲੋਕ ਬੋਲੀਆਂ ਤੇ ਗਿੱਧੇ ਨਾਲ ਵਿਰਾਸਤੀ ਮਿਲਣੀ ਨੂੰ ਚਾਰ ਚੰਦ ਲਾਉਂਦਿਆਂ, ਪੰਜਾਬੀ ਵਿਰਸੇ ਤੇ ਸਭਿਆਚਾਰ ਦੀ ਅਮੀਰੀ ਨੂੰ ਉਜਾਗਰ ਕੀਤਾ। ਮਰਹੂਮ ਆਰਟਿਸਟ ਸ. ਜਰਨੈਲ ਸਿੰਘ ਦੀ ਯਾਦ ਨੂੰ ਸਮਰਪਿਤ ਸਮਾਗਮ ਦੌਰਾਨ, ਉਹਨਾਂ ਦੇ ਪਰਿਵਾਰ ਨੂੰ ਵਿਸ਼ੇਸ਼ ਤੌਰ 'ਤੇ ਪ੍ਰਬੰਧਕਾਂ ਵੱਲੋਂ ਸਤਿਕਾਰ ਦਿੱਤਾ ਗਿਆ।






ਫਾਊਂਡੇਸ਼ਨ ਵਲੋਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੂੰ ਮਾਨਵੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਬਦਲੇ 'ਹਿਊਮਨ ਰਾਈਟਸ ਐਕਟਵਿਸਟ' ਵਜੋਂ ਸਨਮਾਨਿਤ ਕੀਤਾ ਗਿਆ। ਡਾ. ਧਾਲੀਵਾਲ ਨੇ ਆਪਣੇ ਭਾਸ਼ਨ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ, ਜ਼ੁਲਮ ਖਿਲਾਫ ਡਟਣ ਅਤੇ ਮਨੁੱਖੀ ਹੱਕਾਂ ਲਈ ਖੜਨ ਦਾ ਸੁਨੇਹਾ ਦਿੱਤਾ। ਸਨਮਾਨਿਤ ਲਿਖਾਰੀਆਂ ਵਿੱਚ ਡਾ ਗੁਰਮਿੰਦਰ ਕੌਰ, ਹਰਕੀਰਤ ਕੌਰ ਚਾਹਲ, ਪ੍ਰੋ ਹਰਿੰਦਰ ਕੌਰ ਸੋਹੀ, ਨਵਤੇਜ ਭਾਰਤੀ, ਗੁਰਦੀਪ ਸਿੰਘ ਭੁੱਲਰ, ਜਸਬੀਰ ਕੌਰ ਮਾਨ, ਮੋਹਨ ਬਚੜਾ, ਅਜਮੇਰ ਰੋਡੇ, ਮਨਜੀਤ ਗਿੱਲ, ਬਿੰਦੂ ਮਠਾੜੂ, ਬਲਵੀਰ ਕੌਰ ਢਿੱਲੋਂ, ਜੱਸ ਮਲਕੀਤ, ਜੈਜ ਗਿੱਲ, ਹਰਸ਼ਰਨ ਕੌਰ, ਸ਼ੈਰੀ, ਪ੍ਰੀਤਪਾਲ ਕੌਰ ਪੂਨੀ ਅਟਵਾਲ, ਸੁਰਿੰਦਰ ਕੌਰ ਕੋਟਲੀ, ਸੁਰਜੀਤ ਕਲਸੀ, ਗੁਰਨੂਰ ਸਿੱਧੂ, ਪੱਤਰਕਾਰ ਸਿਮਰਨ ਸਿੰਘ ਸਿਆਟਲ, ਐਂਡੀ ਸਿੱਧੂ,ਹਰਕੀਰਤ ਸਿੰਘ, ਗੁਰਸੇਵ ਸਿੰਘ ਪੰਧੇਰ, ਸੁਖਵਿੰਦਰ ਸਿੰਘ ਚੋਹਲਾ, ਜਰਨੈਲ ਸਿੰਘ ਖੰਡੋਲੀ ਜੀਕੇਐਮ ਟੀਵੀ ਤੇ ਹੋਰ ਸ਼ਖ਼ਸੀਅਤਾਂ ਦਾ ਯਾਦਗਾਰੀ ਚਿੰਨਾਂ ਨਾਲ ਸਨਮਾਨ ਕੀਤਾ ਗਿਆ। ਪ੍ਰਬੰਧਕ ਬੀਬੀ ਧਰਮਵੀਰ ਕੌਰ ਧਾਲੀਵਾਲ ਨੇ ਦੱਸਿਆ ਕਿ ਵਿਰਸਾ ਫਾਊਂਡੇਸ਼ਨ ਵਲੋਂ 9ਵਾਂ ਸਾਲਾਨਾ ਮੇਲਾ ਇਸੇ ਥਾਂ ਤੇ 9 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਡਾ ਬਲਵਿੰਦਰ ਕੌਰ ਬਰਾੜ, ਬਚਿੰਤ ਕੌਰ ਬਰਾੜ ਤੇ ਸਰਬਜੀਤ ਮਾਂਗਟ ਸਮੇਤ ਪ੍ਰਸਿਧ ਕਲਾਕਾਰ ਪੁੱਜ ਰਹੇ ਹਨ।

ਵਿਰਾਸਤੀ ਮਿਲਣੀ ਵਿੱਚ ਲਹਿੰਦੇ ਪੰਜਾਬ ਵਿੱਚੋਂ ਪ੍ਰਸਿਧ ਲੇਖਕਾ ਡਾ ਆਸਮਾ ਕਾਦਰੀ ਦੀ ਪੁਸਤਕ 'ਜ਼ਿਮੀਂ ਪੁੱਛੇ ਅਸਮਾਨ', ਡਾ ਰਿਸ਼ੀ ਸਿੰਘ ਤੇ ਸੰਦੀਪ ਸ਼ੰਕਰ ਦੀ ਇਤਿਹਾਸਕ ਪੁਸਤਕ 'ਸਿੱਖ ਹੈਰੀਟੇਜ', ਚੜਦੇ ਪੰਜਾਬ ਵਿੱਚੋਂ ਮਨਜੀਤ ਕੌਰ ਗਿੱਲ ਦੀ ਪੁਸਤਕ 'ਵਿਰਸੇ ਦਾ ਸੰਦੂਕ', ਹਰਪ੍ਰੀਤ ਧਾਲੀਵਾਲ ਦੀ ਪੁਸਤਕ 'ਸੈਲਫ ਇਪਾਰਵਮੈਂਟ' ਤੇ ਡਾ ਸੁਦਰਸ਼ਨ ਭਗਤ ਤੇ ਡਾ ਨਿਸ਼ਾ ਡੋਗਰਾ ਦੀ ਪੁਸਤਕ 'ਸਿਹਤ ਵੇਲਾ' ਲੋਕ ਅਰਪਣ ਕਰਨ ਦਾ ਸ਼ਾਨਦਾਰ ਉਪਰਾਲਾ ਕੀਤਾ ਗਿਆ।

# ਸੁਪਰੀਮ ਕੋਰਟ ਨਵੰਬਰ 84 ਸਿੱਖ ਨਸਲਕੁਸ਼ੀ ਮਾਮਲਿਆਂ ’ਤੇ ਹਾਈਕੋਰਟ ਦੇ ਫੈਸਲੇ ਤੋਂ ਔਖੀ

## ✡ ਹਾਈ ਕੋਰਟ ਦੀ ਰੋਕ ਨੇ ਵਧਾਈਆਂ ਨਿਆਂ ਲਈ ਮੁਸ਼ਕਿਲਾਂ ✡ ਬਾਗਚੀ ਦੀ ਬੈਂਚ ਨੇ ਇਨ੍ਹਾਂ ਮਾਮਲਿਆਂ ਨੂੰ ਜਲਦੀ ਨਿਪਟਾਉਣ ਦੇ ਹੁਕਮ ਦਿੱਤੇ

ਦਿੱਲੀ-ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ’ਤੇ ਇਲਾਹਾਬਾਦ ਹਾਈ ਕੋਰਟ ਵੱਲੋਂ ਲਾਈ ਗਈ ਰੋਕ ’ਤੇ ਸਖ਼ਤ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਅਦਾਲਤ ਨੇ ਕਿਹਾ ਕਿ ਇਹ ਮਾਮਲੇ 40 ਸਾਲ ਤੋਂ ਵੀ ਵੱਧ ਸਮੇਂ ਤੋਂ ਲਟਕ ਰਹੇ ਹਨ, ਅਤੇ ਹੁਣ ਹਾਈ ਕੋਰਟ ਦੀ ਰੋਕ ਨੇ ਨਿਆਂ ਦੀ ਪ੍ਰਕਿਰਿਆ ਨੂੰ ਹੋਰ ਮੁਸ਼ਕਿਲ ਬਣਾ ਦਿੱਤਾ ਹੈ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਜੋਇਮਾਲਿਆ ਬਾਗਚੀ ਦੀ ਬੈਂਚ ਨੇ ਇਨ੍ਹਾਂ ਮਾਮਲਿਆਂ ਨੂੰ ਜਲਦੀ ਨਿਪਟਾਉਣ ਦੇ ਹੁਕਮ ਦਿੱਤੇ ਹਨ, ਕਿਉਂਕਿ ਸਮਾਂ ਬੀਤਣ ਨਾਲ ਗਵਾਹਾਂ ਦੀ ਉਪਲਬਧਤਾ ਘੱਟਦੀ ਜਾ ਰਹੀ ਹੈ।

1984 ਦਾ ਸਿੱਖ ਵਿਰੋਧੀ ਕਤਲੇਆਮ, ਜਿਸ ਨੂੰ ਸਿੱਖ ਨਸਲਕੁਸ਼ੀ ਵਜੋਂ ਵੀ ਜਾਣਿਆ ਜਾਂਦਾ ਹੈ, ਭਾਰਤ ਦੇ ਇਤਿਹਾਸ ਦਾ ਇੱਕ ਦੁਖਦਾਈ ਅਧਿਆਏ ਹੈ। ਇਸ ਦੌਰਾਨ ਹਜ਼ਾਰਾਂ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ, ਅਤੇ ਅੱਜ ਵੀ ਪੀੜਤ ਪਰਿਵਾਰ ਨਿਆਂ ਦੀ ਉਡੀਕ ਵਿੱਚ ਹਨ। ਸੁਪਰੀਮ ਕੋਰਟ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪਟੀਸ਼ਨਕਰਤਾਵਾਂ ਨੇ ਮੰਗ ਕੀਤੀ ਸੀ ਕਿ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਨੂੰ ਤੇਜ਼ ਕੀਤਾ ਜਾਵੇ। ਅਦਾਲਤ ਨੂੰ ਦੱਸਿਆ ਗਿਆ ਕਿ 11 ਮਾਮਲਿਆਂ ਵਿੱਚ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਨੇ ਦੋਸ਼ ਪੱਤਰ ਦਾਖ਼ਲ ਕੀਤੇ ਸਨ, ਪਰ ਇਲਾਹਾਬਾਦ ਹਾਈ ਕੋਰਟ ਨੇ ਤਿੰਨ ਮਾਮਲਿਆਂ ਦੀ ਸੁਣਵਾਈ ’ਤੇ ਰੋਕ ਲਗਾ ਦਿੱਤੀ। ਸੁਪਰੀਮ ਕੋਰਟ ਨੇ ਇਸ ’ਤੇ ਨਿਰਾਸ਼ਾ ਜਤਾਉਂਦਿਆਂ ਕਿਹਾ ਕਿ ਅਜਿਹੀਆਂ ਰੋਕਾਂ ਨਿਆਂ ਦੀ ਪ੍ਰਕਿਰਿਆ ਨੂੰ ਰੋਕਦੀਆਂ ਹਨ ਅਤੇ ਪੀੜਤਾਂ ਦੇ ਜ਼ਖਮਾਂ ਨੂੰ ਹੋਰ ਡੂੰਘਾ ਕਰਦੀਆਂ ਹਨ।

ਸੁਪਰੀਮ ਕੋਰਟ ਨੇ ਇਹ ਵੀ ਨੋਟ ਕੀਤਾ ਕਿ ਸਮੇਂ ਦੇ ਨਾਲ ਗਵਾਹਾਂ ਦੀ ਉਪਲਬਧਤਾ ਅਤੇ ਸਬੂਤਾਂ ਦੀ ਮੌਜੂਦਗੀ ਮੁਸ਼ਕਿਲ ਹੁੰਦੀ ਜਾ ਰਹੀ ਹੈ। ਅਦਾਲਤ ਨੇ ਹਾਈ ਕੋਰਟ ਨੂੰ ਹਦਾਇਤ ਦਿੱਤੀ ਕਿ ਇਨ੍ਹਾਂ ਮਾਮਲਿਆਂ ਨੂੰ ਕਾਨੂੰਨੀ ਢੰਗ ਨਾਲ ਜਲਦੀ ਨਿਪਟਾਇਆ ਜਾਵੇ। ਇਸ ਦੇ ਨਾਲ ਹੀ, ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਦੇ ਇੱਕ ਹਲਫ਼ਨਾਮੇ ’ਤੇ ਵੀ ਵਿਚਾਰ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਕਾਨਪੁਰ ਵਿੱਚ 1984 ਦੀ ਇੱਕ ਐਫਆਈਆਰ ਦੀ ਸਮੱਗਰੀ ਨੂੰ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀ (ਸੀਐਫਐਸਐਲ) ਸਮਝਣ ਵਿੱਚ ਅਸਮਰੱਥ ਰਹੀ, ਕਿਉਂਕਿ ਇਹ 40 ਸਾਲ ਤੋਂ ਵੱਧ ਪੁਰਾਣੀ ਅਤੇ ਅਸਪਸ਼ਟ ਹੈ। ਸੁਪਰੀਮ ਕੋਰਟ ਨੇ ਜਾਂਚ ਏਜੰਸੀਆਂ ਨੂੰ ਹੁਕਮ ਦਿੱਤੇ ਕਿ ਜੇਕਰ ਐਫਆਈਆਰ ਦੀ ਕਾਪੀ ਮਿਲਦੀ ਹੈ, ਤਾਂ ਤੁਰੰਤ ਅਦਾਲਤ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਅਗਲੇ ਨਿਰਦੇਸ਼ ਜਾਰੀ ਕੀਤੇ ਜਾ ਸਕਣ।

**ਪੰਜਾਬ ਟਾਈਮਜ਼ ਅਨੁਸਾਰ ਸੁਪਰੀਮ ਕੋਰਟ ਦੀ ਸਖ਼ਤੀ ਅਤੇ ਨਿਰਦੇਸ਼ਾਂ ਤੋਂ ਬਾਅਦ ਉਮੀਦ ਜਤਾਈ ਜਾ ਰਹੀ ਹੈ ਕਿ ਹਾਈ ਕੋਰਟ ਇਨ੍ਹਾਂ ਮਾਮਲਿਆਂ ਨੂੰ ਜਲਦੀ ਨਿਪਟਾਏਗੀ। ਪਰ ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਜਦੋਂ ਤੱਕ ਸਾਰੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ, ਨਿਆਂ ਅਧੂਰਾ ਹੀ ਰਹੇਗਾ।**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਗਠਨਾਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਦਾਇਰ ਕਰਕੇ ਹਾਈ ਕੋਰਟ ਦੇ ਰੋਕ ਦੇ ਫੈਸਲੇ ’ਤੇ ਚਿੰਤਾ ਜਤਾਈ ਹੈ। ਇਨ੍ਹਾਂ ਪਟੀਸ਼ਨਾਂ ਵਿੱਚ ਵਕੀਲ ਜਗਜੀਤ ਸਿੰਘ ਛਾਬੜਾ ਨੇ ਪਟੀਸ਼ਨਕਰਤਾਵਾਂ ਦੀ ਪੈਰਵੀ ਕੀਤੀ ਹੈ।

ਸਿੱਖ ਸੰਗਠਨਾਂ ਅਤੇ ਵਕੀਲਾਂ ਦਾ ਆਮ ਤੌਰ ’ਤੇ ਕਹਿਣਾ ਹੈ ਕਿ ਹਾਈ ਕੋਰਟ ਦੀ ਰੋਕ ਨੇ ਨਿਆਂ ਦੀ ਪ੍ਰਕਿਰਿਆ ਨੂੰ ਹੋਰ ਦੇਰੀ ਕੀਤੀ ਹੈ, ਜਿਸ ਨਾਲ ਪੀੜਤ ਪਰਿਵਾਰਾਂ ਦਾ ਦਰਦ ਵਧਿਆ ਹੈ। ਸਿੱਖ ਆਗੂਆਂ ਅਤੇ ਵਕੀਲਾਂ ਦਾ ਮੰਨਣਾ ਹੈ ਕਿ ਪੁਲਿਸ ਪ੍ਰਸ਼ਾਸਨ ਨੇ ਸ਼ੁਰੂਆਤੀ ਜਾਂਚ ਵਿੱਚ ਢਿੱਲ-ਮਠ ਕੀਤੀ, ਜਿਸ ਕਾਰਨ ਸਬੂਤਾਂ ਦੀ ਮਜ਼ਬੂਤੀ ਅਤੇ ਗਵਾਹਾਂ ਦੀ ਭਰੋਸੇਯੋਗਤਾ ’ਤੇ ਸਵਾਲ ਉੱਠਦੇ ਹਨ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਪੁਲਿਸ ਨੇ ਸਹੀ ਸਮੇਂ ’ਤੇ ਮੁਕੰਮਲ ਰਿਪੋਰਟਾਂ ਨਹੀਂ ਪੇਸ਼ ਕੀਤੀਆਂ, ਜਿਸ ਕਾਰਨ ਮਾਮਲੇ ਅਦਾਲਤਾਂ ਵਿੱਚ ਲਟਕਦੇ ਰਹੇ ਹਨ। ਉਨ੍ਹਾਂ ਦਾ ਇਹ ਵੀ ਦੋਸ਼ ਹੈ ਕਿ ਪ੍ਰਸ਼ਾਸਨ ਨੇ ਸਿਆਸੀ ਦਬਾਅ ਹੇਠ ਕੰਮ ਕੀਤਾ, ਜਿਸ ਨਾਲ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਅੜਚਣਾਂ ਆਈਆਂ ਹਨ। ਸਿੱਖ ਸੰਗਠਨਾਂ ਦਾ ਕਹਿਣਾ ਹੈ ਕਿ ਸ਼ੁਰੂਆਤੀ ਸਮੇਂ ਵਿੱਚ ਪੁਲਿਸ ਨੇ ਮਾਮਲਿਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਕਈ ਮਾਮਲਿਆਂ ਵਿੱਚ ਸਬੂਤਾਂ ਨੂੰ ਸੁਰੱਖਿਅਤ ਕਰਨ ਵਿੱਚ ਨਾਕਾਮ ਰਹੀ। ਇਸ ਦੇ ਨਾਲ ਹੀ, ਐਫਆਈਆਰ ਦੀਆਂ ਕਾਪੀਆਂ ਦੀ ਅਸਪਸ਼ਟਤਾ ਅਤੇ ਫੋਰੈਂਸਿਕ ਜਾਂਚ ਦੀ ਅਸਫਲਤਾ ਨੇ ਮੁਸ਼ਕਿਲਾਂ ਨੂੰ ਹੋਰ ਵਧਾ ਦਿੱਤਾ ਹੈ।

# ਇਟਲੀ ਵਿੱਚ 2 ਪੰਜਾਬੀ ਭਾਰਤੀਆਂ ਨੌਜਵਾਨਾਂ ਦੇ ਲਾਪਤਾ ਹੋਣ ਨਾਲ ਭਾਈਚਾਰੇ ਵਿੱਚ ਸਹਿਮ, ਸਬੰਧਤ ਪਰਿਵਾਰਾਂ ਦਾ ਰੋ-ਰੋ ਬੁਰਾ ਹਾਲ

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਪੰਜਾਬ (ਭਾਰਤ) ਤੋਂ ਭੱਵਿਖ ਨੂੰ ਬਹਿਤਰ ਬਣਾਉਣ ਤੇ ਰੋਜੀ-ਰੋਟੀ ਲਈ ਵਿਦੇਸ਼ਾਂ ਵੱਲ ਕੂਚ ਕਰਦੇ ਮਾਪਿਆਂ ਦੇ ਜਿਗਰ ਦੇ ਟੁੱਕੜੇ ਜੇਕਰ ਵਿਦੇਸ਼ਾਂ ਵਿੱਚ ਜਾਕੇ ਲਾਪਤਾ ਹੋਣ ਜਾਣ ਤਾਂ ਮਾਪਿਆਂ ਦਾ ਜਿਉਂਦੇ ਜੀਅ ਮਰਨਾ ਹੋ ਜਾਂਦਾ।ਅਜਿਹੇ ਬਹੁਤ ਸਾਰੇ ਮਾਪੇ ਹਨ ਜਿਹਨਾਂ ਦਿਲ ਉਪੱਰ ਪੱਥਰ ਰੱਖ ਬੱਚਿਆਂ ਨੂੰ ਕਰਜ਼ਾ ਚੁੱਕ ਵਿਦੇਸ਼ਾਂ ਵਿੱਚ ਭੇਜਿਆ ਪਰ ਵਿਦੇਸ਼ ਜਾਕੇ ਉਹਨਾਂ ਦੇ ਬੱਚਿਆਂ ਦੀ ਕੋਈ ਉੱਗ-ਸੁੱਗ ਨਹੀ ਮਿਲਦੀ ਜਿਸ ਦੇ ਚੱਲਦਿਆਂ ਮਾਪਿਆਂ ਨੂੰ ਕੋਈ ਸਮਝ ਨਹੀਂ ਪੈਂਦੀ ਕਿ ਹੁਣ ਉਹ ਆਖਿਰ ਨੂੰ ਮਦਦ ਦੀ ਗੁਹਾਰ ਲੁਗਾਉਣ।ਅਜਿਹਾ ਹੀ ਸੰਤਾਪ ਭੁਗਤਣ ਲਈ ਬੇਵੱਸ ਇਟਲੀ ਵਿੱਚ 22 ਜੁਲਾਈ 2025 ਨੂੰ ਗੁੰਮ ਹੋਏ ਹਰਮਨਜੀਤ ਸਿੰਘ (28) ਉਰਫ਼ ਕਾਕਾ ਵਾਸੀ (ਅੰਮ੍ਰਿਤਸਰ) ਤੇ 16 ਜੁਲਾਈ 2025 ਨੂੰ ਗੁੰਮ ਜਸਕਰਨ ਸਿੰਘ ਵਾਸੀ (ਮੋਗਾ) ਦੇ ਪਰਿਵਵਾਰ ਵਾਲੇ ਜਿਹਨਾਂ ਦੇ ਲਾਡਲੇ ਪੁੱਤਰ ਇਟਲੀ ਆਏ ਤਾਂ ਸੀ ਭੱਵਿਖ ਬਿਹਤਰ ਬਣਾਉਣ ਪਰ ਇੱਥੇ ਗੁੰਮਨਾਮੀ ਦੇ ਹਨੇਰੇ ਵਿੱਚ ਗੁਆਚ ਗਏ।ਪ੍ਰੈੱਸ ਨੂੰ ਗੁੰਮ ਹੋਏ ਹਰਮਨਜੀਤ ਸਿੰਘ (28) ਉਰਫ਼ ਕਾਕਾ ਦੇ ਚਾਚੇ ਕੇਵਲ ਸਿੰਘ ਵਾਸੀ ਪੁਨਤੀਨੀਆ (ਲਾਤੀਨਾ) ਨੇ ਦੱਸਿਆ ਕਿ ਉਹਨਾਂ ਦਾ ਭਤੀਜਾ ਇੱਕ ਡੇਅਰੀ ਫਾਰਮ






ਵਿੱਚ ਕੰਮ ਕਰਦਾ ਤੇ ਉੱਥੇ ਹੀ ਰਹਿੰਦਾ ਸੀ ਤੇ 22 ਜੁਲਾਈ ਡੇਅਰ ਫਾਰਮ ਤੋਂ ਇਹ ਕਹਿ ਆ ਗਿਆ ਕਿ ਉਹ ਆਪਣੇ ਚਾਚੇ ਕੇਵਲ ਸਿੰਘ ਨੂੰ ਮਿਲਣ ਚੱਲਾ ਪਰ ਅਫ਼ਸੋਸ ਸਾਰਾ ਦਿਨ ਬੀਤ ਜਾਣ ਦੇ ਬਾਅਦ ਵੀ ਹਰਮਨਜੀਤ ਸਿੰਘ ਨਾ ਕੇਵਲ ਸਿੰਘ ਕੋਲ ਪਹੁੰਚਾ ਤੇ ਨਾ ਵਾਪਸ ਡੇਅਰ ਫਾਰਮ ।ਕੇਵਲ ਸਿੰਘ ਨੂੰ ਜਦੋਂ ਇਹ ਪਤਾ ਲੱਗਾ ਕਿ ਹਰਮਨਜੀਤ ਸਿੰਘ ਦੀ ਕੋਈ ਉੱਗ-ਸੁੱਗ ਨਹੀ ਮਿਲ ਰਹੀ ਕਿ ਉਹ ਕਿੱਥੇ ਹੈ ਜਦੋਂ ਕਿ ਉਸ ਦਾ ਫੋਨ ਤੇ ਪੇਪਰ ਡੇਅਰੀ ਫਾਰਮ ਵਿੱਚ ਹੀ ਪਏ ਹਨ ਤਾਂ ਕਾਫ਼ੀ ਦੋੜ-ਭੱਜ ਦੇ ਬਾਅਦ ਉਸ ਨੇ ਪੁਨਤੀਨੀਆ ਦੀ ਪੁਲਸ ਨੂੰ ਭਤੀਜੇ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾ ਦਿੱਤੀ।ਇਸ ਤਰ੍ਹਾਂ ਹੀ ਪਰਮਜੀਤ ਸਿੰਘ ਨੇ ਸ਼ਹਿਰ ਪਾਰਮਾ ਤੋਂ ਜਾਣਕਾਰੀ ਦਿੱਤੀ ਕਿ ਉਸ ਦਾ ਭਤੀਜਾ ਜਸਕਰਨ ਸਿੰਘ (24) ਜਿਹੜਾ ਕਿ 9 ਮਹੀਨਿਆਂ ਵਾਲੇ ਪੇਪਰਾਂ ਉਪੱਰ ਸਾਲ ਕੁ ਪਹਿਲਾ ਇਟਲੀ ਆਇਆ ਸੀ ਤੇ ਉਹਨਾਂ ਦੇ ਨਾਲ ਹੀ ਰਹਿੰਦਾ ਸੀ।ਬੀਤੀ 16 ਜੁਲਾਈ ਨੂੰ ਉਹ ਘਰ ਪਾਰਕ ਵਿੱਚ ਜਾਣ ਦਾ ਕਹਿ ਚਲਾ ਗਿਆ ਤੇ ਉਸੇ ਦਿਨ ਉਹ ਦੁਪਿਹਰ ਤੱਕ ਫੋਨ ਰਾਹੀ ਉਹਨਾਂ ਦੇ ਸੰਪਰਕ ਵਿੱਚ ਰਿਹਾ ਪਰ ਬਾਅਦ ਵਿੱਚ ਉਸ ਦਾ ਫੋਨ ਬੰਦ ਆਉਣ ਲੱਗਾ।ਪਰਮਜੀਤ ਸਿੰਘ ਨੇ ਵੀ ਕਾਫ਼ੀ ਜੱਦੋ-ਜਹਿਦ ਕੀਤੀ ਪਰ ਜਸਕਰਨ ਸਿੰਘ ਦੀ ਕੋਈ ਖ਼ਬਰ ਨਹੀਂ ਮਿਲੀ।ਪ੍ਰੇਸ਼ਾਨੀ ਦੇ ਦੌਰ ਵਿੱਚੋਂ ਲੰਘਦਿਆਂ ਪਰਮਜੀਤ ਸਿੰਘ ਨੇ ਪੁਲਸ ਕੋਲ ਰਿਪੋਰਟ ਦਰਜ ਕਰਵਾ ਦਿੱਤੀ ਹੈ ਪਰ ਖ਼ਬਰ ਲਿਖੇ ਜਾਣ ਤੱਕ ਦੋਨਾਂ ਭਾਰਤੀ ਨੌਜਵਾਨਾਂ ਦੀ ਕੋਈ ਜਾਣਕਾਰੀ ਨਹੀਂ ਮਿਲ ਸਕੀ ਕਿ ਉੱਥੇ ਕਿੱਥੇ ਚਲੇ ਗਏ ਜਮੀਨ ਨਿਗਲ ਗਈ ਜਾਂ ਆਸਮਾਨ ਖਾਅ ਗਿਆ।ਗੁੰਮ ਹੋਏ ਦੋਨਾਂ ਨੌਜਵਾਨਾਂ ਦੇ ਪਰਿਵਾਰਾਂ ਦਾ ਰੋ-ਰੋ ਬੁਰਾ ਹਾਲ ਹੈ।ਇਹਨਾਂ ਗੁੰਮ ਹੋਏ ਨੌਜਵਾਨ ਨੂੰ ਲੱਭਣ ਲਈ ਭਾਰਤੀ ਅੰਬੈਂਸੀ ਰੋਮ ਵੱਲੋਂ ਵੀ ਇਟਲੀ ਰਹਿਣ ਬਸੇਰਾ ਕਰਦੇ ਭਾਰਤੀ ਭਾਈਚਾਰੇ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ ਹੈ।

ਗੌਰਤਲਬ ਹੈ ਇਟਲੀ ਵਿੱਚ ਹਰ ਸਾਲ ਇੱਕ ਸਰਕਾਰੀ ਰਿਪੋਰਟ ਅਨੁਸਾਰ ਕਰੀਬ 30 ਹਜ਼ਾਰ ਰਿਪੋਰਟਾਂ ਲੋਕਾਂ ਦੇ ਗੁੰਮ ਹੋਣ ਦੀਆਂ ਦਰਜ ਹੋ ਰਹੀਆਂ ਹਨ ਜਿਹਨਾਂ ਵਿੱਚ 75% ਨਾਬਾਲਗਾਂ ਨਾਲ ਸੰਬਧਤ ਹਨ ਜਿਹੜੇ ਅਜਿਹੇ ਨਾਬਾਲਗ ਜਿਹੜੇ ਪ੍ਰਵਾਸੀ ਹਨ।

# ਡਾਂਸ, ਸੱਭਿਆਚਾਰ, ਫੂਡ ਦਾ ਮਜ਼ਾ ਲਵੋ ਗਲੋਬਲ ਵਿਲੇਜ ਦੁਬਈ ਅੰਦਰ

## ਟੋਰਾਂਟੋ ਤੋਂ ਦੁਬਈ ਟੂਰ

**ਡਾ. ਅਨਿਲ ਧੀਰ**
ਕਾਲਮਨਿਸਟ ਅਤੇ ਲੇਖਕ:
"ਸੇਲਫ-ਕੇਅਰ ਟਿਪਸ ਐਨਸਾਈਕਲੋਪੀਡੀਆ"
anil.dheer@yahoo.com





ਪਿਛਲੇ ਹਫਤੇ ਅਸੀਂ ਦੁਬਈ ਦੇ ਗਲੋਬਲ ਵਿਲੇਜ ਅੰਦਰ ਵੱਖ-ਵੱਖ ਦੇਸ਼ਾਂ ਦੇ ਪਵੇਲੀਅਨਾਂ ਬਾਰੇ ਚਰਚਾ ਕੀਤੀ ਸੀ। ਅੱਜ ਅਸੀਂ ਗਲੋਬਲ ਵਿਲੇਜ ਦੁਬਈ ਅੰਦਰ ਖਲੀਫਾ ਫਾਉਂਡੇਸ਼ਨ, ਬਾਕੀ ਮੁਲਕਾਂ ਇਰਾਨ, ਸੀਰੀਆ, ਲੇਬਨਾਨ, ਰੂਸ, ਸਉਦੀ ਅਰਬ, ਥਾਈਲੈਂਡ ਅਤੇ ਯੂਰੋਪ ਦੇ ਸਭਿਆਚਾਰ 'ਤੇ ਉੱਥੇ ਦੀ ਜ਼ਿੰਦਗੀ ਜਾਣਕਾਰੀ ਦੇ ਰਹੇ ਹਾਂ।

ਝੱਲਕੀਆਂ ਗਲੋਬਲ ਵਿਲੇਜ ਦੁਬਈ ਦੇ ਅੰਦਰ ਦੀਆਂ : ਸ਼ਮਾਜਿਕ ਮਾਮਲਿਆਂ ਦੇ ਮੰਤਰਾਲੇ ਦੁਆਰਾ ਸੰਚਾਲਿਤ, ਕਮਿਉਨਿਟੀ ਪਵੇਲੀਅਨ ਤੋਂ 971. ਅਜਿਹੀ ਥਾਂ ਹੈ, ਜਿੱਥੇ ਤੁਸੀਂ ਆਪਣੀਆਂ ਸਾਰੀਆਂ ਘਰੇਲੂ ਅਤੇ ਸਥਾਨਕ ਤੌਰ 'ਤੇ ਤਿਆਰ ਕੀਤੀਆਂ ਵਸਤਾਂ ਪ੍ਰਦਰਸ਼ਿਤਕਰਕੇ ਬੇਚ ਸਕਦੇ ਹੋ।

ਖਲੀਫਾ ਫਾਉਂਡੇਸ਼ਨ ਪਵੇਲੀਅਨ ਅੰਦਰ ਖਾਸ ਤੌਰ 'ਤੇ ਨਸਲੀ ਅਮੀਰੀ ਕਪੜੇ, ਉਪਕਰਨ, ਪਰਫਿਊਮ ਤੇ ਘਰੇਲੂ ਉਪਕਰਨਾਂ ਬਾਰੇ ਜਾਣਕਾਰੀ ਮਿਲਦੀ ਹੈ। ਆਪਣਾ ਕਾਰੋਬਾਰ ਸ਼ੁਰੂ ਦੀ ਇੱਛਾ ਰੱਖਣ ਵਾਲੇ ਨੌਜਵਾਨ ਅਮੀਰਾਤ ਲਈ, ਖਲੀਫਾ ਬਿਨ ਜ਼ੈਦ ਅਲ ਨਾਹਯਾਨ ਫਾਉਂਡੇਸ਼ਨ ਦੁਆਰਾ ਚਲਾਇਆ ਜਾਂਦਾ ਹੈ।

ਮਹਿਲਾਂ ਤੋਂ ਲੈ ਕੇ ਪੇਂਟਿੰਗਾਂ ਅਤੇ ਰਵਾਇਤੀ ਪੇਸਟਰੀਆਂ ਤੱਕ, ਇਰਾਨ ਪਵੇਲੀਅਨ ਦੇਸ਼ ਦੇ ਅਮੀਰ ਅਤੇ ਵੱਖ-ਵੱਖ ਅਤੀਤ ਫੈਬਰਿਕ ਦਾ ਪ੍ਰਮਾਣ ਹੈ।

ਸੀਰੀਆ ਪਵੇਲੀਅਨ ਅੰਦਰ, ਇੱਕ ਅਮੀਰ ਸੱਭਿਅਤਾ, ਜਿਸਨੇ ਆਧੁਨਿਕ ਸੰਸਾਰ ਦੀ ਨੀਂਹ ਰੱਖੀ। ਇੱਥੇ ਦਮਿਸ਼ਕ ਦੇ ਕਿਲੇ, ਪਾਲਮਾਈਰਾ ਦੀ ਆਰਕੀਟੈਕਚਰ ਅਤੇ ਮਸ਼ਹੂਰ ਅਲ-ਆਜ਼ਮ ਮਹਿਲ ਦੀਆਂ ਕੰਧਾਂ ਦੇਖ ਕੇ ਹੈਰਾਨੀ ਹੁੰਦੀ ਹੈ।

ਲੇਬਨਾਨ ਪਵੇਲੀਅਨ, ਜੋ ਸ਼ਾਨਦਾਰ ਆਰਕੀਟੈਕਚਰ, ਸਜਾਵਟੀ ਅਜਾਇਬ ਘਰ, ਅਤੇ ਹਰੇ ਭਰੇ ਬਗੀਚੇ, ਬੀਟੇਡਾਈਨ ਪੈਲੇਸ, ਵਗੈਰਾ ਨੂੰ ਮਾਹਰ ਕਾਰੀਗਰਾਂ ਅਤੇ ਰਵਾਇਤੀ ਸੰਗੀਤ, ਤੇ ਡਾਂਸ ਪ੍ਰਦਰਸ਼ਨਾਂ ਦਾ ਲਾਈਵ ਡੈਮੋ ਤੱਕ, ਲੇਵੈਂਟਾਈਨ ਪਕਵਾਨ, ਤੋਂ ਲੈ ਕੇ ਲੇਬਨਾਨ ਦਾ ਅਮੀਰ ਇਤਿਹਾਸ ਅਤੇ ਸਭਿਆਚਾਰ ਬਾਰੇ ਪਤਾ ਲੱਗਦਾ ਹੈ।

ਰੂਸ ਪਵੇਲੀਅਨ-ਇਜ਼ੇਵਸਕ ਵਿਚ ਮਿਖਾਈਲੋ-ਆਰਖੇਂਜਲ 'ਸਕੀ ਕਾਥੇਡਰਲ' ਨੀ ਸੋਬੋਰ ਪੈਲੇਸ ਦੀ ਸ਼ਾਨ, ਮਹਿਲ, ਟਾਵਰਾਂ ਦਾ ਇੱਕ ਸ਼ਾਨਦਾਰ ਕੰਪਲੈਕਸ, ਜੋ ਪੁਰਾਣੇ ਦਿਨਾਂ 'ਚ ਲੈਂਡਸਕੇਪ ਦਾ ਅਨਿਖੜਵਾਂ ਹਿੱਸਾ ਸੀ। ਇਹ ਢਾਂਚਾ ਕਰੀਬਨ 70 ਮੀਟਰ ਉੱਚਾ, ਪੰਜ ਸੁਨਹਿਰੀ ਗੁੰਬਦ, ਪ੍ਰੋਜੈਕਟ ਮੂਰਲਸ ਅਤੇ ਮੋਜ਼ੇਕ ਆਇਕਨਾਂ, ਕੰਧਾਂ ਅਤੇ ਛੱਤ ਇੱਕ ਨਾਟਕੀ ਕੈਨਵਸ ਹਨ ਜਿਸ 'ਤੇ ਮੂਲ ਪੁਨਰਜਾਗਰਣ, ਉੱਚ ਬਾਰੋਕ ਅਤੇ ਰੋਕੋਕੋ-ਸ਼ੈਲੀ ਦੀਆਂ ਪੇਂਟਿੰਗਾਂ ਬਾਰੇ ਦਿਖਾਇਆ ਗਿਆ ਹੈ।

ਸਉਦੀ ਅਰਬ ਪਵੇਲੀਅਨ ਅੰਦਰ ਆਰਕੀਟੈਕਚਰ, ਟੈਕਸਟਾਈਲ, ਚਮਕਦਾਰ ਚਾਂਦੀ ਸੋਨੇ ਦੇ ਗਹਿਣਿਆਂ ਤੋਂ ਲੈ ਕੇ ਮਸਾਲੇ, ਸ਼ਹਿਦ ਵਗੈਰਾ ਕਾਫੀ ਚੀਜ਼ਾਂ ਦੇਖਣ ਨੂੰ ਮਿਲਦੀਆਂ ਹਨ। ਇਹ ਇੱਕ ਯੂਨੈਸਕੋ ਵਿਸ਼ਵ ਵਿਰਾਸਤ ਸਾਈਟ 'ਤੇ ਜੇਹਾਦ ਦਾ ਜੀਵੰਤ ਕੋਰ, ਅਲ ਬਦਾਦ ਦਾ ਮਨਮੋਹਕ ਆਂਡ-ਗੁਆਂਢ ਪਵੇਲੀਅਨ ਲਈ ਅਜਾਇਬ ਦਾ ਕੰਮ ਕਰਦਾ ਹੈ।

ਥਾਈਲੈਂਡ ਪਵੇਲੀਅਨ ਅੰਦਰ ਰਵਾਇਤੀ ਸਟ੍ਰੀਟ ਫੂਡ, ਤੋਂ ਲੈ ਕੇ ਰੰਗੀਨ ਪਕਵਾਨਾਂ, ਸਭਿਆਚਾਰ, ਰੰਗਦਾਰ ਪਹਿਰਾਵਾ, ਰਵਾਇਤੀ ਸੰਗੀਤ, ਮਨੋਰੰਜਕ ਡਾਂਸ ਦਾ ਆਨੰਦ ਲੈ ਸਕਦੇ ਹੋ। ਚੜਨ ਲਈ ਪੌੜੀਆਂ, ਮਸ਼ਹੂਰ ਵਾਟ ਥਾਮ ਸੁਏ ਜ ਟਾਈਗਰ ਕੇਵ ਟੈਂਪਲ ਫੇਸਡ ਇੱਕ ਸ਼ਾਨਦਾਰ ਫੋਟੋ ਦੇ ਮਜ਼ੇ ਲੈਣ ਦਾ ਵੱਖਰਾ ਅਹਿਸਾਸ ਲੈ ਸਕਦੇ ਹੋ।

ਯੂਰਪ ਪਵੇਲੀਅਨ ਅੰਦਰ ਆਈਫਲ ਟਾਵਰ, ਪੀਸਾ ਦੇ ਝੁੱਕੇ ਹੋਏ ਟਾਵਰ, ਰਾਇਲ ਕਰਾਊਨ, ਕਲਾਤਮਕ ਵਸਤਾਂ, ਫਲੋਰੈਂਸ ਦੇ ਪੁਨਰਜਾਗਰਣ ਆਰਕੀਟੈਚਰ ਬਾਰੇ ਜਾਣਕਾਰੀ ਮਿਲਦੀ ਹੈ। ਪਵੇਲੀਅਨ ਦਾ ਡਿਜ਼ਾਇਨ ਵਿਏਨਾ ਵਿਚ ਸ਼ੌਨਬੁਰਨ ਪੈਲੇਸ, ਹੈਪਸਬਰਗ ਰਾਜਵੰਸ਼ ਗਰਮੀਆਂ ਦੇ ਘਰ ਦੇ ਚਿਹਰੇ ਦੀ ਗੂੰਜ ਕਰਦਾ ਹੈ। ਇਸਦੇ 1441 ਕਮਰਿਆਂ 'ਤੇ ਤਿਨ ਸਦੀਆਂ ਦੀ ਸ਼ਾਹੀ ਜਾਣਕਾਰੀ ਮਿਲਦੀ ਹੈ।

ਯਮਨ ਪਵੇਲੀਅਨ ਅੰਦਰ ਜਾ ਕੇ ਪੁਰਾਣੇ ਸ਼ਹਿਰ ਦੇ ਗੁੰਝਲਦਾਰ ਆਰਕੀਟੈਕਚਰ, ਯੇਮਨੀ ਪਕਵਾਨ, ਕਲਾਕਾਰਾਂ ਦੁਆਰਾ ਡਾਂਸ, ਸੰਗੀਤ, ਅਤੇ ਜਨਾਬੀਆ, ਆਈਬੇਕਸ ਅਤੇ ਅਰਬੀ ਓਰੀਨ ਵਗੇ ਜੰਗਲੀ ਜੀਵਾਂ ਨੂੰ ਵਿਰਾਸਤੀ ਕਲਾਕਾਰਾਂ, ਸ਼ਿਲਪਕਾਰੀ ਨਾਲ ਸ਼ੋਬਿਤ ਕੀਤਾ ਹੋਇਆ ਹੈ।

ਮਿਸਰ ਪਵੇਲੀਅਨ ਅੰਦਰ ਜਾਂਦੇ ਹੀ ਮਿਸਰ ਦੇ ਮਸ਼ਹੂਰ ਇਤਿਹਾਸਕ ਖਜਾਨਿਆਂ ਨੂੰ ਇੱਕ ਮਨਮੋਹਕ ਤਰੀਕੇ ਨਾਲ ਸੰਜੋਇਆ ਗਿਆ ਹੈ। ਇੱਥੇ ਸਬਿਲ ਸਮਾਰਕ, ਜੋ ਕਿ ਫੈਰੋਨਿਕ ਮੰਦਰਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਅਤੇ ਤੁਸੀਂ ਕਾਇਰੋ ਦੀ ਸੱਭ ਤੋਂ ਪਰਾਣੀ ਇਤਿਹਾਸਕ ਅਲ ਮੋਏਜ਼ ਸਟ੍ਰੀਟ ਦੇ ਨਾਲ ਸੈਰ ਕਰੋਗੇ। ਜਿੱਥੇ ਫਾਤਿਮ ਰਾਜਵੰਸ਼ ਦੇ ਦੌਰਾਣ 10ਵੀਂ ਸਦੀ ਵਿਚ ਇਸਦੀ ਸ਼ੁਰੂਆਤ ਦਾ ਪਤਾ ਲੱਗਦਾ ਹੈ। ਪਵੇਲੀਅਨ ਦੇ ਪ੍ਰਵੇਸ਼ ਦਰਬਾਜ਼ਿਆਂ ਦੇ ਦੋਵੇਂ ਪਾਸੇ ਉੱਚੇ ਫੈਰੋਨਿਕ ਕਾਲਮ ਫਰੇਮ, ਜੋ ਲਕਸੋਰ ਦੇ ਅਮੇਨਹੋਟੇਪ, 111 ਢਾਂਚੇ 'ਚ ਮਿਲੇ ਕੋਲੋਨੇਡਾ ਦੀ ਯਾਦ ਦਿਵਾਉਂਦਾ ਹੈ।

ਮੋਰੋਕੋ ਰੰਗੀਨ ਪਵੇਲੀਅਨ ਜਿੱਥੇ ਜਿਓਮੈਟ੍ਰਿਕ ਆਰਕੀਟੈਕਚਰ ਅਤੇ ਫੁੱਲਾਂ ਦੇ ਨਾਲ ਸਜਾਇਆ ਮਸ਼ਹੂਰ ਬਾਬ ਅਲ ਮਨਸੂਰ ਗੇਟ ਦੀ ਪ੍ਰਤੀਰੂਪ ਤੇ ਇਤਿਹਾਸ, ਸਭਿਆਚਾਰ, ਰਵਾਇਤੀ ਮਨੋਰੰਜਨ, ਭੋਜਨ, ਦਸਤਕਾਰੀ, ਮੋਰੱਕੋ ਦੇ ਸ਼ੋਕ ਦੇ ਦ੍ਰਿਸ਼ਾਂ, ਆਵਾਜ਼ਾਂ ਅਤੇ ਮਹਿਕਾਂ ਦਾ ਅਹਿਸਾਸ ਹੁੰਦਾ ਹੈ।

ਅਮੇਰੀਕਨ ਪਵੇਲੀਅਨ ਹਰ ਪਾਸੇ ਉੱਤਰੀ ਅਤੇ ਦੱਖਣੀ ਅਮਰੀਕਾ ਦੇ ਵਿਲੱਖਣ ਸੱਭਿਆਚਾਰ, ਮੈਕਸੀਕੋ ਦੇ ਟ੍ਰਾਇਫਲ ਆਰਚ ਵਿੱਚੋਂ ਲੰਘਣਾਂ, ਪ੍ਰਾਚੀਨ ਮਯਾਨ ਸ਼ਹਿਰ ਪੈਲੇਨਕੋ ਤੋਂ ਸਟੈਲੋ, 'ਤੇ ਸਟੈਚੂ ਆਫ ਲਿਬਰਟੀ, ਸਿਟਿੰਗ ਬੁੱਲ ਵਰਗੇ ਪ੍ਰਸਿੱਧ ਸਥਾਨ, ਇੰਕਾਸ ਦੀ ਮਨਮੋਹਕ ਕਲਾ ਅਤੇ ਮੈਕਸੀਕਰਨ ਪੋਲਕਾਂ ਤੋਂ ਬ੍ਰਜ਼ੀਲੀਅਨ ਕੈਰੀਮਬੋ ਤੱਕ, ਵੱਖ-ਵੱਖ ਕਿਸਮ ਦੇ ਸੰਗੀਤ ਦਾ ਆਨੰਦ ਲੈ ਸਕਦੇ ਹੋ। ਟੋਪੀ ਦੇ ਸਿਖਰ ਦੇ ਰਵਾਇਤੀ ਪਹਿਰਾਵੇ ਤੇ ਸਹਾਇਕ ਉਪਕਰਨਾਂ 'ਚ ਸ਼ਿੰਗਾਰਿਆ ਇੱਕ ਮੂਲ ਅਮਰੀਕੀ ਕਬੀਲੇ ਦਾ ਇੱਕ ਸ਼ਾਨਦਾਰ ਚਿੱਤਰ ਵੀ ਦੇਖਣ ਨੂੰ ਮਿਲਦਾ ਹੈ। ਅਮਰੀਕਾ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ।

ਅਫਗਾਨਿਤਾਨ ਪਵੇਲੀਅਨ ਦਾ ਚਿਹਰਾ ਅਫਗਾਨਿਸਤਾਨ ਦੇ ਪਹਿਲੇ ਅਤੇ ਸੱਭ ਤੋਂ ਮਸ਼ਹੂਰ ਦਾਰ-ਉਲ-ਅਮਾਨ ਪੈਲੇਸ ਨੂੰ ਦਰਸਾਉਂਦਾ ਹੈ, ਜੋ ਕਿ 1920 ਦੇ ਦਹਾਕੇ 'ਚ ਰਾਜਾ ਅਮਾਨਉੱਲਾ ਦੁਆਰਾ ਬਣਾਇਆ ਗਿਆ ਸੀ। ਇੱਥੇ ਅਫਗਾਨੀ ਗਲੀਚਾ, ਲ1ਕੜ, ਤਾਂਬੇ ਦੇ ਕਾਰੀਗਰ, ਘੁਮਿਆਰਾਂ ਦੀ ਪ੍ਰਤਿਭਾ ਤੇ ਪ੍ਰਮਾਣਿਕ ਮਸਾਲੇ ਅਤੇ ਸੁਆਦੀ ਮਠਿਆਈਆਂ ਬਾਰੇ ਪਤਾ ਲੱਗਦਾ ਹੈ।

ਭਾਰਤ ਪਵੇਲੀਅਨ ਅੰਦਰ ਸਭਿਆਚਾਰ ਕਲਾ ਅਤੇ ਆਰਕੀਟੈਕਚਰ, ਜਿੱਥੇ ਪ੍ਰਤੀਕ ਟੂਰਿਸਟਾਂ ਦਾ ਪਸੰਦੀਦਾ ਹਵਾ ਮਹਿਲ ਹੈ। ਇਸ ਸ਼ਾਨਦਾਰ ਹਵਾ ਮਹਿਲ ਵਿਚ ਲਾਈਵ ਸੰਗੀਤ, ਅਮੀਰ ਕਲਚਰ, ਵੱਖ-ਵੱਖ ਖੇਤਰਾਂ ਦੇ ਸੁਆਦੀ ਫੂਡ ਦੇ ਆਨੰਦ ਦੇ ਨਾਲ ਰਵਾਇਤੀ ਦਸਤਕਾਰੀ ਬਾਰੇ ਜਾਣਕਾਰੀ ਵੀ ਲੈ ਸਕਦੇ ਹੋ।

ਟਰਕੀ ਪਵੇਲੀਅਨ, ਜਿੱਥੇ ਸੱਭਿਆਚਾਰ, ਵਿਰਾਸਤ, ਪਿਛਲੀਆਂ ਸੱਭਿਆਤਾਵਾਂ, ਤੁਰਕੀ ਦੇ ਪ੍ਰਸਿੱਧ ਲੈਂਡਸਕੇਪਾਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਆਰਕੀਟੈਕਚਰਲ ਅਜੂਬੇ, ਹਾਗੀਆ ਸੋਫੀਆ, ਆਇਕਾਨਿਕ ਗਲਾਟਾ ਟਾਵਰ, ਇਤਿਹਾਸਕ ਤਕਸੀਮ ਮਾਰਕੀਟ, ਅਤੇ ਇਸਦੇ ਸ਼ਾਨਦਾਰ ਸਮਾਰਕ, ਪਰਸ਼ੀਆ, ਗ੍ਰੀਸ ਅਤੇ ਅਰਮੇਨੀਆ ਦੇ ਪ੍ਰਭਾਵਾਂ ਦੇ ਨਾਲ ਕੈਪਾਡੋਸੀਆ ਦੇ ਮਨਮੋਹਕ ਪਰੀ-ਕਹਾਣੀ ਦੇ ਦ੍ਰਿਸ਼ ਸ਼ਾਮਲ ਹਨ। ਉਮਰਾਂ ਸੁੰਦਰ ਢੰਗ ਨਾਲ ਤਿਆਰ ਕੀਤੀਆਂ ਵਸਤਾਂ, ਰਵਾਇਤੀ ਤੌਰ 'ਤੇ ਸਿਰੇਮਿਕ, ਤਾਂਬੇ ਅਤੇ ਪੋਰਸਿਲੇਨ ਦੇ ਕੰਮ, ਕੈਲੀਗ੍ਰਾਫੀ ਤੋਂ ਪ੍ਰੇਰਿਤ ਗਹਿਣੇ, ਸ਼ਾਨਦਾਰ ਤੁਰਕੀ ਗਲੀਚੇ, ਅਤੇ ਹੱਥਾਂ ਨਾਲ ਬਣਾਏ ਗਏ ਬਰਤਨਾਂ ਬਾਰੇ ਵੀ ਪਤਾ ਲੱਗਦਾ ਹੈ।

ਜਪਾਨ ਪਵੇਲੀਅਨ, ਜਦੋਂ ਤੁਸੀਂ ਪ੍ਰੰਪਰਾਗਤ ਟੋਰੀ ਫਾਟਕ ਵਿੱਚੋਂ ਲੰਘਦੇ ਹੋ, ਤਾਂ ਤੁਹਾਨੂੰ ਸ਼ਾਨਦਾਰ ਗੀਸ਼ਾ ਅਤੇ ਕਿਮੋਨੋਜ਼ ਵਿਚ ਸਜੇ ਹੋਏ ਸ਼ਕਤੀਸ਼ਾਲੀ ਸਮੁਰਾਈ ਯੋਧਿਆਂ ਅਤੇ ਓਗੀ ਪ੍ਰਸ਼ੰਸਕ ਵੱਲੋਂ ਵੈਲਕਮ, ਮਾਉਂਟ ਫੂਜੀ ਦੀ ਸ਼ਾਨ, ਪੰਜ-ਟਾਇਰਡ ਪਗੋਡਾ ਤੇ ਦੋਹਯੋ ਵਿਚ ਇੱਕ ਸੂਮੋ ਕੁਸ਼ਤੀ ਮੈਚ ਦਾ ਉਤਸ਼ਾਹ, ਵਿਰਾਸਤ ਬਾਰੇ ਜਾਣਕਾਰੀ ਮਿਲਦੀ ਹੈ।

ਅਫਰੀਕੀ ਪਵੇਲੀਅਨ ਇੱਕ ਮਹਾਂਦੀਪ ਨੂੰ ਪ੍ਰਭਾਸ਼ਿਤ ਕਰਨ ਵਾਲਾ ਰਹੱਸ ਮਾਸਾਈ ਕਬੀਲਿਆਂ ਵਿਚ ਵਧੀਆ ਪ੍ਰਤੀਨਿਧਤਾ, ਮਹਾਨ ਝੀਲਾਂ ਦੇ ਨਿਵਾਸੀਆਂ ਨੂੰ ਸ਼ਰਧਾਂਜਲੀ ਵੱਜੋਂ ਕੰਮ ਦੇ ਨਾਲ ਹੀ ਨੁਬੀਅਨ ਸਲਾਮ ਯੋਗ, ਜਿਨਾਂ ਦੀ ਸ਼ੁਰੂਆਤ ਹੁਣ ਉੱਤਰੀ ਸੂਡਾਨ ਅਤੇ ਦੱਖਣੀ ਮਿਸਰ ਵਿਚ ਹੈ। ਮਾਸਾਈ ਆਪਣੇ ਜੀਵੰਤ ਰੰਗਾਂ ਤੇ ਸ਼ਾਨਦਾਰ ਸਮਾਰੋਹਾਂ ਲਈ ਮਸ਼ਹੂਰ ਹਨ। ਇੱਕ ਦੂਜੇ ਨੂੰ ਕੱਟਣ ਵਾਲੀਆਂ ਕਤਾਰਾਂ ਅਰੂਸ਼ਾ ਮਿਯੂਜ਼ੀਅਮ ਦਾ ਪ੍ਰਤੀਕ ਹਨ ਜਦੋਂ ਕਿ ਅਫਰੀਕਾ ਟਾਵਰ ਦੀ ਪ੍ਰਤੀਕ੍ਰਿਤੀ ਅਫਰੀਕੀ ਦੇਸ਼ਾਂ ਦੀ ਏਕਤਾ ਨੂੰ ਸਮਰਪਿਤ ਹੈ।

ਸੰਯੁਕਤ ਅਰਬ ਅਮੀਰਾਤ : ਭਵਿੱਖ ਦੇ ਸ਼ਾਨਦਾਰ ਆਰਕੀਟੈਕਚਰਲ ਰਤਨ ਮਿਊਜ਼ੀਅਮ ਨੂੰ ਯੂਏਈ ਪਵੇਲੀਅਨ ਅਗਲੇ ਹਿੱਸੇ ਵਿਚ ਸ਼ਾਮਲ ਕੀਤਾ ਗਿਆ ਹੈ। ਵਿੰਡ ਟਾਵਰ, ਉਠ, ਖਜੂਰ ਦੇ ਦਰੱਖਤ, ਢੋਅ, ਬਾਜ਼ ਸਮੇਤ ਯੂਏਈ ਦੇ ਮਜਬੂਤ ਸਭਿਆਚਾਰ ਅਤੇ ਵਿਰਾਸਤ ਦੇ ਸਮਾਨਾਰਥੀ ਕਈ ਨਕਸ਼ਿਆਂ ਨੂੰ ਦਿਖਾਇਆ ਗਿਆ ਹੈ। ਟੂਰਿਸਟ ਸਥਾਨਕ ਕਾਰੀਗਰਾਂ ਦੁਆਰਾ ਤਿਆਰ ਗਲੀਚੇ, ਬਰਤਨ, ਟੋਕਰੀਆਂ, ਰਵਾਇਤੀ ਕਪੜੇ, ਖੋਪੀ ਅਤੇ ਅਤਰ ਵਗੈਰਾ ਖਰੀਦ ਸਕਦੇ ਹਨ।

ਚੀਨ ਪਵੇਲੀਅਨ ਦਾ ਡਿਜ਼ਾਇਨ ਚੀਨੀ ਸੱਭਿਆਚਾਰਕ ਘਰਾਂ ਤੋਂ ਪ੍ਰਭਾਵਿਤ ਹੈ।ਘਰਾਂ ਦੀ ਛੱਤ ਦੀ ਵਰਤੋਂ ਨਕਾਬ ਦੇ ਸਿਖਰ ਬਣਾਉਣ ਲਈ ਕੀਤੀ ਜਾਂਦੀ ਹੈ ਅਤੇ ਨਮੂਨੇ ਪੂਰੇ ਚਿਹਰੇ ਨੂੰ ਸਜਾਉਣ ਲਈ ਵਰਤੇ ਜਾਂਦੇ ਸਨ। ਬੀਜਿੰਗ ਸਿਹੇਯੁਆਨ ਵੱਜੋਂ ਵੀ ਜਾਣਿਆ ਜਾਂਦਾ ਹੈ। ਅੰਦਰ ਵੱਲ ਮੂੰਹ ਕਰਨ ਵਾਲੀਆਂ ਬਣਤਰਾਂ ਅਤੇ ਕੇਂਦਰੀ ਵਿਹੜੇ ਵਾਲੀਆਂ ਇਹਨਾਂ ਰਵਾਇਤੀ ਇਮਾਰਤਾਂ ਦਾ ਉਦੇਸ਼ ਨਿਵਾਸੀਆਂ ਦੀ ਗੋਪਨੀਯਤਾ ਨੂੰ ਯਕੀਨੀ ਬਣਾਉਂਦੇ ਹੋਏ ਵੱਧ ਤੋਂ ਵੱਧ ਸੂਰਜ ਦੀ ਰੋਸ਼ਨੀ ਪ੍ਰਾਪਤ ਕਰਨਾ ਸੀ। ਇੱਥੇ ਵਿਸ਼ਵ ਪ੍ਰਸਿੱਧ ਡਰੈਗਨ ਡਾਂਸ, ਗੁਜ਼ੇਂਗ ਸੰਗੀਤ, ਮਨਮੋਹਕ ਦਸਤਕਾਰੀ ਦੇਖਣ ਦੇ ਨਾਲ ਕਈ ਕਿਸਮ ਦੀ ਹਰਬਲ ਚੀਨੀ ਚਾਹ ਦਾ ਆਨੰਦ ਵੀ ਲੈ ਸਕਦੇ ਹੋ।

ਪਾਕਿਸਤਾਨ ਪਵੇਲੀਅਨ ਮੁਗਲ ਯੁੱਗ ਦੇ ਇਸਲਾਮੀਆ ਕਾਲਜ, ਸ਼ਾਨਦਾਰੀ ਮਸਜਿਦ, ਰਣਜੀਤ ਸਿੰਘ ਦੀ ਕਬਰ, ਅਤੇ ਆਰਕੀਟੈਕਚਰਲ ਅਜੂਬੇ ਪਾਕਿਸਤਾਨ ਦੇ ਡੂੰਘੇ ਇਤਿਹਾਸ ਤੇ ਸੱਭਿਆਚਾਰਕ ਵਿਰਾਸਤ ਨੂੰ ਯਾਦ ਕੀਤਾ ਗਿਆ ਹੈ। ਇੱਥੇ ਤੁਸੀਂ ਪਾਕਿਸਤਾਨੀ ਪਕਵਾਨਾਂ ਦਾ ਆਨੰਦ, ਮਨਮੋਹਕ ਪ੍ਰਦਰਸ਼ਨ ਤੇ ਇੱਕ ਜੀਵੰਤ ਬਾਜ਼ਾਰ ਵਿਚ ਸਮਾਂ ਬਿਤਾ ਸਕਦੇ ਹੋ। ਗਲੋਬਲ ਵਿਲੇਜ ਦੁਬਈ ਦੇ ਪਵੇਲੀਅਨ ਘੁੰਮ ਕੇ ਕਦੇ ਨਾ ਭੁੱਲਣ ਵਾਲਾ ਅਹਿਸਾਸ ਹਮੇਸ਼ਾ ਰਹੇਗਾ।

# ਸੁਰੱਖਿਅਤ ਭੋਜਨ ਕਿੰਨਾ ਖਤਰਨਾਕ... ?

**ਸੰਦੀਪ ਕੁਮਾਰ**
7009807121



ਅੱਜ ਦੇ ਆਧੁਨਿਕ ਯੁਗ ਵਿੱਚ, ਜਦੋਂ ਵਿਗਿਆਨ ਨੇ ਹਰ ਖੇਤਰ ਵਿੱਚ ਬੇਮਿਸਾਲ ਤਰੱਕੀ ਕੀਤੀ ਹੈ, ਭੋਜਨ ਸੰਬੰਧੀ ਉਦਯੋਗ ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਸੁਰੱਖਿਅਤ ਭੋਜਨ, ਜਿਸ ਨੂੰ ਅੰਗਰੇਜ਼ੀ ਵਿੱਚ 'ਪ੍ਰੀਜ਼ਰਵਡ ਫੂਡ' ਕਿਹਾ ਜਾਂਦਾ ਹੈ, ਅੱਜ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਸੁਪਰਮਾਰਕੀਟਾਂ ਦੀਆਂ ਅਲਮਾਰੀਆਂ ਤੋਂ ਲੈ ਕੇ ਘਰਾਂ ਦੀਆਂ ਰਸੋਈਆਂ ਤੱਕ, ਇਹ ਭੋਜਨ ਪਦਾਰਥ ਆਪਣੀ ਲੰਬੀ ਮਿਆਦ ਅਤੇ ਵਰਤੋਂ ਦੀ ਸਹੂਲਤ ਕਾਰਨ ਪ੍ਰਸਿੱਧ ਹੋ ਚੁੱਕੇ ਹਨ। ਪਰ ਸਵਾਲ ਇਹ ਉੱਠਦਾ ਹੈ ਕਿ ਜੋ ਭੋਜਨ ਮਹੀਨਿਆਂ ਤੱਕ ਖਰਾਬ ਨਹੀਂ ਹੁੰਦਾ, ਕੀ ਉਹ ਸੱਚਮੁੱਚ ਸਾਡੀ ਸਿਹਤ ਲਈ ਸੁਰੱਖਿਅਤ ਹੈ? ਜਾਂ ਇਸ ਦੀ ਲੰਬੀ ਮਿਆਦ ਦੇ ਪਿੱਛੇ ਲੁਕੇ ਕੈਮੀਕਲ ਸਾਡੇ ਸਰੀਰ ਲਈ ਹਾਨੀਕਾਰਕ ਸਾਬਤ ਹੋ ਸਕਦੇ ਹਨ? ਸੁਰੱਖਿਅਤ ਭੋਜਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਲੰਬੀ ਸ਼ੈਲਫ-ਲਾਈਫ ਹੈ। ਆਮ ਤੌਰ 'ਤੇ ਜੇਕਰ ਅਸੀਂ ਘਰ ਵਿੱਚ ਭੋਜਨ ਤਿਆਰ ਕਰਦੇ ਹਾਂ, ਜਿਵੇਂ ਕਿ ਸਬਜ਼ੀਆਂ, ਦਾਲ ਜਾਂ ਰੋਟੀ, ਤਾਂ ਇਹ ਕੁਝ ਦਿਨਾਂ ਵਿੱਚ ਹੀ ਖਰਾਬ ਹੋ ਜਾਂਦਾ ਹੈ। ਇਸ ਦੇ ਪਿੱਛੇ ਕਾਰਨ ਹੈ ਬੈਕਟੀਰੀਆ ਅਤੇ ਫੰਗਸ ਦਾ ਵਧਣਾ, ਜੋ ਕੁਦਰਤੀ ਤੌਰ 'ਤੇ ਭੋਜਨ ਨੂੰ ਸੜਨ-ਗਲਨ ਦੀ ਪ੍ਰਕਿਰਿਆ ਵੱਲ ਲੈ ਜਾਂਦੇ ਹਨ। ਪਰ ਜਦੋਂ ਅਸੀਂ ਉਦਯੋਗਿਕ ਪੱਧਰ 'ਤੇ ਤਿਆਰ ਕੀਤੇ ਭੋਜਨ ਪਦਾਰਥਾਂ ਦੀ ਗੱਲ ਕਰਦੇ ਹਾਂ, ਜਿਵੇਂ ਕਿ ਡੱਬਾਬੰਦ ਖਾਣੇ, ਚਿਪਸ, ਬਿਸਕੁਟ, ਜੈਮ, ਸੌਸ ਜਾਂ ਫਰੋਜ਼ਨ ਫੂਡ, ਤਾਂ ਇਹ ਮਹੀਨਿਆਂ ਤੱਕ ਖਰਾਬ ਨਹੀਂ ਹੁੰਦੇ। ਇਸ ਦਾ ਕਾਰਨ ਹੈ ਇਨ੍ਹਾਂ ਵਿੱਚ ਵਰਤੇ ਜਾਣ ਵਾਲੇ ਪ੍ਰੀਜ਼ਰਵੇਟਿਵਜ਼ ਅਤੇ ਹੋਰ ਕੈਮੀਕਲ, ਜੋ ਬੈਕਟੀਰੀਆ ਅਤੇ ਫੰਗਸ ਦੇ ਵਾਧੇ ਨੂੰ ਰੋਕਦੇ ਹਨ। ਪਰ ਇਹ ਸਵਾਲ ਸਾਡੇ ਮਨ ਵਿੱਚ ਆਉਂਦਾ ਹੈ ਕਿ ਜੇਕਰ ਇਹ ਕੈਮੀਕਲ ਬੈਕਟੀਰੀਆ ਵਰਗੇ ਸੂਖਮ ਜੀਵਾਂ ਨੂੰ ਮਾਰ ਸਕਦੇ ਹਨ, ਤਾਂ ਇਹ ਸਾਡੇ ਸਰੀਰ ਦੀਆਂ ਕੋਸ਼ਿਕਾਵਾਂ ਅਤੇ ਸਿਹਤ 'ਤੇ ਕੀ ਅਸਰ ਪਾਉਂਦੇ ਹੋਣਗੇ?

ਪ੍ਰੀਜ਼ਰਵਡ ਫੂਡ ਵਿੱਚ ਵਰਤੇ ਜਾਣ ਵਾਲੇ ਕੈਮੀਕਲਾਂ ਦੀ ਸੂਚੀ ਕਾਫੀ ਲੰਬੀ ਹੈ। ਇਨ੍ਹਾਂ ਵਿੱਚ ਸੋਡੀਅਮ ਬੈਂਜ਼ੋਏਟ, ਪੋਟਾਸ਼ੀਅਮ ਸੋਰਬੇਟ, ਸਲਫਰ ਡਾਈਆਕਸਾਈਡ, ਨਾਈਟ੍ਰੇਟਸ, ਨਾਈਟ੍ਰਾਈਟਸ ਅਤੇ ਹੋਰ ਕਈ ਸਿੰਥੈਟਿਕ ਮਿਸ਼ਰਣ ਸ਼ਾਮਲ ਹਨ। ਇਹ ਕੈਮੀਕਲ ਭੋਜਨ ਨੂੰ ਖਰਾਬ ਹੋਣ ਤੋਂ ਬਚਾਉਂਦੇ ਹਨ, ਪਰ ਇਨ੍ਹਾਂ ਦਾ ਸੇਵਨ ਸਾਡੀ ਸਿਹਤ 'ਤੇ ਗੰਭੀਰ ਪ੍ਰਭਾਵ ਪਾ ਸਕਦਾ ਹੈ। ਉਦਾਹਰਣ ਵਜੋਂ, ਸੋਡੀਅਮ ਬੈਂਜ਼ੋਏਟ, ਜੋ ਆਮ ਤੌਰ 'ਤੇ ਸਾਫਟ ਡਰਿੰਕਸ, ਜੈਮ ਅਤੇ ਸੌਸ ਵਿੱਚ ਵਰਤਿਆ ਜਾਂਦਾ ਹੈ, ਨੂੰ ਕੁਝ ਅਧਿਐਨਾਂ ਵਿੱਚ ਅਸਥਮਾ, ਐਲਰਜੀ ਅਤੇ ਹਾਈਪਰਐਕਟੀਵਿਟੀ ਨਾਲ ਜੋੜਿਆ



ਗਿਆ ਹੈ। ਇਸੇ ਤਰ੍ਹਾਂ, ਨਾਈਟ੍ਰੇਟਸ ਅਤੇ ਨਾਈਟ੍ਰਾਈਟਸ, ਜੋ ਪ੍ਰੋਸੈਸਡ ਮੀਟ ਵਿੱਚ ਵਰਤੇ ਜਾਂਦੇ ਹਨ, ਨੂੰ ਕੈਂਸਰ ਦੇ ਵਧਦੇ ਜੋਖਮ ਨਾਲ ਸਬੰਧਤ ਮੰਨਿਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਵੀ ਪ੍ਰੋਸੈਸਡ ਮੀਟ ਨੂੰ ਕਾਰਸੀਨੋਜਨਿਕ (ਕੈਂਸਰ ਪੈਦਾ ਕਰਨ ਵਾਲਾ) ਪਦਾਰਥ ਦੀ ਸ਼੍ਰੇਣੀ ਵਿੱਚ ਰੱਖਿਆ ਹੈ। ਇਸ ਤੋਂ ਇਲਾਵਾ, ਸੁਰੱਖਿਅਤ ਭੋਜਨ ਦੀ ਪੋਸ਼ਟਿਕਤਾ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਜਦੋਂ ਭੋਜਨ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣ ਲਈ ਪ੍ਰੋਸੈਸ ਕੀਤਾ ਜਾਂਦਾ ਹੈ, ਤਾਂ ਇਸ ਦੌਰਾਨ ਇਸ ਦੇ ਕੁਦਰਤੀ ਪੌਸ਼ਟਿਕ ਤੱਤ, ਜਿਵੇਂ ਕਿ ਵਿਟਾਮਿਨ ਅਤੇ ਖਣਿਜ, ਨਸ਼ਟ ਹੋ ਜਾਂਦੇ ਹਨ। ਕਈ ਵਾਰ ਕੰਪਨੀਆਂ ਇਨ੍ਹਾਂ ਖਾਣਿਆਂ ਵਿੱਚ ਸਿੰਥੈਟਿਕ ਵਿਟਾਮਿਨ ਜਾਂ ਖਣਿਜ ਸ਼ਾਮਲ ਕਰਦੀਆਂ ਹਨ, ਪਰ ਇਹ ਕੁਦਰਤੀ ਸਰੋਤਾਂ ਤੋਂ ਮਿਲਣ ਵਾਲੇ ਪੌਸ਼ਟਿਕ ਤੱਤਾਂ ਜਿੰਨੇ ਪ੍ਰਭਾਵੀ ਨਹੀਂ ਹੁੰਦੇ। ਨਤੀਜੇ ਵਜੋਂ, ਅਸੀਂ ਸੋਚਦੇ ਹਾਂ ਕਿ ਅਸੀਂ ਪੋਸ਼ਟਿਕ ਭੋਜਨ ਖਾ ਰਹੇ ਹਾਂ, ਪਰ ਅਸਲ ਵਿੱਚ ਅਸੀਂ ਸਿਰਫ ਖਾਲੀ ਕੈਲੋਰੀਆਂ ਅਤੇ ਹਾਨੀਕਾਰਕ ਕੈਮੀਕਲਾਂ ਦਾ ਸੇਵਨ ਕਰ ਰਹੇ ਹੁੰਦੇ ਹਾਂ। ਇਹ ਸਥਿਤੀ ਖਾਸ ਤੌਰ 'ਤੇ ਬੱਚਿਆਂ ਅਤੇ ਨੌਜਵਾਨਾਂ ਲਈ ਚਿੰਤਾਜਨਕ ਹੈ, ਜਿਨ੍ਹਾਂ ਦੀ ਸਰੀਰਕ ਵਿਕਾਸ ਦੀ ਪ੍ਰਕਿਰਿਆ ਨੂੰ ਇਸ ਤਰ੍ਹਾਂ ਦੇ ਭੋਜਨ ਗੰਭੀਰ ਨੁਕਸਾਨ ਪਹੁੰਚਾ ਸਕਦੇ ਹਨ।

ਸੁਰੱਖਿਅਤ ਭੋਜਨ ਦਾ ਇੱਕ ਹੋਰ ਵੱਡਾ ਖਤਰਾ ਇਸ ਵਿੱਚ ਸ਼ਾਮਲ ਉੱਚ ਮਾਤਰਾ ਵਿੱਚ ਚੀਨੀ, ਨਮਕ ਅਤੇ ਟ੍ਰਾਂਸ ਫੈਟਸ ਹਨ। ਉਦਯੋਗਿਕ ਪੱਧਰ 'ਤੇ ਤਿਆਰ ਕੀਤੇ ਜਾਣ ਵਾਲੇ ਜ਼ਿਆਦਾਤਰ ਭੋਜਨ ਪਦਾਰਥ, ਜਿਵੇਂ ਕਿ ਚਿਪਸ, ਬਿਸਕੁਟ, ਨੂਡਲਜ਼ ਅਤੇ ਸਾਫਟ ਡਰਿੰਕਸ, ਵਿੱਚ ਚੀਨੀ ਅਤੇ ਨਮਕ ਦੀ ਮਾਤਰਾ ਸਿਹਤ ਲਈ ਨੁਕਸਾਨਦੇਹ ਪੱਧਰ ਤੱਕ ਹੁੰਦੀ ਹੈ। ਇਸੇ ਤਰ੍ਹਾਂ, ਟ੍ਰਾਂਸ ਫੈਟਸ, ਜੋ ਕਈ ਪ੍ਰੋਸੈਸਡ ਫੂਡਜ਼ ਵਿੱਚ ਵਰਤੇ ਜਾਂਦੇ ਹਨ, ਦਿਲ ਦੀਆਂ ਬਿਮਾਰੀਆਂ, ਮੋਟਾਪੇ ਅਤੇ ਕੋਲੈਸਟ੍ਰੋਲ ਦੇ ਵਧਣ ਦਾ ਕਾਰਨ ਬਣਦੇ ਹਨ। ਅਜਿਹੇ ਭੋਜਨ ਦਾ ਨਿਯਮਤ ਸੇਵਨ ਨਾ ਸਿਰਫ ਸਾਡੀ ਸਿਹਤ ਨੂੰ ਖਰਾਬ ਕਰਦਾ ਹੈ, ਸਗੋਂ ਸਾਡੀ ਜੀਵਨਸ਼ੈਲੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮੋਟਾਪਾ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਵਰਗੀਆਂ ਸਮੱਸਿਆਵਾਂ ਅੱਜ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਮ ਹੋ ਗਈਆਂ ਹਨ, ਅਤੇ ਇਸ ਦਾ ਇੱਕ ਵੱਡਾ ਕਾਰਨ ਸੁਰੱਖਿਅਤ ਅਤੇ ਪ੍ਰੋਸੈਸਡ ਭੋਜਨ ਦਾ ਵਧਦਾ ਸੇਵਨ ਹੈ। ਕੰਪਨੀਆਂ ਦੀ ਮਾਰਕੀਟਿੰਗ ਰਣਨੀਤੀ ਵੀ ਸੁਰੱਖਿਅਤ ਭੋਜਨ ਦੇ ਖਤਰਿਆਂ ਨੂੰ ਵਧਾਉਂਦੀ ਹੈ। ਇਹ ਕੰਪਨੀਆਂ ਆਪਣੇ ਉਤਪਾਦਾਂ ਨੂੰ ਸਿਹਤਮੰਦ ਅਤੇ ਪੋਸ਼ਟਿਕ ਦੱਸਣ ਲਈ ਆਕਰਸ਼ਕ ਸਲੋਗਨ ਅਤੇ ਪੈਕੇਜਿੰਗ ਦੀ ਵਰਤੋਂ ਕਰਦੀਆਂ ਹਨ। 'ਲੋ-ਫੈਟ', 'ਜ਼ੀਰੋ ਸ਼ੂਗਰ', 'ਵਿਟਾਮਿਨ ਨਾਲ ਭਰਪੂਰ' ਜਾਂ 'ਆਰਗੈਨਿਕ' ਵਰਗੇ ਸ਼ਬਦ ਗਾਹਕਾਂ ਨੂੰ ਆਕਰਸ਼ਿਤ ਕਰਦੇ ਹਨ, ਪਰ ਅਕਸਰ ਇਹ ਦਾਅਵੇ ਸੱਚਾਈ ਤੋਂ ਕੋਹਾਂ ਦੂਰ ਹੁੰਦੇ ਹਨ। ਉਦਾਹਰਣ ਵਜੋਂ, 'ਜ਼ੀਰੋ ਸ਼ੂਗਰ' ਵਾਲੇ ਉਤਪਾਦਾਂ ਵਿੱਚ ਅਕਸਰ ਕ੍ਰਿਤ੍ਰਿਮ ਮਿਠਾਸ ਵਰਤੀ ਜਾਂਦੀ ਹੈ, ਜੋ ਸਿਹਤ ਲਈ ਹਾਨੀਕਾਰਕ ਹੋ ਸਕਦੀਆਂ ਹਨ।

ਇਸੇ ਤਰ੍ਹਾਂ, 'ਲੋ-ਫੈਟ' ਉਤਪਾਦਾਂ ਵਿੱਚ ਅਕਸਰ ਚੀਨੀ ਜਾਂ ਸਟਾਰਚ ਦੀ ਮਾਤਰਾ ਵਧਾ ਦਿੱਤੀ ਜਾਂਦੀ ਹੈ, ਜੋ ਸਿਹਤ ਨੂੰ ਹੋਰ ਨੁਕਸਾਨ ਪਹੁੰਚਾਉਂਦੀ ਹੈ। ਇਹ ਮਾਰਕੀਟਿੰਗ ਚਾਲਬਾਜ਼ੀਆਂ ਗਾਹਕਾਂ ਨੂੰ ਗੁੰਮਰਾਹ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਅਜਿਹੇ ਭੋਜਨ ਦੀ ਵਰਤੋਂ ਲਈ ਪ੍ਰੇਰਿਤ ਕਰਦੀਆਂ ਹਨ, ਜੋ ਸਰੀਰ ਲਈ ਲਾਭਦਾਇਕ ਨਹੀਂ ਸਗੋਂ ਨੁਕਸਾਨਦੇਹ ਹੁੰਦੇ ਹਨ।

ਸੁਰੱਖਿਅਤ ਭੋਜਨ ਦੇ ਵਧਦੇ ਸੇਵਨ ਦਾ ਸਮਾਜਿਕ ਅਤੇ ਸੱਭਿਆਚਾਰਕ ਪ੍ਰਭਾਵ ਵੀ ਘੱਟ ਨਹੀਂ ਹੈ। ਪਹਿਲਾਂ, ਖਾਸ ਕਰਕੇ ਪੰਜਾਬੀ ਸਮਾਜ ਵਿੱਚ, ਘਰੇਲੂ ਭੋਜਨ ਨੂੰ ਸਿਹਤ ਅਤੇ ਪਰੰਪਰਾ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਤਾਜ਼ੀਆਂ ਸਬਜ਼ੀਆਂ, ਘਰ ਵਿੱਚ ਬਣਿਆ ਦਹੀਂ, ਮੱਖਣ ਅਤੇ ਰੋਟੀ ਨਾ ਸਿਰਫ ਸੁਆਦੀ ਸਨ, ਸਗੋਂ ਪੋਸ਼ਟਿਕ ਵੀ ਸਨ। ਪਰ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਵਿੱਚ, ਜਦੋਂ ਸਮਾਂ ਸੀਮਤ ਹੈ, ਲੋਕ ਸੁਰੱਖਿਅਤ ਅਤੇ ਤੁਰੰਤ ਤਿਆਰ ਹੋਣ ਵਾਲੇ ਭੋਜਨ ਵੱਲ ਵਧ ਰਹੇ ਹਨ। ਇਸ ਨਾਲ ਨਾ ਸਿਰਫ ਸਾਡੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ, ਸਗੋਂ ਸਾਡੀ ਰਸੋਈ ਸੰਸਕ੍ਰਿਤੀ ਵੀ ਖਤਮ ਹੋ ਰਹੀ ਹੈ। ਬੱਚੇ, ਜੋ ਪਹਿਲਾਂ ਘਰ ਦੇ ਬਣੇ ਪਕਵਾਨਾਂ ਦਾ ਸੁਆਦ ਚੱਖਦੇ ਸਨ, ਅੱਜ ਪੀਜ਼ਾ, ਬਰਗਰ ਅਤੇ ਨੂਡਲਜ਼ ਦੇ ਆਦੀ ਹੋ ਰਹੇ ਹਨ। ਇਹ ਤਬਦੀਲੀ ਸਾਡੀ ਅਗਲੀ ਪੀੜ੍ਹੀ ਦੀ ਸਿਹਤ ਅਤੇ ਸੱਭਿਆਚਾਰਕ ਵਿਰਾਸਤ ਲਈ ਵੀ ਖਤਰਾ ਬਣ ਰਹੀ ਹੈ। ਸੁਰੱਖਿਅਤ ਭੋਜਨ ਦੇ ਖਤਰਿਆਂ ਨੂੰ ਘਟਾਉਣ ਲਈ ਸਾਨੂੰ ਕੁਝ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਾਨੂੰ ਆਪਣੀ ਖੁਰਾਕ ਵਿੱਚ ਤਾਜ਼ੇ ਅਤੇ ਕੁਦਰਤੀ ਭੋਜਨ ਨੂੰ ਪਹਿਲ ਦੇਣੀ ਚਾਹੀਦੀ ਹੈ। ਸਥਾਨਕ ਬਜ਼ਾਰਾਂ ਤੋਂ ਤਾਜ਼ੀਆਂ ਸਬਜ਼ੀਆਂ, ਫਲ ਅਤੇ ਅਨਾਜ ਖਰੀਦਣੇ ਸਾਡੀ ਸਿਹਤ ਲਈ ਲਾਭਦਾਇਕ ਹੋ ਸਕਦੇ ਹਨ। ਦੂਜਾ, ਸਾਨੂੰ ਪ੍ਰੋਸੈਸਡ ਅਤੇ ਸੁਰੱਖਿਅਤ ਭੋਜਨ ਦੀ ਵਰਤੋਂ ਨੂੰ ਸੀਮਤ ਕਰਨਾ ਚਾਹੀਦਾ ਹੈ। ਜੇਕਰ ਅਸੀਂ ਅਜਿਹੇ ਭੋਜਨ ਦਾ ਸੇਵਨ ਕਰਦੇ ਹਾਂ, ਤਾਂ ਪੈਕੇਜਿੰਗ 'ਤੇ ਲਿਖੇ ਇੰਗਰੀਡੀਐਂਟਸ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਅਤੇ ਅਜਿਹੇ ਉਤਪਾਦਾਂ ਤੋਂ ਬਚਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਅਣਜਾਣ ਜਾਂ ਸਿੰਥੈਟਿਕ ਕੈਮੀਕਲ ਸ਼ਾਮਲ ਹੋਣ। ਤੀਜਾ, ਸਰਕਾਰ ਅਤੇ ਸਿਹਤ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿੱਚ ਸਖਤ ਕਦਮ ਚੁੱਕਣ ਦੀ ਲੋੜ ਹੈ। ਪ੍ਰੀਜ਼ਰਵੇਟਿਵਜ਼ ਅਤੇ ਹੋਰ ਕੈਮੀਕਲਾਂ ਦੀ ਮਾਤਰਾ ਨੂੰ ਨਿਯਮਤ ਕਰਨ ਲਈ ਸਖਤ ਨਿਯਮ ਬਣਾਏ ਜਾਣੇ ਚਾਹੀਦੇ ਹਨ ਅਤੇ ਗਾਹਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

ਅੰਤ ਵਿੱਚ, ਸੁਰੱਖਿਅਤ ਭੋਜਨ ਦੀ ਸਹੂਲਤ ਅਤੇ ਆਕਰਸ਼ਕ ਪੈਕੇਜਿੰਗ ਸਾਨੂੰ ਆਪਣੇ ਵੱਲ ਖਿੱਚ ਸਕਦੀ ਹੈ, ਪਰ ਇਸ ਦੇ ਪਿੱਛੇ ਛੁਪੇ ਸਿਹਤ ਸੰਬੰਧੀ ਖਤਰੇ ਸਾਡੇ ਜੀਵਨ ਅਤੇ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਗੰਭੀਰ ਚੁਣੌਤੀਆਂ ਪੈਦਾ ਕਰਦੇ ਹਨ। ਇਹ ਕੈਮੀਕਲ-ਯੁਕਤ ਅਤੇ ਪ੍ਰੋਸੈਸਡ ਭੋਜਨ ਨਾ ਸਿਰਫ ਸਾਡੀ ਸਰੀਰਕ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਸਾਡੀ ਸੱਭਿਆਚਾਰਕ ਵਿਰਾਸਤ ਅਤੇ ਖਾਣ-ਪੀਣ ਦੀਆਂ ਪਰੰਪਰਾਵਾਂ ਨੂੰ ਵੀ ਖਤਰੇ ਵਿੱਚ ਪਾਉਂਦੇ ਹਨ। ਪੰਜਾਬੀ ਸਭਿਆਚਾਰ, ਜੋ ਤਾਜ਼ੇ ਅਤੇ ਘਰੇਲੂ ਭੋਜਨ ਦੀ ਸੰਭਾਲ ਅਤੇ ਸਿਹਤਮੰਦ ਜੀਵਨਸ਼ੈਲੀ 'ਤੇ ਜ਼ੋਰ ਦਿੰਦਾ ਹੈ, ਸਾਨੂੰ ਪ੍ਰੇਰਨਾ ਦੇ ਸਕਦਾ ਹੈ ਕਿ ਅਸੀਂ ਪ੍ਰੋਸੈਸਡ ਭੋਜਨ ਦੀ ਵਰਤੋਂ ਘਟਾਈਏ ਅਤੇ ਤਾਜ਼ੀਆਂ ਸਬਜ਼ੀਆਂ, ਫਲ ਅਤੇ ਕੁਦਰਤੀ ਅਨਾਜ ਨੂੰ ਅਪਣਾਈਏ। ਸਾਨੂੰ ਪੈਕੇਜਡ ਭੋਜਨ ਦੀ ਸਮੱਗਰੀ ਨੂੰ ਧਿਆਨ ਨਾਲ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਅਜਿਹੇ ਉਤਪਾਦਾਂ ਤੋਂ ਬਚਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਹਾਨੀਕਾਰਕ ਕੈਮੀਕਲ ਸ਼ਾਮਲ ਹੋਣ। ਸਰਕਾਰ ਅਤੇ ਸਿਹਤ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿੱਚ ਜਾਗਰੂਕਤਾ ਫੈਲਾਉਣ ਅਤੇ ਸਖਤ ਨਿਯਮ ਲਾਗੂ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ। ਸਿਰਫ ਸਾਂਝੇ ਯਤਨਾਂ ਨਾਲ ਹੀ ਅਸੀਂ ਸੁਰੱਖਿਅਤ ਭੋਜਨ ਦੇ ਖਤਰਿਆਂ ਤੋਂ ਬਚ ਸਕਦੇ ਹਾਂ ਅਤੇ ਇੱਕ ਸਿਹਤਮੰਦ, ਸੁਰੱਖਿਅਤ ਅਤੇ ਸਮਰੱਥ ਭਵਿੱਖ ਦੀ ਸਿਰਜਣਾ ਕਰ ਸਕਦੇ ਹਾਂ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਸਵਾਰਥੀ ਜੀਵਨਸ਼ੈਲੀ ਦਾ ਤਿਆਗ ਕਰੋ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋ: 98781-11445





**ਸਵਾਰਥ ਅਤੇ ਹਿੰਮਤ ਨਾਲ ਕੀਤੀ ਇੱਛਾ ਪੂਰਤੀ ਬਰਾਬਰ ਨਹੀਂ ਹੁੰਦੀ ਕਿਹਾ ਜਾਂਦਾ ਹੈ ਜਿਸ ਮਨੁੱਖ ਕੋਲ ਕਾਰਜ ਸਮਰਥਾ ਅਤੇ ਇਮਾਨਦਾਰੀ ਹੈ ਉਸ ਦੇ ਸਿਦਕ ਨੂੰ ਦਬਾਇਆ ਨਹੀਂ ਜਾ ਸਕਦਾ, ਅਜਿਹੇ ਮਨੁੱਖ ਸਵਾਰਥ ਨੂੰ ਦਰਕਿਨਾਰ ਕਰਕੇ ਆਪਣੀ ਸਮਰਥਾ ਨਾਲ ਇੱਛਾ ਪੂਰਤੀ ਕਰਦੇ ਹਨ। ਆਪਣੀ ਅੰਦਰਲੀ ਪ੍ਰਤਿਭਾ ਨੂੰ ਉਜਾਗਰ ਕਰਕੇ ਸਵਾਰਥ ਨੂੰ ਅੰਦਰੋਂ ਬਾਹਰ ਕੱਢੋ। ਵਧੀਆ ਆਦਤਾਂ ਅਤੇ ਸਾਰਥਕ ਸੁਭਾਅ ਰੱਖੋ। ਸਵਾਰਥ ਦੀ ਉਡੀਕ ਅਤੇ ਝਾਕ ਹਮੇਸ਼ਾ ਲਈ ਆਪਣੇ ਅੰਦਰੋਂ ਕੱਢੋ। ਅਸੂਲਾਂ ਅਨੁਸਾਰ ਜਿੰਦਗੀ ਜਿਊਣ ਦਾ ਹੁਨਰ ਸਿੱਖੋ, ਇਸ ਨਾਲ ਹੀ ਸਮਾਜ ਵਿੱਚ ਬੰਦੇ ਦਾ ਇਖਲਾਕ ਉੱਚਾ ਹੁੰਦਾ ਹੈ।**

ਸਾਡੇ ਜੀਵਨ ਦੇ ਚੱਲਦੇ ਪੰਧ ਵਿੱਚ ਆਪੋਧਾਪੀ ਮਚੀ ਹੋਈ ਹੈ। ਸਵਾਰਥ ਸਾਡੀ ਜਿੰਦਗੀ ਵਿੱਚ ਭਾਰੂ ਹੈ। ਸਵਾਰਥ ਮਨੁੱਖ ਦੀ ਹੋਂਦ ਦੇ ਨਾਲ-ਨਾਲ ਚੱਲਦਾ ਹੈ। ਇਸ ਦੇ ਤਾਣੇ-ਬਾਣੇ ਵਿੱਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਸਮੇਂ ਅਸੀਂ ਸਭ ਕੁੱਝ ਛਿੱਕੇ ਟੰਗ ਕੇ ਆਪਣਾ ਉੱਲੂ ਸਿੱਧਾ ਕਰਦੇ ਹਾਂ, ਦੂਜਾ ਭਾਵੇਂ ਖੂਹ ਵਿੱਚ ਜਾਵੇ। ਆਪਣੇ ਅੰਦਰ ਸੱਚੇ ਮੰਨ ਨਾਲ ਝਾਤੀ ਮਾਰਕੇ ਦੇਖੀਏ ਤਾਂ ਲੱਗਦਾ ਹੈ ਕਿ ਮੈਂ ਵੀ ਸਵਾਰਥੀ ਹਾਂ। ਉਂਝ ਤਾਂ ਸਾਰੀ ਦੁਨੀਆਂ ਸਵਾਰਥੀ ਹੈ ਪਰ ਅਸੀਂ ਵੀ ਉਹਨਾਂ ਵਿੱਚੋਂ ਇੱਕ ਹੁੰਦੇ ਹਾਂ। ਸਾਡਾ ਜੀਵਨ ਸਵਾਰਥ ਨਾਲੋਂ ਪਰਸਵਾਰਥੀ ਅਤੇ ਪਰਉਪਕਾਰੀ ਬਣੇ ਤਾਂ ਜੀਵਨ ਸੁਖਾਲਾ ਹੁੰਦਾ ਹੈ। ਮਤਲਬ ਲਈ ਗਧੇ ਨੂੰ ਬਾਪ ਬਣਾਉਣ ਦਾ ਸੰਕਲਪ ਦਰ ਕਿਨਾਰ ਹੋਣਾ ਚਾਹੀਦਾ ਹੈ। ਸਮਾਜ ਵਿੱਚ ਆਮ ਦੇਖਿਆ ਜਾਂਦਾ ਹੈ ਕਿ ਸਵਾਰਥੀ ਦੂਰੋਂ ਹੀ ਪਛਾਣਿਆ ਜਾਂਦਾ ਹੈ। ਉਸ ਦੇ ਸਵਾਰਥ ਦੀ ਸਿੱਧੀ ਅਗਲੇ ਉੱਤੇ ਨਿਰਭਰ ਕਰਦੀ ਹੈ। ਸਵਾਰਥੀ ਦੀ ਅੱਖ ਅੰਦਰੋਂ ਜ਼ਰੂਰ ਸ਼ਰਮਾਉਂਦੀ ਹੈ। ਉਸ ਦੀ ਆਦਤ ਪੱਕ ਚੁੱਕੀ ਹੁੰਦੀ ਹੈ। ਅਸੀਂ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਸਮਝਣ ਵਿੱਚ ਵੀ ਨਾਕਾਮ ਰਹੇ। ਸ਼੍ਰੀ ਗੁਰੂ ਅਰਜਨ ਦੇਵ ਜੀ ਸਮਝਾ ਵੀ ਗਏ ਸਨ, "ਕਿਸੈ ਨਾ ਬਦੈ ਆਪਿ ਅਹੰਕਾਰੀ, ਧਰਮਰਾਇ ਤਿਸੁ ਕਰੇ ਖੁਆਰੀ, ਗੁਰਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ, ਸੋ ਜਨੁ ਨਾਨਕ ਦਰਗਹ ਪਰਵਾਨੁ"

ਸਾਡੇ ਵਿੱਚ ਇਕ ਦੂਜੇ ਤੋਂ ਅੱਗੇ ਲੰਘਣ ਦੀ ਚਾਹਨਾ ਹੁੰਦੀ ਹੈ। ਸਾਡੀ ਕੋਸਿਸ਼ ਹੁੰਦੀ ਹੈ ਕਿ ਅਸੀਂ ਅਗਲੇ ਨੂੰ ਮਿੱਧ ਕੇ ਅੱਗੇ ਲੰਘੀਏ, ਜਦੋਂ ਕਿ ਇਹ ਅਭਿਆਸ ਗਲਤ ਹੁੰਦਾ ਹੈ। ਸਾਨੂੰ ਆਪਣਾ ਵੱਖਰਾ ਰਸਤਾ ਅਖਤਿਆਰ ਕਰਕੇ ਅੱਗੇ ਲੰਘਣਾ ਚਾਹੀਦਾ ਹੈ। ਇਸ ਧਾਰਨਾ ਵਿੱਚ ਸਾਡਾ ਸਵਾਰਥ ਅਤੇ ਈਰਖਾ ਲੁਕੀ ਹੈ। ਸਾਇੰਸ ਦੱਸਦੀ ਹੈ ਕਿ ਸਾਹਮਣੇ ਖੜਾ ਬੰਦਾ ਹਲੀਮੀ ਨਾਲ ਪੇਸ਼ ਆਵੇ ਤਾਂ ਸਵਾਰਥੀ ਬੰਦੇ ਦੇ ਦਿਮਾਗ ਅੰਦਰਲੇ ਸੈਲਫਿਸ਼ ਝੱਟਕੇ ਉਸ ਨੂੰ ਦੂਜੇ ਦਾ ਫਾਇਦਾ ਲੈਣ ਲਈ ਉਕਸਾਉਂਦੇ ਰਹਿੰਦੇ ਹਨ, ਇੰਝ ਸਵਾਰਥੀ ਬੰਦਾ ਦਿਮਾਗ ਵਿੱਚਲੇ ਸੁਨੇਹਿਆ ਦੇ ਭੰਡਾਰ ਹੇਠ ਦੂਜੇ ਦਾ ਮਾੜਾ ਕਰ ਜਾਂਦਾ ਹੈ। ਆਮ ਲੋਕਾਂ ਵਿੱਚ ਸਵਾਰਥੀ ਬੰਦੇ ਦੇ ਲੱਛਣ ਇਹ ਹੁੰਦੇ ਹਨ ਕਿ ਬਦਲਾ ਲਊ ਭਾਵਨਾ, ਆਵਾਜ਼ ਨਰਮ ਰੱਖਣੀ, ਕਿੰਤੂ ਪ੍ਰੰਤੂ ਸਵਿਕਾਰ ਨਾ ਕਰਨਾ, ਝੂਠ ਦੀ ਮੁਹਾਰਤ ਵਗੈਰਾ-ਵਗੈਰਾ। ਸਵਾਰਥ ਅਜਿਹੀ ਚੀਜ ਹੈ ਜੋ ਬੰਦੇ ਨੂੰ ਆਪਣੇ ਆਪ ਸਿਆਣਾ ਬਣਾ ਦਿੰਦੀ ਹੈ। ਜਿਸ ਨਾਲ ਕੰਮ ਵਾਹ ਵਾਸਤਾ ਪੈਣ ਦੀ ਆਸ ਹੋਵੇ ਉਸ ਪ੍ਰਤੀ ਸ਼ਬਦਾਵਲੀ ਬਦਲ ਜਾਂਦੀ ਹੈ। ਉਂਝ ਸਵਾਰਥ ਬੁਰੀ ਆਦਤ ਹੈ ਇਸ ਨੂੰ ਤਿਆਗ ਕੇ ਖੁਦ ਬਾਹੂਵਲੀ ਬਣਨਾ ਚਾਹੀਦਾ ਹੈ। ਸਵਾਰਥੀ ਆਪਣੇ ਗੁਣ ਤੋਂ ਜਾਣੂ ਹੁੰਦਾ ਹੋਇਆ ਵੀ ਅਨਜਾਣ ਬਣ ਜਾਂਦਾ ਹੈ। ਇਹ ਥਾਮਸ ਕਾਰਲਾਇਲ ਦੇ ਇਸ ਕਥਨ ਨੂੰ ਝੂਠਾ ਕਰ ਦਿੰਦਾ ਹੈ, "ਆਦਮੀ ਦਾ ਸਭ ਤੋਂ ਵੱਡਾ ਔਗਣ ਆਪਣੇ ਕਿਸੇ ਔਗਣ ਤੋਂ ਜਾਣੂ ਨਾ ਹੋਣਾ ਹੈ"। ਮਨੁੱਖ ਬੁਨਿਆਦੀ ਤੌਰ ਤੇ ਚੰਗਾ ਹੁੰਦਾ ਹੈ ਪਰ ਸਵਾਰਥ ਭਰਪੂਰ ਜਿੰਦਗੀ ਇਸ ਦੇ ਆਸ਼ਾਵਾਦੀ ਗੁਣਾਂ ਨੂੰ ਨਿਰਾਸ਼ਾਵਾਦ ਵੱਲ ਧੱਕਣ ਦਾ ਕੰਮ ਕਰਦੀ ਹੈ। ਹਾਂ ਇਕ ਗੱਲ ਜ਼ਰੂਰ ਹੈ ਜੇ ਅਸੀਂ ਸਵਾਰਥੀ ਦੀ ਪਹਿਚਾਣ ਕਰਦੇ ਹਾਂ ਤਾਂ ਘੱਟੋ ਘੱਟ ਆਪਣੇ ਆਪ ਨੂੰ ਇਸ ਆਦਤ ਤੋਂ ਦੂਰ ਰੱਖ ਸਕਦੇ ਹਾਂ।

ਮਨੁੱਖ ਉਹੀ ਕੁੱਝ ਕਰਦਾ ਹੈ ਜੋ ਸੋਚਦਾ ਹੈ। ਸਵਾਰਥ ਦੀ ਲੋੜ ਅਤੇ ਹੋੜ ਰੱਖਣਾ ਅਨੈਤਿਕਤਾ ਅਤੇ ਆਤਮਿਕ ਦੀਵਾਲੀਪਣ ਹੁੰਦਾ ਹੈ, ਇਹ ਹੋਰ ਕਿਸੇ ਕਾਸੇ ਜੋਗਾ ਨਹੀਂ ਰਹਿਣ ਦਿੰਦਾ। ਅੱਜ ਦੇ ਯੁੱਗ ਵਿੱਚ ਸਵਾਰਥ ਸੱਚਾ ਜਿਹਾ ਅਤੇ ਪਰਸਵਾਰਥ ਝੂਠਾ ਜਿਹਾ ਨਜ਼ਰੀ ਆਉਂਦਾ ਹੈ। ਇਹ ਇਕ ਆਮ ਵਰਤਾਰਾ ਅਤੇ ਆਦਤ ਬਣ ਚੁੱਕੀ ਹੈ। ਇਹ ਬਿਰਤੀ ਅੱਗੇ ਤੋਂ ਅੱਗੇ ਤੁਰੀ ਜਾਂਦੀ ਹੈ। ਸਿਆਣੇ ਕਹਿੰਦੇ ਹਨ ਨਾ-ਸ਼ੁਕਰੇ ਵਿਅਕਤੀ ਨਾਲੋਂ ਵਫਾਦਾਰ ਕੁੱਤਾ ਪਾਲ ਲਵੋਂ ਤਾਂ ਚੰਗਾ ਹੈ। ਸਵਾਰਥ ਵੇਲੇ ਬੇਹੱਦ ਨਿਮਰਤਾ ਆ ਜਾਂਦੀ ਹੈ ਬਾਦ ਵਿੱਚ ਵਿਅਕਤੀ ਆਪਣੀ ਅਸਲ ਜਿੰਦਗੀ ਵੱਲ ਪਰਤ ਆਉਂਦਾ ਹੈ। ਸਵਾਰਥ ਨੁਮਾ ਜਿੰਦਗੀ ਨਾਲ ਜੀਵਨ ਸੁਖਾਲਾ ਨਹੀਂ ਬਲਕਿ ਪਰਤ ਦਰ ਪਰਤ ਔਖਾ ਹੁੰਦਾ ਹੈ। ਇਹ ਸਮਾਜਿਕ ਤਾਣੇ-ਬਾਣੇ ਨਾਲੋਂ ਤੋੜ ਦਿੰਦਾ ਹੈ। ਆਖਿਰ ਸਵਾਰਥੀ ਸਮਾਜ ਵਿੱਚ ਮਜਾਕ ਦਾ ਪਾਤਰ ਰਹਿੰਦਾ ਹੈ। ਅਜਿਹੀ ਪਰਵਿਰਤੀ ਹਮੇਸ਼ਾ ਅਧੂਰੀ ਰਹਿੰਦੀ ਹੈ ਕਿਉਂਕਿ ਇਕ ਤੋਂ ਬਾਅਦ ਦੂਜੀ ਇੱਛਾ ਖੜ੍ਹੀ ਰਹਿੰਦੀ ਹੈ। ਇਸ ਲਈ ਯਥਾਰਥ ਭਰੀ ਜਿੰਦਗੀ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਕੁੱਝ ਧਾਰਨਾਵਾਂ ਤਾਂ ਇਹ ਵੀ ਹਨ ਕਿ ਸਮਾਜਿਕ ਪ੍ਰਾਣੀ ਲਈ ਸਵਾਰਥ ਆਪਣਾ ਰਸਤਾ ਆਪ ਅਖਤਿਆਰ ਕਰ ਲੈਂਦਾ ਹੈ। ਜੇ ਕਿਸੇ ਸਵਾਰਥੀ ਦੀ ਪਹਿਚਾਣ ਕਰਨੀ ਹੋਵੇ ਤਾਂ ਦੂਜੇ ਸਵਾਰਥੀ ਕੋਲ ਉਸ ਦੀ ਵਡਿਆਈ ਕਰਕੇ ਦੇਖੋ ਸਭ ਕੁੱਝ ਸਾਹਮਣੇ ਆ ਜਾਵੇਗਾ। ਅਸੂਲਾਂ ਲਈ ਲੜਨਾ ਤਾਂ ਸੋਖਾ ਹੈ ਪਰ ਅਸੂਲਾਂ ਅਨੁਸਾਰ ਜਿੰਦਗੀ ਜਿਊਣਾ ਬਹੁਤ ਔਖਾ ਹੈ। ਸਵਾਰਥ ਦੇ ਨਿਯਮ ਅਤੇ ਸਿਧਾਂਤ ਇਹ ਹਨ ਕਿ ਸਵਾਰਥੀ ਸਵਾਰਥ ਰਹਿਤ ਹੋ ਹੀ ਨਹੀਂ ਸਕਦਾ। ਸਵਾਰਥੀ ਬਨਾਵਟੀ ਮਿੱਤਰਤਾ ਭਰਪੂਰ ਹੁੰਦਾ ਹੈ। ਇਹ ਬਿਰਤੀ ਅਤੇ ਪਰਵਿਰਤੀ ਸਮਾਜ ਵਿੱਚ ਨਿਰਾਦਰ ਅਤੇ ਮਜ਼ਾਕ ਕਰਵਾਉਂਦੀ ਹੈ।



ਸਵਾਰਥੀ ਨੂੰ ਪਰਸਵਾਰਥੀ ਅਤੇ ਪਰਸਵਾਰਥੀ ਨੂੰ ਸਵਾਰਥੀ ਕਹਿਣਾ ਸਮਾਜ ਵਿੱਚ ਵੱਡਾ ਧੋਖਾ ਹੈ। ਹਮੇਸ਼ਾ ਯਥਾਰਥ ਭਰੀ ਜਿੰਦਗੀ ਹੀ ਨਿੱਖਰ ਕੇ ਸਾਹਮਣੇ ਆਉਂਦੀ ਹੈ। ਸਵਾਰਥ ਕਿਤੇ ਨਾ ਕਿਤੇ ਸਹਿਣਸ਼ੀਲਤਾ ਨੂੰ ਖਾ ਲੈਂਦਾ ਹੈ, ਇਹ ਆਲਸੀ ਬਣਾ ਕੇ ਆਪਣੇ ਆਪ ਨੂੰ ਹਿੰਸਾ ਦੀ ਤਰ੍ਹਾ ਕਰ ਲੈਂਦਾ ਹੈ। ਸਵਾਰਥ ਨਾਲ ਪ੍ਰਾਪਤ ਕੀਤੀ ਉੱਜਵਲ ਵਸਤੂ ਮੈਲੀ ਹੀ ਸਮਝੀ ਜਾਂਦੀ ਹੈ। ਸਵਾਰਥੀ ਬੀਤ ਗਈ ਉਹ ਬਾਤ ਗਈ ਦੇ ਸਿਧਾਂਤ ਨੂੰ ਅਪਣਾਉਂਦਾ ਹੈ। ਸਾਡੇ ਸਿਆਣਿਆਂ ਦੀਆਂ ਕਹਾਵਤਾਂ ਪਿੱਛੇ ਇਕ ਲੰਬਾ-ਚੌੜਾ ਤਜਰਬਾ ਅਤੇ ਇਤਿਹਾਸ ਹੈ ਤਾਂ ਜਾ ਕੇ ਕਿਸੇ ਫਲਦਾਇਕ ਨਤੀਜੇ ਤੇ ਪਹੁੰਚਦਿਆਂ ਹਨ। ਗੌਂ ਭਨਾਵੇ ਜੌਂ ਦੀ ਕਹਾਵਤ ਸਵਾਰਥ ਨੂੰ ਸਿੱਧ ਕਰਦੀ ਹੈ, ਇਸ ਵਿੱਚ ਬਹੁਤ ਕੁੱਝ ਸਮਾਇਆ ਹੋਇਆ ਹੈ।


ਸਵਾਰਥ ਦੀ ਪੂਰਤੀ ਲਈ ਨੱਥੂ ਤੋਂ ਨੱਥਾ ਸਿੰਘ ਬਣ ਸਕਦਾ ਹੈ। ਅਧਿਆਤਮਵਾਦ ਵਿੱਚ ਪਰਸਵਾਰਥ ਨੂੰ ਸਤਯੁੱਗ ਦਾ ਮੁੱਖ ਲੱਛਣ ਅਤੇ ਸਵਾਰਥ ਨੂੰ ਕਲਯੁੱਗ ਦਾ ਮੁੱਖ ਲੱਛਣ ਕਿਹਾ ਜਾਂਦਾ ਹੈ। ਸਵਾਰਥ ਅਜਿਹੀ ਆਦਤ ਹੈ ਕਿ ਬੰਦੇ ਨੂੰ ਆਪਣੇ ਆਪ ਵਿੱਚ ਸਿਆਣਾ ਬਣਾ ਦਿੰਦੀ ਹੈ। ਸਵਾਰਥ ਵਿਅਕਤੀ ਦੇ ਚੰਗੇ ਗੁਣਾਂ ਨੂੰ ਖਤਮ ਕਰ ਦਿੰਦਾ ਹੈ। ਹਰ ਮਨੁੱਖ ਦੇ ਸੁਪਨੇ ਹੁੰਦੇ ਹਨ ਉਹਨਾਂ ਨੂੰ ਪੂਰਾ ਕਰਨ ਲਈ ਇੱਛਾ ਰੱਖਣੀ ਤਾਂ ਜਰੂਰੀ ਹੈ ਪਰ ਚਲਾਕੀ ਅਤੇ ਸਵਾਰਥ ਰੱਖ ਕੇ ਦੂਜੇ ਤੋਂ ਪੂਰਤੀ ਦਾ ਆਸ ਨਹੀਂ ਰੱਖਣੀ ਚਾਹਦੀ। ਬਹੁਤੀਵਾਰ ਦੇਖਿਆ ਜਾਂਦਾ ਹੈ ਕਿ ਮਨੁੱਖ ਭਾਵੇਂ ਛੋਟਾ ਹੀ ਹੋਵੇ ਪਰ ਉਸ ਦਾ ਸਵਾਰਥ ਬਹੁਤ ਵੱਡਾ ਹੁੰਦਾ ਹੈ। ਸਵਾਰਥ ਲਈ ਸਭ ਨਿਵਦੇ ਹਨ। ਇਸ ਬਾਰੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਪਹਿਲੇ ਸਪੱਸ਼ਟ ਕਰ ਦਿੱਤਾ ਸੀ ਅਤੇ ਸਵਾਰਥੀਪੁਣੇ ਤੇ ਕਰਾਰੀ ਚੋਟ ਮਾਰੀ ਸੀ, "ਸਭ ਕੋ ਨਿਵੈ ਆਪ ਕਉ ਪਰ ਕਉ ਨਿਵੈ ਨਾ ਕੋਇ"।

ਸਵਾਰਥ ਅਤੇ ਹਿੰਮਤ ਨਾਲ ਕੀਤੀ ਇੱਛਾ ਪੂਰਤੀ ਬਰਾਬਰ ਨਹੀਂ ਹੁੰਦੀ ਕਿਹਾ ਜਾਂਦਾ ਹੈ ਜਿਸ ਮਨੁੱਖ ਕੋਲ ਕਾਰਜ ਸਮਰਥਾ ਅਤੇ ਇਮਾਨਦਾਰੀ ਹੈ ਉਸ ਦੇ ਸਿਦਕ ਨੂੰ ਦਬਾਇਆ ਨਹੀਂ ਜਾ ਸਕਦਾ, ਅਜਿਹੇ ਮਨੁੱਖ ਸਵਾਰਥ ਨੂੰ ਦਰਕਿਨਾਰ ਕਰਕੇ ਆਪਣੀ ਸਮਰਥਾ ਨਾਲ ਇੱਛਾ ਪੂਰਤੀ ਕਰਦੇ ਹਨ। ਆਪਣੀ ਅੰਦਰਲੀ ਪ੍ਰਤਿਭਾ ਨੂੰ ਉਜਾਗਰ ਕਰਕੇ ਸਵਾਰਥ ਨੂੰ ਅੰਦਰੋਂ ਬਾਹਰ ਕੱਢੋ। ਵਧੀਆ ਆਦਤਾਂ ਅਤੇ ਸਾਰਥਕ ਸੁਭਾਅ ਰੱਖੋ। ਸਵਾਰਥ ਦੀ ਉਡੀਕ ਅਤੇ ਝਾਕ ਹਮੇਸ਼ਾ ਲਈ ਆਪਣੇ ਅੰਦਰੋਂ ਕੱਢੋ। ਅਸੂਲਾਂ ਅਨੁਸਾਰ ਜਿੰਦਗੀ ਜਿਊਣ ਦਾ ਹੁਨਰ ਸਿੱਖੋ, ਇਸ ਨਾਲ ਹੀ ਸਮਾਜ ਵਿੱਚ ਬੰਦੇ ਦਾ ਇਖਲਾਕ ਉੱਚਾ ਹੁੰਦਾ ਹੈ। ਪ੍ਰਸਿੱਧ ਦਾਰਸ਼ਨਿਕ ਐਡਮਿੰਡ ਵਰਕ ਨੇ ਕਿਹਾ ਸੀ, "ਹੱਕ ਸੱਚ ਅਤੇ ਨੈਤਿਕਤਾ ਦੀ ਲੜਾਈ ਵਿੱਚ ਜਿੱਤ ਅੰਤ ਨੂੰ ਉਸਦੀ ਹੁੰਦੀ ਹੈ ਜਿਸ ਦਾ ਇਖਲਾਕ ਉੱਚਾ ਹੋਵੇ" ਮੁੱਕਦੀ ਗੱਲ ਇਹ ਹੈ ਕਿ ਆਪਣੇ ਅੰਦਰੋਂ ਸਵਾਰਥ ਦੇ ਕੀਟਾਣੂਆਂ ਨੂੰ ਕੱਢ ਕੇ ਪਰਸਵਾਰਥੀ ਅਤੇ ਨਿਰਸਵਾਰਥੀ ਕੀਟਾਣੂ ਪੈਦਾ ਕਰੀਏ ਤਾਂ ਜੋ ਸਮਾਜ ਵਿੱਚ ਖੁਸ਼ਹਾਲ ਜੀਵਨ ਜੀਅ ਸਕੀਏ। ਆਓ ਸਵਾਰਥ ਰਹਿਤ ਜਿੰਦਗੀ ਜਿਉਣ ਦਾ ਸੰਕਲਪ ਲਈਏ।


*******

# ਰਾਜਿੰਦਰ ਰਾਜ਼ ਸਵੱਦੀ ਦਾ ਪੁਸਤਕ 'ਜ਼ਿੰਦਗੀ ਵਿਕਦੀ ਨਹੀਂ' ਸਮਾਜਿਕਤਾ ਦਾ ਪ੍ਰਤੀਕ

### ਉਜਾਗਰ ਸਿੰਘ



ਰਾਜਿੰਦਰ ਰਾਜ਼ ਸਵੱਦੀ ਕਹਾਣੀਕਾਰ ਸੀ, ਉਸਦੀਆਂ ਦੋ ਪੁਸਤਕਾਂ ਹਵਾੜ (1964) ਅਤੇ ਜ਼ਿੰਦਗੀ ਦਾ ਚਿਹਰਾ (1967) ਵਿੱਚ ਪ੍ਰਕਾਸ਼ਤ ਹੋਈਆਂ ਸਨ। ਅਜੇ ਉਹ ਸਾਹਿਤਕ ਖੇਤਰ ਵਿੱਚ ਸਥਾਪਤ ਹੋਣ ਜਾ ਹੀ ਰਿਹਾ ਸੀ ਕਿ ਅਚਾਨਕ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਇਸ ਕਰਕੇ ਅਜੇ ਉਹ ਇਨ੍ਹਾਂ ਪੁਸਤਕਾਂ ਨਾਲ ਸਾਹਿਤਕ ਖੇਤਰ ਦੇ ਪਹਿਲੇ ਪੜਾਅ ਵਿੱਚ ਹੀ ਸੀ। ਉਨ੍ਹਾਂ ਦੇ ਲੜਕੇ ਰਾਜਦੀਪ ਸਿੰਘ ਤੂਰ ਗ਼ਜ਼ਲਗੋ ਨੇ ਉਨ੍ਹਾਂ ਦੋਹਾਂ ਪੁਸਤਕਾਂ ਨੂੰ 'ਜ਼ਿੰਦਗੀ ਵਿਕਦੀ ਨਹੀਂ' ਦੇ ਨਾਮ ਹੇਠ ਇੱਕ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਤ ਕਰਕੇ ਆਪਣੀ ਸਾਹਿਤਕ ਵਿਰਾਸਤ ਨੂੰ ਸੰਭਾਲਿਆ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਕੁਲ 31 ਕਹਾਣੀਆਂ ਹਨ। ਇਹ ਸਾਰੀਆਂ ਕਹਾਣੀਆਂ ਸਮਾਜਿਕ ਵਿਸੰਗਤੀਆਂ ਦੀ ਬਾਤ ਪਾਉਂਦੀਆਂ ਹਨ। ਕਹਾਣੀਕਾਰ ਨੇ ਸਮਾਜਿਕ ਬੁਰਾਈਆਂ ਨੂੰ ਆਧਾਰ ਬਣਾਕੇ ਵੱਖ-ਵੱਖ ਵੰਨਗੀਆਂ ਵਾਲੇ ਵਿਸ਼ੇ ਚੁਣਕੇ ਕਹਾਣੀਆਂ ਲਿਖੀਆਂ ਸਨ। ਇਨ੍ਹਾਂ ਕਹਾਣੀਆਂ ਵਿੱਚ ਕਈ ਰੰਗ ਵੇਖਣ ਨੂੰ ਮਿਲਦੇ ਹਨ। ਮੁੱਖ ਤੌਰ 'ਤੇ ਸਮਾਜਿਕ ਤਾਣੇ-ਬਾਣੇ ਵਿੱਚ ਔਰਤਾਂ ਨਾਲ ਹੋ ਰਹੀਆਂ ਸਮਾਜਿਕ, ਆਰਥਿਕ ਅਤੇ ਭਾਵਨਾਤਮਿਕ ਜ਼ਿਆਦਤੀਆਂ ਬਾਰੇ ਹਨ। ਕਹਾਣੀ ਸੰਗ੍ਰਹਿ ਦੀ ਖਾਸੀਅਤ ਇਹ ਹੈ ਕਿ ਇਸ ਦੀ ਸ਼ੈਲੀ ਸਰਲ ਤੇ ਗੱਲਬਾਤੀ ਹੈ, ਜਿਵੇਂ ਦਿਹਾਤੀ ਲੋਕ ਆਪਸ ਵਿੱਚ ਰੋਜ਼ ਮਰ੍ਹਾ ਦੇ ਜੀਵਨ ਵਿੱਚ ਵਿਚਰਦਿਆਂ ਸੁਭਾਵਕ ਹੀ ਗੱਲਾਂ-ਬਾਤਾਂ ਕਰਦੇ ਹੋਣ। ਜੇ ਮੈਂ ਇਹ ਕਹਿ ਲਵਾਂ ਕਿ ਉਸਦੇ ਅਧਿਆਪਕ ਹੋਣ ਦੇ ਤਰਜ਼ਬੇ ਦਾ ਨਚੋੜ ਹਨ, ਤਾਂ ਵੀ ਕੋਈ ਅਤਕਥਨੀ ਨਹੀਂ ਹੋਵੇਗੀ। ਸਹਿਜਤਾ ਨਾਲ ਕਹਾਣੀਆਂ ਲਿਖੀਆਂ ਗਈਆਂ ਸਨ, ਜਿਨ੍ਹਾਂ ਵਿੱਚ ਦਿਹਾਤੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਕਹਾਣੀਆਂ ਪੜ੍ਹਕੇ ਕਈ ਵਾਰ ਏਦਾਂ ਮਹਿਸੂਸ ਹੁੰਦਾ ਹੈ ਕਿ ਪਾਠਕ ਆਪਣੇ ਪਿੰਡ ਦੀ ਸੱਥ ਵਿੱਚ ਬੈਠਾ ਗਲ-ਬਾਤ ਸੁਣ ਰਿਹਾ ਹੈ। ਬਹੁਤੀਆਂ ਕਹਾਣੀਆਂ ਵਿੱਚ ਦਿਹਾਤੀ ਪ੍ਰਕ੍ਰਿਤਕ ਮਾਹੌਲ ਸਿਰਜਿਆ ਹੋਇਆ ਹੈ। ਇੱਕ ਕਿਸਮ ਨਾਲ ਦਿਹਾਤੀ ਲੋਕਧਾਰਾ ਦੇ ਸਾਰੇ ਰੂਪ ਇਨ੍ਹਾਂ ਕਹਾਣੀਆਂ ਵਿੱਚ ਵੇਖਣ ਨੂੰ ਮਿਲਦੇ ਹਨ। ਨਿੱਕੇ-ਨਿੱਕੇ ਸਰਲ ਵਾਕਾਂ ਰਾਹੀਂ ਦਿਹਾਤੀ ਅਤੇ ਨੀਮ ਸ਼ਹਿਰੀ ਲੋਕਾਂ ਦੀ ਬੋਲ ਚਾਲ, ਵਿਵਹਾਰ, ਸਲੀਕਾ, ਰਹਿਣ-ਸਹਿਣ ਤੇ ਸ਼ਿਸ਼ਟਾਚਾਰ ਦੀਆਂ ਉਦਾਹਰਨਾ ਮਿਲਦੀਆਂ ਹਨ। ਇਸਤਰੀਆਂ ਦੀ ਮਾਨਸਿਕਤਾ ਦਾ ਮਨੋਵਿਸ਼ਲੇਸ਼ਣ ਬਾਕਮਾਲ ਹੈ। ਲਗਪਗ ਹਰ ਕਹਾਣੀ ਦੇ ਮੁੱਖ ਅਤੇ ਸਹਾਇਕ ਪਾਤਰਾਂ ਭਾਵੇਂ ਇਸਤਰੀ ਹੋਵੇ ਜਾਂ ਮਰਦ ਉਨ੍ਹਾਂ ਦੇ ਮਨੋਵਿਸ਼ਲੇਸ਼ਣ ਕੀਤੇ ਗਏ ਹਨ। ਖਾਸ ਤੌਰ 'ਤੇ ਔਰਤਾਂ ਦਾ ਮਨੋਵਿਸ਼ਲੇਸ਼ਣ ਅਜਿਹੇ ਢੰਗ ਨਾਲ ਕੀਤਾ ਗਿਆ ਹੈ, ਇਉਂ ਲੱਗਦਾ ਹੈ ਜਿਵੇਂ ਹਰ ਔਰਤ ਅਜਿਹੇ ਹਾਲਤ ਵਿੱਚੋਂ ਲੰਘ ਰਹੀ ਹੈ। ਔਰਤ ਦੀਆਂ ਭਾਵਨਾਵਾਂ ਖਾਸ ਤੌਰ 'ਤੇ ਦਿਹਾਤੀ ਔਰਤਾਂ ਦਾ ਬਹੁਤ ਹੀ ਬਾਰੀਕੀ




ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਬਹੁਤੀਆਂ ਕਹਾਣੀਆਂ ਸਿੰਬਾਲਿਕ ਢੰਗ ਨਾਲ ਲਿਖੀਆਂ ਗਈਆਂ ਹਨ। 'ਜ਼ਿੰਦਗੀ ਦਾ ਚਿਹਰਾ' ਅਤੇ 'ਭੁੱਖ ਹੀ ਭੁੱਖ' ਦੋਵੇਂ ਕਹਾਣੀਆਂ ਜੰਗ ਦੀ ਬਰਬਾਦੀ ਦੀ ਦਾਸਤਾਂ ਪੇਸ਼ ਕਰਦੀਆਂ ਹਨ। ਵੈਸੇ ਫ਼ੌਜੀ ਜ਼ਿੰਦਗੀ ਨਾਲ ਸੰਬੰਧਤ ਲਗਪਗ ਅੱਧਾ ਦਰਜਨ ਕਹਾਣੀਆਂ ਹਨ। ਫ਼ੌਜੀਆਂ ਦੀਆਂ ਪਤਨੀਆਂ ਦੀਆਂ ਮਨੋਭਾਵਨਾਵਾਂ ਵੀ ਸਿੰਬਾਲਿਕ ਤੌਰ ਤੇ ਪ੍ਰਗਟਾਈਆਂ ਗਈਆਂ ਹਨ। ਕਹਾਣੀਆਂ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਬਹੁਤੇ ਮਰਦ ਔਰਤਾਂ ਦੀਆਂ ਭਾਵਨਾਵਾਂ ਦੀ ਆਪਣੀ ਬੇਸਮਝੀ ਕਰਕੇ ਕਦਰ ਨਹੀਂ ਕਰਦੇ, ਉਹ ਔਰਤ ਨੂੰ ਆਪਣੀ ਗ਼ੁਲਾਮ ਹੀ ਸਮਝਦੇ ਹਨ। 'ਸਫ਼ੈਦ ਦਾਗ਼' ਕਹਾਣੀ ਵਿੱਚ ਕੀਪਾਂ ਦਾ ਵਿਆਹ ਨਾ ਕਰਨਾ, ਉਸਦੀ ਸ਼ਰਾਫ਼ਤ ਅਤੇ ਸਰੀਰ ਵਿੱਚ ਨੁਕਸ ਹੋਣਾ ਵਿਖਾਇਆ ਗਿਆ ਹੈ। ਅਜਿਹੀ ਸਥਿਤੀ ਵਿੱਚ ਕੀਪਾਂ ਦੀ ਮਾਨਸਿਕਤਾ ਦੀ ਅਣਵੇਖੀ ਹੋ ਰਹੀ ਹੈ। ਮੁਹੱਬਤ ਦੀ ਤਾਂਘ ਤਾਂ ਹਰ ਔਰਤ ਵਿੱਚ ਹੁੰਦੀ ਹੈ, ਪ੍ਰੰਤੂ ਕੀਪਾਂ ਦੀਆਂ ਭਾਵਨਾਵਾਂ ਦੀ ਬੇਕਦਰੀ ਹੋ ਰਹੀ ਹੈ। ਉਹ ਆਪਣੀ ਜ਼ਬਾਨੀ ਕੁਝ ਵੀ ਕਹਿਣ ਦੀ ਹਿੰਮਤ ਨਹੀਂ ਕਰਦੀ। ਇਸ ਕਹਾਣੀ ਵਿੱਚ ਔਰਤਾਂ ਸੰਬੰਧੀ ਮਨੋਵਿਸ਼ਲੇਸ਼ਣ ਕਰਕੇ ਔਰਤ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ 'ਨਜ਼ਰਾਂ ਬੋਲਣ' ਕਹਾਣੀ ਵਿੱਚ ਇਹ ਸਾਬਤ ਕੀਤਾ ਹੈ ਕਿ ਜੇਕਰ ਮੁਹੱਬਤੀ ਸੰਬੰਧ ਸੰਭਾਲੇ ਜਾਣ ਤਾਂ ਬਿਹਤਰ ਹੁੰਦਾ ਹੈ, ਇਸ ਗੱਲ ਨੂੰ ਕਹਾਣੀ ਵਿੱਚ ਲਿਖਿਆ ਗਿਆ ਹੈ, ਕੁੱਤੇ ਵੀ ਸਮਝਦੇ ਹੋਏ ਕਛਹਿਰੇ ਨੂੰ ਛੱਡ ਦਿੰਦੇ ਹਨ, ਕਿਉਂਕਿ ਜੇਕਰ ਉਹ ਦੋਵੇਂ ਖਿਚਦੇ ਰਹੇ ਤਾਂ ਉਹ ਲੀਰੋ ਲੀਰ ਹੋ ਜਾਵੇਗਾ, ਸਮਾਜਿਕ ਸੰਬੰਧ ਵੀ ਇਸੇ ਤਰ੍ਹਾਂ ਸਾਂਭਣੇ ਚਾਹੀਦੇ ਹਨ, ਭਾਵ ਹਰ ਮਸਲੇ ਦਾ ਹੱਲ ਮੁਹੱਬਤ ਹੁੰਦਾ ਹੈ। ਔਰਤ ਨੂੰ ਮਰਦ ਆਪਣੀ ਜਾਗੀਰ ਸਮਝਦੇ ਹਨ। ਗ਼ਰੀਬੀ ਦਾ ਸੰਤਾਪ ਅਤੇ ਆਪਣਿਆਂ ਦੀ ਖਿੱਚ ਦੋਵੇਂ ਰੰਗ ਵੇਖਣ ਨੂੰ ਮਿਲਦੇ ਹਨ। ਇੱਕ ਟੁੱਟਿਆ ਤਾਰਾ ਇਕੱਲਤਾ ਦੀ ਨਿਰਾਸ਼ਤਾ ਵਿੱਚੋਂ ਰੰਗੀਨ ਜ਼ਿੰਦਗੀ ਦਾ ਪ੍ਰਗਟਾਵਾ ਕਰਦਾ ਹੈ। ਭਾਵ ਆਸ਼ਾਵਾਦੀ ਹੋਣਾ ਸੁਖਦਾਇਕ ਹੁੰਦਾ ਹੈ। ਕਹਾਣੀਕਾਰ ਖੁਦ ਸਾਹਿਤਕ ਹੋਣ ਕਰਕੇ ਲਗਪਗ ਇੱਕ ਦਰਜਨ ਕਹਾਣੀਆਂ ਵਿੱਚ ਸਾਹਿਤਕਾਰਾਂ ਦੀ ਜ਼ਿੰਦਗੀ ਦਾ ਵਿਵਰਣ ਜ਼ਰੂਰ ਦਿੰਦਾ ਹੈ। 'ਲੂਣ ਤੇਲ' ਕਹਾਣੀ ਇੱਕ ਸਾਹਿਤਕਾਰ ਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਪਰਿਵਾਰਿਕ ਪ੍ਰਸਥਿਤੀਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਾਹਿਤਕ ਵਿਅਕਤੀਆਂ ਦੀਆਂ ਆਪਸੀ ਖੁੰਦਕਾਂ ਦੀਆਂ ਤਲਖ ਟਿਪਣੀਆਂ ਵੀ ਵੇਖਣ ਨੂੰ ਮਿਲਦੀਆਂ ਹਨ। ਇਹ ਵੀ ਦਰਸਾਇਆ ਗਿਆ ਹੈ ਕਿ ਸਾਹਿਤਕ ਮਸ ਜ਼ਿੰਦਗੀ ਦਾ ਰੁੱਖ ਬਦਲਣ ਵਿੱਚ ਵੀ ਸਹਾਇਤਾ ਕਰਦੀ ਹੈ। 'ਦੂਸਰਾ ਮੋੜ' ਕਹਾਣੀ ਵਿੱਚ ਪਿਆਰ ਵਿੱਚੋਂ ਅਸਫਲ ਰਹਿਣ 'ਤੇ ਘਰੋਂ ਭੱਜੀ ਲੜਕੀ ਰੇਲਵੇ ਸਟੇਸ਼ਨ ਤੇ ਬੈਠੀ ਲੈਂਪ ਦੀ ਰੌਸ਼ਨੀ ਵਿੱਚੋਂ ਆ ਰਹੀਆਂ ਕਿਰਨਾ ਨੂੰ ਬਜਰੀ ਦੀਆਂ ਵੱਟੀਆਂ ਮਾਰਕੇ ਕਿਰਨਾ ਨਾਲ ਆਪਣੀਆਂ ਭਾਵਨਾਵਾਂ ਦਾ ਅਚੇਤ ਮਨ ਵਿੱਚ ਮੁਕਾਬਲਾ ਕਰਦੀ ਹੈ, ਕਿਉਂਕਿ ਉਸਦੇ ਪ੍ਰੇਮੀ ਵੱਲੋਂ ਕਿਸੇ ਹੋਰ ਲੜਕੀ ਨਾਲ ਵਿਆਹ ਕਰਵਾਉਣ ਤੋਂ ਬਾਅਦ ਉਸਦੀ ਜ਼ਿੰਦਗੀ ਦੀ ਰੌਸ਼ਨੀ ਮੱਧਮ ਪਈ ਹੋਈ ਹੈ। ਇਸੇ ਕਹਾਣੀ ਵਿੱਚ ਕਹਾਣੀਕਾਰ ਸਾਹਿਤਕਾਰ ਨੂੰ ਮਿਲਣ ਤੋਂ ਬਾਅਦ ਲੜਕੀ ਦੀ ਜ਼ਿੰਦਗੀ ਵਿੱਚ ਤਬਦੀਲੀ ਲਿਆ ਦਿੰਦਾ ਹੈ ਤੇ ਉਹ ਘਰ ਵਾਪਸ ਜਾ ਕੇ ਵਿਆਹ ਕਰਵਾਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਸੰਕਲਪ ਕਰਦੀ ਹੈ। ਇਸ ਕਹਾਣੀ ਦਾ ਉਸਾਰੂ ਪੱਖ ਆਤਮ ਹੱਤਿਆ ਨੂੰ ਬੁਜ਼ਦਿਲੀ ਗਰਦਾਨਣਾ ਹੈ। ਇਸੇ ਤਰ੍ਹਾਂ 'ਅੰਗਿਆਰ' ਕਹਾਣੀ ਵਿੱਚ ਜਿੰਦੀ ਡੱਕੇ ਨਾਲ ਛੋਟੇ-ਛੋਟੇ ਅੰਗਿਆਰਾਂ ਨੂੰ ਬਾਹਰ ਕੱਢਕੇ ਸੇਕਣਾ ਚਾਹੁੰਦੀ ਹੈ, ਪ੍ਰੰਤੂ ਜਿਵੇਂ ਉਸਦੀਆਂ ਭਾਵਨਾਵਾਂ ਦੇ ਅੰਗਿਆਰ ਹਾਲਾਤ ਨੇ ਠੰਡੇ ਕਰ ਦਿੱਤੇ ਹਨ, ਉਸੇ ਤਰ੍ਹਾਂ ਉਹ ਅੱਗ ਦੇ ਅੰਗਿਆਰ ਥੋੜ੍ਹੀ ਦੇਰ ਬਾਅਦ ਠੰਡੇ ਹੋ ਕੇ ਸੁਆਹ ਬਣ ਜਾਂਦੇ ਹਨ। ਇਹ ਅੰਗਿਆਰ ਜਿੰਦੀ ਦੀਆਂ ਭਾਵਨਾਵਾਂ ਦਾ ਸਿੰਬਾਲਿਕ ਪ੍ਰਮਾਣ ਹਨ। ਕੁਝ ਕਹਾਣੀਆਂ ਵਿੱਚ ਪਿਆਰ ਦੀਆਂ ਪੀਂਘਾਂ ਵੀ ਪਾਈਆਂ ਗਈਆਂ ਹਨ ਪ੍ਰੰਤੂ ਇਹ ਪਿਆਰ ਵੀ ਸਮਾਜਿਕ ਤਬਦੀਲੀ ਦੇ ਸੰਦਰਭ ਵਿੱਚ ਹਨ। 'ਵਾਰਸ' ਕਹਾਣੀ ਵਿੱਚ ਗ਼ਰੀਬੀ, ਇਮਾਨਦਾਰੀ ਅਤੇ ਇਨਸਾਨੀਅਤ ਦੀ ਤਸਵੀਰ ਪੇਸ਼ ਕੀਤੀ ਗਈ ਹੈ। 'ਤੀਲਾਂ ਵਾਲੀ ਡੱਬੀ' ਕਹਾਣੀ ਵਿੱਚ ਧਾਰਮਿਕ ਸਥਾਨਾ ਵਿੱਚ ਦਾਨ ਦੇ ਕੇ ਸਵੈ-ਪ੍ਰਸੰਸਾ ਪੱਥਰਾਂ 'ਤੇ ਆਪਣੇ ਨਾਮ ਲਿਖਵਾ ਕੇ ਕੀਤੀ ਗਈ ਹੈ, ਜੋ ਧਾਰਮਿਕ ਹੋਣ ਦੀ ਗਵਾਹੀ ਨਹੀਂ ਭਰਦੀ। 'ਫਿਰ ਵੀ ਤੂੰ ਇੰਝ ਆਖਦੀ?' ਕਹਾਣੀ ਖੁਦਗਰਜ਼ੀ, ਬੇਰੋਜ਼ਗਾਰੀ ਅਤੇ ਆਵਾਜਾਈ ਦੇ ਅਸੂਲਾਂ ਦੀ ਉਲੰਘਣਾ ਸੰਬੰਧੀ ਕਿੰਤੂ-ਪ੍ਰੰਤੂ ਕਰਦੀ ਹੈ। ਇਨਸਾਨੀਅਤ ਪਰ ਲਾ ਕੇ ਉਡ ਗਈ ਤੇ ਲੋਕਾਂ ਵਿੱਚ ਆਪੋਧਾਪੀ ਦਾ ਬ੍ਰਿਤਾਂਤ ਹੈ। 'ਤਕਦੀਰ ਦਾ ਭੇਦ' ਸਮੇਂ ਦੀ ਕਦਰ ਨਾ ਕਰਨ ਅਤੇ ਦੂਜਿਆਂ ਤੋਂ ਕਦਰ ਕਰਨ ਦੀ ਆਸ ਕਰਨਾ ਜਾਇਜ਼ ਨਹੀਂ, ਸਗੋਂ ਸਭ ਨੂੰ ਸਮੇਂ ਦੀ ਕਦਰ ਕਰਨ ਦੀ ਸਲਾਹ ਦਿੰਦੀ ਹੈ। 'ਜ਼ਿੰਦਗੀ ਵਿਕਦੀ ਨਹੀਂ' ਬਹੁਤ ਹੀ ਭਾਵਪੂਰਤ ਕਹਾਣੀ ਹੈ, ਜਿਹੜੀ ਅਮੀਰਾਂ ਵੱਲੋਂ ਗ਼ਰੀਬ ਔਰਤਾਂ ਦੇ ਸ਼ੋਸ਼ਣ ਦਾ ਪਰਦਾ ਫਾਸ਼ ਕਰਦੀ ਹੋਈ ਸ਼ੋਸ਼ਣ ਦਾ ਵਿਰੋਧ ਕਰਕੇ ਚੰਨੀ ਬਲਬੀਰ ਦੇ ਥੱਪੜ ਜੜਕੇ ਔਰਤ ਦੀ ਦਲੇਰੀ ਦਾ ਪ੍ਰਗਟਾਵਾ ਕਰਦੀ ਹੈ। ਇਸ ਕਹਾਣੀ ਵਿੱਚ ਇੱਕ ਮੰਗਤੀ ਦਲਾਲੀ ਕਰਦੀ ਵੀ ਵਿਖਾਈ ਗਈ ਹੈ। 'ਦੋ ਨੋਟ' ਵੀ ਇਸਤਰੀ ਦੇ ਸ਼ੋਸ਼ਣ ਵਿਰੁੱਧ ਬਗ਼ਾਬਤ ਦੀ ਦਾਸਤਾਂ ਹੈ। 'ਬੱਦਲ' ਕਹਾਣੀ ਵਿੱਚ ਵਿਧਵਾਵਾਂ ਨੂੰ ਦੁਬਾਰਾ ਵਿਆਹ ਕਰਾਉਣ ਦਾ ਸਮਾਜ ਵੱਲੋਂ ਵਿਰੋਧ ਵਿਖਾਇਆ ਗਿਆ ਹੈ ਪ੍ਰੰਤੂ ਮਰਦ ਦੁਬਾਰਾ ਵਿਆਹ ਕਰਵਾ ਸਕਦੇ ਹਨ। ਕ੍ਰਿਸ਼ਨਾ ਨੇ ਵਿਧਵਾ ਹੋ ਜਾਣ ਤੋਂ ਬਾਅਦ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣ ਦਾ ਰਾਹ ਅਪਣਾਉਣਾ ਔਰਤ ਦੇ ਹੱਕਾਂ ਦੀ ਵਕਾਲਤ ਹੈ। ਕਹਾਣੀਕਾਰ ਦੇ ਸਪੁੱਤਰ ਵੱਲੋਂ ਆਪਣੇ ਪਿਤਾ ਦੀ ਸਾਹਿਤਕ ਵਿਰਾਸਤ ਨੂੰ ਸਾਂਭਣਾ ਸ਼ੁਭ ਸ਼ਗਨ ਹੈ, ਜੋ ਖੋਜੀ ਵਿਦਿਆਰਥੀਆਂ ਲਈ ਲਾਭਦਾਇਕ ਹੋ ਸਕਦਾ ਹੈ। 167 ਪੰਨਿਆਂ, 300 ਰੁਪਏ ਕੀਮਤ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਚਰਿਤ੍ਰੋ ਪਖਯਾਨ - ਪਠਨ ਪਾਠਨ ਦੀ ਵਿਧੀ

## (ਗਿਆਨ ਅਲੂਫਾ ਸਤਿਗੁਰ ਦੀਨਾ ਦੁਰਮਤਿ ਸਭ ਹਿਰ ਲਈ)


**ਗੁਰਚਰਨਜੀਤ ਸਿੰਘ ਲਾਂਬਾ**
ਨਿਊ ਜਰਸੀ. ਯੂ.ਐਸ.ਏ
www.santsipahi.org;
www.patshahi10.org




ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਕਾਨ੍ਹ ਸਿੰਘ ਜੀ ਨੇ ਇਕ ਬੜੀ ਹੀ ਦਿਲਚਸਪ ਟਿੱਪਣੀ ਕੀਤੀ ਸੀ ਕਿ ਹਜ਼ੂਰ ਨੇ ਆਪਣੀ ਕਲਮ ਅਤੇ ਕ੍ਰਿਪਾਨ ਕਦੇ ਵੀ ਸੁੱਕਣ ਨਹੀਂ ਸੀ ਦਿੱਤੀ। ਦੀਨ ਦੁਨੀ ਦੇ ਮਾਲਕ ਬਚਿਤ੍ਰ ਗੁਰੂ ਦੀ ਬਚਿਤ੍ਰ ਗਾਥਾ ਹੈ ਕਿ ਜਿੱਥੇ ਉਹ ਕ੍ਰਿਪਾਨ ਨਾਲ ਸਿਰ ਕਲਮ ਕਰ ਕੇ ਮੁਕਤੀ ਪ੍ਰਦਾਨ ਕਰਦੇ ਸਨ ਉੱਥੇ ਕਲਮ ਨਾਲ ਹਉਮੈ ਦਾ ਸਿਰ ਕਲਮ ਕਰ ਦਿੰਦੇ ਸਨ। ਸਤਿਗੁਰੂ ਜੀ ਦੀ ਲੋਹ ਕਲਮ ਦੀ ਝਾਲਾ ਕੌਣ ਝਲ ਸਕਦੈ। ਉਹ ਤਾਂ ਤੇਗ ਵੀ ਵਾਹੁੰਦੇ ਹਨ ਅਤੇ ਕਲਮ ਵੀ। ਵੱਖ ਵੱਖ ਭਾਸ਼ਾਵਾਂ, ਵੱਖ ਵੱਖ ਵਿਸ਼ਿਆਂ, ਵੱਖ ਵੱਖ ਰੰਗਾ, ਵੱਖ ਵੱਖ ਰਸਾਂ, ਵੱਖ ਵੱਖ ਛੰਦਾਂ ਤੇ ਸਤਿਗੁਰ ਜੀ ਜਦੋਂ ਕਲਮ ਚੁਕਦੇ ਹਨ ਤਾਂ ਉਸਨੂੰ ਸਮਝਣ ਲਈ ਬਿਬੇਕ ਬੁਧਿ ਦੀ ਅਰਦਾਸ ਕਰਨੀ ਬਣਦੀ ਹੈ। ਵਿਸ਼ੇਸ਼ ਕਰ ਕੇ ਜਦੋਂ ਸਤਿਗੁਰੂ ਜੀ ਨੇ ਵੱਡ ਅਕਾਰੀ 'ਪਖਯਾਨ ਚਰਿਤ੍ਰ' ਦੀ ਰਚਨਾ ਕੀਤੀ ਤਾਂ ਕੇਵਲ ਉੱਤੋਂ ਉੱਤੋਂ ਵੇਖ ਕੇ ਹੀ ਕਈਆਂ ਨੇ ਆਪਣੀ ਬੁਧੀ ਮੁਤਾਬਕ ਨਿਰਣੇ ਦੇਣੇ ਸ਼ੁਰੂ ਕਰ ਦਿੱਤੇ। ਇਸ ਨਾਲ ਆਪ ਵੀ ਖ੍ਵਾਰ ਹੋਏ ਅਤੇ ਦੁਬਿਧਾ ਫੈਲਾਣ ਦਾ ਕੰਮ ਕੀਤਾ।

ਚਰਿਤ੍ਰੋ ਪਖਯਾਨ ਨੂੰ ਸਮਝਣ ਲਈ ਕੁਝ ਬੁਨਿਆਦੀ ਨੁਕਤੇ ਧਿਆਨ ਵਿਚ ਰਖਣੇ ਪੈਣੇ ਹਨ। ਪਹਿਲੀ ਗਲ ਤਾਂ ਇਹ ਹੈ ਕਿ ਇਸਦਾ ਨਾਮ 'ਪਖਯਾਨ ਚਰਿਤ੍ਰ' ਹੈ। ਇਸ ਵਿਚ ਪਖਯਾਨ ਦਾ ਅਰਥ ਹੈ ਪਹਿਲਾਂ ਵਾਪਰ ਚੁਕੀ ਘਟਨਾ ਜਾਂ ਜਾਂ ਕਹਾਣੀ ਦਾ ਵਰਣਨ ÒÒÂêßüßëžæ ·ÿè ©ç€ÌÓÓ। ਸੋ ਚਰਿਤ੍ਰੋਪਾਖਯਾਨ ਆਤਮ ਕਥਾ, ਸਵੈ ਜੀਵਨੀ. ਇਤਿਹਾਸ ਜਾਂ ਮਿਥਿਹਾਸ ਬਿਲਕੁਲ ਨਹੀਂ ਬਲਕਿ ਬਹੁਤ ਹੀ ਉੱਚ ਕੋਟੀ ਦੀਆਂ ਕਾਲਪਨਿਕ ਗਲਪ ਗਾਥਾਵਾਂ ਹਨ। ਹਰ ਚਰਿਤ੍ਰ ਦੇ ਅਖੀਰ ਵਿਚ ਸਤਿਗੁਰੂ ਜੀ 'ਸਮਾਪਤਮ ਸਤ ਸੁਭਮ ਸਤ' ਲਿਖਦੇ ਹਨ। ਯਾਨਿ ਕਿ ਇਹ ਕਹਾਣੀ ਸਮਾਪਤ ਹੋਈ, ਜੋ ਕਿ ਦੁਨੀਆਂ ਦਾ ਸਦੀਵੀ ਸਚ ਹੈ, ਸੁਭਮ ਸਚ ਹੈ। ਪਰ ਪੂਰੇ ਚਰਿਤ੍ਰੋ ਪਾਖਯਾਨ ਦੀ ਸਮਾਪਤੀ ਤੇ ਗੁਰੂ ਪਿਤਾ 'ਸਮਾਪਤਮ' ਯਾਨਿ ਕਿ ਗ੍ਰੰਥ ਸਪਾਪਤ ਹੋਇਆ ਅੰਕਤ ਕਰਦੇ ਹਨ।

ਇਕ ਨੁਕਤਾ ਹੋਰ ਸਮਝਣ ਵਾਲਾ ਹੈ ਕਿ ਚਰਿਤ੍ਰੋ ਪਾਖਯਾਨ ਮੰਤ੍ਰੀ ਭੂਪਤ ਸੰਵਾਦ ਜਾਂ ਮੰਤਰੀ ਵਲੋਂ ਰਾਜੇ ਨੂੰ ਸੁਣਾਈ ਗਈ ਕਹਾਣੀ ਹੈ। ਇਹ 'ਅਨਯ ਪੁਰਸ਼' ਜਾਂ ਟਹਿਰਦ ਪਰਸੋਨ ਵਿਚ ਹੈ। ਸਾਧਾਰਣ ਬੁਧੀ ਵਾਲਾ ਵੀ ਇਹ ਸਮਝ ਸਕਦਾ ਹੈ। ਇਸ ਨਾਲ ਕਿਹੜਾ ਭੁਲੇਖਾ ਬਾਕੀ ਰਹਿ ਜਾਂਦਾ ਹੈ ਕਿ ਇਹ ਆਤਮ ਕਥਾ ਜਾਂ ਇਤਿਹਾਸ ਨਹੀਂ ਬਲਕਿ ਨਿਰੋਲ ਕਾਲਪਨਿਕ ਅਫਸਾਨੇ ਹਨ।

ਇਸ ਦੇ ਬਾਅਦ ਦੂਸਰਾ ਲਫ਼ਜ਼ ਹੈ ਚਰਿਤ੍ਰ। ਇਸਦਾ ਸਿੱਧਾ ਸਾਦਾ ਮਤਲਬ ਹੈ ਕਰਨੀ, ਆਚਾਰ ਜਾਂ ਆਚਰਣ। ਸਤਿਗੁਰੂ ਜੀ ਤਾਂ ਚੰਡੀ ਦੀ ਵਾਰਤਾ ਨੂੰ ਚੰਡੀ ਚਰਿਤ੍ਰ ਕਰ ਕੇ ਕਲਮ ਬਧ ਕਰਦੇ ਹਨ। ਇਹ ਚਰਿਤ੍ਰ ਹੈ, ਚਲਿੱਤ੍ਰ ਨਹੀਂ ਜਿਵੇਂ ਕਈਆਂ ਨੇ ਜਾਣ ਬੁਝ ਕੇ ਇਸਨੂੰ ਚਲਿਤ੍ਰ ਕਰ ਕੇ ਲਿਖਿਆ ਹੈ। ਇਸਦੇ ਨਾਲ ਹੀ ਇਸ ਵਿਚ ਇਸਤ੍ਰੀਆਂ ਦੇ ਹੀ ਚਰਿਤ੍ਰ ਨਹੀਂ ਬਲਕਿ ਇਸਤ੍ਰੀਆਂ ਦੇ ਵੀ ਚਰਿਤ੍ਰ ਹਨ। ਹੀ ਨਹੀਂ ਵੀ। ਇਸ ਤੋਂ ਸਪਸ਼ਟ ਹੈ ਕਿ ਇਸ ਵਿਚ ਵੱਖ ਵਿਸ਼ਿਆਂ, ਇਸਤ੍ਰੀ-ਪੁਰਸ਼ਾਂ, ਰਾਜੇ ਰਾਣੀਆਂ, ਵੱਖ ਵੱਖ ਦੇਸ਼ਾਂ, ਬੋਲੀਆਂ, ਧਰਮਾਂ ਪੌਰਾਣਿਕ ਗਾਥਾਵਾਂ, ਇਲਾਕਿਆਂ ਅਤੇ ਸਾਹਿਤ ਦੇ ਕਈ ਅੰਗਾਂ ਬਾਰੇ ਵਿਸਥਾਰ ਸਹਿਤ ਕਹਾਣੀਆਂ ਦੀ ਕਾਲਪਨਿਕ ਰਚਨਾ ਕੀਤੀ ਹੈ। ਇਸ ਵਿਚਲੀਆਂ ਪ੍ਰੇਮ ਕਥਾਵਾਂ ਬਾਰੇ ਮੋਹਨ ਸਿੰਘ ਦੀਵਾਨਾ ਲਿਖਦੇ ਹਨ ਕਿ ਇਹ ਪ੍ਰੇਮ ਗਾਥਾਵਾਂ ਦਾ ਵਿਸ਼ਵ ਕੋਸ਼ (encyclopedia of world's love literature) ਹੈ। ਮਕਸਦ ਇਸਦਾ ਇਹਨਾਂ ਰਾਹੀਂ ਮਨੁੱਖੀ ਆਚਰਣ ਨੂੰ ਉੱਚਾਈਆਂ ਤਕ ਪਹੁੰਚਾਣਾ। ਇਹ ਕਹਾਣੀਆਂ ਪੁਰਾਣੇ ਕਿੱਸਾ ਸਾਹਿਤ ਦੀ ਨਕਲ ਨਹੀਂ ਬਲਕਿ ਪੁਰਾਣੇ ਕਥਾ ਸਾਹਿਤ ਨੂੰ ਬਿਲਕੁਲ ਨਵਾਂ ਰੂਪ ਦੇ ਕੇ ਉਸ ਦੇ ਅਰਥ ਅਤੇ ਆਸ਼ੇ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਇਸ ਵਿਚ ਹਿੰਦੁਸਤਾਨ, ਬੰਗਾਲ, ਚੀਨ, ਰਾਜਪੂਤਾਨਾ, ਇੰਗਲੈਂਡ, ਆਸਾਮ ਆਦਿ ਦੀਆਂ ਪੁਰਾਤਨ ਕਾਲਪਨਿਕ ਗਾਥਾਵਾਂ ਨੂੰ ਨਵਾਂ ਆਯਾਮ dimension ਦੇ ਕੇ ਨਵਾਂ ਰੂਪ ਦਿੱਤਾ। ਭਾਵੇਂ ਇਹ ਗਾਥਾਵਾਂ ਕਾਲਪਨਿਕ ਹਨ ਪਰ ਹਨ ਇਨਸਾਨੀ ਜਗਤ ਦੀਆਂ ਤਲਖ਼ ਸੱਚਾਈਆਂ। ਇਹ ਸਾਰਾ ਕੁਝ ਪਹਿਲਾਂ ਵੀ ਵਾਪਰਦਾ ਰਿਹਾ ਹੈ ਅਤੇ ਹੁਣ ਵੀ ਵਾਪਰ ਰਿਹਾ ਹੈ। ਮੇਰਾ ਚੋਜੀ ਪ੍ਰੀਤਮ ਸਤਿਗੁਰੂ ਤ੍ਰਿਲੋਕੀ ਦਾ ਮਾਲਕ ਅਤੇ ਤ੍ਰਿਕਾਲ ਦਰਸ਼ੀ ਹੈ। ਇਸ ਵਿਚ ਆਉਣ ਵਾਲੇ ਸਮੇਂ ਲਈ ਵੀ ਦੱਸ ਪਾਈ ਜਾ ਰਹੀ ਹੈ ਕਿ ਇਹਨਾਂ ਤੋਂ ਸੇਧ ਲੈ ਕੇ ਸੁਚੇਤ ਹੋਣਾ ਹੈ। ਰੱਬ ਨੇ ਬੰਦੇ ਬਣਾਏ ਹਨ ਪਰ ਮੇਰਾ ਮਾਹੀ ਬੰਦਿਆਂ ਨੂੰ ਬੰਦਾ ਬਣਾਂਦਾ ਹੈ।

ਇਸਦੇ ਅਲਾਵਾ ਸਤਿਗੁਰੂ ਜੀ ਨੇ ਸਾਹਿਤ ਦੀ ਰਚਨਾ ਕਰਦਿਆਂ ਇਸ ਵਿਚ ਇਕ ਹੋਰ ਪ੍ਰਯੋਗ ਵੀ ਕੀਤਾ ਹੈ। ਉਹ ਹੈ ਰੋਮਆਂ ਕਲੈ (Roma café)। ਇਸ ਦਾ ਅਰਥ ਹੈ ਕੁੰਜੀਵਤ ਸਾਹਿਤ ਜਾਂ ਘੁੰਡੀਸਹਿਤ ਸਾਹਿਤ। ਇਸ ਵਿਚ ਪ੍ਰਚਲਤ ਕਹਾਣੀ ਜਾਂ ਕਿਸੇ ਕਾਲਪਨਿਕ ਘਟਨਾ ਦਾ ਵਰਣਨ ਕਰਦਿਆਂ ਉਸ ਵਿਚ ਇਤਿਹਾਸਕ ਪਾਤਰ ਪਾ ਦਿੱਤੇ ਜਾਂਦੇ ਹਨ। ਜਿਸ ਨਾਲ ਪਾਠਕ ਆਪਣੇ ਆਪ ਨੂੰ ਇਕ ਦਮ ਕਾਲਪਨਿਕ ਜਗਤ ਤੋਂ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਨਾਲ ਜੋੜਦਾ ਹੈ। ਮਕਸਦ ਸਾਹਿਤ ਨੂੰ ਯਥਾਰਥ ਜਾਂ ਵਾਸਤਵਿਕਤਾ ਦੇ ਨੇੜੇ ਲੈ ਆਣਾ। ਜਿਵੇਂ ਗੁਰੂ ਜੀ ਨੇ ਕ੍ਰਿਸ਼ਨਾਵਤਾਰ ਵਿਚ ਖੜਗ ਸਿੰਘ, ਬੀਰ ਸਿੰਘ, ਗਜ ਸਿੰਘ ਅਤੇ ਨਿਹੰਗ ਖਾਂ, ਵਾਹਿਦ ਖਾਂ, ਨਿਜਾਬਤ ਖਾਂ, ਆਦਿ ਪਾਤਰ ਖੜੇ ਕਰ ਦਿੱਤੇ। ਇਸ ਤਰ੍ਹਾਂ ਚਰਿਤ੍ਰੋ ਪਾਖਯਾਨ ਵਿਚ ਜਹਾਂਗੀਰ, ਰਾਧਾ ਕ੍ਰਿਸ਼ਨ, ਦਸ਼ਰਥ ਕੈਕੇਈ, ਸਸੀ ਪੰਨੂ, ਗੌਹਰ ਬੇਗਮ, ਸੋਹਣੀ ਮਹੀਵਾਲ, ਅਹਿਲਿਆ, ਦਰੋਪਦੀ, ਵ੍ਰਿੰਦਾ ਜਲੰਧਰ, ਰਾਮ ਰਾਵਣ, ਪਾਰਬਤੀ, ਨਲ ਦਮਯੰਤੀ, ਸੰਮੀ ਢੋਲਾ, ਲਛਮੀ ਵਿਸ਼ਨੂ, ਯੂਸਫ਼ ਜ਼ੁਲੈਖਾਂ, ਕ੍ਰਿਸ਼ਨ ਰੁਕਮਣੀ, ਬ੍ਰਹਮਾ ਮੁਨੀ, ਕਾਂਧਲ ਦੇਵੀ ਅਲਾਉਦੀਨ, ਅਤੇ ਹੀਰ ਰਾਂਝੇ ਨੂੰ ਅਪਸਰਾ ਅਤੇ ਇੰਦਰ ਦਾ ਰੂਪ ਦੇ ਦਿੱਤਾ। ਇਸਨੂੰ ਸਮਝਣ ਲਈ ਸਮਝ ਲੁੜੀਂਦੀ ਹੈ, ਬੇ-ਸਮਝ ਸਿਆਣਾ ਕੀ ਸਮਝੇ? ਇਹੀ ਰੋਮਆਂ ਕਲੈ (Roma café) ਜਾਂ ਕੁੰਜੀਵਤ ਸਾਹਿਤ ਹੈ। ਹੁਣ ਤਾਂ ਇਸ ਦੀ ਵਰਤੋਂ ਕਈ ਥਾਵੇਂ ਕੀਤੀ ਜਾ ਰਹੀ ਹੈ। ਜਿਵੇਂ ਸਲਮਾਨ ਰੁਸ਼ਦੀ ਨੇ ਸੈਟੇਨਿਕ ਵਰਸਿਸ ਨਾਵਲ ਲਿਖਦਿਆਂ ਉਸ ਵਿਚ ਭਾਈ ਮਾਨ ਸਿੰਘ, ਬੂਟਾ ਸਿੰਘ ਅਤੇ ਤਵਲੀਨ ਸਿੰਘ ਦੇ ਨਾਮ ਵਰਤੇ ਹਨ।

'ਪਖਯਾਨ ਚਰਿਤ੍ਰ' ਨੂੰ ਬੁਨਿਆਦੀ ਤੌਰ ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਹੈ ਆਪਣੇ ਇਸ਼ਟ ਅਕਾਲ ਪੁਰਖ ਦਾ ਮੰਗਲ ਅਤੇ ਭੂਮਿਕਾ। ਇਸ ਵਿਚ ਰਚਨਾ ਦਾ ਮਨੋਰਥ ਅਤੇ ਚਿਤਾਵਨੀ ਦਰਜ ਹੈ। ਦੂਸਰਾ ਹੈ ਪਾਖਯਾਨ, ਕਹਾਣੀਆਂ ਜਾਂ ਅਫਸਾਨੇ ਜੋ ਕਿ ਨਿਰੋਲ ਫ਼ਿਕਟਿਨ ਜਾਂ ਗਲਪ ਹਨ। ਤੀਸਰਾ ਅਤੇ ਅੰਤਿਮ ਹੈ ਗ੍ਰੰਥ ਦੀ ਸਮਾਪਤੀ ਅਤੇ ਅਕਾਲ ਪੁਰਖ ਅੱਗੇ ਸ਼ੁਕਰਾਨੇ ਦੀ ਅਰਦਾਸ, ਬੇਨਤੀ ਚੌਪਈ ਦੇ ਰੂਪ ਵਿਚ। ਜੇਕਰ ਇਸ ਮਹਾਨ ਰਚਨਾ ਨੂੰ ਇਸ ਤਰ੍ਹਾਂ ਨਹੀਂ ਸਮਝਿਆ ਜਾਏਗਾ ਤਾਂ ਇਸਦਾ ਤੱਤਸਾਰ ਸਮਝ ਨਹੀਂ ਆਇਗਾ।

ਪਹਿਲੇ ਹਿੱਸੇ ਵਿਚ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਸ੍ਰੀ ਭਗੌਤੀ ਏ ਨਮ ॥ ਨਾਲ ਅਕਾਲ ਪੁਰਖ ਦਾ ਮੰਗਲ ਕੀਤਾ ਹੈ। ਉਪਰੰਤ ਪਾਤਿਸ਼ਾਹੀ ੧੦ ਅੰਕਤ ਕੀਤਾ ਹੈ ਕਿ ਇਹ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰਚੀ ਹੋਈ ਹੈ। ਇਸ ਤੋਂ ਬਾਅਦ ਅਕਾਲ ਪੁਰਖ ਨੂੰ ਸਾਰੇ ਦੇਵੀ ਦੇਵਤਿਆਂ ਦਾ ਸਿਰਜਕ ਦਸ ਕੇ ਉਸਦੀ ਅਸੀਮ ਸ਼ਕਤੀ ਦਾ ਵਰਣਨ ਹੈ ਅਤੇ ਦ੍ਰਿੜ ਕੀਤਾ ਹੈ ਕਿ ਇਸ਼ਟ ਕੇਵਲ ਅਕਾਲ ਪੁਰਖ ਹੈ। ਹੁਣ ਸਤਿਗੁਰੂ ਜੀ ਇਕ ਬਹੁਤ ਹੀ ਗੰਭੀਰ ਬਚਨ ਕਰਦੇ ਹਨ ਕਿ ਜਿਸ ਵਿਅਕਤੀ ਨੂੰ ਤੈਰਨਾ ਨਹੀਂ ਆਂਦਾ, ਉਹ ਬਿਨਾਂ ਬੇੜੀ ਦੇ ਕਿਵੇਂ ਪਾਰ ਜਾ ਸਕਦਾ ਹੈ। ਪਰ ਜੇ ਵਾਹਿਗੁਰੂ ਦੀ ਕਿਰਪਾ ਹੋ ਜਾਏ ਤਾਂ ਗੂੰਗਾਂ ਸ਼ਾਸਤ੍ਰਾਂ ਦਾ ਵਕਤਾ ਬਣ ਸਕਦਾ ਹੈ, ਪਿੰਗਲਾ ਪਹਾੜਾਂ ਤੇ ਚੜ੍ਹ ਸਕਦਾ ਹੈ, ਅੰਨ੍ਹਾਂ ਵੇਖਣ ਲਗ ਜਾਂਦਾ ਹੈ ਅਤੇ ਬੋਲਾ ਸੁਣ ਸਕਦਾ ਹੈ।

ਅਨਤਰਯਾ ਜਪੇ ਸਿੰਧੁ ਕੋ
ਚਹਤ ਤਰਨ ਕਰਿ ਜਾਉ ॥
ਬਿਨੁ ਨੌਕਾ ਕੈਸੇ ਤਰੈ?
ਲਏ ਤਿਹਾਰੋ ਨਾਉ ॥੪੨॥
ਮੂਕ ਉਚਰੈ ਸਾਸਤ੍ਰ ਖਟ ਪਿੰਗ
ਗਿਰਨ ਚੜਿ ਜਾਇ ॥
ਅੰਧ ਲਖੈ ਬਦਰੋ ਸੁਨੈ ਜੋ
ਤੁਮ ਕਰੌ ਸਹਾਇ ॥੪੩॥

ਹੁਣ ਸਤਿਗੁਰੂ ਜੀ ਚਰਿਤ੍ਰੋ ਪਾਖਯਾਨ ਗ੍ਰੰਥ ਦੀ ਰਚਨਾ ਕਰਨ ਤੋਂ ਪਹਿਲਾਂ ਇਕ ਬਹੁਤ ਹੀ ਮਹੱਤਵ ਪੂਰਨ ਚਿਤਾਵਨੀ ਦੇ ਰਹੇ ਹਨ ਕਿ ਗਰਭ ਵਿਚ ਪਲ ਰਹੇ ਬਾਲਕ, ਇਸਤ੍ਰੀਆਂ ਅਤੇ ਰਾਜੇ ਦੇ ਹਿਰਦੇ ਵਿਚ ਕੀ ਹੈ ਕੋਈ ਨਹੀਂ ਜਾਣ ਸਕਦਾ। ਫਿਰ ਵੀ ਤੇਰੀ ਕਿਰਪਾ ਨਾਲ ਕਛੁ ਕਛੁ ਕਹੋ ਬਨਾਇ ਕਵਿਤਾ ਰਚਨ ਜਾ ਰਿਹਾ ਹਾਂ। ਇਹ ਦਿਲ ਪਰਚਾਵੇ ਲਈ ਨਹੀਂ। ਇਸ ਲਈ ਇਸਨੂੰ ਪੜ੍ਹ ਕੇ ਹਾਸ ਨ ਕਰਿਯਹੁ ਕੋਇ। ਇਹ ਕੋਈ ਮਜ਼ਾਕ ਦਾ ਵਿਸ਼ਾ ਨਹੀਂ ਹੈ। ਇਸਦਾ ਉਦੇਸ਼ ਬਹੁਤ ਉੱਚਾ ਹੈ। ਇਸ ਨੁਕਤੇ ਨੂੰ ਧਿਆਨ ਵਿਚ ਲਿਆਏ ਬਿਨਾ ਪਾਣੀ ਵਿਚ ਮਧਾਣੀ ਮਾਰਨ ਤੁਲ ਹੋਏਗਾ।

ਅਰਘ ਗਰਭ ਨ੍ਰਿਪ ਤ੍ਰਿਯਨ ਕੋ
ਭੇਦ ਨ ਪਾਯੋ ਜਾਇ ॥
ਤਊ ਤਿਹਾਰੀ ਕ੍ਰਿਪਾ ਤੇ
ਕਛੁ ਕਛੁ ਕਹੋ ਬਨਾਇ ॥੪੪॥
ਪ੍ਰਥਮ ਮਾਨਿ ਤੁਮ ਕੋ ਕਹੋ
ਜਥਾ ਬੁਧਿ ਬਲੁ ਹੋਇ ॥
ਘਟਿ ਕਬਿਤਾ ਲਖਿ ਕੈ ਕਬਹਿ!
ਹਾਸ ਨ ਕਰਿਯਹੁ ਕੋਇ ॥੪੫॥

ਹੁਣ ਸਤਿਗੁਰੂ ਜੀ ਅਕਾਲ ਪੁਰਖ ਦੇ ਸਨਮੁਖ ਜੋਦੜੀ ਕਰਦੇ ਹਨ ਹੇ ਵਾਹਿਗੁਰੂ ਆਪ ਖੁਦ ਨਦੀ ਦੀਆਂ ਲਹਿਰਾਂ ਵਾਂਗ ਮੇਰੇ ਹਿਰਦੇ ਵਿਚ ਵਾਕ ਤਰੰਗਾਂ ਦੀ ਤਰ੍ਹਾਂ ਪ੍ਰਵਾਹ ਕਰੋ।

ਪ੍ਰਥਮ ਧਯਾਇ ਸ੍ਰੀ ਭਗਵਤੀ
ਬਰਨੌ ਤ੍ਰਿਯਾ ਪ੍ਰਸੰਗ ॥
ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ
ਬਾਕ ਤਰੰਗ ॥੪੬॥

ਇਸ ਤੋਂ ਬਾਅਦ ਸਤਿਗੁਰੂ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਅਤੇ ਚਰਿਤ੍ਰ ਪਾਖਯਾਨ ਦੇ ਪਹਿਲੇ ਅਧਿਆਇ ਦੀ ਸਮਾਪਤੀ ਕਰਦੇ ਹਨ,

ਸਵੈਯਾ॥ ਮੇਰੁ ਕਿਯੋ ਤ੍ਰਿਣ ਤੇ ਮੁਹਿ
ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ ॥
ਭੂਲ ਛਿਮੋ ਹਮਰੀ ਪ੍ਰਭੁ!
ਆਪਨ ਭੂਲਨਹਾਰ ਕਹੂੰ ਕੋਊ ਮੋ ਸੋ ?॥
ਸੇਵ ਕਰੈ ਤੁਮਰੀ ਤਿਨ ਕੇ
ਛਿਨ ਮੈ ਧਨ ਲਾਗਤ ਧਾਮ ਭਰੋਸੋ ॥
ਯਾ ਕਲਿ ਮੈ ਸਭਿ ਕਲਿ ਕ੍ਰਿਪਾਨ ਕੀ
ਭਾਰੀ ਭੁਜਾਨ ਕੋ ਭਾਰੀ ਭਰੋਸੋ ॥੪੭॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਚੰਡੀ ਚਰਿਤ੍ਰੇ ਪ੍ਰਥਮ ਧਯਾਇ ਸਮਾਪਤਮ ਸਤੁ ਸੁਭਮ ਸਤੁ ॥੧॥੪੮॥ਅਫਜੂੰ॥

ਬਾਅਦ ਵਿਚ ਚਰਿਤ੍ਰੋਪਾਖਯਾਨ ਦੇ ਚਰਿਤ੍ਰਾਂ ਦੇ ਆਖਿਰ ਵਿਚ ਮੰਤ੍ਰੀ ਭੂਪਤ ਸੰਵਾਦ ਹੈ ਪਰ ਇੱਥੇ ਨਹੀਂ। ਇਸ ਦਾ ਅਰਥ ਹੈ ਕਿ ਸਤਿਗੁਰੂ ਜੀ ਇਹ ਭੂਮਿਕਾ ਅਤੇ ਜੋਦੜੀ ਖੁਦ ਕਰ ਰਹੇ ਹਨ। ਉਪਰੰਤ ਲਫਜ਼ ॥ਅਫਜੂੰ॥ ਦਾ ਅਰਥ ਹੈ ਕਿ ਇਹ ਵਾਰਤਾ ਹੁਣ ਅੱਗੇ ਵੱਧੇਗੀ। ਜਿਵੇਂ ਜਨਮ ਸਾਖੀ ਵਿਚ ਆਂਦਾ ਹੈ ਸਾਖੀ ਹੋਰ ਚਲੀ।

ਇਸ ਤੋਂ ਬਾਅਦ ਚਰਿਤ੍ਰ ਅਰੰਭ ਹੁੰਦੇ ਹਨ। ਇਸ ਦਾ ਸੂਤਰ ਚਿਤ੍ਰਵਤੀ ਦੇਸ਼ ਦੇ ਰਾਜੇ ਚਿਤ੍ਰ ਸਿੰਘ ਵਲੋਂ ਦੂਸਰੀ ਰਾਣੀ ਲੈ ਆਣ,

ਉਸ ਰਾਣੀ ਵਲੋਂ ਰਾਜੇ ਦੇ ਪੁੱਤਰ ਹਨਿਵਤਿ ਸਿੰਘ ਤੇ ਆਚਰਣ ਹੀਣਤਾ ਦੇ ਦੋਸ਼ ਲਗਾਣ ਅਤੇ ਰਾਜੇ ਵਲੋਂ ਆਪਣੇ ਪੁੱਤਰ ਨੂੰ ਮੌਤ ਦੀ ਸਜ਼ਾ ਦੇਣ ਦੀ ਕਹਾਣੀ ਹੈ। ਰਾਜੇ ਦੇ ਸਿਆਣੇ ਵਜ਼ੀਰ ਵਲੋਂ ਰਾਜੇ ਨੂੰ ਸੁਣਾਈਆਂ ਕਹਾਣੀਆਂ ਮੰਤ੍ਰੀ ਭੂਪਤ ਸੰਵਾਦ ਵਿਚ ਇਹ ਸਾਰੇ ਚਰਿਤ੍ਰੋ ਪਾਖਯਾਨ ਦਾ ਗ੍ਰੰਥ ਹੈ। ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ। ਇਹ ਬਿਲਕੁਲ ਉਸੇ ਤਰਜ਼ ਤੇ ਹੈ ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਸਾ ਕੀ ਵਾਰ ਦੀ ਰਚਨਾ ਕੀਤੀ ਤਾਂ ਉਸ ਦੀ ਅਰੰਭਤਾ ਵੀ ਟੁੰਡੇ ਅਸਰਾਜੇ ਕੀ ਧੁਨੀ ਤੇ ਅਧਾਰਤ ਕੀਤੀ। ਟੁੰਡੇ ਅਸਰਾਜ ਦੀ ਕਹਾਣੀ ਵੀ ਇੰਨ ਬਿੰਨ ਚਰਿਤ੍ਰੋ ਪਾਖਯਾਨ ਦੇ ਚਿਤ੍ਰ ਸਿੰਘ ਅਤੇ ਹਨਿਵਤਿ ਸਿੰਘ ਵਰਗੀ ਹੈ।

**ਬਾਕੀ ਹਿਸਾ ਸਫ਼ਾ 64 ਤੇ ਪੜ੍ਹੋ**

## 63 ਸਫ਼ੇ ਦੀ ਬਾਕੀ

ਜਿੱਥੇ ਅਸ ਰਾਜੇ ਦੀ ਮਤ੍ਰੇਈ ਮਾਂ ਵੀ ਉਸ ਤੇ ਅਜ਼ਮਤ ਰੇਜ਼ੀ ਦਾ ਦੋਸ਼ ਲਗਾ ਦੇਂਦੀ ਹੈ ਅਤੇ ਉਸਦਾ ਬਾਪ ਅਸਰਾਜ ਨੂੰ ਮਰਵਾਣ ਦਾ ਹੁਕਮ ਜਾਰੀ ਕਰ ਦਿੰਦਾ ਹੈ। ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ ਨਚੈ ਨੰਗੁ ॥(ਮ:੧-੧੪੨) ਅਤੇ ਅਰਥ ਧਰਮ ਕਾਮ ਮੋਖ ਕਾ ਦਾਤਾ॥ (ਮ:੫-੮੦੬) ਦਾ ਹਵਾਲਾ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ। ਪਰ ਇਹਨਾਂ ਦਾ ਨ੍ਰਿਤ ਅਤੇ ਕਲਾਬਾਜੀਆਂ ਸਤਿਗੁਰੂ ਜੀ ਨੇ ਇਸ ਬਾਣੀ ਵਿਚ ਚਿਤ੍ਰਣ ਕੀਤਾ ਹੈ। ਇਸ ਮਹਾਨ ਰਚਨਾ ਵਿਚ ਸਾਹਿਤ ਦੇ ਨੌਂ ਦੇ ਨੌਂ ਰਸ ਹਨ। ਇਸ ਲਈ ਇਸਦੇ ਪਠਨ ਪਾਠਨ ਅਤੇ ਸਮਝਣ ਵਿਚ ਵੀ ਬਿਬੇਕ ਦੀ ਲੋੜ ਹੈ। ਇਸ ਲਈ ਇਸ ਦੇ ਪਠਨ ਪਾਠਨ ਵਿਚ ਬਿਬੇਕ ਬੁਧਿ ਦੀ ਲੋੜ ਹੈ। ਉਪਰੰਤ ਇਹਨਾਂ ਕਾਲਪਨਿਕ ਗਾਥਾਵਾਂ ਦੀ ਸਮਪਾਪਤੀ ਤੇ ਸਤਿਗੁਰੂ ਜੀ ਇਕ ਵਾਰ ਫਿਰ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ ਜਿਹੜੀ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦਾ ਹਿੱਸਾ ਹੈ।

ਕਬਯੋ ਬਾਚ ਬੇਨਤੀ ॥ ਚੌਪਈ ॥
ਹਮਰੀ ਕਰੋ ਹਾਥ ਦੈ ਰਛਾ ॥
ਪੂਰਨ ਹੋਇ ਚਿਤ ਕੀ ਇਛਾ ॥
ਤਵ ਚਰਨਨ ਮਨ ਰਹੈ ਹਮਾਰਾ ॥
ਅਪਨਾ ਜਾਨ ਕਰੋ ਪ੍ਰਤਿਪਾਰਾ ॥ ੩੭੭ ॥

ਇਸ ਚਰਿੱਤ੍ਰੋ ਪਾਖਪਾਨ ਗ੍ਰੰਥ ਦੀ ਸੰਪੂਰਨਤਾ ਸਤਿਗੁਰੂ ਜੀ ਗ੍ਰੰਥ ਦੀ ਸੰਪੂਰਨਤਾ ਦੀ ਅਰਦਾਸ ਕਰਦੇ ਹਨ ਅਤੇ ਮੁੜ ਬਚਨ ਕਰਦੇ ਹਨ ਕਿ ਇਸ ਗ੍ਰੰਥ ਦੇ ਪੜ੍ਹਨ ਨਾਲ ਗੁੰਗੇ ਨੂੰ ਰਸਨਾ ਮਿਲੇਗੀ, ਮੂਰਖ ਨੂੰ ਸਿਆਣਪ ਦਾ ਦਾਨ ਮਿਲੇਗਾ ਅਤੇ ਸਾਰੇ ਦੁਖ ਕਲੇਸ਼ ਸਮਾਪਤ ਹੋਣਗੇ।

ਸ੍ਰੀ ਅਸਿਧੁਜ ਜਬ ਭਏ ਦਯਾਲਾ ॥
ਪੂਰਨ ਕਰਾ ਗ੍ਰੰਥ ਤਤਕਾਲਾ ॥
ਮਨ ਬਾਛਤ ਫਲ ਪਾਵੈ ਸੋਈ ॥
ਦੂਖ ਨ ਤਿਸੈ ਬਿਆਪਤ ਕੋਈ
॥੪੦੩ ॥
ਅੜਿਲ ॥
ਸੁਨੈ ਗੁੰਗ ਜੋ ਯਾਹਿ
ਸੁ ਰਸਨਾ ਪਾਵਈ ॥
ਸੁਨੈ ਮੂੜ ਚਿਤ ਲਾਇ
ਚਤੁਰਤਾ ਆਵਈ ॥
ਦੂਖ ਦਰਦ ਭੌ ਨਿਕਟ ਨ
ਤਿਨ ਨਰ ਕੇ ਰਹੈ ॥
ਹੋ ਜੋ ਯਾ ਕੀ ਏਕ ਬਾਰ
ਚੌਪਈ ਕੋ ਕਹੈ ॥੪੦੪ ॥

ਗੁਰੂ ਸਾਹਿਬ ਜੀ ਦੀ ਮਹਾਨ ਰਚਨਾ ਚਰਿਤ੍ਰੋ ਪਾਖਪਾਨ ਦੇ ਅਖ਼ੀਰ ਵਿਚ ਸਤਿਗੁਰੂ ਜੀ ਇਸ ਗ੍ਰੰਥ ਦੀ ਸੰਪੂਰਨਤਾ ਦੀ ਸੂਚਨਾ ਦਿੰਦੇ ਹਨ ਕਿ ਸੰਬਤ ਸਤਾਰਾਂ ਸੌ ਤਿਰਵੰਜਾਂ ਦੀ ਭਾਦਰੋਂ ਸੁਦੀ ਅਸ਼ਟਮੀ ਰਵੀ ਵਾਰ ਵਾਲੇ ਦਿਨ ਸਤਲੁਜ ਦੇ ਕੰਢੇ ਇਸ ਗ੍ਰੰਥ ਨੂੰ ਸੰਪੂਰਨ ਕੀਤਾ ਗਿਆ।

ਚੌਪਈ ॥ ਸੰਬਤ ਸਤ੍ਹ ਸਹਸ ਭਨਿਜੈ ॥
ਅਰਧ ਸਹਸ ਫੁਨਿ ਤੀਨਿ ਕਹਿਜੈ ॥
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ ॥
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥੪੦੫ ॥

ਇਤਿ ਸ੍ਰੀ ਚਰਿਤ੍ਰ ਪਖਪਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਪਾਂਚ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੪੦੪ ॥੭੫੩੯ ॥ ਸਮਾਪਤਮ ॥

ਇਸ ਤੋਂ ਬਾਅਦ ਲਫ਼ਜ਼ ॥ ਸਮਾਪਤਮ ॥ ਹੈ, ਪਰ ਅਫਜੂੰ ਨਹੀਂ ਹੈ। ਯਾਨਿ ਕਿ ਇਹ ਗ੍ਰੰਥ ਦੀ ਪੂਰੀ ਸਮਾਪਤੀ ਹੈ। ਇਸ ਵਿਸ਼ੇ ਤੇ ਇਕ ਬੇਨਤੀ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਕਈ ਗ੍ਰੰਥਾਂ ਦਾ ਸਮੂਹ ਜਾਂ ਕੁਲਿਯਾਤ ਹੈ। ਚਰਿਤ੍ਰੋਪਾਖਪਾਨ ਇਸ ਵਿਚਲਾ ਇਕ ਗ੍ਰੰਥ ਹੈ। ਇਹ ਜਾਪ ਸਾਹਿਬ ਜਾਂ ਅਕਾਲ ਉਸਤਿਤ ਵਾਂਗ ਅਧਿਆਤਮਕ ਬਾਣੀ ਨਹੀਂ ਹੈ। ਪਰ ਇਸ ਦਾ ਮਕਸਦ ਅਧਿਆਤਮਕਤਾ ਅਤੇ ਚਰਿਤ੍ਰ ਉੱਥਾਨ ਇਕ ਨਵੇਂ ਢੰਗ ਨਾਲ ਦਿੱਤਾ ਗਿਆ ਹੈ। ਇਸ ਲਈ ਇਸ ਵਿਚ ਗੁਰੂ ਸਾਹਿਬ ਵਲੋਂ ਰਹਿਤ ਮਰਯਾਦਾ, ਗੁਰਮਤਿ ਆਸ਼ਾ ਇਹਨਾਂ ਚਰਿੱਤ੍ਰਾਂ ਵਿਚ ਬਾਖੂਬੀ ਪਿਰੋਇਆ ਗਿਆ ਹੈ। ਇਸ ਲਈ ਜਿਵੇਂ ਕਲਗੀਧਰ ਪਿਤਾ ਨੇ ਅਰੰਭ ਵਿਚ ਹੀ ਚਿਤਾਵਨੀ ਦਿੱਤੀ ਸੀ ਕਿ ਇਸਨੂੰ ਪੜ੍ਹ ਕੇ ਹਾਸ ਨ ਕਰਿਯਹੁ ਕੋਇ। ਨਹੀਂ ਤਾਂ ਫਿਰ ਜਿਵੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਦਰਬਾਰੀ ਕਵੀ ਵ੍ਰਿੰਦ ਦੇ ਬੋਲ ਬਹੁਤ ਮਹੱਤਵ ਪੂਰਨ ਹਨ ਕਿ ਮੂਰਖ ਦੇ ਹੱਥ ਪੋਥੀ ਫੜਾ ਦਿੱਤੀ ਜਾਂ ਬਾਣੀਏ ਨੂੰ ਗੁਣਾਂ ਦੀ ਗੁੱਥਲੀ ਦੇ ਦਿੱਤੀ ਇਸ ਤਰ੍ਹਾਂ ਹੀ ਹੈ ਜਿਵੇਂ ਕਿਸੇ ਅੰਨ੍ਹੇ ਨੂੰ ਸਾਫ਼ ਸ਼ੀਸ਼ਾ ਫੜਾ ਦਿੱਤਾ,

ਮੂਰਖ ਕੋ ਪੋਥੀ ਦਈ
ਵਾਯਨ ਕੌ ਗੁਨ ਗਾਥ।
ਜੈਸੇ ਨਿਰਮਲ ਆਰਸੀ
ਦਈ ਅੰਧ ਕੈ ਹਾਥ।੫੩।

ਗਿਆਨ ਅਲੂਫਾ ਸਤਿਗੁਰ ਦੀਨਾ ਦੁਰਮਤਿ ਸਭ ਹਿਰ ਲਈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਅਲੂਫਾ, ਪਸ਼ੂਆਂ ਦੇ ਰੋਗ ਦੂਰ ਕਰਣ ਹਿਤ ਦਿੱਤੀ ਜਾਣ ਵਾਲੀ ਦਵਾਈ ਚਰਿਤ੍ਰੋਪਾਖਪਾਨ ਦੇ ਰੂਪ ਵਿਚ ਦਿੱਤੀ ਹੈ ਤਾਂ ਕਿ ਸਾਡੇ ਪੰਚ ਦੋਖ ਮਿਟ ਸਕਣ। ਇਸ ਲਈ ਲਾਜ਼ਮੀ ਹੈ ਕਿ ਕਲਗੀਧਰ ਪਿਤਾ ਦੀ ਮਹਾਨਤਮ ਸਾਹਿਤਕ ਰਚਨਾ ਚਰਿਤ੍ਰੋ ਪਾਖਪਾਨ ਨੂੰ ਸਹੀ ਪਰਿਪੇਖ ਵਿਚ ਪਠਨ ਪਾਠਨ ਅਤੇ ਸਮਝਣ ਦੀ ਅਰਦਾਸ ਕਰੀਏ, ਵਰਨਾ ਐਸਾ ਨਾ ਹੋਏ ਕਿ ਜਾਣੇ ਅਣਜਾਣੇ ਵਿਚ ਗੁਰੂ ਨਿੰਦਾ ਦੇ ਵੱਡੇ ਪਾਪ ਦੇ ਭਾਗੀ ਬਣ ਜਾਈਏ। ਨਰ ਅਚੇਤ ਪਾਪ ਤੇ ਡਰੁ ਰੇ ॥ (ਮ:੯ ੨੨੦)

* * * * * * *

Tail Piece

## LET US RENAME OPPOSITIONS AS REPRESENTATIVES OF THE PEOPLE

Actually Parliament as a whole is House of the Peole and thepresent position of Treasury Benches and the Opositions are notprovided even in the Constitution and still we are calling theParliament as House of the People and not accepting that we havedivided the House in two groups. Therefore, time has come that wemust change this situation and must convert the wing of oppositions aswing of Representatives of the people and they must start working justas opposition. They must take up each Bill, Scheme, Project andPolicy introduced by the ruling wing on its on merits and must comeforward with suggestions for improvements keeing in view only thewelfare of the people of India. They too must start preparing Bills,Schemes, Projects and Policies as representatives of the people. Andthe ruling wing too must take up these items on their own merits andmust come forward with suggestions of improvements and not simpleopposition.

The Parliament may be in two wings, but should not be calledtreasury benches and benches of oppositions, House must remain Houseof the people and must be taken as House of Representatives of thePeople. Even in definition of democracy there is no mention of treasurybenches and the oppositions and there too we say government of thepeople, by the people and for the people. The member meansrepresentative of the people who elected them and the contesting wingswho nomuinated his name must be taken just shortlisting of candidatesfrom the crowd.

Keeping alive contesting groups in the Parliament shall notallow us to turn a complete democracy, House fo the peoplebecause herewe are not electing representatives of the people, but simply electingtwo persons heading rulers and the oppositions and they shall neverallow the House to turn House of the people through members present inthe House. Because of such a divisiön in the house, we could notutilize conscience, will, wisdom and discretion eof each member andhave left bach when the world had been reaching the final goal ofdevelopment. We are still fixing last day of the century 2047 andeven then nothing is clear what more shall be done to reach the goal.

Advocate Dalip Singh Wasan,
Email dalipsinghwassan@yahoo.co.in

## THE PEOPLE OF INDIA HAVE NO COMPLAINT AGAINST GOVERNMENTS THEY HADBEEN ELECTING UPDATE

The British handed over charge of this country to a mostcompetent person like Jawahar Lal Nehru who could lead the country ina mot competent manner and we had noted that actions he took laid downsound foundations of this country and when he died, people were sadhaving no person to lead the country ahead. But our Constitution hadlaid down specific duties for the government and people had startedeleting their own government and all the prime Ministers we electedfollowed the traditions laid down by Nehru jee and people had beennoting that all the Prime Ministers update had been following the sametraditions of Nehru jee and we have started claiming that we had beenmaking developments in all the operative fields and now we ha havestarted claiming that we shall become a developed country by 2047.

The people of India are peaceful, believe in God and had beensuffering much during all the periods of mythology, history, period ofMughals and the British could collected all once again into a Nation.There had been tragic partition in 1947 and had to rehabilitate croresof people uprooted and some troubles of the partition are still withus update, but on the whole we had been electing our own governmentand remained satisfied with their working. We know that we couldproduce all items of use, eating, drinking, schools, colleges,training institutions, hospitals, industries, scientific farming withuse of techynology and even on defence side too we are satisfied. Ouritems are recognized throughout in the world and now wrecountingourselves as one of the advanced countries. There had been complaintsthat some Scams, Scandals, Muddles or the like items had entered, butmost of the corrupt people were caught, tried and jailed and now weare free from these troublesome items. We have natural resourdes andwe are with hard working people too. We have different seasons,fertile lands, rains, mountains, jungles or the like. We took moretime for proper development, but since we are hard to bear alldifficulties, we shall go ahead and are likely to reach the targetdate successfully. Let us celebrate the coming Independence Day as aspecial festival like Diwali Dusehra, Eid and Chrismis Day exchangesweets and greetings as a nation, one society.

Advocate Dalip Singh Wasan,
Email dalipsinghwassan@yahoo.co.in